PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

14th - 21st August 2025 • Issue No. 3093
Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਭਾਰਤੀ ਸੁਪਰੀਮ ਕੋਰਟ ਦੇ ਆਵਾਰਾ ਕੁੱਤਿਆਂ ਬਾਰੇ ਪਬੰਦੀ ਬਾਰੇ ਫੈਸਲਾ ਸ਼ਲਾਘਾਯੋਗ

### ✪ ਕਿਹਾ ਕਿ ਆਵਾਰਾ ਕੁੱਤੇ ਜਨਤਕ ਸੁਰੱਖਿਆ ਲਈ ਖਤਰਾ



ਨਵੀਂ ਦਿੱਲੀ- ਸੁਪਰੀਮ ਕੋਰਟ ਨੇ 11 ਅਗਸਤ 2025 ਨੂੰ ਦਿੱਲੀ ਅਤੇ ਐੱਨਸੀਆਰ ਵਿੱਚ ਆਵਾਰਾ ਕੁੱਤਿਆਂ ਨੂੰ ਜਨਤਕ ਥਾਂਵਾਂ ਤੋਂ ਹਟਾ ਕੇ ਸ਼ੈਲਟਰ ਹੋਮਾਂ ਵਿੱਚ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਜਸਟਿਸ ਜੇ ਪੀ ਪਾਰਦੀਵਾਲਾ ਅਤੇ ਜਸਟਿਸ ਆਰ ਮਹਾਦੇਵਨ ਦੀ ਬੈਂਚ ਨੇ ਇਹ ਫੈਸਲਾ ਇੱਕ ਬੱਚੇ ਦੀ ਕੁੱਤੇ ਕੱਟਣ ਕਾਰਨ ਮੌਤ ਨੂੰ ਨੋਟਿਸ ਲੈ ਕੇ ਸੁਣਾਇਆ। ਬੈਂਚ ਨੇ ਕਿਹਾ ਕਿ ਆਵਾਰਾ ਕੁੱਤੇ ਜਨਤਕ ਸੁਰੱਖਿਆ ਲਈ ਖਤਰਾ ਹਨ ਅਤੇ ਉਨ੍ਹਾਂ ਨੂੰ ਫੜ ਕੇ ਨਸਬੰਦੀ ਤੇ ਟੀਕਾਕਰਨ ਕਰਨ ਤੋਂ ਬਾਅਦ ਵੀ ਵਾਪਸ ਨਾ ਛੱਡਿਆ ਜਾਵੇ। ਇਹ ਹੁਕਮ ਐੱਨੀਮਲ ਬਰਥ ਕੰਟਰੋਲ (ਡੌਗਸ) ਰੂਲਜ਼ 2001 ਨੂੰ ਚੁਣੌਤੀ ਦਿੰਦਾ ਹੈ, ਜੋ ਕਹਿੰਦੇ ਹਨ ਕਿ ਨਸਬੰਦੀ ਬਾਅਦ ਕੁੱਤਿਆਂ ਨੂੰ ਉਸੇ ਇਲਾਕੇ ਵਿੱਚ ਛੱਡ ਦੇਣਾ ਚਾਹੀਦਾ ਹੈ। ਅਦਾਲਤ ਨੇ ਚਿਤਾਵਨੀ ਵੀ ਦਿੱਤੀ ਕਿ ਜੇ ਕੋਈ ਜਥੇਬੰਦੀ ਜਾਂ ਵਿਅਕਤੀ ਰੁਕਾਵਟ ਪਾਉਂਦਾ ਹੈ ਤਾਂ ਉਸ ਵਿਰੁੱਧ ਮਾਣਹਾਨੀ ਦੀ ਕਾਰਵਾਈ ਹੋਵੇਗੀ। ਇਹ ਫੈਸਲਾ ਦਿੱਲੀ ਸਰਕਾਰ ਅਤੇ ਨਗਰ ਨਿਗਮਾਂ ਨੂੰ ਪੰਜ ਹਜ਼ਾਰ ਕੁੱਤਿਆਂ ਲਈ ਸ਼ੈਲਟਰ ਬਣਾਉਣ ਅਤੇ ਮੁਲਾਜ਼ਮ ਤਾਇਨਾਤ ਕਰਨ ਦੇ ਹੁਕਮ ਦਿੰਦਾ ਹੈ। ਇਸ ਨਾਲ ਵੱਡੀ ਬਹਿਸ ਛਿੜ ਗਈ ਹੈ, ਜਿੱਥੇ ਇੱਕ ਵਰਗ ਇਸ ਨੂੰ ਜਨਤਕ ਸੁਰੱਖਿਆ ਲਈ ਜ਼ਰੂਰੀ ਮੰਨਦਾ ਹੈ ਅਤੇ ਦੂਜਾ ਵਰਗ ਇਸ ਨੂੰ ਅਮਲੀ ਨਹੀਂ ਸਮਝਦਾ। ਪੂਰੀ ਖਬਰ ਅੰਦਰ ਦੇਖੋ:

## ਡਾਕਟਰ ਚੀਮਾ ਵਲੋਂ ਨਵੇਂ ਅਕਾਲੀ ਦਲ ਨੂੰ ਧਮਕੀ

### ✪ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਨਾਂਅ ਵਰਤਣ ਵਾਲਿਆਂ ਖ਼ਿਲਾਫ਼ ਅਪਰਾਧਿਕ ਸ਼ਿਕਾਇਤ ਦਰਜ ਕਰਵਾਵਾਂਗੇ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦਾ ਨਾਂਅ ਵਰਤਣ 'ਤੇ ਪਾਰਟੀ ਨਵੇਂ ਬਣੇ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਅਪਰਾਧਕ ਸ਼ਿਕਾਇਤ ਦਰਜ ਕਰਵਾਏਗੀ, ਕਿਉਂਕਿ ਸ਼੍ਰੋਮਣੀ ਅਕਾਲੀ ਦਲ 1996 ਦੇ ਨੋਟੀਫ਼ਿਕੇਸ਼ਨ ਮੁਤਾਬਕ ਚੋਣ ਕਮਿਸ਼ਨ ਕੋਲ ਇਕ ਰਜਿਸਟਰਡ ਤੇ ਮਾਨਤਾ ਪ੍ਰਾਪਤ ਪਾਰਟੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਡਾ. ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਡੈਲੀਗੇਟਾਂ ਦੀ ਚੋਣ ਬਕਾਇਦਾ ਪਿਛਲੀ ਵਰਕਿੰਗ ਕਮੇਟੀ ਦੀ ਮਿਆਦ ਖ਼ਤਮ ਹੋਣ ਮਗਰੋਂ ਨਵੇਂ ਸਿਰੇ ਤੋਂ ਕੀਤੀ ਗਈ ਹੈ ।

ਉਨ੍ਹਾਂ ਕਿਹਾ ਕਿ ਨਵੇਂ ਬਣੇ ਅਕਾਲੀ ਦਲ ਦੇ ਮੈਂਬਰਾਂ ਨੇ ਤਾਂ ਮੈਂਬਰਸ਼ਿਪ ਮੁਹਿੰਮ 'ਚ ਸ਼ਮੂਲੀਅਤ ਵੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਲਈ ਉਨ੍ਹਾਂ ਵਾਸਤੇ ਆਪਣੀ ਪਾਰਟੀ ਦੀ ਮੀਟਿੰਗ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਡੈਲੀਗੇਟ ਇਜਲਾਸ ਸੱਦਣ ਦਾ ਅਧਿਕਾਰ ਵੀ ਨਹੀਂ ਹੈ ਅਤੇ ਇਸ ਕਾਰਵਾਈ ਨੂੰ ਗੈਰ-ਕਾਨੂੰਨੀ, ਗੈਰ-ਸੰਵਿਧਾਨਕ ਤੇ ਅਨੈਤਿਕ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਦਲ ਇਸ ਮਾਮਲੇ 'ਚ ਅਪਰਾਧਕ ਸ਼ਿਕਾਇਤ ਕਰਨ ਵਾਸਤੇ ਕਾਨੂੰਨੀ ਮਾਹਿਰਾਂ ਨਾਲ ਰਾਇ ਮਸ਼ਵਰਾ ਕਰ ਰਿਹਾ ਹੈ। ਪੂਰੀ ਖਬਰ ਅੰਦਰ ਦੇਖੋ:

## ਸੁਪਰੀਮ ਕੋਰਟ ਦਾ ਮਹੱਤਵਪੂਰਨ ਹੁਕਮ ਸਜ਼ਾ ਪੂਰੀ ਕਰਨ ਵਾਲੇ ਕੈਦੀਆਂ ਦੀ ਰਿਹਾਈ ਹੋਵੇ

ਪੂਰੀ ਖਬਰ ਅੰਦਰ ਦੇਖੋ:




## ਲਾਸ ਏਂਜਲਸ ਵਿੱਚ ਬਜ਼ੁਰਗ ਸਿੱਖ ਨਫਰਤੀ ਹਿੰਸਾ ਦਾ ਸ਼ਿਕਾਰ, ਹਾਲਤ ਗੰਭੀਰ, ਸਿੱਖ ਭਾਈਚਾਰੇ ਵਿੱਚ ਸਹਿਮ ਤੇ ਰੋਸ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਲੈਂਕਰਸ਼ਿਮ ਬੁਲੇਵਰਡ ਸੜਕ ਉਪਰ ਸਥਿੱਤ ਗੁਰਦੁਆਰੇ ਦੇ ਨੇੜੇ ਇਕ ਸਟੋਰ ਦੇ ਬਾਹਰਵਾਰ 70 ਸਾਲ ਦੇ ਬਜ਼ੁਰਗ ਸਿੱਖ ਉੱਪਰ ਨਫਰਤੀ ਹਮਲਾ ਹੋਣ ਦੀ ਖਬਰ ਹੈ। ਭਾਰਤੀ ਮੂਲ ਦੇ ਹਰਪਾਲ ਸਿੰਘ ਜੋ ਇਕ ਸੇਵਾ ਮੁਕਤ ਗਣਿਤ ਪ੍ਰੋਫੈਸਰ ਹੈ ਤੇ ਅਮਰੀਕੀ ਨਾਗਰਿਕ ਹੈ, ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਹ ਪ੍ਰੋਵੀਡੈਂਸ ਹੋਲੀ ਕਰਾਸ ਮੈਡੀਕਲ ਸੈਂਟਰ ਵਿੱਖੇ ਦਾਖਲ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਦੇ ਸਿਰ ਤੇ ਮੂੰਹ ਉੱਪਰ ਗੰਭੀਰ ਸੱਟਾਂ ਹਨ ਤੇ ਹੁਣ ਤੱਕ 3 ਸਰਜਰੀਆਂ ਕੀਤੀਆਂ ਜਾ ਚੁੱਕੀਆਂ ਹਨ। ਪੂਰੀ ਖਬਰ ਅੰਦਰ ਦੇਖੋ:


ਹਸਪਤਾਲ ਵਿੱਚ ਦਾਖਲ ਹਰਪਾਲ ਸਿੰਘ

# ਸਿਹਤ ਤੇ ਸੁੰਦਰਤਾ



## ਰੋਜ਼ ਕੌਫ਼ੀ ਪੀਣ ਨਾਲ ਵਧਦੀ ਹੈ ਔਰਤਾਂ ਦੀ ਉਮਰ !

ਅਮਰੀਕਾ ਦੀ ਨੈਸ਼ਨਲ ਕੌਫੀ ਐਸੋਸੀਏਸ਼ਨ ਦੇ ਅਨੁਸਾਰ, ਦੋ-ਤਿਹਾਈ ਅਮਰੀਕੀ ਹਰ ਰੋਜ਼ ਕੌਫੀ ਪੀਂਦੇ ਹਨ। ਭਾਰਤ 'ਚ ਵੀ ਸ਼ਹਿਰੀ ਨੌਜਵਾਨਾਂ ਅਤੇ ਵਰਕਿੰਗ ਕਲਾਸ 'ਚ ਕੌਫੀ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ ਪਰ ਕੀ ਰੋਜ਼ਾਨਾ 2-3 ਕੱਪ ਕੌਫੀ ਸਿਹਤ ਲਈ ਫਾਇਦੇਮੰਦ ਹੈ ? ਅਮਰੀਕਾ 'ਚ ਕੀਤੀ ਗਈ 50,000 ਔਰਤਾਂ 'ਤੇ 30 ਸਾਲ ਲੰਬੀ ਸਟਡੀ 'ਚ ਪਤਾ ਲੱਗਾ ਕਿ ਰੋਜ਼ 1-3 ਕੱਪ ਕੌਫੀ ਪੀਣ ਨਾਲ ਉਮਰ ਵਧਾਉਣ ਦੀ ਪ੍ਰਕਿਰਿਆ ਬਿਹਤਰ ਹੁੰਦੀ ਹੈ ਅਤੇ ਸਰੀਰ ਜ਼ਿਆਦਾ ਸਿਹਤਮੰਦ ਰਹਿੰਦਾ ਹੈ। ਇਹ ਅਸਰ ਖਾਸ ਤੌਰ 'ਤੇ ਉਨ੍ਹਾਂ ਔਰਤਾਂ 'ਚ ਦੇਖਿਆ ਗਿਆ ਜੋ ਪੂਰੀ ਤਰ੍ਹਾਂ ਸਿਹਤਮੰਦ ਸਨ। ਜਿਨ੍ਹਾਂ ਨੂੰ ਪਹਿਲਾਂ ਹੀ ਕੋਈ ਗੰਭੀਰ ਬੀਮਾਰੀ ਸੀ, ਉਨ੍ਹਾਂ 'ਤੇ ਇਹ ਅਸਰ ਘੱਟ ਰਿਹਾ।

ਅਮਰੀਕਨ ਐੱਫਡੀਆਈ ਦੇ ਮੁਤਾਬਕ ਇਕ ਵਿਅਕਤੀ ਦਿਨ 'ਚ 400 ਮਿਲੀਗ੍ਰਾਮ ਤੱਕ ਕੈਫੀਨ ਲੈ ਸਕਦਾ ਹੈ, ਜਿਸ 'ਚ ਕੌਫੀ ਦੇ ਨਾਲ-ਨਾਲ ਚਾਹ, ਚਾਕਲੇਟ ਅਤੇ ਐਨਰਜੀ ਡ੍ਰਿੰਕ ਵੀ ਸ਼ਾਮਲ ਹਨ। ਇਕ ਕੱਪ ਫਿਲਟਰ ਕੌਫੀ ' ਚ 95ਐਮਜੀ ਕੈਫੀਨ ਹੁੰਦਾ ਹੈ। ਏਸਪ੍ਰੈਸੋ 'ਚ 63ਐਮਜੀ ਅਤੇ ਇਕ ਚਾਹ 'ਚ 30 ਤੋਂ 50ਮਗ ਕੈਫ਼ੀਨ। ਯਾਨੀ ਇਕ ਵਿਅਕਤੀ ਸਿਹਤਮੰਦ ਹੈ, ਤਾਂ ਦਿਨ 'ਚ 2 ਤੋਂ 3 ਕੱਪ ਕੌਫੀ ਪੀਣ ਨਾਲ ਕੋਈ ਨੁਕਸਾਨ ਨਹੀਂ।

## ਕਿਡਨੀ ਫੇਲ ਹੋਣ ਕਾਰਣ ਸਕਿੰਨ 'ਤੇ ਨਜ਼ਰ ਆਉਂਦੇ ਹਨ 8 ਲੱਛਣ, ਧਿਆਨ ਦੇਣ ਦੀ ਲੋੜ

ਸਾਡੀ ਖਰਾਬ ਜੀਵਨਸ਼ੈਲੀ ਤੇ ਡਾਈਟ ਕਾਰਨ ਕਿਡਨੀ ਨੂੰ ਕਾਫੀ ਨੁਕਸਾਨ ਹੁੰਦਾ ਹੈ। ਜੇ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਕਈ ਵਾਰੀ ਇਹ ਸਮੱਸਿਆ ਵਧ ਜਾਂਦੀ ਹੈ ਤੇ ਕਿਡਨੀ ਡੈਮੇਜ ਹੋਣ ਲਗਦੀ ਹੈ। ਜੇ ਕਿਡਨੀ ਡੈਮੇਜ ਦੇ ਲੱਛਣਾਂ ਨੂੰ ਸ਼ੁਰੂ 'ਚ ਹੀ ਪਛਾਣ ਕੇ ਇਲਾਜ ਨਾ ਕਰਵਾਇਆ ਜਾਵੇ ਤਾਂ ਕਿਡਨੀ ਫੇਲੀਅਰ ਵੀ ਹੋ ਸਕਦਾ ਹੈ।

### ਬੇਹੱਦ ਡਰਾਈ ਸਕਿੰਨ


ਕਿਡਨੀ ਖਰਾਬ ਹੋਣ 'ਤੇ ਸਰੀਰ ਤੋਂ ਟੌਕਸਿਨਸ ਠੀਕ ਤਰੀਕੇ ਨਾਲ ਬਾਹਰ ਨਹੀਂ ਨਿਕਲਦੇ, ਜਿਸ ਨਾਲ ਸਕਿੰਨ 'ਚ ਖਾਰਸ਼ ਤੇ ਰੁੱਖਾਪਣ ਆਉਂਦਾ ਹੈ। ਇਸਨੂੰ ਯੁਰੇਮਿਕ ਪ੍ਰੁਰਿਟਸ ਵੀ ਕਿਹਾ ਜਾਂਦਾ ਹੈ। ਇਹ ਖੁਜਲੀ ਇੰਨੀ ਤੇਜ਼ ਹੋ ਸਕਦੀ ਹੈ ਕਿ ਰਾਤ ਨੂੰ ਨੀਂਦ ਵੀ ਖਰਾਬ ਹੋ ਜਾਵੇ।

### ਖਰੋਂਚ ਦੇ ਨਿਸ਼ਾਨ

ਲਗਾਤਾਰ ਖਾਰਿਸ਼ ਕਰਨ ਨਾਲ ਸਕਿੰਨ 'ਤੇ ਨਿਸ਼ਾਨ ਪੈ ਜਾਂਦੇ ਹਨ। ਕਈ ਵਾਰੀ ਸਕਿੰਨ ਲਾਲ ਹੋ ਕੇ ਜ਼ਖ਼ਮਾਂ 'ਚ ਵੀ ਬਦਲ ਸਕਦੀ ਹੈ ਜਿਸ ਨਾਲ ਇਨਫੈਕਸ਼ਨ ਦਾ ਖ਼ਤਰਾ ਵਧ ਜਾਂਦਾ ਹੈ।

### ਸਕਿੰਨ ਦਾ ਰੰਗ ਬਦਲਣਾ

ਕਿਡਨੀ ਦੀ ਬਿਮਾਰੀ 'ਚ ਸਕਿੰਨ ਦਾ ਰੰਗ ਪੀਲਾ ਜਾਂ ਭੂਰਾ ਹੋ ਸਕਦਾ ਹੈ। ਕੁਝ



ਮਾਮਲਿਆਂ 'ਚ ਸਕਿੰਨ 'ਤੇ ਕਾਲੇ ਜਾਂ ਚਿੱਟੇ ਧੱਬੇ ਦਿਖਾਈ ਦੇ ਸਕਦੇ ਹਨ, ਜੋ ਸਰੀਰ 'ਚ ਟੌਕਸਿਨਸ ਦੇ ਜਮ੍ਹਾਂ ਕਾਰਨ ਹੁੰਦੇ ਹਨ।

### ਸੋਜ਼ਿਸ਼

ਕਿਡਨੀ ਡੈਮੇਜ ਹੋਣ 'ਤੇ ਸਰੀਰ 'ਚ ਸੋਡੀਅਮ ਅਤੇ ਪਾਣੀ ਜੰਮਣ ਲੱਗਦਾ ਹੈ, ਜਿਸ ਨਾਲ ਪੈਰਾਂ, ਹੱਥਾਂ ਤੇ ਚਿਹਰੇ 'ਤੇ ਸੋਜ਼ਿਸ਼ ਆ ਜਾਂਦੀ ਹੈ। ਇਸਨੂੰ ਐਡਿਮਾ ਕਿਹਾ ਜਾਂਦਾ ਹੈ।

### ਰੈਸ਼ੇਜ਼

ਕਿਡਨੀ ਫੇਲੀਅਰ ਕਾਰਨ ਸਰੀਰ 'ਚ ਯੂਰਿਕ ਐਸਿਡ ਤੇ ਹੋਰ ਟੌਕਸਿਨਸ ਵਧ ਜਾਂਦੇ ਹਨ, ਜਿਸ ਨਾਲ ਸਕਿੰਨ 'ਤੇ ਰੈਸ਼ੇਜ ਹੋ ਸਕਦੇ ਹਨ। ਇਹ ਰੈਸ਼ੇਜ਼ ਖੁਜਲੀ ਕਾਰਨ ਵੀ ਹੋ ਸਕਦੇ ਹਨ।

### ਛਾਲੇ

ਕੁਝ ਗੰਭੀਰ ਮਾਮਲਿਆਂ 'ਚ ਸਕਿੰਨ 'ਤੇ ਛਾਲੇ ਵੀ ਪੈ ਸਕਦੇ ਹਨ, ਜੋ ਫਲੂਇਡ ਨਾਲ ਭਰੇ ਹੁੰਦੇ ਹਨ। ਇਹ ਸਮੱਸਿਆ ਕੈਲਸੀਫਿਲੈਕਸਿਸ ਕੰਡੀਸ਼ਨ ਕਾਰਨ ਹੁੰਦੀ ਹੈ, ਜੋ ਕਿਡਨੀ ਫੇਲੀਅਰ ਦੇ ਮਰੀਜ਼ਾਂ 'ਚ ਦੇਖੀ ਜਾਂਦੀ ਹੈ।

### ਸਕਿੰਨ ਦਾ ਟਾਈਟ ਹੋਣਾ

ਕਿਡਨੀ ਡਿਜ਼ੀਜ਼ ਕਾਰਨ ਸਕਿੰਨ 'ਚ ਇਲਾਸਟਿਸਿਟੀ ਘਟ ਜਾਂਦੀ ਹੈ ਤੇ ਸਕਿੰਨ ਇੰਨੀ ਟਾਈਟ ਹੋ ਸਕਦੀ ਹੈ ਕਿ ਉਸਨੂੰ ਚੁਟਕੀ 'ਚ ਨਹੀਂ ਉਠਾਇਆ ਜਾ ਸਕਦਾ। ਇਹ ਲੱਛਣ ਸਰੀਰ 'ਚ ਪਾਣੀ ਅਤੇ ਮਿਨਰਲਜ਼ ਦੇ ਅਸੰਤੁਲਨ ਕਾਰਨ ਹੁੰਦੇ ਹਨ।

### ਸਕਿੰਨ ਦੇ ਹੇਠਾਂ ਕੈਲਸ਼ੀਅਮ ਜਮ੍ਹਾਂ ਹੋਣਾ

ਜਦੋਂ ਕਿਡਨੀ ਠੀਕ ਢੰਗ ਨਾਲ ਕੰਮ ਨਹੀਂ ਕਰਦੀ, ਤਾਂ ਸਰੀਰ 'ਚ ਕੈਲਸ਼ੀਅਮ ਅਤੇ ਫਾਸਫੇਟ ਦਾ ਲੈਵਲ ਵਿਗੜ ਜਾਂਦਾ ਹੈ। ਇਸ ਨਾਲ ਸਕਿੰਨ ਦੇ ਹੇਠਾਂ ਸਫੈਦ ਜਾਂ ਪੀਲੇ ਰੰਗ ਦੇ ਹਾਰਡ ਡਿਪਾਜ਼ਿਟ ਬਣ ਸਕਦੇ ਹਨ, ਜਿਨ੍ਹਾਂ ਨੂੰ ਕੈਲਸੀਫਿਕੇਸ਼ਨ ਕਿਹਾ ਜਾਂਦਾ ਹੈ।

## * ਚੁਸਕੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ




*ਟਰੰਪ ਨੇ ਹੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਕਰਵਾਈ- ਅਮਰੀਕੀ ਵਿਦੇਸ਼ ਮੰਤਰੀ



-ਹਿਜ਼ ਮਾਸਟਰਜ਼ ਵਾਇਸ।

*ਕਪਿਲ ਸਿੱਬਲ ਨੇ ਜਗਦੀਪ ਧਨਖੜ ਦੀ ਸੁਰੱਖਿਆ ਬਾਰੇ ਸਵਾਲ ਚੁੱਕੇ- ਇਕ ਖ਼ਬਰ



-ਜਦ ਦੇਖਿਆ ਚੁਬਾਰਾ ਖ਼ਾਲੀ, ਧਾਅ ਮਾਰੀ ਮਿੱਤਰਾਂ ਨੇ।

*ਅਕਾਲੀ ਦਲ ਦੀ ਸਰਕਾਰ ਬਣਨ 'ਤੇ 'ਆਪ' ਵਲੋਂ ਐਕਵਾਇਰ ਕੀਤੀਆਂ ਜ਼ਮੀਨਾਂ ਕਿਸਾਨਾਂ ਨੂੰ ਵਾਪਸ ਕਰਾਂਗੇ- ਸੁਖਬੀਰ ਬਾਦਲ



-ਤੇ ਲੈਂਡ ਪੂਲਿੰਗ ਵਿਰੁੱਧ ਜਿਹੜਾ ਮੋਰਚਾ ਤੁਸੀਂ ਲਾਉਣਾ ਸੀ, ਉਹਦਾ ਕੀ ਬਣਿਆਂ ਬਈ?

*ਮੈਂ ਚਾਹੁੰਦੀ ਹਾਂ ਕਿ ਭਾਰਤ ਬਿਨਾਂ ਭਾਸ਼ਾਈ ਦਹਿਸ਼ਤ ਤੋਂ ਵਧੇ ਫੁੱਲੇ- ਮਮਤਾ ਬੈਨਰਜੀ



-ਬੀਬੀ ਜੀ ਮੁੱਦਿਆਂ ਤੋਂ ਬਿਨਾਂ ਫਿਰ ਸਿਆਸਤ ਕਿਵੇਂ ਹੋਵੇਗੀ?

*ਜਦੋਂ ਦਿੱਲੀ 'ਚ ਕੇਜਰੀਵਾਲ ਨੇ ਵੋਟ ਚੋਰੀ ਦਾ ਮੁੱਦਾ ਚੁੱਕਿਆ ਸੀ, ਉਦੋਂ ਰਾਹੁਲ ਗਾਂਧੀ ਚੁੱਪ ਕਿਉਂ ਰਹੇ?- ਸੌਰਭ ਭਾਰਦਵਾਜ



-ਹੁਣ ਤੂੰ ਕਿਧਰ ਗਿਆ ਜੇਠ ਬੋਲੀਆਂ ਮਾਰੇ।

*ਸ੍ਰੀ ਅਕਾਲ ਤਖ਼ਤ ਸਾਹਿਬ ਸੁਪਰੀਮ ਹੈ: ਐਡਵੋਕੇਟ ਹਰਜਿੰਦਰ ਸਿੰਘ ਧਾਮੀ



-ਝੂਠ ਨਾ ਬੋਲੋ ਧਾਮੀ ਸਾਹਿਬ, ਤੁਹਾਡੇ ਲਈ ਬਾਦਲ ਪਰਵਾਰ ਸੁਪਰੀਮ ਹੈ।

*ਬਲਦੇਵ ਸਿੰਘ ਮਾਨ ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਸ਼ਾਮਲ- ਇਕ ਖ਼ਬਰ




-ਮਾਫ਼ ਕਰ ਦਿਉ ਬਾਦਲ ਜੀ, ਮੁੜ ਆਇਆ ਤੁਮਰੇ ਦੁਆਰੇ 'ਤੇ।

*ਲੈਂਡ ਪੂਲਿੰਗ ਨੀਤੀ ਉੱਤੇ ਹਾਈਕੋਰਟ ਦਾ ਫ਼ੈਸਲਾ ਪੰਜਾਬ ਦੇ ਲੋਕਾਂ ਦੀ ਜਿੱਤ- ਪ੍ਰਤਾਪ ਸਿੰਘ ਬਾਜਵਾ



-ਤਾਜਦਾਰਾਂ ਨਾ ਅਮੀਰਾਂ ਦੇ, ਦੀਵੇ ਜਗਦੇ ਰਹਿਣ ਫ਼ਕੀਰਾਂ ਦੇ।

*ਸੁਖਬੀਰ ਬਾਦਲ ਨੇ ਬਾਗ਼ੀ ਅਕਾਲੀ ਆਗੂਆਂ ਤੋਂ ਮਾਫ਼ੀ ਮੰਗ ਕੇ ਏਕਤਾ ਦੇ ਨਾਮ ਹੇਠ ਨਵੀਂ ਚਾਲ ਚੱਲੀ-ਇਕ ਖ਼ਬਰ



-ਲੱਸੀ ਲੈਣ ਦੇ ਬਹਾਨੇ ਆਉਂਦੇ, ਛੜਿਆਂ ਦੀ ਨੀਅਤ ਬੁਰੀ।

*ਟਰੰਪ ਨੇ ਭਾਰਤ ਉੱਤੇ ਹੋਰ ਟੈਰਿਫ਼ ਵਧਾਉਣ ਦੀ ਦਿਤੀ ਧਮਕੀ-ਇਕ ਖ਼ਬਰ



-ਪੀ ਕੇ ਦੋ ਘੁੱਟ ਦਾਰੂ, ਮਾਰਦਾ ਫਿਰੇ ਲਲਕਾਰੇ।

*ਸੌਦਾ ਸਾਧ ਨੂੰ 14ਵੀਂ ਵਾਰ ਮਿਲੀ 40 ਦਿਨ ਦੀ ਪੈਰੋਲ- ਇਕ ਖ਼ਬਰ



-ਮਿੱਤਰਾਂ ਦੇ ਫੁਲਕੇ ਨੂੰ, ਨੀ ਮੈਂ ਖੰਡ ਦਾ ਪਲੇਥਣ ਲਾਵਾਂ।

*ਭਾਰਤ ਨੇ ਅਮਰੀਕਾ ਤੋਂ ਐਫ-35 ਲੜਾਕੂ ਜਹਾਜ਼ ਖ਼ਰੀਦਣ ਤੋਂ ਕੀਤਾ ਇਨਕਾਰ- ਇਕ ਖ਼ਬਰ

-ਤੇਰੇ ਖ਼ੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਉਂ ਚੱਬਣੇ।

*ਭਗਵੰਤ ਮਾਨ ਨੇ ਭਾਜਪਾ ਆਗੂਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਵਿਕਾਸ ਦੇ ਰਾਹ 'ਚ ਰੋੜਾ ਨਾ ਬਣਨ-ਇਕ ਖ਼ਬਰ



-ਬਦੀਆਂ ਨਾ ਕਰ ਵੇ, ਕੈ ਦਿਨ ਦੀ ਜ਼ਿੰਦਗਾਨੀ।

*ਮੋਦੀ ਤੇ ਟਰੰਪ ਵਿਚਾਲੇ ਖ਼ਾਸ ਸਬੰਧਾਂ ਦਾ ਦਾਅਵਾ ਹੁਣ ਬੇਨਕਾਬ ਹੋਇਆ- ਜੈ ਰਾਮ ਰਮੇਸ਼



-ਲੱਡੂਆਂ ਦਾ ਭਾਅ ਪੁੱਛਦੀ, ਪੱਲੇ ਨਿੱਕਲੀ ਦੁਆਨੀ ਖੋਟੀ।

*ਬੀਬੀ ਜਗੀਰ ਕੌਰ ਵਲੋਂ ਬਾਦਲ ਨੂੰ ਕੋਰਾ ਜਵਾਬ, ਪਹਿਲਾਂ ਅਕਾਲ ਤਖ਼ਤ ਦੀ ਮਾਫ਼ੀ ਤਾਂ ਮੰਨ ਲਵੋ- ਇਕ ਖ਼ਬਰ



-ਕਰ ਲੈ ਬੰਦਗੀ ਤੂੰ ਸੁੱਤਾ ਜਾਗ ਬੇਟਾ, ਹੱਥ ਭਲਕ ਨੂੰ ਆਵਣਾ ਅੱਜ ਨਾਹੀਂ।

---------------

# ਲੀਡਰਸ਼ਿਪ ਦੀ ਆਪਸੀ ਖਿੱਚੋਤਾਣ ਕਾਰਣ ਨਵੇਂ ਅਕਾਲੀ ਦਲ ਦੇ ਦੋ ਨਵੇਂ ਕੇਂਦਰ ਬਣੇ

**ਕਵਰ ਸਟੋਰੀ**

## ✪ ਗਿਆਨੀ ਹਰਪ੍ਰੀਤ ਸਿੰਘ ਨਵੇਂ ਅਕਾਲੀ ਦਲ ਦੇ ਪ੍ਰਧਾਨ, ਸਤਵੰਤ ਕੌਰ ਪੰਥਕ ਕੌਂਸਲ ਦੀ ਚੇਅਰਪਰਸਨ ਬਣੀ ✪ ਕੀ ਨਵਾਂ ਅਕਾਲੀ ਦਲ ਪੰਜਾਬ ਤੇ ਪੰਥ ਦਾ ਭਵਿੱਖ ਘੜ ਸਕੇਗਾ ?

ਨਵਾਂ ਸ਼੍ਰੋਮਣੀ ਅਕਾਲੀ ਦਲ, ਜੋ ਪੰਜਾਬ ਤੇ ਪੰਥਕ ਹਿਤਾਂ ਦੀ ਦਾਅਵੇਦਾਰੀ ਕਰਨ ਲਈ ਸਿਰਜਿਆ ਗਿਆ ਸੀ,ਉਹ ਤਾਜ਼ਾ ਸਥਿਤੀ ਵਿਚ ਧੜੇਬੰਦੀ ਦੇ ਤੂਫਾਨ ਵਿੱਚ ਘਿਰਿਆ ਜਾਪਦਾ ਹੈ। ਅਕਾਲ ਤਖਤ ਵੱਲੋਂ ਬਣਾਈ ਭਰਤੀ ਕਮੇਟੀ ਇੱਕ ਪਾਸੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੇਂ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਤੇ ਦੂਜੇ ਪਾਸੇ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾ ਕੇ ਧਾਰਮਿਕ ਵਿੰਗ ਨੂੰ ਅਲੱਗ ਰੰਗਤ ਦਿੱਤੀ ਗਈ ਹੈ।

ਅਰਥਾਤ ਅਕਾਲੀ ਦਲ ਦੇ ਦੋ ਕੇਂਦਰ ਸਥਾਪਤ ਕਰ ਦਿਤੇ ਜੋ ਅੱਜ ਤਕ ਅਕਾਲੀ ਇਤਿਹਾਸ ਵਿਚ ਨਹੀਂ ਵਾਪਰਿਆ। ਇਹ ਢੰਗ ਅੱਜ ਤਕ ਨਾ ਅਕਾਲੀ ਦਲ ਨੇ ਅਪਨਾਇਆ ਨਾ ਸਿਆਸੀ ਜਥੇਬੰਦੀ ਨੇ। ਪੰਜ ਮੈਂਬਰੀ ਭਰਤੀ ਕਮੇਟੀ ਵਲੋਂ ਇਹ ਨਵੀਂ ਵਿਧੀ ਕਿਉਂ ਰਚੀ ਗਈ ? ਕੀ ਇਹ ਨਵੇਂ ਅਕਾਲੀ ਦਲ ਧੜੇਬੰਦੀ ਦਾ ਸ਼ਿਕਾਰ ਹੈ ?

ਕੀ ਇਹ ਨਵਾਂ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਵਿਰੁੱਧ ਕਾਮਯਾਬ ਹੋ ਸਕੇਗਾ ?

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ 2 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪੁਨਰਗਠਨ ਲਈ ਭਰਤੀ ਕਮੇਟੀ ਬਣਾਈ ਸੀ। ਇਹ ਕਮੇਟੀ ਨੂੰ ਅਕਾਲੀ ਦਲਾਂ ਨੂੰ ਇੱਕ ਮੰਚ ਤੇ ਇਕੱਠਾ ਕਰਨ ਅਤੇ ਨਵੇਂ ਪ੍ਰਧਾਨ ਦੀ ਚੋਣ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ। ਹੁਣੇ ਜਿਹੇ ਇਸ ਕਮੇਟੀ ਨੇ ਲਗਭਗ 15 ਲੱਖ ਮੈਂਬਰ ਅਤੇ 500 ਡੈਲੀਗੇਟ ਬਣਾ ਕੇ ਨਵੇਂ ਅਕਾਲੀ ਦਲ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਸੀ। ਨਿਹੰਗ ਜਥੇਬੰਦੀ ਬੁੱਢਾ ਦਲ ਦੀ ਛਾਉਣੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਏ ਇਜਲਾਸ ਵਿੱਚ ਬਾਬਾ ਸਰਬਜੋਤ ਸਿੰਘ ਬੇਦੀ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਦੀ ਤਜਵੀਜ਼ ਰੱਖੀ, ਜਿਸ ਨੂੰ ਗੋਬਿੰਦ ਸਿੰਘ ਲੌਂਗੋਵਾਲ ਅਤੇ ਸੁੱਚਾ ਸਿੰਘ ਛੋਟੇਪੁਰ ਨੇ ਤਾਈਦ ਕੀਤੀ। ਕਿਸੇ ਵਿਰੋਧ ਨਾ ਹੋਣ ਕਰਕੇ ਗਿਆਨੀ ਹਰਪ੍ਰੀਤ ਨੂੰ ਪ੍ਰਧਾਨ ਚੁਣ ਲਿਆ ਗਿਆ।

ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਅਕਾਲੀ ਦਲ ਦੇ ਵਿਧਾਨ ਵਿਰੁੱਧ ਇੱਕ ਧਾਰਮਿਕ ਵਿੰਗ ਪੰਥਕ ਕੌਂਸਲ ਬਣਾਇਆ ਗਿਆ, ਜਿਸ ਵਿੱਚ ਬੀਬੀ ਸਤਵੰਤ ਕੌਰ ਨੂੰ ਚੇਅਰਪਰਸਨ ਚੁਣਿਆ ਗਿਆ। ਬੀਬੀ ਸਤਵੰਤ ਕੌਰ, ਜੋ ਸ਼ਹੀਦ ਅਮਰੀਕ ਸਿੰਘ ਦੀ ਬੇਟੀ ਹਨ ਅਤੇ ਜਿਨ੍ਹਾਂ ਦੇ ਦਾਦਾ ਗਿਆਨੀ ਕਰਤਾਰ ਸਿੰਘ ਦਮਦਮੀ ਟਕਸਾਲ ਦੇ ਮੁਖੀ ਰਹੇ, ਇੱਕ ਪੰਥਕ ਪਰਿਵਾਰ ਨਾਲ ਜੁੜੀ ਹੋਈ ਹੈ। ਅਮਰੀਕ ਸਿੰਘ ਫੌਜੀ ਹਮਲੇ ਵੇਲੇ ਦਰਬਾਰ ਸਾਹਿਬ ਵਿੱਚ ਸ਼ਹੀਦ ਹੋਏ ਸਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨੇੜਲੇ ਸਾਥੀ ਸਨ। ਪਰ ਸਵਾਲ ਉੱਠਦਾ ਹੈ ਕਿ ਇਹ ਦੋ ਕੇਂਦਰ ਕਿਉਂ ਬਣਾਏ ਗਏ ? ਸਿਆਸੀ ਮਾਹਿਰਾਂ ਅਨੁਸਾਰ, ਇਹ ਧੜੇਬੰਦੀ ਦਾ ਨਤੀਜਾ ਹੈ।

ਇੱਕ ਪਾਸੇ ਗਿਆਨੀ ਹਰਪ੍ਰੀਤ ਸਿੰਘ ਰਾਜਸੀ ਵਿੰਗ ਨੂੰ ਸੰਭਾਲਣਗੇ, ਦੂਜੇ ਪਾਸੇ ਬੀਬੀ ਸਤਵੰਤ ਕੌਰ ਧਾਰਮਿਕ ਵਿੰਗ ਨੂੰ। ਬੀਬੀ ਸਤਵੰਤ ਕੌਰ ਨੂੰ ਇਕਤਰਾਂ ਸੁਪਰੀਮ ਪ੍ਰਧਾਨ ਬਣਾ ਦਿਤਾ ਗਿਆ। ਪਰ ਵਿਧਾਨ ਅਨੁਸਾਰ, ਪੰਥਕ ਕੌਂਸਲ ਵਿੱਚ ਅਕਾਲੀ ਪ੍ਰਧਾਨ ਅਤੇ ਤਿੰਨ ਹੋਰ ਪੰਥਕ ਸਖਸ਼ੀਅਤਾਂ ਸ਼ਾਮਲ ਹੋਣੀਆਂ ਚਾਹੀਦੀਆਂ ਸਨ, ਨਾ ਕਿ ਬੀਬੀ ਸਤਵੰਤ ਨੂੰ ਮੁਖੀ ਬਣਾਉਣਾ ਚਾਹੀਦਾ ਸੀ। ਇਹ ਫੈਸਲਾ ਨਵੇਂ ਅਕਾਲੀ ਦਲ ਵਿਚ ਫੁਟ ਵਧਾਉਣ ਵਾਲਾ ਹੈ।

ਯਾਦ ਰਹੇ ਕਿ ਇਜਲਾਸ ਤੋਂ ਪਹਿਲਾਂ ਹੀ ਪ੍ਰਧਾਨਗੀ ਲਈ ਦੋ ਨਾਂ - ਗਿਆਨੀ ਹਰਪ੍ਰੀਤ ਅਤੇ ਬੀਬੀ ਸਤਵੰਤ ਕੌਰ ਨੂੰ ਲੈ ਕੇ ਖਿੱਚੋਤਾਣ ਸੀ। ਬੀਬੀ ਜਗੀਰ ਕੌਰ ਗਿਆਨੀ ਹਰਪ੍ਰੀਤ ਸਿੰਘ ਜਾ ਸੁਰਜੀਤ ਸਿੰਘ ਰੱਖੜਾ ਨੂੰ ਪ੍ਰਧਾਨਗੀ ਦਾ ਉਮੀਦਵਾਰ ਬਣਾਉਣ ਲਈ ਅੜੀ ਰਹੀ, ਪਰ ਆਖਿਰ ਗਿਆਨੀ ਹਰਪ੍ਰੀਤ ਨੂੰ ਪ੍ਰਧਾਨ ਬਣਾਇਆ ਗਿਆ ਅਤੇ ਪੰਜ ਮੈਂਬਰੀ ਕਮੇਟੀ ਨੇ ਬੀਬੀ ਸਤਵੰਤ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾਕੇ ਨਵਾਂ ਝੁਰਲੂ ਛੱਡ ਦਿੱਤਾ।

ਬਾਕੀ ਹਿਸਾ ਸਫਾ 49 ਤੇ ਪੜ੍ਹੋ





> ਆਖਰ ਵਿੱਚ, ਇਹ ਨਵਾਂ ਅਕਾਲੀ ਦਲ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਲਈ ਬਣਿਆ ਹੈ ਜਾਂ ਧੜੇਬੰਦੀ ਨੂੰ ਵਧਾਉਣ ਲਈ, ਇਹ ਵੇਲਾ ਹੀ ਦੱਸੇਗਾ। ਕੀ ਇਹ ਪੰਜਾਬ ਤੇ ਪੰਥ ਨੂੰ ਨਵੀਂ ਸੇਧ ਦੇ ਸਕੇਗਾ। ਇਹ ਸਮੇਂ ਦੇ ਗਰਭ ਵਿਚ ਸੁਆਲ ਹੈ। ਨਵੀਂ ਅਕਾਲੀ ਲੀਡਰਸ਼ਿਪ ਲਈ ਇਹ ਚਿੰਤਨ ਦਾ ਵੇਲਾ ਵੀ ਹੈ।

## ਕੌਣ ਹਨ ਗਿਆਨੀ ਹਰਪ੍ਰੀਤ ਸਿੰਘ

ਗਿਆਨੀ ਹਰਪ੍ਰੀਤ ਸਿੰਘ ਦੇ ਜੀਵਨ ਤੇ ਇੱਕ ਝਾਤ ਮਾਰੀਏ। ਉਹ ਇੱਕ ਸਧਾਰਨ ਪਰਿਵਾਰ ਵਿੱਚ ਜੰਮੇ, ਪੜ੍ਹਾਈ ਕੀਤੀ ਅਤੇ ਅਕਾਲ ਤਖਤ ਦੇ ਜਥੇਦਾਰ ਬਣੇ। ਪੀਐਚਡੀ ਕਰ ਰਹੇ ਹਨ ਉਹਨਾਂ ਨੇ ਕੁਰਾਨ ਦਾ ਪੰਜਾਬੀ ਅਨੁਵਾਦ ਕੀਤਾ ਅਤੇ ਧਰਮ ਪ੍ਰਚਾਰ ਵਿੱਚ ਸਰਗਰਮ ਰਹੇ। ਪਰ ਸੁਖਬੀਰ ਨੂੰ ਸਜ਼ਾ ਸੁਣਾਉਣ ਵਾਲੇ ਪੈਨਲ ਵਿੱਚ ਸ਼ਾਮਲ ਹੋਣ ਕਰਕੇ ਉਹ ਵਿਵਾਦ ਵਿੱਚ ਆਏ ਸਨ। ਹੁਣ ਉਹ ਨਵੇਂ ਅਕਾਲੀ ਦਲ ਦੇ ਪ੍ਰਧਾਨ ਹਨ।

## ਪੰਥਕ ਕੌਂਸਲ ਕਿਹੋ ਜਿਹੀ ਬਣੇ ?

ਪੰਥਕ ਕੌਂਸਲ ਵਿੱਚ ਅਕਾਲੀ ਪ੍ਰਧਾਨ ਅਤੇ ਚਾਰ ਹੋਰ ਪੰਥਕ ਸਖਸ਼ੀਅਤਾਂ ਸ਼ਾਮਲ ਹੋਣੀਆਂ ਚਾਹੀਦੀਆਂ ਸਨ, ਨਾ ਕਿ ਇੱਕ ਵਿਅਕਤੀ ਨੂੰ ਮੁਖੀ ਬਣਾਕੇ ਅਕਾਲੀ ਦਲ ਅਗੇ ਰੁਕਾਵਟਾਂ ਖੜੀਆਂ ਕੀਤੀਆਂ ਜਾਣ। ਬੀਬੀ ਸਤਵੰਤ ਕੌਰ ਨੂੰ ਚੇਅਰਪਰਸਨ ਬਣਾਉਣ ਨਾਲ ਧੜੇਬੰਦੀ ਵਧਣ ਦੀ ਸੰਭਾਵਨਾ ਹੈ। ਯੋਗ ਪੰਥਕ ਸਖਸ਼ੀਅਤਾਂ ਨੂੰ ਪੰਥਕ ਕੌਂਸਲ ਵਿਚ ਸ਼ਾਮਲ ਕਰਨ ਨਾਲ ਹੀ ਸਹੀ ਰੂਪ ਮਿਲ ਸਕਦਾ ਸੀ।

# ਕੀ ਨਵਾਂ ਅਕਾਲੀ ਦਲ ਪੰਜਾਬ ਤੇ ਪੰਥ ਦਾ ਭਵਿੱਖ ਘੜ ਸਕੇਗਾ ?

ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਨਵਾਂ ਅਕਾਲੀ ਦਲ ਪੰਜਾਬ ਦੇ ਹਿੱਤਾਂ ਦੀ ਰਾਖੀ, ਕਿਸਾਨਾਂ ਦੀਆਂ ਮੰਗਾਂ, ਪਾਣੀਆਂ ਦੇ ਮਸਲੇ, ਅਤੇ ਚੰਡੀਗੜ੍ਹ ਨੂੰ ਪੰਜਾਬ ਨੂੰ ਵਾਪਸ ਦਿਵਾਉਣ ਵਰਗੇ ਏਜੰਡਿਆਂ ਨੂੰ ਲੈ ਕੇ ਸਥਾਪਤ ਹੋਇਆ ਹੈ। ਇਜਲਾਸ ਵਿੱਚ ਪਾਸ ਕੀਤੇ 15 ਮਤੇ, ਜਿਵੇਂ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀਆਂ ਦਾ ਹੱਕ, ਬਾਹਰੀ ਸੂਬਿਆਂ ਦੇ ਲੋਕਾਂ 'ਤੇ ਪੰਜਾਬ ਵਿੱਚ ਨੌਕਰੀਆਂ ਅਤੇ ਜਾਇਦਾਦ ਖਰੀਦਣ 'ਤੇ ਪਾਬੰਦੀ, ਅਤੇ ਸਿੱਖ ਸੰਸਥਾਵਾਂ ਦੀ ਸੁਰੱਖਿਆ, ਪੰਜਾਬੀਆਂ ਦੇ ਜਜ਼ਬਾਤ ਨੂੰ ਛੂੰਹਦੇ ਨੇ। ਇਹ ਮਤੇ ਅਕਾਲੀ ਦਲ ਦੇ ਸੁਕ ਗਏ ਰੁੱਖ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਾਲੇ ਹਨ, ਜੋ ਪੰਜਾਬ ਦੀ ਸਿਆਸੀ ਮਿੱਟੀ ਵਿੱਚ ਡੂੰਘੇ ਪੈ ਸਕਦੇ ਨੇ। ਇਸ ਦੇ ਨਾਲ ਹੀ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਪੁਨਰ ਸੁਰਜੀਤ ਕਰਨ ਅਤੇ ਨੌਜਵਾਨਾਂ ਨੂੰ ਜੋੜਨ ਦਾ ਵਾਅਦਾ ਵੀ ਇਸ ਨੂੰ ਨਵੀਂ ਪੀੜ੍ਹੀ ਨਾਲ ਜੋੜ ਸਕਦਾ ਹੈ।

ਪਰ ਚੁਣੌਤੀਆਂ ਵੀ ਘੱਟ ਨਹੀਂ। ਸਭ ਤੋਂ ਵੱਡੀ ਰੁਕਾਵਟ ਹੈ ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ। ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਮੁਖੀ ਬਣਾਉਣ ਨਾਲ ਦੋ ਕੇਂਦਰਾਂ ਦੀ ਸਥਾਪਨਾ ਹੋਈ ਹੈ, ਜੋ ਜਿਵੇਂ ਦੋ ਤਲਵਾਰਾਂ ਨੂੰ ਇੱਕ ਮਿਆਨ ਵਿੱਚ ਰੱਖਣ ਵਰਗਾ ਹੈ। ਸਿਆਸੀ ਮਾਹਿਰਾਂ ਅਨੁਸਾਰ, ਇਹ ਧੜੇਬੰਦੀ ਅਕਾਲੀ ਦਲ ਦੀ ਏਕਤਾ ਨੂੰ ਕਮਜ਼ੋਰ ਕਰ ਸਕਦੀ ਹੈ।

ਗਿਆਨੀ ਹਰਪ੍ਰੀਤ ਸਿੰਘ ਦੀ ਸੁਖਬੀਰ ਵਿਰੁੱਧ ਨੀਵੀਂ ਬਿਆਨਬਾਜ਼ੀ, ਜਿਵੇਂ ਜਾਇਦਾਦਾਂ ਦੀਆਂ ਲਿਸਟਾਂ ਦਾ ਜ਼ਿਕਰ, ਪੰਥਕ ਮੰਚ 'ਤੇ ਵਿਵਾਦ ਨੂੰ ਹੋਰ ਵਧਾ ਰਹੀ ਹੈ। ਇਸ ਤੋਂ ਪਰਹੇਜ਼ ਕਰਕੇ ਪੰਜਾਬ ਤੇ ਪੰਥ ਪਖੀ ਵਿਜਨ ਤੇ ਸੰਘਰਸ਼ ਵਲ ਧਿਆਨ ਦੇਣਾ ਚਾਹੀਦਾ ਹੈ

ਭਵਿੱਖ ਦੀ ਗੱਲ ਕਰੀਏ ਤਾਂ, ਨਵਾਂ ਅਕਾਲੀ ਦਲ ਪੰਜਾਬ ਦੇ ਹਿੱਤਾਂ ਅਤੇ ਪੰਥਕ ਮੁੱਦਿਆਂ ਨੂੰ ਮਜ਼ਬੂਤੀ ਨਾਲ ਉਠਾ ਸਕਦਾ ਹੈ, ਪਰ ਇਸ ਦੀ ਕਾਮਯਾਬੀ ਧੜੇਬੰਦੀ ਨੂੰ ਖਤਮ ਕਰਨ ਅਤੇ ਨੌਜਵਾਨਾਂ ਤੇ ਸਿੱਖ ਬੀਬੀਆਂ ਨੂੰ ਜੋੜਨ 'ਤੇ ਨਿਰਭਰ ਕਰਦੀ ਹੈ। ਜੇ ਇਹ ਗੁਰੂ ਦੇ ਸਿਧਾਂਤਾਂ 'ਤੇ ਚੱਲ ਕੇ ਏਕਤਾ ਕਾਇਮ ਕਰ ਸਕਿਆ, ਤਾਂ ਜਿਵੇਂ ਸੂਰਜ ਅੰਧੇਰੇ ਨੂੰ ਖਤਮ ਕਰਦਾ ਹੈ, ਇਹ ਪੰਜਾਬ ਤੇ ਪੰਥ ਦਾ ਭਵਿੱਖ ਘੜ ਸਕਦਾ ਹੈ। ਨਹੀਂ ਤਾਂ, ਧੜੇਬੰਦੀ ਦਾ ਤੂਫਾਨ ਇਸ ਨੂੰ ਨੁਕਸਾਨ ਪਹੁੰਚਾਏਗਾ।

# ਡਾਕਟਰ ਚੀਮਾ ਵਲੋਂ ਨਵੇਂ ਅਕਾਲੀ ਦਲ ਨੂੰ ਧਮਕੀ

## ✪ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਨਾਂਅ ਵਰਤਣ ਵਾਲਿਆਂ ਖ਼ਿਲਾਫ਼ ਅਪਰਾਧਿਕ ਸ਼ਿਕਾਇਤ ਦਰਜ ਕਰਵਾਵਾਂਗੇ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦਾ ਨਾਂਅ ਵਰਤਣ 'ਤੇ ਪਾਰਟੀ ਨਵੇਂ ਬਣੇ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਅਪਰਾਧਕ ਸ਼ਿਕਾਇਤ ਦਰਜ ਕਰਵਾਏਗੀ, ਕਿਉਂਕਿ ਸ਼੍ਰੋਮਣੀ ਅਕਾਲੀ ਦਲ 1996 ਦੇ ਨੋਟੀਫ਼ਿਕੇਸ਼ਨ ਮੁਤਾਬਕ ਚੋਣ ਕਮਿਸ਼ਨ ਕੋਲ ਇਕ ਰਜਿਸਟਰਡ ਤੇ ਮਾਨਤਾ ਪ੍ਰਾਪਤ ਪਾਰਟੀ ਹੈ।

ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਡਾ. ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਡੈਲੀਗੇਟਾਂ ਦੀ ਚੋਣ ਬਕਾਇਦਾ ਪਿਛਲੀ ਵਰਕਿੰਗ ਕਮੇਟੀ ਦੀ ਮਿਆਦ ਖ਼ਤਮ ਹੋਣ ਮਗਰੋਂ ਨਵੇਂ ਸਿਰੇ ਤੋਂ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਨਵੇਂ ਬਣੇ ਅਕਾਲੀ ਦਲ ਦੇ ਮੈਂਬਰਾਂ ਨੇ ਤਾਂ ਮੈਂਬਰਸ਼ਿਪ ਮੁਹਿੰਮ 'ਚ ਸ਼ਮੂਲੀਅਤ ਵੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਲਈ ਉਨ੍ਹਾਂ ਵਾਸਤੇ ਆਪਣੀ ਪਾਰਟੀ ਦੀ ਮੀਟਿੰਗ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਡੈਲੀਗੇਟ ਇਜਲਾਸ ਸੱਦਣ ਦਾ ਅਧਿਕਾਰ ਵੀ ਨਹੀਂ ਹੈ ਅਤੇ ਇਸ ਕਾਰਵਾਈ ਨੂੰ ਗੈਰ-ਕਾਨੂੰਨੀ, ਗੈਰ-ਸੰਵਿਧਾਨਕ ਤੇ ਅਨੈਤਿਕ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਦਲ ਇਸ ਮਾਮਲੇ 'ਚ ਅਪਰਾਧਕ ਸ਼ਿਕਾਇਤ ਕਰਨ ਵਾਸਤੇ ਕਾਨੂੰਨੀ ਮਾਹਿਰਾਂ ਨਾਲ ਰਾਇ ਮਸ਼ਵਰਾ ਕਰ ਰਿਹਾ ਹੈ।




ਡਾ. ਚੀਮਾ ਨੇ ਕਿਹਾ ਕਿ ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 2 ਦਸੰਬਰ, 2024 ਨੂੰ ਜਾਰੀ ਹੁਕਮਨਾਮੇ ਦੀ ਅਵੱਗਿਆ ਕਰਨ ਦਾ ਵੀ ਗੰਭੀਰ ਨੋਟਿਸ ਲਿਆ ਗਿਆ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਸਾਰੇ ਵੱਖਰੇ ਧੜੇ ਆਪੋ-ਆਪਣੇ ਚੁੱਲ੍ਹੇ ਸਮੇਟਣ ਅਤੇ ਪੰਥਕ ਹਿੱਤਾਂ ਵਿਚ ਸ਼੍ਰੋਮਣੀ ਅਕਾਲੀ ਦਲ 'ਚ ਰਲੇਵਾਂ ਕਰਨ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਸਰਬਉੱਚ ਸਿੱਖ ਸੰਸਥਾ ਦਾ ਜਥੇਦਾਰ ਰਿਹਾ ਹੋਵੇ, ਉਸ ਵਾਸਤੇ ਅਜਿਹਾ ਕਰਨਾ ਬਹੁਤ ਹੀ ਮੰਦਭਾਗਾ ਹੈ ਕਿ ਉਹ ਖ਼ੁਦ ਲਿਖੀਆਂ ਹਦਾਇਤਾਂ ਦੀ ਪਾਲਣਾ ਹੀ ਨਹੀਂ ਕਰ ਰਿਹਾ। ਅਕਾਲੀ ਆਗੂ ਨੇ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਉਹ ਜ਼ਿੰਮੇਵਾਰੀ ਨਾਲ ਪੇਸ਼ ਆਵੇ ਅਤੇ ਲੋਕਤੰਤਰੀ ਸੰਸਥਾਵਾਂ ਦੀ ਕਦਰ ਕਰੇ।

ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਕਹਿਣਾ ਬਿਲਕੁਲ ਹੀ ਗਲਤ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਾਰੇ ਮੀਡੀਆ ਘਰਾਣਿਆਂ ਨੂੰ ਪੱਤਰ ਲਿਖ ਕੇ ਅਸਲੀਅਤ ਤੋਂ ਜਾਣੂ ਕਰਵਾਏਗਾ ਅਤੇ ਨਾਲ ਹੀ ਯਕੀਨੀ ਬਣਾਵੇਗਾ ਕਿ ਗਿਆਨੀ ਹਰਪ੍ਰੀਤ ਅਤੇ ਉਨ੍ਹਾਂ ਦਾ ਧੜਾ ਸ਼੍ਰੋਮਣੀ ਅਕਾਲੀ ਦਲ ਦੇ ਨਾਂਅ ਦੀ ਦੁਰਵਰਤੋਂ ਨਾ ਕਰੇ।

ਉਨ੍ਹਾਂ ਪੰਜਾਬ ਸਰਕਾਰ ਵਲੋਂ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਣ ਸਬੰਧੀ ਕਿਹਾ ਕਿ 'ਆਪ' ਨੇ ਪੰਜਾਬ ਦੀ 65,000 ਏਕੜ ਉਪਜਾਊ ਜ਼ਮੀਨ ਕੌਡੀਆਂ ਦੇ ਭਾਅ ਐਕਵਾਇਰ ਕਰਨ ਦੀ ਕੇਜਰੀਵਾਲ ਦੀ ਸਾਜ਼ਿਸ਼ ਨੂੰ ਮਾਤ ਪਾਉਣ ਲਈ ਅਕਾਲੀ ਦਲ ਦੇ ਜ਼ਮੀਨੀ ਪੱਧਰ ਦੇ ਸੰਘਰਸ਼ ਲਈ ਡਟਵਾਂ ਸਮਰਥਨ ਦੇਣ ਵਾਸਤੇ ਇਕਜੁੱਟ ਹੋਣ 'ਤੇ ਸਾਰਿਆਂ ਦਾ ਧੰਨਵਾਦ ਵੀ ਕੀਤਾ, ਜਿਨ੍ਹਾਂ ਨੇ ਮੋਹਰੀ ਹੋ ਕੇ ਇਹ ਲੜਾਈ ਲੜੀ ਅਤੇ 'ਆਪ' ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਲਈ ਮਜ਼ਬੂਰ ਕੀਤਾ। ਪਾਰਟੀ ਨੇ ਇਹ ਵੀ ਐਲਾਨ ਕੀਤਾ ਕਿ ਉਹ 31 ਅਗਸਤ ਨੂੰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ੁਕਰਾਨਾ ਸਮਾਗਮ ਕਰੇਗੀ।

# ਭਾਰਤੀ ਸੁਪਰੀਮ ਕੋਰਟ ਦੇ ਆਵਾਰਾ ਕੁੱਤਿਆਂ ਬਾਰੇ ਪਬੰਦੀ ਬਾਰੇ ਫੈਸਲਾ ਸ਼ਲਾਘਾਯੋਗ

## ✪ ਕਿਹਾ ਕਿ ਆਵਾਰਾ ਕੁੱਤੇ ਜਨਤਕ ਸੁਰੱਖਿਆ ਲਈ ਖਤਰਾ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ 11 ਅਗਸਤ 2025 ਨੂੰ ਦਿੱਲੀ ਅਤੇ ਐੱਨਸੀਆਰ ਵਿੱਚ ਆਵਾਰਾ ਕੁੱਤਿਆਂ ਨੂੰ ਜਨਤਕ ਥਾਂਵਾਂ ਤੋਂ ਹਟਾ ਕੇ ਸ਼ੈਲਟਰ ਹੋਮਾਂ ਵਿੱਚ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਜਸਟਿਸ ਜੇ ਪੀ ਪਾਰਦੀਵਾਲਾ ਅਤੇ ਜਸਟਿਸ ਆਰ ਮਹਾਦੇਵਨ ਦੀ ਬੈਂਚ ਨੇ ਇਹ ਫੈਸਲਾ ਇੱਕ ਬੱਚੇ ਦੀ ਕੁੱਤੇ ਕੱਟਣ ਕਾਰਨ ਮੌਤ ਨੂੰ ਨੋਟਿਸ ਲੈ ਕੇ ਸੁਣਾਇਆ। ਬੈਂਚ ਨੇ ਕਿਹਾ ਕਿ ਆਵਾਰਾ ਕੁੱਤੇ ਜਨਤਕ ਸੁਰੱਖਿਆ ਲਈ ਖਤਰਾ ਹਨ ਅਤੇ ਉਨ੍ਹਾਂ ਨੂੰ ਫੜ ਕੇ ਨਸਬੰਦੀ ਤੇ ਟੀਕਾਕਰਨ ਕਰਨ ਤੋਂ ਬਾਅਦ ਵੀ ਵਾਪਸ ਨਾ ਛੱਡਿਆ ਜਾਵੇ। ਇਹ ਹੁਕਮ ਐਨੀਮਲ ਬਰਥ ਕੰਟਰੋਲ (ਡੌਗਸ) ਰੂਲਜ਼ 2001 ਨੂੰ ਚੁਣੌਤੀ ਦਿੰਦਾ ਹੈ, ਜੋ ਕਹਿੰਦੇ ਹਨ ਕਿ ਨਸਬੰਦੀ ਬਾਅਦ ਕੁੱਤਿਆਂ ਨੂੰ ਉਸੇ ਇਲਾਕੇ ਵਿੱਚ ਛੱਡ ਦੇਣਾ ਚਾਹੀਦਾ ਹੈ। ਅਦਾਲਤ ਨੇ ਚਿਤਾਵਨੀ ਵੀ ਦਿੱਤੀ ਕਿ ਜੇ ਕੋਈ ਜਥੇਬੰਦੀ ਜਾਂ ਵਿਅਕਤੀ ਰੁਕਾਵਟ ਪਾਉਂਦਾ ਹੈ ਤਾਂ ਉਸ ਵਿਰੁੱਧ ਮਾਣਹਾਨੀ ਦੀ ਕਾਰਵਾਈ ਹੋਵੇਗੀ। ਇਹ ਫੈਸਲਾ ਦਿੱਲੀ ਸਰਕਾਰ ਅਤੇ ਨਗਰ ਨਿਗਮਾਂ ਨੂੰ ਪੰਜ ਹਜ਼ਾਰ ਕੁੱਤਿਆਂ ਲਈ ਸ਼ੈਲਟਰ ਬਣਾਉਣ ਅਤੇ ਮੁਲਾਜ਼ਮ ਤਾਇਨਾਤ ਕਰਨ ਦੇ ਹੁਕਮ ਦਿੰਦਾ ਹੈ। ਇਸ ਨਾਲ ਵੱਡੀ ਬਹਿਸ ਛਿੜ ਗਈ ਹੈ, ਜਿੱਥੇ ਇੱਕ ਵਰਗ ਇਸ ਨੂੰ ਜਨਤਕ ਸੁਰੱਖਿਆ ਲਈ ਜ਼ਰੂਰੀ ਮੰਨਦਾ ਹੈ ਅਤੇ ਦੂਜਾ ਵਰਗ ਇਸ ਨੂੰ ਅਮਲੀ ਨਹੀਂ ਸਮਝਦਾ।

### ਫੈਸਲੇ ਬਾਰੇ ਵਿਰੋਧੀ ਵਿਚਾਰ

ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਉੱਤੇ ਪਾਬੰਦੀ ਲਗਾ ਕੇ ਠੀਕ ਫੈਸਲਾ ਕੀਤਾ ਜਾਂ ਨਹੀਂ, ਇਸ ਬਾਰੇ ਬਹਿਸ ਛਿੜੀ ਹੈ। ਅਦਾਲਤ ਨੇ ਜਨਤਕ ਸੁਰੱਖਿਆ ਨੂੰ ਤਰਜੀਹ ਦਿੱਤੀ ਹੈ ਕਿਉਂਕਿ ਆਵਾਰਾ ਕੁੱਤੇ ਕੱਟਣ ਨਾਲ ਬੱਚੇ ਅਤੇ ਵੱਡੇ ਮਰ ਰਹੇ ਹਨ। ਭਾਰਤ ਵਿੱਚ ਹਰ ਸਾਲ ਲੱਖਾਂ ਡੌਗ ਬਾਈਟਸ ਹੁੰਦੀਆਂ ਹਨ ਅਤੇ ਰੈਬੀਜ਼ ਨਾਲ ਮੌਤਾਂ ਵਧ ਰਹੀਆਂ ਹਨ। ਬੈਂਚ ਨੇ ਜਾਨਵਰ ਪ੍ਰੇਮੀਆਂ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਅਤੇ ਪੁੱਛਿਆ ਕਿ ਕੀ ਉਹ ਮਰੇ ਬੱਚਿਆਂ ਨੂੰ ਵਾਪਸ ਲਿਆ ਸਕਦੇ ਹਨ। ਇਹ ਫੈਸਲਾ ਠੀਕ ਲਗਦਾ ਹੈ ਕਿਉਂਕਿ ਸਮੱਸਿਆ ਗੰਭੀਰ ਹੈ ਅਤੇ ਪਹਿਲਾਂ ਵਾਲੇ ਨਿਯਮਾਂ ਨਾਲ ਕੁੱਤਿਆਂ ਦੀ ਗਿਣਤੀ ਨਹੀਂ ਘਟੀ। ਪਰ ਵਿਰੋਧੀ ਵਿਚਾਰ ਵੀ ਮਜ਼ਬੂਤ ਹਨ। ਮੇਨਕਾ ਗਾਂਧੀ ਨੇ ਕਿਹਾ ਕਿ ਇਹ ਮਾਨਵੀ ਅਤੇ ਵਿਗਿਆਨਕ ਨੀਤੀ ਤੋਂ ਪਿੱਛੇ ਹਟਣਾ ਹੈ। ਆਵਾਰਾ ਕੁੱਤੇ ਨੂੰ ਖਤਮ ਕਰਨਾ ਨਹੀਂ ਬਲਕਿ ਨਸਬੰਦੀ, ਟੀਕਾਕਰਨ ਅਤੇ ਕਮਿਊਨਿਟੀ ਕੇਅਰ ਨਾਲ ਸੜਕਾਂ ਉੱਤੇ ਹੀ ਰੱਖਣਾ ਚਾਹੀਦਾ ਹੈ। ਜਾਨਵਰ ਅਧਿਕਾਰ ਜਥੇਬੰਦੀਆਂ ਨੇ ਇਸ ਨੂੰ ਗੈਰਕਾਨੂੰਨੀ ਅਤੇ ਵਿਸ਼ਵ ਸਿਹਤ ਨਿਰਦੇਸ਼ਾਂ ਵਿਰੁੱਧ ਦੱਸਿਆ ਹੈ। ਇਹ ਫੈਸਲਾ ਅਮਲੀ ਨਹੀਂ ਕਿਉਂਕਿ ਦਿੱਲੀ ਵਿੱਚ ਚਾਰ ਤੋਂ ਅੱਠ ਲੱਖ ਕੁੱਤੇ ਹਨ ਅਤੇ ਸ਼ੈਲਟਰ ਬਣਾਉਣ ਲਈ ਕਰੋੜਾਂ ਰੁਪਏ ਚਾਹੀਦੇ ਹਨ। ਇਸ ਨਾਲ ਕੁੱਤਿਆਂ ਨੂੰ ਕਰੂਰਤਾ ਹੋ ਸਕਦੀ ਹੈ ਅਤੇ ਈਕੋਸਿਸਟਮ ਵਿਗੜ ਸਕਦਾ ਹੈ।



### ਪੂਰੇ ਭਾਰਤ ਵਿੱਚ ਫੈਸਲੇ ਦੀ ਲਾਗੂ ਹੋਣ ਦੀ ਸੰਭਾਵਨਾ

ਇਹ ਫੈਸਲਾ ਕੇਵਲ ਦਿੱਲੀ ਅਤੇ ਐੱਨਸੀਆਰ ਲਈ ਹੈ, ਜਿਵੇਂ ਨੋਇਡਾ, ਗੁਰੂਗ੍ਰਾਮ ਅਤੇ ਗਾਜ਼ੀਆਬਾਦ। ਅਦਾਲਤ ਨੇ ਸੂ ਮੋਟੂ ਨੋਟਿਸ ਲੈ ਕੇ ਇਹ ਹੁਕਮ ਜਾਰੀ ਕੀਤੇ ਅਤੇ ਇਸ ਨੂੰ ਪੂਰੇ ਭਾਰਤ ਵਿੱਚ ਲਾਗੂ ਨਹੀਂ ਕੀਤਾ। ਪਰ ਇਹ ਫੈਸਲਾ ਰਾਸ਼ਟਰੀ ਪੱਧਰ ਤੇ ਚਰਚਾ ਛੇੜ ਸਕਦਾ ਹੈ ਕਿਉਂਕਿ ਆਵਾਰਾ ਕੁੱਤਿਆਂ ਦੀ ਸਮੱਸਿਆ ਪੂਰੇ ਦੇਸ਼ ਵਿੱਚ ਹੈ। ਮੁੰਬਈ, ਬੈਂਗਲੁਰੂ ਅਤੇ ਹੋਰ ਸ਼ਹਿਰਾਂ ਵਿੱਚ ਵੀ ਡੌਗ ਬਾਈਟਸ ਵਧ ਰਹੀਆਂ ਹਨ ਅਤੇ ਰੈਬੀਜ਼ ਨਾਲ ਮੌਤਾਂ ਹੋ ਰਹੀਆਂ ਹਨ। ਜੇ ਹੋਰ ਰਾਜ ਅਦਾਲਤ ਵਿੱਚ ਪਟੀਸ਼ਨਾਂ ਪਾਉਂਦੇ ਹਨ ਤਾਂ ਇਹ ਪੂਰੇ ਭਾਰਤ ਵਿੱਚ ਲਾਗੂ ਹੋ ਸਕਦਾ ਹੈ। ਪਰ ਅਜੇ ਤੱਕ ਇਹ ਲਾਗੂ ਨਹੀਂ ਹੈ ਅਤੇ ਕੇਂਦਰ ਸਰਕਾਰ ਨੇ ਕੋਈ ਨਵਾਂ ਨਿਯਮ ਨਹੀਂ ਬਣਾਇਆ। ਆਵਾਰਾ ਪਸ਼ੂਆਂ ਦੀ ਸਮੱਸਿਆ ਰਾਜਨੀਤਕ ਵੀ ਹੈ ਅਤੇ ਰਾਜਾਂ ਨੂੰ ਇਸ ਲਈ ਫੰਡ ਚਾਹੀਦੇ ਹਨ।

ਸੁਪਰੀਮ ਕੋਰਟ ਨੇ ਵੀ ਇਸ ਨੂੰ ਰਾਸ਼ਟਰੀ ਮਸਲਾ ਨਹੀਂ ਬਣਾਇਆ ਪਰ ਭਵਿੱਖ ਵਿੱਚ ਕੇਂਦਰ ਤੋਂ ਹੱਲ ਮੰਗ ਸਕਦਾ ਹੈ। ਇਸ ਨਾਲ ਹੋਰ ਅਦਾਲਤਾਂ ਵੀ ਅਜਿਹੇ ਹੁਕਮ ਜਾਰੀ ਕਰ ਸਕਦੀਆਂ ਹਨ ਪਰ ਪੂਰੀ ਲਾਗੂ ਹੋਣ ਲਈ ਨਵਾਂ ਕਾਨੂੰਨ ਚਾਹੀਦਾ ਹੈ।

# ਪੰਜਾਬ ਦੀ ਉਪਜਾਊ ਧਰਤੀ ਬਚੀ: ਕਿਸਾਨੀ ਸੰਘਰਸ਼ ਨੇ ਰੋਕੀ 'ਜ਼ਮੀਨ ਲੁੱਟ ਦੀ ਸਰਕਾਰੀ ਯੋਜਨਾ'

**✪ ਕਿਸਾਨ ਅੰਦੋਲਨ ਦੀ ਤਾਕਤ ਅੱਗੇ ਮਾਨ ਸਰਕਾਰ ਨੂੰ ਝੁਕਣਾ ਪਿਆ ✪ ਲੈਂਡ ਪੂਲਿੰਗ ਨੀਤੀ ਵਾਪਸ ਲੈਣੀ ਪਈ ✪ ਹਾਈ ਕੋਰਟ ਦੇ ਡੰਡੇ ਨੇ ਸਰਕਾਰ ਨੂੰ ਫੈਸਲਾ ਬਦਲਣ ਲਈ ਮਜਬੂਰ ਕੀਤਾ ✪ ਵਿਰੋਧੀ ਪਾਰਟੀਆਂ ਦਾ ਹੱਲਾ ਬੋਲ: 'ਕਿਸਾਨ ਵਿਰੋਧੀ' ਨੀਤੀ ਨੂੰ ਲੈ ਕੇ ਸਰਕਾਰ 'ਤੇ ਨਿਸ਼ਾਨਾ ਬਣਾਇਆ**





## ਨਿਊਜ਼ ਵਿਸ਼ਲੇਸ਼ਣ

ਪੰਜਾਬ ਦੀ ਧਰਤੀ, ਜਿਥੇ ਅਨਾਜ ਦੇ ਬੂਟੇ ਹੱਸਦੇ ਖੇਡਦੇ ਨੇ ਤੇ ਨਦੀਆਂ ਦਾ ਪਾਣੀ ਗੀਤ ਗਾਉਂਦਾ ਹੈ, ਉਥੇ ਹੀ ਖੇਤੀ ਵਿਰੋਧੀ ਸਰਕਾਰੀ ਨੀਤੀ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ। ਭਗਵੰਤ ਮਾਨ ਸਰਕਾਰ ਨੇ ਮਈ 2025 ਵਿੱਚ ਲੈਂਡ ਪੂਲਿੰਗ ਨੀਤੀ ਲਿਆਂਦੀ ਸੀ, ਜਿਸ ਨੂੰ ਕਿਸਾਨਾਂ ਨੇ 'ਜ਼ਮੀਨ ਲੁੱਟ ਯੋਜਨਾ' ਕਹਿ ਕੇ ਨੱਕਾਰ ਦਿੱਤਾ ਤੇ ਪਿੰਡਾਂ ਵਿਚ ਆਪ ਪਾਰਟੀ ਦੇ ਬਾਈਕਾਟ ਦਾ ਸੱਦਾ ਦਿੱਤਾ। ਇਹ ਨੀਤੀ, ਜਿਸ ਨੂੰ ਸ਼ਹਿਰੀ ਵਿਕਾਸ ਦਾ ਸੁਪਨਾ ਦੱਸ ਕੇ ਆਪ ਸਰਕਾਰ ਨੇ ਪੇਸ਼ ਕੀਤਾ ਗਿਆ ਸੀ, ਅਸਲ ਵਿੱਚ ਕਿਸਾਨਾਂ ਦੀ ਰੂਹ ਨੂੰ ਚੀਰਨ ਵਾਲੀ ਤਲਵਾਰ ਬਣ ਗਈ। ਪਰ ਹੁਣ, 12 ਅਗਸਤ 2025 ਨੂੰ, ਸਰਕਾਰ ਨੇ ਇਸ ਨੀਤੀ ਨੂੰ ਵਾਪਸ ਲੈ ਲਿਆ ਹੈ। ਇਹ ਵਾਪਸੀ ਕਿਸਾਨਾਂ ਦੇ ਸੰਘਰਸ਼ ਦੀ ਜਿੱਤ ਹੈ ਤੇ ਸਰਕਾਰ ਦੀ ਮਜਬੂਰੀ ਵੀ,ਕਿਉਂਕਿ ਇਸ ਸਰਕਾਰੀ ਪਾਲਿਸੀ ਕਾਰਣ ਸਰਕਾਰ ਨੂੰ ਆਪਣਾ ਪੇਂਡੂ ਵੋਟ ਬੈਂਕ ਖੁਰਦਾ ਨਜ਼ਰ ਆਇਆ।ਸੰਯੁਕਤ ਕਿਸਾਨ ਮੋਰਚਾ ਤੇ ਨੈਸ਼ਨਲ ਅਲਾਇੰਸ ਆਫ਼ ਪੀਪਲਜ਼ ਮੂਵਮੈਂਟਸ ਨੇ ਅੰਦੋਲਨ ਦੀ ਚੇਤਾਵਨੀ ਦਿੱਤੀ ਸੀ। ਘੱਟੋ ਘੱਟ 115 ਪੰਚਾਇਤਾਂ ਨੇ ਜ਼ਮੀਨ ਨਾ ਦੇਣ ਦੇ ਪ੍ਰਸਤਾਵ ਪਾਸ ਕੀਤੇ। ਇਹ ਅੰਦੋਲਨ ਤਾਂ ਉਹ ਲਹਿਰ ਸੀ ਜੋ ਪੰਜਾਬ ਦੇ ਹਰ ਪਿੰਡ ਵਿੱਚ ਫੈਲ ਗਈ, ਜਿਥੇ ਕਿਸਾਨਾਂ ਨੇ ਆਪਣੀ ਜ਼ਮੀਨ ਨੂੰ ਬਚਾਉਣ ਲਈ ਏਕਤਾ ਵਿਖਾਈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਲਕ, ਪੋਨਾ ਤੇ ਅਲੀਗੜ੍ਹ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਦਾਖਲੇ ਉੱਤੇ ਪਾਬੰਦੀ ਲੱਗ ਗਈ। ਹੋਰਡਿੰਗ ਲੱਗੇ ਜਿਨ੍ਹਾਂ ਉੱਤੇ ਲਿਖਿਆ ਸੀ, "ਆਪ ਵਾਲੇ ਪਿੰਡ ਵਿੱਚ ਨਾ ਆਉਣ!" ਸੰਗਰੂਰ ਜ਼ਿਲ੍ਹੇ ਵਿੱਚ ਵੀ ਅਜਿਹੇ ਪੋਸਟਰ ਲਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ "ਸਰਕਾਰ ਨੇ ਕਿਸਾਨਾਂ ਲਈ ਨੀਤੀ ਲਿਆਂਦੀ ਸੀ ਪਰ ਉਹ ਪਸੰਦ ਨਹੀਂ ਆਈ ਤਾਂ ਵਾਪਸ ਲੈ ਲਈ। ਪਾਰਟੀ ਹਮੇਸ਼ਾ ਕਿਸਾਨ ਪੱਖੀ ਰਹੀ ਹੈ।"

### ਇਹ ਨੀਤੀ ਕੀ ਸੀ ?

ਭਗਵੰਤ ਮਾਨ ਦੀ ਸਰਕਾਰ ਕਹਿੰਦੀ ਸੀ ਕਿ ਇਹ ਸ਼ਹਿਰੀ ਵਿਕਾਸ ਲਈ ਹੈ, ਜਿਥੇ 27 ਸ਼ਹਿਰਾਂ ਵਿੱਚ ਲਗਭਗ 40,000 ਏਕੜ ਵਾਹੀਯੋਗ ਜ਼ਮੀਨ ਨੂੰ ਇਕੱਠੀ ਕਰ ਕੇ ਰਿਹਾਇਸ਼ੀ ਤੇ ਵਪਾਰਕ ਜ਼ੋਨ ਬਣਾਏ ਜਾਣੇ ਸਨ। ਲੁਧਿਆਣਾ ਵਰਗੇ ਇਲਾਕਿਆਂ ਵਿੱਚ 164 ਪਿੰਡਾਂ ਦੀ 65,000 ਏਕੜ ਜ਼ਮੀਨ ਨੂੰ ਨਿਸ਼ਾਨੇ ਉੱਤੇ ਰੱਖਿਆ ਗਿਆ ਸੀ। ਨੀਤੀ ਮੁਤਾਬਕ, ਹਰ ਏਕੜ ਜ਼ਮੀਨ ਦੇ ਬਦਲੇ ਮਾਲਕ ਨੂੰ 1000 ਵਰਗ ਗਜ਼ ਰਿਹਾਇਸ਼ੀ ਪਲਾਟ ਤੇ 200 ਵਰਗ ਗਜ਼ ਵਪਾਰਕ ਪਲਾਟ ਮਿਲਣਾ ਸੀ। ਪਰ ਕਿਸਾਨਾਂ ਨੇ ਕਰੜਾ ਵਿਰੋਧ ਤੇ ਸੰਘਰਸ਼ ਕਰਦਿਆਂ ਕਿਹਾ ਸੀ, ਇਹ ਤਾਂ ਜ਼ਮੀਨ ਖੋਹਣ ਦੀ ਸਾਜ਼ਿਸ਼ ਹੈ, ਜਿਥੇ ਡਿਵੈਲਪਰਾਂ ਨੂੰ ਫਾਇਦਾ ਤੇ ਕਿਸਾਨਾਂ ਨਾਲ ਧੋਖਾ ਹੈ।

ਕਿਸਾਨ ਜਥੇਬੰਦੀਆਂ ਨੇ ਇਸ ਨੂੰ 'ਕਿਸਾਨ ਵਿਰੋਧੀ' ਕਹਿ ਕੇ ਨੱਕਾਰ ਦਿੱਤਾ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਸਰਕਾਰ ਵਲੋਂ ਇਹ ਪਾਲਿਸੀ ਵਾਪਸ ਲੈਣ ਉਪਰ ਪ੍ਰਤੀਕਰਮ ਪ੍ਰਗਟਾਉਦਿਆਂ ਕਿਹਾ ਸੀ ਕਿ ਇਹ ਲੋਕਾਂ ਦੀ ਏਕਤਾ ਤੇ ਸੰਘਰਸ਼ ਦਾ ਨਤੀਜਾ ਹੈ ਕਿ ਸਰਕਾਰ ਨੂੰ ਨੀਤੀ ਵਾਪਸ ਲੈਣੀ ਪਈ। ਜ਼ਮੀਨ ਬਚਾਓ, ਪੰਜਾਬ ਬਚਾਓ ਸੰਘਰਸ਼ ਕਮੇਟੀ ਜਗਰਾਓਂ ਦੇ ਆਗੂ ਦੀਦਾਰ ਸਿੰਘ ਨੇ ਆਖਿਆ ਕਿ "ਪੰਜਾਬ ਸਰਕਾਰ ਕਿਸਾਨ-ਮਜ਼ਦੂਰ ਏਕਤਾ ਅੱਗੇ ਝੁਕੀ ਹੈ।"

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੇ ਕਿਹਾ, "ਇਹ ਪੰਜਾਬੀਆਂ ਦੀ ਜਿੱਤ ਹੈ ਤੇ ਅਕਾਲੀ ਦਲ ਦੇ ਵਿਰੋਧ ਧਰਨਿਆਂ ਦਾ ਨਤੀਜਾ। ਸਰਕਾਰ ਨੇ 2 ਸਤੰਬਰ ਦੇ ਮੋਰਚੇ ਤੋਂ ਪਹਿਲਾਂ ਹੀ ਆਤਮ ਸਮਰਪਣ ਕਰ ਦਿੱਤਾ।" ਉਹਨਾਂ ਕਿਹਾ ਕਿ ਆਪ ਸਰਕਾਰ ਦਿੱਲੀ ਦੇ ਬਿਲਡਰਾਂ ਨਾਲ ਮਿਲ ਕੇ 30,000 ਕਰੋੜ ਰੁਪਏ ਦੀ ਡੀਲ ਕਰ ਰਹੀ ਸੀ।

ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਖਿਆ ਕਿ "ਇਹ ਪੰਜਾਬ ਅਤੇ ਪੰਜਾਬੀਆਂ ਦੀ ਜਿੱਤ ਹੈ।"

ਹਲਕਾ ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵੀ ਕਿਹਾ ਕਿ ਇਹ ਕਿਸਾਨ ਅੰਦੋਲਨ ਦੀ ਜਿੱਤ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਆਖਿਆ, "ਜੇ ਲੋਕ ਇਕਜੁੱਟ ਹੋ ਜਾਣ ਤਾਂ ਕੋਈ ਸਰਕਾਰ ਜ਼ਮੀਨਾਂ ਉੱਤੇ ਡਾਕਾ ਨਹੀਂ ਮਾਰ ਸਕਦੀ।

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਨੂੰ ਲੋਕਾਂ ਦੇ ਦਬਾਅ, ਅਦਾਲਤ ਦੇ ਫ਼ੈਸਲੇ ਤੇ ਵਿਰੋਧੀ ਪਾਰਟੀਆਂ ਵੱਲੋਂ ਬਣਾਏ ਬਿਰਤਾਂਤ ਕਾਰਨ ਨੀਤੀ ਵਾਪਸ ਲੈਣੀ ਪਈ। ਆਪ ਆਗੂਆਂ ਦਾ ਪਿੰਡਾਂ ਵਿੱਚ ਵਿਰੋਧ ਹੋ ਰਿਹਾ ਸੀ, ਵਿਰੋਧੀ ਲਹਿਰ ਤਕੜੀ ਬਣ ਰਹੀ ਸੀ ਤੇ ਹਾਈ ਕੋਰਟ ਵਿੱਚ ਤਕਨੀਕੀ ਦਲੀਲ ਨਹੀਂ ਦੇ ਸਕੇ।"

### ਹਾਈ ਕੋਰਟ ਨੇ ਕਿਉਂ ਰੋਕ ਲਗਾਈ ?

7 ਅਗਸਤ 2025 ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਨੇ ਲੁਧਿਆਣਾ ਨਿਵਾਸੀ ਗੁਰਦੀਪ ਸਿੰਘ ਗਿੱਲ ਦੀ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ 4 ਹ਼ਫਤਿਆਂ ਲਈ ਸਟੇਅ ਲਗਾ ਦਿੱਤਾ। ਅਦਾਲਤ ਨੇ ਆਖਿਆ ਕਿ ਨੀਤੀ ਨੂੰ ਬਿਨਾਂ ਸਮਾਜਿਕ ਤੇ ਵਾਤਾਵਰਨ ਪ੍ਰਭਾਵ ਮੁਲਾਂਕਣ ਦੇ ਜਲਦਬਾਜ਼ੀ ਵਿੱਚ ਲਾਗੂ ਕੀਤਾ ਗਿਆ, ਜੋ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਹੈ। ਅਦਾਲਤ ਨੇ ਨੋਟ ਕੀਤਾ ਕਿ ਨੀਤੀ ਵਿੱਚ ਕਾਨੂੰਨੀ ਖਾਮੀਆਂ ਨੇ - ਸਮਾਂ ਸੀਮਾ ਦੀ ਘਾਟ, ਸ਼ਿਕਾਇਤ ਨਿਵਾਰਣ ਵਿਵਸਥਾ ਦੀ ਕਮੀ ਤੇ ਭੂਮੀਹੀਣ ਮਜ਼ਦੂਰਾਂ ਲਈ ਪੁਨਰਵਾਸ ਯੋਜਨਾ ਨਾ ਹੋਣਾ ਹੈ। ਅਦਾਲਤ ਨੇ ਆਖਿਆ ਕਿ ਲੁਧਿਆਣਾ ਦੀ ਜ਼ਮੀਨ ਉਪਜਾਊ ਹੈ, ਜੇ ਜ਼ਮੀਨ ਗਈ ਤਾਂ ਅਨਾਜ ਕਿੱਥੋਂ ਆਵੇਗਾ? ਭੋਜਨ ਸੁਰੱਖਿਆ ਦਾ ਜ਼ਿਕਰ ਕਿਉਂ ਨਹੀਂ?" ਅਦਾਲਤ ਨੇ ਮਜ਼ਦੂਰਾਂ, ਛੋਟੇ ਵਪਾਰੀਆਂ ਤੇ ਕਾਰੀਗਰਾਂ ਦੇ ਹਿੱਤਾਂ ਨੂੰ ਵੀ ਉਜਾਗਰ ਕੀਤਾ, ਜਿਨ੍ਹਾਂ ਨੂੰ ਨੀਤੀ ਵਿੱਚ ਭੁੱਲ ਗਏ ਨੇ। ਖੰਡਪੀਠ ਨੇ ਆਖਿਆ, "ਨੀਤੀ ਜਲਦਬਾਜ਼ੀ ਵਿੱਚ ਲਾਗੂ ਕੀਤੀ ਲੱਗਦੀ ਹੈ। ਸਰਕਾਰੀ ਵਕੀਲਾਂ ਕੋਲ ਇਸ ਦਾ ਕੋਈ ਜੁਆਬ ਨਹੀਂ ਸੀ।

### ਕੀ ਕਿਸਾਨ ਆਪ ਪਾਰਟੀ ਉਪਰ ਵਿਸ਼ਵਾਸ ਕਰ ਸਕਣਗੇ ?


ਕੀ ਆਪ ਸਰਕਾਰ ਕਿਸਾਨਾਂ ਵਿੱਚ ਵਿਸ਼ਵਾਸ ਬਹਾਲ ਕਰ ਸਕੇਗੀ? ਇਹ ਤਾਂ ਜਾਣੋ ਉਹ ਸਵਾਲ ਹੈ ਜਿਵੇਂ ਟੁੱਟੇ ਘੜੇ ਨੂੰ ਜੋੜਨਾ। ਨੀਤੀ ਵਾਪਸ ਲੈਣ ਨਾਲ ਤਾਂ ਸਰਕਾਰ ਨੇ ਭਾਵੇਂ ਕਿਸਾਨ ਅੰਦੋਲਨ ਠੰਡਾ ਕਰ ਦਿੱਤਾ , ਪਰ ਕਿਸਾਨਾਂ ਦੇ ਆਪ ਪਾਰਟੀ ਉਪਰ ਵਿਸ਼ਵਾਸ ਦੀ ਡੋਰ ਤਾਂ ਕਮਜ਼ੋਰ ਹੋ ਗਈ ਹੈ। ਵਿਰੋਧੀ ਧਿਰਾਂ ਨੇ ਬਿਰਤਾਂਤ ਬਣਾਇਆ ਕਿ ਆਪ ਕਿਸਾਨ ਵਿਰੋਧੀ ਹੈ, ਜੋ ਹੁਣ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਿਆ ਹੈ। ਸਿਆਸੀ ਮਾਹਿਰ ਕਹਿੰਦੇ ਨੇ ਕਿ ਸਰਕਾਰ ਨੂੰ ਲੋਕਾਂ ਨਾਲ ਗੱਲਬਾਤ ਕਰਨੀ ਚਾਹੀਦੀ ਸੀ, ਨਾ ਕਿ ਜਲਦਬਾਜ਼ੀ ਵਿੱਚ ਨੀਤੀ ਥੋਪਣੀ ਚਾਹੀਦੀ ਸੀ। ਕੋਰਟ ਨੇ ਵੀ ਸਾਫ਼ ਕਰ ਦਿੱਤਾ ਕਿ ਕਾਨੂੰਨੀ ਪ੍ਰਕਿਰਿਆਵਾਂ ਬਿਨਾਂ ਕੋਈ ਨੀਤੀ ਨਹੀਂ ਚੱਲ ਸਕਦੀ।

ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਟਿੱਪਣੀ ਕੀਤੀ, "ਚਾਹੇ ਕਿਸਾਨਾਂ ਦੇ ਦਬਾਅ ਕਾਰਨ ਨੀਤੀ ਵਾਪਸ ਲਈ, ਪਰ ਕਿਸਾਨੀ ਵੋਟ ਬੈਂਕ ਹੁਣ ਆਪ ਉੱਤੇ ਵਿਸ਼ਵਾਸ ਕਰੇਗਾ? ਇਹ ਮੁਸ਼ਕਲ ਹੈ। ਸਰਕਾਰ ਪੰਜਾਬੀ ਹਿੱਤਾਂ ਵਿਰੋਧ ਵਿੱਚ ਭੁਗਤ ਰਹੀ ਹੈ - ਦਰਿਆਈ ਪਾਣੀਆਂ ਦਾ ਮਸਲਾ ਹੋਵੇ, ਪੰਜਾਬੀ ਭਾਸ਼ਾ ਦਾ ਜਾਂ ਨੌਕਰੀਆਂ ਦਾ। ਇਹ ਨੀਤੀ ਵਾਪਸੀ ਤਾਂ ਇੱਕ ਸਬਕ ਹੈ ਕਿ ਲੋਕਾਂ ਦੀ ਆਵਾਜ਼ ਨੂੰ ਅਣਸੁਣਿਆ ਨਹੀਂ ਕੀਤਾ ਜਾ ਸਕਦਾ। ਵਿਰੋਧੀਆਂ ਨੇ ਬਿਰਤਾਂਤ ਸਿਰਜਿਆ ਕਿ ਸਰਕਾਰ ਬਿਲਡਰਾਂ ਦੇ ਹੱਥਾਂ ਵਿੱਚ ਖੇਡ ਰਹੀ ਹੈ, ਜੋ ਹੁਣ ਆਪ ਨੂੰ ਸਿਆਸੀ ਨੁਕਸਾਨ ਪਹੁੰਚਾਏਗਾ। ਕਿਸਾਨ ਅੰਦੋਲਨ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਧਰਤੀ ਉੱਤੇ ਕੋਈ ਵੀ ਸਰਕਾਰ ਲੋਕਾਂ ਦੇ ਵਿਰੋਧ ਵਿੱਚ ਨਹੀਂ ਟਿਕ ਸਕਦੀ। ਇਹ ਕਹਾਣੀ ਤਾਂ ਅਜੇ ਚੱਲਦੀ ਰਹੇਗੀ, ਜਿਥੇ ਹਰ ਪੰਨੇ ਉੱਤੇ ਕਿਸਾਨਾਂ ਦੀ ਜਿੱਤ ਲਿਖੀ ਜਾਵੇਗੀ। ਪੰਜਾਬ ਨੇ ਫਿਰ ਸਾਬਤ ਕੀਤਾ ਕਿ ਜ਼ਮੀਨ ਇੱਥੇ ਨਹੀਂ ਵਿਕਦੀ, ਬਲਕਿ ਰੂਹ ਨਾਲ ਜੁੜੀ ਹੁੰਦੀ ਹੈ।

# ਭਾਗਵਤ ਦਾ ਸਰਕਾਰ ਤੇ ਵਾਰ: ਸਿੱਖਿਆ-ਸਿਹਤ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ

**ਖਾਸ ਖਬਰ**

## ✪ ਕੀ ਮੋਦੀ ਸਰਕਾਰ ਨਾਲ ਨਾਰਾਜ਼ ਹੈ ਸੰਘ ਮੁਖੀ ? ਸਿਆਸੀ ਹਲਕਿਆਂ ਵਿਚ ਛਿੜੀ ਚਰਚਾ ✪ ਕੀ ਸੰਘ ਪਰਿਵਾਰ ਮੋਦੀ ਨੂੰ ਬਦਲਣ ਦੀ ਸੋਚ ਰਿਹਾ ? ਅਟਕਲਾਂ ਤੇਜ਼



## ਕੀ ਸੰਘ ਪਰਿਵਾਰ ਮੋਦੀ ਨੂੰ ਬਦਲਣਾ ਚਾਹੁੰਦਾ ਹੈ ?

ਮੋਦੀ ਦਾ ਬਦਲ ਕੀ ਹੈ ? ਭਾਗਵਤ ਦੇ ਰਿਟਾਇਰਮੈਂਟ ਵਾਲੇ ਬਿਆਨ ਨੇ ਇਹ ਅਟਕਲਾਂ ਵਧਾ ਦਿੱਤੀਆਂ ਨੇ ਕਿ ਕੀ ਸੰਘ ਪਰਿਵਾਰ ਮੋਦੀ ਨੂੰ ਬਦਲਣਾ ਚਾਹੁੰਦਾ ਹੈ। ਕੁਝ ਮੀਡੀਆ ਰਿਪੋਰਟਾਂ ਅਤੇ ਵਿਸ਼ਲੇਸ਼ਕਾਂ ਮੁਤਾਬਕ, ਆਰਐੱਸਐੱਸ ਅਤੇ ਬੀਜੇਪੀ ਵਿਚਕਾਰ ਤਣਾਅ ਵਧ ਰਿਹਾ ਹੈ, ਅਤੇ ਭਾਗਵਤ ਦੇ ਬਿਆਨ ਇਸ ਨੂੰ ਦਰਸਾਉਂਦੇ ਨੇ। ਹਾਲਾਂਕਿ, ਆਰਐੱਸਐੱਸ ਅਤੇ ਬੀਜੇਪੀ ਦੋਵੇਂ ਇਹਨਾਂ ਅਟਕਲਾਂ ਨੂੰ ਰੱਦ ਕਰਦੇ ਨੇ ਅਤੇ ਕਹਿੰਦੇ ਨੇ ਕਿ ਦੋਵਾਂ ਵਿਚਕਾਰ ਕੋਈ ਮਤਭੇਦ ਨਹੀਂ ਨੇ

ਮੋਦੀ ਦੇ ਬਦਲ ਵਜੋਂ ਸੰਘ ਵਿੱਚ ਕਈ ਨਾਂ ਚਰਚਾ ਵਿੱਚ ਨੇ, ਜਿਵੇਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਜਾਂ ਕੇਂਦਰੀ ਮੰਤਰੀ ਅਮਿਤ ਸ਼ਾਹ, ਪਰ ਇਹ ਸਿਰਫ਼ ਅਟਕਲਾਂ ਨੇ ਅਤੇ ਕੋਈ ਪੱਕੀ ਜਾਣਕਾਰੀ ਨਹੀਂ ਹੈ। ਕੁਝ ਵਿਸ਼ਲੇਸ਼ਕ ਕਹਿੰਦੇ ਨੇ ਕਿ ਸੰਘ ਮੋਦੀ ਨੂੰ ਅਜੇ ਨਹੀਂ ਬਦਲੇਗਾ, ਕਿਉਂਕਿ ਉਹਨਾਂ ਦੀ ਲੋਕਪ੍ਰਿਅਤਾ ਅਜੇ ਵੀ ਉੱਚੀ ਹੈ।

ਸਰਕਾਰ ਅਤੇ ਆਰਐੱਸਐੱਸ ਦਾ ਰੁਖ ਬੀਜੇਪੀ ਅਤੇ ਆਰਐੱਸਐੱਸ ਨੇ ਹਮੇਸ਼ਾ ਇਹ ਦਾਅਵਾ ਕੀਤਾ ਹੈ ਕਿ ਦੋਵਾਂ ਸੰਗਠਨਾਂ ਵਿਚਕਾਰ ਕੋਈ ਮਤਭੇਦ ਨਹੀਂ ਨੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਈ 2024 ਵਿੱਚ ਸਾਫ਼ ਕੀਤਾ ਸੀ ਕਿ ਪੀਐੱਮ ਮੋਦੀ 75 ਸਾਲ ਦੀ ਉਮਰ ਤੋਂ ਬਾਅਦ ਵੀ ਸਰਗਰਮ ਸਿਆਸਤ ਵਿੱਚ ਰਹਿਣਗੇ ਅਤੇ 2029 ਤੱਕ ਦੇਸ਼ ਦੀ ਅਗਵਾਈ ਕਰਨਗੇ। ਆਰਐੱਸਐੱਸ ਨੇ ਵੀ ਭਾਗਵਤ ਦੇ ਰਿਟਾਇਰਮੈਂਟ ਵਾਲੇ ਬਿਆਨ ਨੂੰ ਆਮ ਸੰਦਰਭ ਵਿੱਚ ਲੈਣ ਦੀ ਗੱਲ ਕਹੀ ਸੀ। ਹਾਲਾਂਕਿ, ਭਾਗਵਤ ਦੇ ਹਾਲੀਆ ਬਿਆਨਾਂ ਨੇ ਇਹ ਸਵਾਲ ਜ਼ਰੂਰ ਖੜ੍ਹਾ ਕੀਤਾ ਹੈ ਕਿ ਕੀ ਆਰਐੱਸਐੱਸ ਅਤੇ ਬੀਜੇਪੀ ਵਿਚਕਾਰ ਵਿਚਾਰਧਾਰਕ ਜਾਂ ਰਣਨੀਤਕ ਪੱਧਰ ਤੇ ਕੋਈ ਅਸਹਿਮਤੀ ਹੈ। ਕੁਝ ਜਾਣਕਾਰਾਂ ਦਾ ਮੰਨਣਾ ਹੈ ਕਿ ਭਾਗਵਤ ਦਾ ਜ਼ੋਰ ਸਮਾਜੀ ਸੁਧਾਰ ਅਤੇ ਭਾਰਤੀ ਮੁੱਲਾਂ ਤੇ ਅਧਾਰਿਤ ਨੀਤੀਆਂ ਤੇ ਹੈ।

ਮੋਹਨ ਭਾਗਵਤ ਦਾ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਵਪਾਰੀਕਰਨ ਤੇ ਦਿੱਤਾ ਬਿਆਨ ਨਿਸ਼ਚਿਤ ਰੂਪ ਵਿੱਚ ਕੇਂਦਰ ਸਰਕਾਰ ਦੀਆਂ ਨੀਤੀਆਂ ਤੇ ਸਵਾਲ ਚੁੱਕਦਾ ਹੈ। ਹਾਲਾਂਕਿ, ਇਹ ਕਹਿਣਾ ਮੁਸ਼ਕਲ ਹੈ ਕਿ ਭਾਗਵਤ ਸਾਫ਼ ਰੂਪ ਵਿੱਚ ਮੋਦੀ ਸਰਕਾਰ ਤੋਂ ਨਰਾਜ਼ ਨੇ।

ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੇ ਮੁਖੀ ਮੋਹਨ ਭਾਗਵਤ ਨੇ ਫੇਰ ਸਰਕਾਰ ਤੇ ਵੱਡੀ ਚੋਟ ਕੀਤੀ ਹੈ। ਉਹਨਾਂ ਨੇ ਕਿਹਾ ਹੈ ਕਿ ਦੇਸ਼ ਵਿੱਚ ਸਿੱਖਿਆ ਅਤੇ ਸਿਹਤ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਨੇ। ਉਹਨਾਂ ਨੇ ਇਹ ਵੀ ਕਿਹਾ ਹੈ ਕਿ ਜੋ ਪਹਿਲਾਂ ਸੇਵਾ ਸੀ, ਉਸ ਨੂੰ ਹੁਣ ਵਪਾਰ ਅਤੇ ਮੁਨਾਫ਼ੇ ਦਾ ਜ਼ਰੀਆ ਬਣਾ ਦਿੱਤਾ ਗਿਆ ਹੈ।

ਭਾਗਵਤ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਮੋਦੀ ਸਰਕਾਰ ਨਵੀਂ ਸਿੱਖਿਆ ਨੀਤੀ ਅਤੇ ਗ਼ਰੀਬਾਂ ਲਈ ਮੁਫ਼ਤ ਇਲਾਜ ਦਾ ਢੋਲ ਵਜਾ ਰਹੀ ਹੈ। ਉਹਨਾਂ ਦੇ ਇਸ ਬਿਆਨ ਨੇ ਨਾ ਸਿਰਫ਼ ਸਮਾਜੀ ਅਤੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ, ਸਗੋਂ ਇਹ ਸਵਾਲ ਵੀ ਖੜ੍ਹਾ ਕਰ ਦਿੱਤਾ ਹੈ ਕਿ ਕੀ ਇਹ ਬਿਆਨ ਕੇਂਦਰ ਵਿੱਚ ਸੱਤਾ ਵਾਲੀ ਨਰਿੰਦਰ ਮੋਦੀ ਸਰਕਾਰ ਦੇ ਕੰਮਕਾਜ ਤੇ ਇੱਕ ਅਸਿੱਧਾ ਹਮਲਾ ਹੈ ? ਕੀ ਭਾਗਵਤ ਸਰਕਾਰ ਦੀਆਂ ਨੀਤੀਆਂ ਤੋਂ ਨਰਾਜ਼ ਨੇ ? ਜੇ ਹਾਂ, ਤਾਂ ਉਹਨਾਂ ਦੀ ਨਾਰਾਜ਼ਗੀ ਪਿੱਛੇ ਕੀ ਕਾਰਨ ਹੋ ਸਕਦੇ ਨੇ ?

### ਸਿੱਖਿਆ ਅਤੇ ਸਿਹਤ ਹੁਣ ਸੇਵਾ ਨਹੀਂ, ਵਪਾਰ: ਭਾਗਵਤ ਮੋਹਨ

ਭਾਗਵਤ ਨੇ ਇੰਦੌਰ ਵਿੱਚ ਗੁਰੂਜੀ ਸੇਵਾ ਨਿਆਸ ਵੱਲੋਂ ਸਥਾਪਿਤ 'ਮਾਧਵ ਸ੍ਰਿਸ਼ਟੀ ਆਰੋਗਿਆ ਕੇਂਦਰ' ਦੇ ਉਦਘਾਟਨ ਸਮਾਰੋਹ ਵਿੱਚ ਆਪਣੇ ਸੰਬੋਧਨ ਵਿੱਚ ਕਿਹਾ ਸੀ ਕਿ ਪਹਿਲਾਂ ਸੇਵਾ ਦਾ ਮਾਧਿਅਮ ਰਹੇ ਸਿੱਖਿਆ ਅਤੇ ਸਿਹਤ ਹੁਣ ਪੂਰੀ ਤਰ੍ਹਾਂ ਵਪਾਰ ਬਣ ਗਏ ਨੇ। ਉਹਨਾਂ ਨੇ ਕਿਹਾ, 'ਸਿਹਤ ਅਤੇ ਸਿੱਖਿਆ ਸਮਾਜ ਲਈ ਬਹੁਤ ਜ਼ਰੂਰੀ ਨੇ। ਪਹਿਲਾਂ ਇਹਨਾਂ ਨੂੰ ਸੇਵਾ ਵਜੋਂ ਵੇਖਿਆ ਜਾਂਦਾ ਸੀ, ਪਰ ਹੁਣ ਇਹ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਨੇ। ਇਹ ਨਾ ਤਾਂ ਸਸਤੇ ਨੇ ਅਤੇ ਨਾ ਹੀ ਆਸਾਨੀ ਨਾਲ ਉਪਲਬਧ ਨੇ।'

ਭਾਗਵਤ ਨੇ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਦੇ ਇਲਾਜ ਦੇ ਮਹਿੰਗੇ ਹੋਣ ਤੇ ਵਿਸ਼ੇਸ਼ ਚਿੰਤਾ ਪ੍ਰਗਟ ਕੀਤੀ। ਉਹਨਾਂ ਨੇ ਦੱਸਿਆ ਕਿ ਦੇਸ਼ ਵਿੱਚ ਕੈਂਸਰ ਦੇ ਇਲਾਜ ਦੀਆਂ ਚੰਗੀਆਂ ਸਹੂਲਤਾਂ ਸਿਰਫ਼ 8-10 ਵੱਡੇ ਸ਼ਹਿਰਾਂ ਵਿੱਚ ਹੀ ਉਪਲਬਧ ਨੇ, ਜਿੱਥੇ ਪਹੁੰਚਣਾ ਅਤੇ ਇਲਾਜ ਕਰਵਾਉਣਾ ਆਮ ਆਦਮੀ ਲਈ ਆਰਥਿਕ ਤੌਰ ਤੇ ਅਸੰਭਵ ਹੈ। ਉਹਨਾਂ ਨੇ ਸਮਾਜ ਦੇ ਸਮਰੱਥ ਅਤੇ ਸੰਸਾਧਨ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆਉਣ ਅਤੇ ਸਸਤੀਆਂ, ਆਸਾਨ ਸਿਹਤ ਅਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਯੋਗਦਾਨ ਪਾਉਣ।

### ਕੀ ਇਹ ਮੋਦੀ ਸਰਕਾਰ ਦੀ ਆਲੋਚਨਾ ਹੈ ?

ਮੋਹਨ ਭਾਗਵਤ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪਿਛਲੇ 11 ਸਾਲਾਂ ਤੋਂ ਸੱਤਾ ਵਿੱਚ ਹੈ। ਬੀਜੇਪੀ ਦਾ ਵਿਚਾਰਧਾਰਕ ਮਾਰਗਦਰਸ਼ਕ ਸੰਗਠਨ ਮੰਨੇ ਜਾਂਦੇ ਆਰਐੱਸਐੱਸ ਅਤੇ ਇਸ ਦੇ ਮੁਖੀ ਦੇ ਬਿਆਨ ਨੂੰ ਅਕਸਰ ਸਰਕਾਰ ਦੇ ਕੰਮਕਾਜ ਨਾਲ ਜੋੜ ਕੇ ਵੇਖਿਆ ਜਾਂਦਾ ਹੈ।

ਭਾਗਵਤ ਦੇ ਇਸ ਬਿਆਨ ਨੂੰ ਕਈ ਲੋਕ ਮੋਦੀ ਸਰਕਾਰ ਦੀਆਂ ਨੀਤੀਆਂ ਤੇ ਅਸਿੱਧੀ ਟਿੱਪਣੀ ਵਜੋਂ ਵੇਖ ਰਹੇ ਨੇ। ਵਿਰੋਧੀ ਪਾਰਟੀਆਂ, ਖਾਸ ਕਰ ਕਾਂਗਰਸ ਨੇ ਇਸ ਬਿਆਨ ਨੂੰ ਤੁਰੰਤ ਫੜ ਲਿਆ ਅਤੇ ਇਸ ਨੂੰ ਸਰਕਾਰ ਦੀ ਅਸਫਲਤਾ ਦੇ ਸਬੂਤ ਵਜੋਂ ਪੇਸ਼ ਕੀਤਾ।

ਕਾਂਗਰਸ ਆਗੂ ਮਨੀਕਮ ਟੈਗੋਰ ਨੇ ਐਕਸ ਤੇ ਪੋਸਟ ਕਰਦਿਆਂ ਕਿਹਾ, 'ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਮੰਨਿਆ ਕਿ ਸਿੱਖਿਆ ਅਤੇ ਸਿਹਤ ਸੇਵਾਵਾਂ ਹੁਣ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਨੇ, ਕਿਉਂਕਿ ਇਹਨਾਂ ਦਾ ਵਪਾਰੀਕਰਨ ਹੋ ਗਿਆ ਹੈ। ਮੋਦੀ-ਸ਼ਾਹ ਦੀ 10 ਸਾਲਾਂ ਦੀ ਸਰਕਾਰ ਨੇ ਇਹਨਾਂ ਬੁਨਿਆਦੀ ਸਹੂਲਤਾਂ ਵਿੱਚ ਲੁੱਟ ਹੋਣ ਦਿੱਤੀ ਹੈ।'

ਕਾਂਗਰਸ ਆਗੂ ਮਨੀਕਮ ਟੈਗੋਰ ਨੇ ਕਿਹਾ ਕਿ ਮੋਦੀ-ਸ਼ਾਹ ਅਤੇ ਆਰਐੱਸਐੱਸ ਵਿਚਕਾਰ ਕੁਝ ਗੰਭੀਰ ਚੱਲ ਰਿਹਾ ਹੈ।

ਇਸੇ ਤਰ੍ਹਾਂ, ਇੱਕ ਹੋਰ ਐਕਸ ਯੂਜ਼ਰ ਨੇ ਲਿਖਿਆ, 'ਭਾਗਵਤ ਠੀਕ ਕਹਿ ਰਹੇ ਨੇ ਕਿ ਸਿੱਖਿਆ ਅਤੇ ਸਿਹਤ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਨੇ, ਪਰ ਜੇ ਉਹ ਸੱਚਮੁੱਚ ਚਿੰਤਿਤ ਨੇ, ਤਾਂ ਉਹਨਾਂ ਨੂੰ ਸਰਕਾਰ ਵਿਰੋਧ ਵਿੱਚ ਬੋਲਣਾ ਚਾਹੀਦਾ ਅਤੇ ਆਪਣੇ ਲੋਕਾਂ ਨੂੰ ਕਹਿਣਾ ਚਾਹੀਦਾ ਕਿ ਬੀਜੇਪੀ ਨੂੰ ਵੋਟ ਨਾ ਦੇਣ।'

### ਕੀ ਭਾਗਵਤ ਸਰਕਾਰ ਤੋਂ ਨਰਾਜ਼ ਨੇ ?

ਭਾਗਵਤ ਦੇ ਹਾਲੀਆ ਬਿਆਨਾਂ ਨੂੰ ਵੇਖੀਏ ਤਾਂ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਉਹਨਾਂ ਦੇ ਬਿਆਨਾਂ ਨੂੰ ਸਰਕਾਰ ਲਈ ਆਲੋਚਨਾਤਮਕ ਮੰਨਿਆ ਗਿਆ ਹੈ। ਜੂਨ 2024 ਵਿੱਚ ਲੋਕ ਸਭਾ ਚੋਣ ਨਤੀਜਿਆਂ ਤੋਂ ਬਾਅਦ ਭਾਗਵਤ ਨੇ ਮਣੀਪੁਰ ਵਿੱਚ ਹਿੰਸਾ ਅਤੇ ਅਸ਼ਾਂਤੀ ਤੇ ਚਿੰਤਾ ਪ੍ਰਗਟ ਕੀਤੀ ਸੀ। ਉਹਨਾਂ ਨੇ ਕਿਹਾ ਸੀ, 'ਮਣੀਪੁਰ ਪਿਛਲੇ ਇੱਕ ਸਾਲ ਤੋਂ ਸ਼ਾਂਤੀ ਦਾ ਇੰਤਜ਼ਾਰ ਕਰ ਰਿਹਾ ਹੈ। ਇਹ ਪ੍ਰਾਥਮਿਕਤਾ ਨਾਲ ਵਿਚਾਰ ਕਰਨ ਵਾਲਾ ਵਿਸ਼ਾ ਹੈ।' ਇਸ ਬਿਆਨ ਨੂੰ ਵਿਰੋਧੀਆਂ ਨੇ ਮੋਦੀ ਸਰਕਾਰ ਤੇ ਨਿਸ਼ਾਨਾ ਸਾਧਣ ਲਈ ਵਰਤਿਆ ਸੀ।

ਇਸੇ ਤਰ੍ਹਾਂ ਜੁਲਾਈ 2025 ਵਿੱਚ ਭਾਗਵਤ ਨੇ 75 ਸਾਲ ਦੀ ਉਮਰ ਵਿੱਚ ਰਿਟਾਇਰਮੈਂਟ ਦੀ ਗੱਲ ਕੀਤੀ ਸੀ, ਜਿਸ ਨੂੰ ਕਈ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੋੜ ਕੇ ਵੇਖਿਆ, ਕਿਉਂਕਿ ਮੋਦੀ ਅਤੇ ਭਾਗਵਤ ਦੋਵੇਂ ਸਤੰਬਰ 2025 ਵਿੱਚ 75 ਸਾਲ ਦੇ ਹੋ ਜਾਣਗੇ। ਭਾਗਵਤ ਨੇ ਕਿਹਾ ਸੀ, '75 ਸਾਲ ਦੀ ਉਮਰ ਵਿੱਚ ਵਿਅਕਤੀ ਨੂੰ ਰੁਕ ਜਾਣਾ ਚਾਹੀਦਾ ਅਤੇ ਦੂਜਿਆਂ ਨੂੰ ਕੰਮ ਕਰਨ ਦੇਣਾ ਚਾਹੀਦਾ।'

75 ਸਾਲ ਦੀ ਉਮਰ ਵਿੱਚ ਰਿਟਾਇਰਮੈਂਟ ਵਾਲੇ ਭਾਗਵਤ ਦੇ ਬਿਆਨ ਨੇ ਵੀ ਸਿਆਸੀ ਹਲਕਿਆਂ ਵਿੱਚ ਖਲਬਲੀ ਮਚਾ ਦਿੱਤੀ ਸੀ ਅਤੇ ਵਿਰੋਧੀਆਂ ਨੇ ਇਸ ਨੂੰ ਮੋਦੀ ਦੇ ਰਿਟਾਇਰਮੈਂਟ ਨਾਲ ਜੋੜਿਆ। ਹਾਲਾਂਕਿ, ਆਰਐੱਸਐੱਸ ਅਤੇ ਬੀਜੇਪੀ ਨੇ ਸਾਫ਼ ਕੀਤਾ ਕਿ ਇਹ ਬਿਆਨ ਆਮ ਸੰਦਰਭ ਵਿੱਚ ਸੀ ਅਤੇ ਇਸ ਦਾ ਕੋਈ ਸਿਆਸੀ ਅਰਥ ਨਹੀਂ ਕੱਢਿਆ ਜਾਣਾ ਚਾਹੀਦਾ।

ਐਕਸ ਤੇ ਕੁਝ ਯੂਜ਼ਰਾਂ ਨੇ ਭਾਗਵਤ ਦੀਆਂ ਟਿੱਪਣੀਆਂ ਨੂੰ ਉਹਨਾਂ ਦੀ 'ਮੋਦੀ ਤੋਂ ਨਰਾਜਗੀ' ਵਜੋਂ ਵੇਖਿਆ ਹੈ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਬੀਜੇਪੀ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਅਤੇ ਪਾਰਟੀ ਨੂੰ ਸਹਿਯੋਗੀਆਂ ਤੇ ਨਿਰਭਰ ਰਹਿਣਾ ਪਿਆ ਸੀ। ਕੁਝ ਸੂਤਰਾਂ ਮੁਤਾਬਕ, ਆਰਐੱਸਐੱਸ ਨੇ ਇਸ ਵਾਰ ਚੋਣਾਂ ਵਿੱਚ ਉੰਨੀ ਸਰਗਰਮੀ ਨਹੀਂ ਵਿਖਾਈ, ਜਿੰਨੀ ਪਹਿਲਾਂ ਵਾਲੀਆਂ ਚੋਣਾਂ ਵਿੱਚ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਬੀਜੇਪੀ ਪ੍ਰਧਾਨ ਜੇਪੀ ਨੱਡਾ ਦੇ ਬਿਆਨ, ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ 'ਬੀਜੇਪੀ ਹੁਣ ਆਪਣੇ ਪੈਰਾਂ ਤੇ ਖੜ੍ਹੀ ਹੈ' ਨੇ ਆਰਐੱਸਐੱਸ ਨੂੰ ਨਰਾਜ਼ ਕੀਤਾ ਹੋ ਸਕਦਾ ਹੈ।

ਭਾਗਵਤ ਨੇ ਮਣੀਪੁਰ ਹਿੰਸਾ, ਸਮਾਜੀ ਵਿਤਕਰੇ ਅਤੇ ਹੁਣ ਸਿੱਖਿਆ-ਸਿਹਤ ਦੇ ਵਪਾਰੀਕਰਨ ਵਰਗੇ ਮੁੱਦਿਆਂ ਤੇ ਵਾਰ-ਵਾਰ ਚਿੰਤਾ ਪ੍ਰਗਟ ਕੀਤੀ ਹੈ। ਇਹ ਸਾਰੇ ਮੁੱਦੇ ਕੇਂਦਰ ਸਰਕਾਰ ਦੀਆਂ ਨੀਤੀਆਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਜੁੜੇ ਨੇ, ਜਿਸ ਨਾਲ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਭਾਗਵਤ ਸਰਕਾਰ ਦੇ ਕੁਝ ਫੈਸਲਿਆਂ ਤੋਂ ਅਸੰਤੁਸ਼ਟ ਹੋ ਸਕਦੇ ਨੇ।

# ਸੁਪਰੀਮ ਕੋਰਟ ਦਾ ਮਹੱਤਵਪੂਰਨ ਹੁਕਮ ਸਜ਼ਾ ਪੂਰੀ ਕਰਨ ਵਾਲੇ ਕੈਦੀਆਂ ਦੀ ਰਿਹਾਈ ਹੋਵੇ

## *ਕੀ ਬੰਦੀ ਸਿੱਖਾਂ ਦੀ ਰਿਹਾਈ ਹੋਵੇਗੀ? *ਪੰਥਕ ਜਥੇਬੰਦੀਆਂ ਦੀ ਅਦਾਲਤੀ ਫੈਸਲੇ ਉਪਰ ਸਕਾਰਾਤਮਕ ਪ੍ਰਤੀਕਿਰਿਆ



ਨਵੀਂ ਦਿੱਲੀ - ਸੁਪਰੀਮ ਕੋਰਟ ਨੇ ਇੱਕ ਵੱਡੇ ਫੈਸਲੇ ਵਿੱਚ ਕਿਹਾ ਹੈ ਕਿ ਜੋ ਕੈਦੀ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਹ ਹੁਕਮ ਜਸਟਿਸ ਬੀ. ਵੀ. ਨਾਗਰਤਨਾ ਅਤੇ ਜਸਟਿਸ ਕੇ. ਵੀ. ਵਿਸ਼ਵਨਾਥਨ ਦੀ ਬੈਂਚ ਨੇ 12 ਅਗਸਤ ਨੂੰ ਜਾਰੀ ਕੀਤਾ। ਅਦਾਲਤ ਨੇ ਕਿਹਾ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਕਿਸੇ ਨੂੰ ਜੇਲ੍ਹ ਵਿੱਚ ਰੱਖਣਾ ਗੈਰਕਾਨੂੰਨੀ ਹੈ ਅਤੇ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਹ ਫੈਸਲਾ 2002 ਦੇ ਨਿਤੀਸ਼ ਕਟਾਰਾ ਕਤਲ ਕੇਸ ਵਿੱਚ ਦੋਸ਼ੀ ਸੁਖਦੇਵ ਯਾਦਵ ਉਰਫ਼ ਪਹਿਲਵਾਨ ਦੀ ਪਟੀਸ਼ਨ ਤੇ ਆਇਆ। ਯਾਦਵ ਨੂੰ 20 ਸਾਲਾਂ ਦੀ ਉਮਰ ਕੈਦ ਦੀ ਸਜ਼ਾ ਸੀ ਅਤੇ ਉਸ ਨੇ ਮਾਰਚ 2025 ਵਿੱਚ ਬਿਨਾਂ ਕਿਸੇ ਛੋਟ ਦੇ ਇਹ ਮਿਆਦ ਪੂਰੀ ਕਰ ਲਈ ਸੀ।

ਬੈਂਚ ਨੇ ਕਿਹਾ ਕਿ 9 ਮਾਰਚ ਤੋਂ ਬਾਅਦ ਉਸ ਨੂੰ ਜੇਲ੍ਹ ਵਿੱਚ ਰੱਖਣਾ ਗਲਤ ਸੀ ਅਤੇ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਅਦਾਲਤ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੀਆਂ ਜੇਲ੍ਹਾਂ ਵਿੱਚ ਚੈੱਕ ਕਰਨ ਕਿ ਕੋਈ ਅਜਿਹਾ ਕੈਦੀ ਤਾਂ ਨਹੀਂ ਜੋ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਬੰਦ ਹੈ। ਜੇ ਅਜਿਹਾ ਕੈਦੀ ਮਿਲੇ ਅਤੇ ਉਹ ਕਿਸੇ ਹੋਰ ਕੇਸ ਵਿੱਚ ਲੋੜੀਂਦਾ ਨਾ ਹੋਵੇ ਤਾਂ ਉਸ ਨੂੰ ਫੌਰਨ ਰਿਹਾਅ ਕੀਤਾ ਜਾਵੇ। ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਫਿਕਸਡ ਟਰਮ ਵਾਲੀ ਉਮਰ ਕੈਦ (ਜਿਵੇਂ 20 ਜਾਂ 30 ਸਾਲ) ਵਿੱਚ ਰੈਮਿਸ਼ਨ ਦੀ ਪ੍ਰਕਿਰਿਆ ਨੂੰ ਲਾਗੂ ਕਰਨ ਦੀ ਲੋੜ ਨਹੀਂ ਹੈ, ਜੋ ਆਮ ਉਮਰ ਕੈਦ ਵਿੱਚ ਹੁੰਦੀ ਹੈ ਜਿੱਥੇ 14 ਸਾਲ ਬਾਅਦ ਰਾਜ ਸਰਕਾਰ ਛੋਟ ਦੇ ਸਕਦੀ ਹੈ। ਅਦਾਲਤ ਨੇ ਕਿਹਾ ਕਿ ਅਜਿਹੇ ਕੈਦੀ ਆਪਣੇ ਆਪ ਰਿਹਾਈ ਦੇ ਹੱਕਦਾਰ ਹਨ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਇਸ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਇਹ ਫੈਸਲਾ ਜੇਲ੍ਹਾਂ ਵਿੱਚ ਓਵਰਕ੍ਰਾਊਡਿੰਗ ਅਤੇ ਕੈਦੀਆਂ ਦੇ ਅਧਿਕਾਰਾਂ ਨੂੰ ਧਿਆਨ ਵਿੱਚ ਰੱਖ ਕੇ ਆਇਆ ਹੈ।

### ਬੰਦੀ ਸਿੱਖਾਂ ਉੱਤੇ ਪ੍ਰਭਾਵ ਅਤੇ ਰਿਹਾਈ ਦੀ ਸੰਭਾਵਨਾ

ਇਸ ਫੈਸਲੇ ਨਾਲ ਦੇਸ਼ ਭਰ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਵਧ ਗਈ ਹੈ। ਬੰਦੀ ਸਿੱਖਾਂ ਵਿੱਚ ਕਈ ਅਜਿਹੇ ਹਨ ਜਿਨ੍ਹਾਂ ਨੇ ਆਪਣੀ ਸਜ਼ਾ ਦੀ ਮਿਆਦ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾਇਆ ਹੈ ਪਰ ਰਿਹਾਅ ਨਹੀਂ ਹੋ ਰਿਹਾ। ਉਦਾਹਰਨ ਵਜੋਂ, ਬਲਵੰਤ ਸਿੰਘ ਰਾਜੋਆਣਾ, ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ ਅਤੇ ਹੋਰ ਕਈ 1980-90 ਦੇ ਪੰਜਾਬ ਅੰਦੋਲਨ ਨਾਲ ਜੁੜੇ ਕੇਸਾਂ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਇਹ ਫੈਸਲਾ ਮੁੱਖ ਤੌਰ ਤੇ ਫਿਕਸਡ ਟਰਮ ਵਾਲੇ ਕੈਦੀਆਂ ਲਈ ਹੈ, ਨਾ ਕਿ ਆਮ ਉਮਰ ਕੈਦ ਵਾਲੇ ਜਿੱਥੇ ਰੈਮਿਸ਼ਨ ਰਾਹੀਂ ਰਿਹਾਈ ਹੁੰਦੀ ਹੈ। ਪਰ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਕਈ ਬੰਦੀ ਸਿੱਖਾਂ ਨੂੰ ਫਿਕਸਡ ਟਰਮ ਸੀ ਜੋ ਪੂਰੀ ਹੋ ਚੁੱਕੀ ਹੈ ਅਤੇ ਉਹ ਰੈਮਿਸ਼ਨ ਲਈ ਯੋਗ ਹਨ ਪਰ ਰਾਜਨੀਤਕ ਕਾਰਨਾਂ ਕਰਕੇ ਰਿਹਾਅ ਨਹੀਂ ਹੋ ਰਿਹਾ। ਉਦਾਹਰਨ ਵਜੋਂ, ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਿਆ ਗਿਆ ਸੀ ਅਤੇ ਉਸ ਨੇ ਲਗਭਗ 30 ਸਾਲ ਜੇਲ੍ਹ ਵਿੱਚ ਬਿਤਾਏ ਹਨ। ਇਸ ਫੈਸਲੇ ਨਾਲ ਉਨ੍ਹਾਂ ਦੀ ਰਿਹਾਈ ਦਾ ਰਾਹ ਪੱਧਰਾ ਹੋ ਸਕਦਾ ਹੈ ਕਿਉਂਕਿ ਅਦਾਲਤ ਨੇ ਸਪੱਸ਼ਟ ਕਿਹਾ ਹੈ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਜੇਲ੍ਹ ਵਿੱਚ ਰੱਖਣਾ ਗੈਰਕਾਨੂੰਨੀ ਹੈ। ਪੰਜਾਬ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਲੰਮੇ ਸਮੇਂ ਤੋਂ ਚੱਲ ਰਹੀ ਹੈ ਅਤੇ ਇਸ ਫੈਸਲੇ ਨਾਲ ਨਵੀਆਂ ਪਟੀਸ਼ਨਾਂ ਪਾਈਆਂ ਜਾ ਸਕਦੀਆਂ ਹਨ। ਹਾਲਾਂਕਿ, ਕੁਝ ਨਿਗਰਾਨਾਂ ਦਾ ਕਹਿਣਾ ਹੈ ਕਿ ਬੰਦੀ ਸਿੱਖਾਂ ਦੇ ਕੇਸ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਹਨ ਅਤੇ ਰੈਮਿਸ਼ਨ ਲਈ ਕੇਂਦਰ ਸਰਕਾਰ ਦੀ ਮਨਜ਼ੂਰੀ ਚਾਹੀਦੀ ਹੈ, ਜੋ ਅਕਸਰ ਨਹੀਂ ਮਿਲਦੀ। ਫਿਰ ਵੀ, ਇਹ ਫੈਸਲਾ ਉਨ੍ਹਾਂ ਲਈ ਉਮੀਦ ਦੀ ਕਿਰਨ ਬਣ ਸਕਦਾ ਹੈ ਜੋ ਸਜ਼ਾ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਹਨ। ਸਿੱਖ ਕੌਮ ਵਿੱਚ ਇਸ ਨੂੰ ਸਕਾਰ-ਾਤਮਕ ਕਦਮ ਮੰਨਿਆ ਜਾ ਰਿਹਾ ਹੈ ਅਤੇ ਰਿਹਾਈ ਦੀ ਮੰਗ ਤੇਜ਼ ਹੋ ਸਕਦੀ ਹੈ।

### ਪੰਥਕ ਜਥੇਬੰਦੀਆਂ ਦੀ ਰਾਏ ਅਤੇ ਮੰਗਾਂ

ਪੰਥਕ ਜਥੇਬੰਦੀਆਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਸਕਾਰਾਤਮਕ ਮੰਨਿਆ ਹੈ ਅਤੇ ਇਸ ਨੂੰ ਬੰਦੀ ਸਿੱਖਾਂ ਦੀ ਰਿਹਾਈ ਲਈ ਵਰਤਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਨੇ ਕਿਹਾ ਕਿ ਇਹ ਫੈਸਲਾ ਨਿਆਂ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ ਅਤੇ ਬੰਦੀ ਸਿੱਖਾਂ ਨੂੰ ਵੀ ਇਸ ਨਾਲ ਫਾਇਦਾ ਹੋਵੇਗਾ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ। ਐੱਸ ਜੀ ਪੀ ਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਸੀਂ ਇਸ ਫੈਸਲੇ ਨੂੰ ਬੰਦੀ ਸਿੱਖਾਂ ਦੇ ਕੇਸਾਂ ਵਿੱਚ ਵੀ ਲਾਗੂ ਕਰਨ ਲਈ ਅਦਾਲਤ ਵਿੱਚ ਅਪੀਲ ਕਰਾਂਗੇ। ਸਿੱਖ ਰਿਲੀਫ਼ ਅਤੇ ਸਿੱਖ ਕੋਆਲੀਸ਼ਨ ਵਰਗੀਆਂ ਜਥੇਬੰਦੀਆਂ ਨੇ ਵੀ ਇਸ ਨੂੰ ਸਵਾਗਤ ਕੀਤਾ ਹੈ ਅਤੇ ਕਿਹਾ ਕਿ ਬੰਦੀ ਸਿੱਖਾਂ ਨੂੰ ਰਾਜਨੀਤਕ ਕਾਰਨਾਂ ਕਰਕੇ ਰੱਖਿਆ ਜਾ ਰਿਹਾ ਹੈ ਜੋ ਅਨਿਆਂ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਇਸ ਫੈਸਲੇ ਨੂੰ ਤੁਰੰਤ ਲਾਗੂ ਕਰਨ ਅਤੇ ਬੰਦੀ ਸਿੱਖਾਂ ਦੀ ਰਿਹਾਈ ਲਈ ਕਦਮ ਚੁੱਕਣ।

ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਵੀ ਫੈਸਲੇ ਨੂੰ ਚੰਗਾ ਮੰਨਿਆ ਅਤੇ ਕਿਹਾ ਕਿ ਇਹ ਬੰਦੀ ਸਿੱਖਾਂ ਦੀ ਰਿਹਾਈ ਦੇ ਰਾਹ ਵਿੱਚ ਰੁਕਾਵਟਾਂ ਨੂੰ ਦੂਰ ਕਰੇਗਾ। ਪੰਥਕ ਆਗੂਆਂ ਨੇ ਕਿਹਾ ਕਿ ਜੇ ਰੇਪ ਅਤੇ ਕਤਲ ਵਰਗੇ ਕੇਸਾਂ ਵਿੱਚ ਕੈਦੀ ਰਿਹਾਅ ਹੋ ਸਕਦੇ ਹਨ ਤਾਂ ਬੰਦੀ ਸਿੱਖਾਂ ਨੂੰ ਕਿਉਂ ਨਹੀਂ। ਉਨ੍ਹਾਂ ਨੇ ਅੰਤਰਰਾਸ਼ਟਰੀ ਮੰਚਾਂ ਤੇ ਵੀ ਇਸ ਮਸਲੇ ਨੂੰ ਉਠਾਉਣ ਦੀ ਗੱਲ ਕੀਤੀ ਹੈ।

# ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੀ ਮੀਤ ਪ੍ਰਧਾਨ ਬੀਬੀ ਗੁਰਮਿੰਦਰ ਕੌਰ ਰੰਧਾਵਾ ਦੇ ਬੇਟੇ ਦੇ ਵਿਆਹ ਸਮਾਗਮਾਂ ਵਿੱਚ ਕਾਂਗਰਸੀ ਆਗੂ ਕੈਪਟਨ ਸੰਦੀਪ ਸਿੰਘ ਸੰਧੂ ਨੇ ਕੀਤੀ ਸ਼ਿਰਕਤ



ਰਤਨ ਸਿੰਘ ਰੰਧਾਵਾ, ਸੁਖਜਾਦ ਕੌਰ ਚੱਠਾ ਅਤੇ ਪ੍ਰੀਵਾਰ ਨਾਲ ਖੁਸ਼ੀਆਂ ਸਾਂਝੀਆਂ ਕਰਨ ਮੌਕੇ ਕੈਪਟਨ ਸੰਦੀਪ ਸਿੰਘ ਸੰਧੂ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੀ ਮੀਤ ਪ੍ਰਧਾਨ ਅਤੇ ਯੂ ਕੇ ਯੂਰਪ ਦੀ ਇਸਤਰੀ ਵਿੰਗ ਦੀ ਕਨਵੀਨਰ ਬੀਬੀ ਗੁਰਮਿੰਦਰ ਕੌਰ ਰੰਧਾਵਾ ਅਤੇ ਸਃ ਰਾਜਪਾਲ ਸਿੰਘ ਰੰਧਾਵਾ ਦੇ ਬੇਟੇ ਰਤਨ ਸਿੰਘ ਰੰਧਾਵਾ ਅਤੇ ਬੀਬੀ ਰਾਜਿੰਦਰ ਕੌਰ ਚੱਠਾ ਅਤੇ ਸਵਃ ਅਮਰਜੀਤ ਸਿੰਘ ਚੱਠਾ ਦੀ ਬੇਟੀ ਸੁਖਜਾਦ ਕੌਰ ਚੱਠਾ ਦੇ ਲੰਡਨ ਵਿਖੇ ਹੋਏ ਵਿਆਹ ਸਮਾਗਮਾਂ ਵਿੱਚ ਕਾਂਗਰਸੀ ਆਗੂ ਕੈਪਟਨ ਸੰਦੀਪ ਸਿੰਘ ਸੰਧੂ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਅਤੇ ਰੰਧਾਵਾ ਪ੍ਰੀਵਾਰ ਨਾਲ ਖੁਸ਼ੀਆਂ ਸਾਂਝੀਆਂ ਕਰਦਿਆਂ ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਜੈਨਪੁਰੀਆ, ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ, ਨਵਜੋਤ ਪਾਨਾਗ, ਸ਼ਿਵਦੀਪ ਕੌਰ ਢੇਸੀ ਆਦਿ ਸਮੇਤ ਵੱਖ-ਵੱਖ ਭਾਈਚਾਰਿਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਹੋਈਆਂ। ਕੈਪਟਨ ਸੰਦੀਪ ਸਿੰਘ ਸੰਧੂ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਵਿਦੇਸ਼ੀ ਧਰਤੀ ਤੇ ਜਨਮੀ ਸਾਡੀ ਪੀੜੀ ਆਪਣੇ ਧਰਮ, ਵਿਰਸੇ ਅਤੇ ਸੱਭਿਆਚਾਰ ਨਾਲ ਜੁੜੀ ਹੋਈ ਹੈ। ਜਿਸ ਲਈ ਰੰਧਾਵਾ ਅਤੇ ਚੱਠਾ ਪ੍ਰੀਵਾਰ ਵਧਾਈ ਦੇ ਹੱਕਦਾਰ ਹਨ।

**ਸੰਪਾਦਕੀ**

**ਵਿਚਾਰ :–** ਕੋਈ ਵਿਅਕਤੀ ਲੰਮੀ ਉਮਰ ਦੇ ਕਾਰਨ ਬੁੱਢਾ ਨਹੀਂ ਹੁੰਦਾ ਸਗੋਂ ਜੀਊਣ ਵਿਚ ਦਿਲਚਸਪੀ ਛੱਡ ਜਾਣ ਕਾਰਨ ਹੁੰਦਾ ਹੈ ।– (ਮੇਰੀ ਰੇਅ)


ਰਜਿੰਦਰ ਸਿੰਘ ਪੁਰੇਵਾਲ

# ਸੌਦਾ ਸਾਧ ਦੀ ਪੈਰੋਲ ਅਤੇ ਫਰਲੋ: ਕਾਨੂੰਨ ਜਾਂ ਰਸੂਖ ਬਨਾਮ ਟੀਰਾ ਨਜ਼ਰੀਆ ?

ਕਾਨੂੰਨ ਦੀ ਤਾਕਤ ਉਦੋਂ ਹੀ ਮੰਨੀ ਜਾਂਦੀ ਹੈ ਜਦੋਂ ਇਹ ਸਭ ਲਈ ਬਰਾਬਰ ਹੋਵੇ। ਜੇਕਰ ਰਸੂਖ ਅਤੇ ਪਹਿਚਾਣ ਦੇ ਆਧਾਰ 'ਤੇ ਰਿਆਇਤਾਂ ਮਿਲਦੀਆਂ ਰਹੀਆਂ, ਤਾਂ ਲੋਕਾਂ ਦਾ ਭਰੋਸਾ ਨਾ ਸਿਰਫ ਕਾਨੂੰਨ ਤੋਂ, ਸਗੋਂ ਲੋਕਤੰਤਰ ਤੋਂ ਵੀ ਚੁੱਕਿਆ ਜਾਵੇਗਾ। ਸਮੇਂ ਦੀ ਮੰਗ ਹੈ ਕਿ ਭਾਰਤੀ ਸਿਸਟਮ ਨੂੰ ਸਿਸਟਮ ਵਾਂਗ ਚਲਾਇਆ ਜਾਵੇ, ਨਾ ਕਿ ਕਿਸੇ ਖਾਸ ਵਿਅਕਤੀ ਦੀ ਸਹੂਲਤ ਵਾਂਗ। ਭਾਰਤੀ ਸੰਵਿਧਾਨ ਦਾ ਇਕ ਮੁੱਢਲਾ ਸਿਧਾਂਤ ਹੈ-ਕਾਨੂੰਨ ਦੀ ਨਜ਼ਰ ਵਿਚ ਸਭ ਬਰਾਬਰ ਹਨ। ਅਨੁਛੇਦ 14 ਇਸ ਦੀ ਗਰੰਟੀ ਦਿੰਦਾ ਹੈ। ਪਰ ਜਦੋਂ ਅਸੀਂ ਰਸੂਖਦਾਰ ਅਤੇ ਤਾਕਤਵਰ ਲੋਕਾਂ ਨਾਲ ਕਾਨੂੰਨ ਦਾ ਵਿਵਹਾਰ ਵੇਖਦੇ ਹਾਂ, ਤਾਂ ਇਹ ਬਰਾਬਰੀ ਦਾ ਸਿਧਾਂਤ ਅਕਸਰ ਸਿਰਫ ਕਿਤਾਬਾਂ ਤੱਕ ਸੀਮਤ ਰਹਿ ਜਾਂਦਾ ਹੈ।

ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦਾ ਮਾਮਲਾ ਇਸ ਦੀ ਸਭ ਤੋਂ ਤਾਜ਼ਾ ਮਿਸਾਲ ਹੈ। 2017 ਵਿਚ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿਚ ਉਸ ਨੂੰ 20 ਸਾਲ ਦੀ ਸਜ਼ਾ ਹੋਈ। ਇਸ ਤੋਂ ਬਾਅਦ ਪੱਤਰਕਾਰ ਰਾਮਚੰਦਰ ਛਤਰਪਤੀ ਅਤੇ ਡੇਰੇ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲਿਆਂ ਵਿਚ ਉਮਰਕੈਦ ਦੀ ਸਜ਼ਾ ਮਿਲੀ। ਇੰਨੀਆਂ ਗੰਭੀਰ ਸਜ਼ਾਵਾਂ ਦੇ ਬਾਵਜੂਦ, 2020 ਤੋਂ 2025 ਤੱਕ ਉਸ ਨੂੰ ਘੱਟੋ-ਘੱਟ 14 ਵਾਰ ਪੈਰੋਲ ਜਾਂ ਫਰਲੋ ਮਿਲੀ, ਅਤੇ ਉਸ ਨੇ ਕੁੱਲ 326 ਦਿਨ ਜੇਲ੍ਹ ਤੋਂ ਬਾਹਰ ਬਿਤਾਏ। ਅਗਸਤ 2025 ਵਿਚ ਫਿਰ 40 ਦਿਨ ਦੀ ਪੈਰੋਲ ਮਿਲੀ-ਸੱਤ ਸਾਲਾਂ ਵਿਚ ਇਹ ਤੀਜੀ ਵਾਰ ਦੀ ਰਿਹਾਈ ਸੀ।

ਹਰਿਆਣਾ ਦਾ 'ਗੁੱਡ ਕੰਡਕਟ ਪ੍ਰਿਜ਼ਨਰਜ਼ ਐਕਟ, 2022' ਕਹਿੰਦਾ ਹੈ ਕਿ ਇਕ ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਕੋਈ ਵੀ ਕੈਦੀ ਸਾਲ ਵਿਚ 10 ਹਫਤਿਆਂ ਦੀ ਪੈਰੋਲ ਅਤੇ 21 ਦਿਨਾਂ ਦੀ ਫਰਲੋ ਦਾ ਹੱਕਦਾਰ ਹੈ। ਫਰਲੋ ਨੂੰ ਕੈਦੀ ਦਾ "ਹੱਕ" ਮੰਨਿਆ ਜਾਂਦਾ ਹੈ, ਤਾਂ ਜੋ ਉਹ ਸਮਾਜ ਅਤੇ ਪਰਿਵਾਰ ਨਾਲ ਜੁੜਿਆ ਰਹੇ। ਪਰ ਪੈਰੋਲ ਸਿਰਫ ਖਾਸ ਕਾਰਨਾਂ-ਜਿਵੇਂ ਬਿਮਾਰੀ, ਪਰਿਵਾਰਕ ਸੰਕਟ ਜਾਂ ਅਦਾਲਤੀ ਪੇਸ਼ੀ-ਲਈ ਦਿੱਤੀ ਜਾਂਦੀ ਹੈ। ਪਰ ਸੌਦਾ ਸਾਧ ਨੂੰ ਮਿਲੀਆਂ ਰਿਹਾਈਆਂ ਦੇ ਕਾਰਨ ਅਕਸਰ ਅਸਪੱਸ਼ਟ ਜਾਂ ਵਿਵਾਦਿਤ ਰਹੇ। ਕੋਈ ਤੁਰੰਤ ਜ਼ਰੂਰਤ ਜਾਂ ਪਰਿਵਾਰਕ ਸੰਕਟ ਸਾਹਮਣੇ ਨਹੀਂ ਆਇਆ। ਫਿਰ ਵਾਰ-ਵਾਰ ਰਿਹਾਈ ਕਿਉਂ ? ਡੇਰਾ ਸੌਦਾ ਦਾ ਪ੍ਰਭਾਵ ਹਰਿਆਣਾ, ਪੰਜਾਬ, ਰਾਜਸਥਾਨ ਅਤੇ ਦਿੱਲੀ ਤੱਕ ਫੈਲਿਆ ਹੋਇਆ ਹੈ। ਅਨੁਮਾਨ ਹੈ ਕਿ ਡੇਰੇ ਦੇ 90-95 ਲੱਖ ਅਨੁਯਾਈ ਹਨ, ਜੋ ਕਿਸੇ ਵੀ ਸਿਆਸੀ ਪਾਰਟੀ ਲਈ ਵੱਡਾ ਵੋਟ ਬੈਂਕ ਹੈ। 2022 ਦੀਆਂ ਪੰਜਾਬ ਚੋਣਾਂ, 2023 ਦੀਆਂ ਰਾਜਸਥਾਨ ਚੋਣਾਂ ਅਤੇ 2024 ਦੀਆਂ ਹਰਿਆਣਾ ਚੋਣਾਂ-ਹਰ ਵਾਰ ਉਸ ਦੀ ਰਿਹਾਈ ਚੋਣਾਂ ਤੋਂ ਪਹਿਲਾਂ ਹੋਈ। ਇਹ ਸਵਾਲ ਸੁਭਾਵਿਕ ਹੈ ਕਿ ਕੀ ਇਹ ਰਿਹਾਈਆਂ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਸਨ ਜਾਂ ਸਿਆਸੀ ਸਮੀਕਰਨਾਂ ਦਾ ਨਤੀਜਾ ? ਹਰਿਆਣਾ ਸਰਕਾਰ ਅਤੇ ਜੇਲ੍ਹ ਮੰਤਰੀ ਰਣਜੀਤ ਸਿੰਘ ਚੌਟਾਲਾ ਦਾ ਕਹਿਣਾ ਹੈ ਕਿ ਸੌਦਾ ਸਾਧ ਨੂੰ ਜੋ ਰਿਹਾਈਆਂ ਮਿਲੀਆਂ, ਉਹ ਕਾਨੂੰਨ ਮੁਤਾਬਕ ਹਨ ਅਤੇ ਹੋਰ ਕੈਦੀਆਂ ਨੂੰ ਵੀ ਅਜਿਹੀਆਂ ਛੋਟਾਂ ਦਿੱਤੀਆਂ ਜਾਂਦੀਆਂ ਹਨ। ਪਰ 2023 ਦੇ ਅੰਕੜੇ ਕੁਝ ਹੋਰ ਹੀ ਕਹਾਣੀ ਦੱਸਦੇ ਹਨ- ਹਰਿਆਣਾ ਦੀਆਂ ਜੇਲ੍ਹਾਂ ਵਿਚ 5,832 ਕੈਦੀਆਂ ਵਿੱਚੋਂ ਸਿਰਫ 2,801 ਨੂੰ ਹੀ ਪੈਰੋਲ ਜਾਂ ਫਰਲੋ ਮਿਲੀ। ਅਤੇ ਕਿਸੇ ਨੂੰ ਵੀ ਰਾਮ ਰਹੀਮ ਜਿੰਨੀ ਵਾਰ ਜਾਂ ਇੰਨੇ ਲੰਬੇ ਸਮੇਂ ਲਈ ਰਿਹਾਈ ਨਹੀਂ ਮਿਲੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਦੀਆਂ ਲਗਾਤਾਰ ਰਿਹਾਈਆਂ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ, ਪਰ ਅਦਾਲਤ ਨੇ ਇਸ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਫੈਸਲਾ ਕਾਨੂੰਨੀ ਪ੍ਰਕਿਰਿਆ ਅਨੁਸਾਰ ਲਿਆ ਗਿਆ। ਪਰ ਅਦਾਲਤ ਦੀ ਇਹ ਟਿੱਪਣੀ ਲੋਕਾਂ ਦੇ ਮਨਾਂ ਵਿਚ ਉੱਠ ਰਹੇ ਸਵਾਲ ਨੂੰ ਹੋਰ ਪੇਚੀਦਾ ਕਰ ਦਿੰਦੀ ਹੈ-ਜੇ ਹਰ ਸਾਲ 90 ਦਿਨ ਬਾਹਰ ਰਹਿਣਾ ਸੰਭਵ ਹੈ, ਤਾਂ ਸਜ਼ਾ ਦਾ ਮਤਲਬ ਕੀ ਰਹਿ ਜਾਂਦਾ ਹੈ ?

ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਇਸ ਨੂੰ "ਕਾਨੂੰਨ ਦਾ ਮਜ਼ਾਕ" ਕਿਹਾ ਹੈ, ਅਤੇ ਇਹ ਗੱਲ ਸਿਰਫ ਭਾਵੁਕ ਨਹੀਂ, ਸਗੋਂ ਤਰਕਸੰਗਤ ਵੀ ਜਾਪਦੀ ਹੈ। ਸੌਦਾ ਸਾਧ ਦੀ ਰਿਹਾਈ ਦਾ ਅਸਰ ਸਿਰਫ ਅਦਾਲਤਾਂ ਅਤੇ ਜੇਲ੍ਹ ਦੀਆਂ ਦੀਵਾਰਾਂ ਤੱਕ ਸੀਮਤ ਨਹੀਂ। 2017 ਵਿਚ ਜਦੋਂ ਉਸ ਨੂੰ ਦੋਸ਼ੀ ਠਹਿਰਾਇਆ ਗਿਆ, ਤਾਂ ਹਰਿਆਣਾ ਅਤੇ ਪੰਜਾਬ ਵਿਚ ਹਿੰਸਾ ਭੜਕ ਉੱਠੀ ਸੀ। ਲਗਭਗ 40 ਲੋਕਾਂ ਦੀ ਜਾਨ ਗਈ, ਅਤੇ ਕਰੋੜਾਂ ਦੀ ਜਾਇਦਾਦ ਸੜ ਗਈ। ਹੁਣ ਵਹੀ ਵਿਅਕਤੀ ਵਾਰ-ਵਾਰ ਬਾਹਰ ਆ ਰਿਹਾ ਹੈ। ਇਹ ਨਾ ਸਿਰਫ ਪੀੜਤ ਪਰਿਵਾਰਾਂ, ਸਗੋਂ ਗਵਾਹਾਂ ਲਈ ਵੀ ਖਤਰਾ ਬਣ ਸਕਦਾ ਹੈ। ਸਿਰਸਾ ਆਸ਼ਰਮ ਵਿਚ ਚੱਲ ਰਹੇ ਨਿਪੁੰਸਕਤਾ ਮਾਮਲੇ ਵਿਚ ਅਜੇ ਵੀ ਮੁਕੱਦਮਾ ਜਾਰੀ ਹੈ, ਅਤੇ ਉਸ ਦੀ ਮੌਜੂਦਗੀ ਗਵਾਹਾਂ 'ਤੇ ਦਬਾਅ ਪਾ ਸਕਦੀ ਹੈ। ਸੌਦਾ ਸਾਧ ਦਾ ਮਾਮਲਾ ਸਾਫ ਦਿਖਾਉਂਦਾ ਹੈ ਕਿ ਕਿਵੇਂ ਕੁਝ ਲੋਕ ਆਪਣੇ ਪ੍ਰਭਾਵ ਅਤੇ ਪਹੁੰਚ ਦੇ ਦਮ 'ਤੇ ਕਾਨੂੰਨ ਨੂੰ ਆਪਣੇ ਹਿਸਾਬ ਨਾਲ ਮੋੜ ਲੈਂਦੇ ਹਨ। ਇਹ ਸਿਰਫ ਇਕ ਵਿਅਕਤੀ ਦੀ ਗੱਲ ਨਹੀਂ-ਇਹ ਭਾਰਤ ਦੀ ਸਮੁੱਚੀ ਕਾਨੂੰਨੀ ਵਿਵਸਥਾ ਦੀ ਕਮਜ਼ੋਰੀ ਨੂੰ ਬੇਨਕਾਬ ਕਰਦਾ ਹੈ। ਪੈਰੋਲ ਅਤੇ ਫਰਲੋ ਵਰਗੀਆਂ ਵਿਵਸਥਾਵਾਂ ਪੁਨਰਵਾਸ ਅਤੇ ਸਮਾਜਿਕ ਮੁੜ-ਸੁਮੇਲ ਲਈ ਬਣਾਈਆਂ ਗਈਆਂ ਸਨ, ਪਰ ਜਦੋਂ ਇਨ੍ਹਾਂ ਦੀ ਵਰਤੋਂ ਖਾਸ ਅਪਰਾਧੀ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਹੁੰਦੀ ਹੈ, ਤਾਂ ਪੂਰੀ ਵਿਵਸਥਾ 'ਤੇ ਸਵਾਲ ਉੱਠਣਾ ਲਾਜ਼ਮੀ ਹੈ। ਸੁਆਲ ਇਹ ਵੀ ਹੈ ਕਿ ਸਿੱਖ ਬੰਦੀਆਂ ਨੂੰ ਪੈਰੋਲ ਕਿਉਂ ਨਹੀ ਦਿਤੀ ਜਾ ਰਹੀ ? ਜੇ ਭਾਰਤੀ ਸਤਾਧਾਰੀ ਸੱਚਮੁੱਚ ਕਾਨੂੰਨ ਨੂੰ ਇੱਜ਼ਤ ਦੇਣੀ ਚਾਹੁੰਦੇ ਹਾਂ, ਤਾਂ ਜ਼ਰੂਰੀ ਹੈ ਕਿ ਪੈਰੋਲ ਅਤੇ ਫਰਲੋ ਨਾਲ ਜੁੜੀ ਪ੍ਰਕਿਰਿਆ ਪਾਰਦਰਸ਼ੀ ਅਤੇ ਜਵਾਬਦੇਹ ਹੋਵੇ। ਹਰ ਰਿਹਾਈ ਲਈ ਠੋਸ ਕਾਰਨ ਲਾਜ਼ਮੀ ਹੋਣ ਅਤੇ ਪੂਰੀ ਪ੍ਰਕਿਰਿਆ ਨੂੰ ਸੁਤੰਤਰ ਨਿਗਰਾਨੀ ਹੇਠ ਰੱਖਿਆ ਜਾਵੇ। ਸਭ ਤੋਂ ਜ਼ਰੂਰੀ-ਚੋਣਾਂ ਦੇ ਸਮੇਂ ਕਿਸੇ ਵੀ ਕੈਦੀ ਦੀ ਰਿਹਾਈ 'ਤੇ ਪਾਬੰਦੀ ਹੋਵੇ, ਤਾਂ ਜੋ ਸਿਆਸੀ ਦਖਲਅੰਦਾਜ਼ੀ ਤੋਂ ਬਚਿਆ ਜਾ ਸਕੇ। ਕਾਨੂੰਨ ਦੀ ਤਾਕਤ ਉਦੋਂ ਹੀ ਮੰਨੀ ਜਾਂਦੀ ਹੈ ਜਦੋਂ ਇਹ ਸਭ ਲਈ ਬਰਾਬਰ ਹੋਵੇ। ਜੇਕਰ ਰਸੂਖ ਅਤੇ ਪਹਿਚਾਣ ਦੇ ਆਧਾਰ 'ਤੇ ਰਿਆਇਤਾਂ ਮਿਲਦੀਆਂ ਰਹੀਆਂ, ਤਾਂ ਲੋਕਾਂ ਦਾ ਭਰੋਸਾ ਨਾ ਸਿਰਫ ਕਾਨੂੰਨ ਤੋਂ, ਸਗੋਂ ਲੋਕਤੰਤਰ ਤੋਂ ਵੀ ਚੁੱਕ ਜਾਵੇਗਾ। ਸਮਾਂ ਮੰਗ ਕਰਦਾ ਹੈ ਕਿ ਸਿਸਟਮ ਨੂੰ ਸਿਸਟਮ ਵਾਂਗ ਚਲਾਇਆ ਜਾਵੇ-ਕਿਸੇ ਖਾਸ ਵਿਅਕਤੀ ਦੀ ਸਹੂਲਤ ਵਾਂਗ ਨਹੀਂ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# SHOULD SIKHS ACCEPT CONSTITUTION REVIEW COMMISSION AMENDMENT OF ARTICLE 25?


Gurmukh Singh OBE

Justice Venkatachaliah National Commission to Review the Working of the Constitution set up by the Indian government in year 2000, submitted its report on March 31, 2002. Recently, Sardar Tarlochan Singh, ex-MP and ex-Minorities Commissioner, wrote to PM Modi to get the Parliament to change part of Article 25 wording as recommended by the Commission to make it more acceptable to the Sikhs.

The relevant current wording of Article 25 which offends the Sikhs is as follows: Article 25: Freedom of conscience and free profession, practice and propagation of religion: (2) Nothing in this article shall affect the operation of any existing law or prevent the State from making any law (b) providing for social welfare and reform or the throwing open of Hindu religious institutions of a public character to all classes and sections of Hindus. Explanation II: In sub clause (b) reference to Hindus shall be construed as including a reference to persons professing the Sikh, Jaina or Buddhist religion, and the reference to Hindu religious institutions shall be construed accordingly.

The Sikhs argue that the current Explanation II shows the ignorance of the members of the Constituent Assembly about egalitarian Sikhi principles and traditions. The Commission recommendation of 2002 was, to quote: *A number of institutions of Sikhs and Budhists suggested certain changes to Article 25(2). Explanation II to article 25 provides that reference to Hindus in sub-clause (b) of clause (2) should be construed as including reference to Sikhs etc. The Commission without going into the larger issue on which the contention is based, is of the opinion that the purpose of the representations would be served if Explanation II to article 25 is omitted and sub-clause (b) of clause (2) of that article is reworded as follows:- (b) providing for social welfare and reform or the throwing open of Hindu, Sikh, Jaina or Buddhist religious institutions of a public character to all classes and sections of these religions.*

Sardar Tarlochan Singh believes that *the second option is that this whole clause is removed but Schedule Caste will never agree because through this clause their entry in all Temples is granted.*

The background was explained in my article of 2019*. On 8 August 2005, the Supreme Court of India noted: *The so-called minority communities like Sikhs and Jains were not treated as national minorities at the time of framing the Constitution. Sikhs and Jains, in fact, have throughout been treated as part of the wider Hindu community.*

In July 2000, Punjab Chief Minister, Parkash Singh Badal, discussing the memorandum to be presented to the National Commission argued that Article 25 clubs Sikhs with Hindus, Jains and Buddhists so that it negates the growth of the Sikhs and the identity of Sikhism. That the resolution adopted in 1973 by SAD at Anandpur projected the concept for future centre state relations. Instead the promoters were projected as communal and secessionists.

The Sikh Core Group argued that *this provision inadvertently introduces an element of sacrilege for Sikhism as if Sikh tenet of universal brotherhood is deficient in this regard and requires supplement of a constitutional provision. It is therefore obnoxious discrimination that Sikhs should require such an injunction through constitutional proviso while Muslims, Christians and Parsees are treated separately.* The Sikh Core Group recommended that *Sikhism should be described as one among many religions of India, not as one part among the many parts of Hinduism.* Most Sikhs would agree.

*https://asiasamachar.com/2019/06/08/25463/

**Gurmukh Singh OBE**, Ret'd Principal Civil Servant (UK) sewauk2005@yahoo.co.uk

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ 5 ਅਕਤੂਬਰ ਨੂੰ ਹੋਣ ਵਾਲੀ ਚੋਣ ਦੀ ਉਮੀਦਵਾਰੀ ਲਈ ਨਾਮਜ਼ਦਗੀ ਦਾਖ਼ਲ ਕਰਨ ਦਾ ਸਮਾਂ ਵਧਾਇਆ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈ ਕੇ ਮੈਂਬਰ ਬਣਨ ਦਾ ਕੰਮ ਪੂਰਾ ਹੋਣ ਤੋਂ ਬਾਅਦ ਉਮੀਦਵਾਰੀ ਲਈ ਨਾਮਜ਼ਦਗੀ ਦਾਖਲ ਕਰਨ ਲਈ ਸਮਾਂ ਵਧਾ ਦਿੱਤਾ ਗਿਆ ਹੈ।***

ਚੋਣ ਕਮੇਟੀ ਦੇ ਚੇਅਰਮੈਨ ਟਰੱਸਟੀ ਮਨਜੀਤ ਸਿੰਘ ਬੁੱਟਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 5 ਅਕਤੂਬਰ ਨੂੰ ਹੋਣ ਵਾਲੀ ਪ੍ਰਬੰਧਕ ਕਮੇਟੀ ਦੀ ਚੋਣ ਲਈ ਉਮੀਦਵਾਰਾਂ ਨੂੰ 12 ਅਗਸਤ ਸ਼ਾਮੀ 5 ਵਜੇ ਤੱਕ ਨਾਮਜ਼ਦਗੀ ਦਾਖਲ ਕਰਨ ਦਾ ਸਮਾਂ ਦਿੱਤਾ ਗਿਆ ਸੀ, ਜਿਸ ਨੂੰ ਵਧਾ ਕੇ ਹੁਣ 17 ਅਗਸਤ ਤੱਕ ਕਰ ਦਿੱਤਾ ਗਿਆ ਹੈ, ਜਦਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਲਈ 18 ਅਗਸਤ ਸੋਮਵਾਰ ਨੂੰ 5 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸ ਪ੍ਰਕਿਰਿਆ ਤੋਂ ਉਪਰੰਤ 19 ਅਗਸਤ ਨੂੰ ਉਮੀਦਵਾਰਾਂ ਦੇ ਨਾਮ ਜਨਤਕ ਕਰ ਦਿੱਤੇ ਜਾਣਗੇ।




ਜਿਕਰਯੋਗ ਹੈ ਕਿ ਸਿੰਘ ਸਭਾ ਸਾਊਥਾਲ ਦੇ ਨਵੇਂ ਬਣੇ ਅਤੇ ਉਮਰ ਭਰ ਲਈ ਬਣੇ ਮੈਂਬਰਾਂ ਦੀ ਕੁੱਲ ਗਿਣਤੀ 8446 ਹੈ। ਜੋ ਅਗਲੇ ਤਿੰਨ ਸਾਲਾਂ ਲਈ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਕਰਨਗੇ।

ਹੁਣ ਤੱਕ ਸਿਰਫ ਦੋ ਗਰੁੱਪ ਹੀ ਖੁੱਲ੍ਹ ਕੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚ ਮੌਜੂਦਾ ਪ੍ਰਬੰਧ ਵਾਲਾ ਪੰਥਕ ਗਰੁੱਪ ਜਿਸ ਦੀ ਅਗਵਾਈ ਸ: ਹਿੰਮਤ ਸਿੰਘ ਸੋਹੀ ਕਰ ਰਹੇ ਹਨ ਅਤੇ ਦੂਸਰਾ ਸ਼ੇਰ ਗਰੁੱਪ ਹੈ ਜਿਸ ਦੀ ਅਗਵਾਈ ਸ: ਗੁਰਮੇਲ ਸਿੰਘ ਮੱਲੀ ਕਰ ਰਹੇ ਹਨ। ਇਸ ਤੋਂ ਇਲਾਵਾ ਤੇਰਾ ਪੰਥ ਵਸੇ ਨੌਜਵਾਨਾਂ ਦਾ ਗਰੁੱਪ ਵੀ ਚਰਚਾ ਵਿੱਚ ਹੈ। ਸ਼ੇਰ ਗਰੁੱਪ ਅਤੇ ਪੰਥਕ ਗਰੁੱਪ ਵੱਲੋਂ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ । ਸਭ ਤੋਂ ਵੱਧ ਪੰਥਕ ਗਰੁੱਪ ਨੂੰ ਛੱਡ ਕੇ ਸ਼ੇਰ ਗਰੁੱਪ ਵਿੱਚ ਸ਼ਾਮਲ ਹੋਣ ਵਾਲੇ ਸ਼ਰਨਬੀਰ ਸਿੰਘ ਸੰਘਾ ਵੱਲੋਂ ਵੀਡੀਓ ਆਡੀਓ ਵਾਇਰਲ ਕੀਤੇ ਜਾ ਰਹੇ ਹਨ। ਉਹਨਾਂ ਵੱਲੋਂ ਰੋਜ਼ ਕੋਈ ਨਾ ਕੋਈ ਨਵਾਂ ਖੁਲਾਸਾ ਕਰਦਿਆਂ ਮੌਜੂਦਾ ਪ੍ਰਬੰਧ ਤੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ।

# ਬਰਤਾਨੀਆਂ ਦਾ 'ਇੰਪੀਰੀਅਲ ਵਾਰ ਮਿਊਜ਼ੀਅਮ' ਦੂਜੇ ਵਿਸ਼ਵ ਯੁੱਧ ਦੌਰਾਨ ਭਾਰਤੀਆਂ ਨਾਲ ਸਬੰਧਤ ਕਹਾਣੀਆਂ ਇਕੱਤਰ ਕਰ ਰਿਹਾ ਹੈ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ 'ਇੰਪੀਰੀਅਲ ਵਾਰ ਮਿਊਜ਼ੀਅਮ' ਵੱਲੋਂ "ਭਾਰਤ ਦੀ ਜੰਗ" ਨਾਮਕ ਇੱਕ ਵੱਡਾ ਸੰਗ੍ਰਹਿ ਪ੍ਰੋਜੈਕਟ ਸ਼ੁਰੂ ਕੀਤਾ ਹੈ, ਜਿਸ ਵਿੱਚ ਲੋਕਾਂ ਨੂੰ ਦੂਜੇ ਵਿਸ਼ਵ ਯੁੱਧ ਦੌਰਾਨ ਭਾਰਤੀਆਂ ਦੇ ਤਜਰਬਿਆਂ ਨਾਲ ਸਬੰਧਤ ਕਹਾਣੀਆਂ ਅਤੇ ਯਾਦਗਾਰੀ ਚੀਜ਼ਾਂ ਸਾਂਝੀਆਂ ਕਰਨ ਲਈ ਸੱਦਾ ਦਿੱਤਾ ਗਿਆ ਹੈ।

ਅਗਸਤ 1945 ਵਿੱਚ ਯੁੱਧ ਦੇ ਅੰਤ ਤੱਕ, ਭਾਰਤੀ ਉਪ ਮਹਾਂਦੀਪ ਦੀਆਂ ਹਥਿਆਰਬੰਦ ਫੌਜਾਂ ਬਰਤਾਨੀਆਂ ਤੋਂ ਬਾਅਦ ਰਾਸ਼ਟਰਮੰਡਲ ਦੇਸ਼ਾਂ ਦੀ ਦੂਜੀ ਸਭ ਤੋਂ ਵੱਡੀ ਲੜਾਕੂ ਫੌਜ ਸੀ। ਅਜਾਇਬ ਘਰ ਦੇ ਅਨੁਸਾਰ, 89000 ਦੱਖਣੀ ਏਸ਼ੀਆਈ ਫੌਜੀਆਂ ਨੇ ਬਰਤਾਨੀਆਂ ਦੇ ਲਗਭਗ ਹਰ ਯੁੱਧ ਮੋਰਚੇ 'ਤੇ ਲੜਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਭਾਰਤੀ ਹਥਿਆਰਬੰਦ ਫੌਜਾਂ ਦੇ 28 ਬਹਾਦਰਾਂ ਨੂੰ 'ਵਿਕਟੋਰੀਆ ਕਰਾਸ' ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਯੁੱਧ ਵਿੱਚ ਬਹਾਦਰੀ ਲਈ ਸਭ ਤੋਂ ਵੱਡਾ ਪੁਰਸਕਾਰ ਸੀ।

'ਇੰਪੀਰੀਅਲ ਵਾਰ ਮਿਊਜ਼ੀਅਮ' ਵਿਖੇ ਦੂਜੇ ਵਿਸ਼ਵ ਯੁੱਧ ਅਤੇ 20ਵੀਂ ਸਦੀ ਦੇ ਅੱਧ ਤੱਕ ਸੰਗ੍ਰਹਿ ਮੁਖੀ ਐਡਰੀਅਨ ਕੈਰੀਸਨ ਨੇ ਕਿਹਾ: "ਜਦੋਂ ਕਿ 'ਇੰਪੀਰੀਅਲ ਵਾਰ ਮਿਊਜ਼ੀਅਮ' ਕੋਲ ਦੂਜੇ ਵਿਸ਼ਵ ਯੁੱਧ ਵਿੱਚ ਭਾਰਤੀ ਯੋਗਦਾਨ ਨੂੰ ਦਰਸਾਉਂਦੇ ਮਹੱਤਵਪੂਰਨ ਫਿਲਮ ਅਤੇ ਫੋਟੋਗ੍ਰਾਫੀ ਸੰਗ੍ਰਹਿ ਹਨ, ਇਹ ਅਕਸਰ ਨਿੱਜੀ ਪੱਧਰ 'ਤੇ ਯੁੱਧ ਦੇ ਤਜ਼ਰਬਿਆਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਵਿੱਚ ਅਸਮਰੱਥ ਹੁੰਦੇ ਹਨ।"

ਉਹਨਾਂ ਕਿਹਾ ਕਿ ਇਹ ਸੰਗ੍ਰਹਿ ਪ੍ਰੋਜੈਕਟ 'ਇੰਪੀਰੀਅਲ ਵਾਰ ਮਿਊਜ਼ੀਅਮ' ਲਈ ਸਾਡੇ ਦਰਸ਼ਕਾਂ ਤੱਕ ਪਹੁੰਚਣ ਦਾ ਇੱਕ ਮੌਕਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਨਿੱਜੀ ਕਹਾਣੀਆਂ, ਜੋ ਭਾਰਤ ਅਤੇ ਬਰਤਾਨੀਆਂ ਵਿੱਚ ਦੂਜੇ ਵਿਸ਼ਵ ਯੁੱਧ ਦੇ ਨਤੀਜਿਆਂ ਦੀ ਸਾਡੀ ਸਮਝ ਲਈ ਮਹੱਤਵਪੂਰਨ ਹਨ, ਨੂੰ 'ਇੰਪੀਰੀਅਲ ਵਾਰ ਮਿਊਜ਼ੀਅਮ' ਦੇ ਸੰਗ੍ਰਹਿ ਵਿੱਚ ਸਹੀ ਢੰਗ ਨਾਲ ਦਰਸਾਇਆ ਗਿਆ ਹੈ।

# ਲਾਸ ਏਂਜਲਸ ਵਿੱਚ ਬਜ਼ੁਰਗ ਸਿੱਖ ਨਫਰਤੀ ਹਿੰਸਾ ਦਾ ਸ਼ਿਕਾਰ, ਹਾਲਤ ਗੰਭੀਰ , ਸਿੱਖ ਭਾਈਚਾਰੇ ਵਿੱਚ ਸਹਿਮ ਤੇ ਰੋਸ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਲੈਂਕਰਸ਼ਿਮ ਬੁਲੇਵਰਡ ਸੜਕ ਉਪਰ ਸਥਿੱਤ ਗੁਰਦੁਆਰੇ ਦੇ ਨੇੜੇ ਇਕ ਸਟੋਰ ਦੇ ਬਾਹਰਵਾਰ 70 ਸਾਲ ਦੇ ਬਜ਼ੁਰਗ ਸਿੱਖ ਉੱਪਰ ਨਫਰਤੀ ਹਮਲਾ ਹੋਣ ਦੀ ਖਬਰ ਹੈ। ਭਾਰਤੀ ਮੂਲ ਦੇ ਹਰਪਾਲ ਸਿੰਘ ਜੋ ਇਕ ਸੇਵਾ ਮੁਕਤ ਗਣਿਤ ਪ੍ਰੋਫੈਸਰ ਹੈ ਤੇ ਅਮਰੀਕੀ ਨਾਗਰਿਕ ਹੈ, ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਹ ਪ੍ਰੋਵੀਡੈਂਸ ਹੋਲੀ ਕਰਾਸ ਮੈਡੀਕਲ ਸੈਂਟਰ ਵਿਖੇ ਦਾਖਲ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਦੇ ਸਿਰ ਤੇ ਮੂੰਹ ਉੱਪਰ ਗੰਭੀਰ ਸੱਟਾਂ ਹਨ ਤੇ ਹੁਣ ਤੱਕ 3 ਸਰਜਰੀਆਂ ਕੀਤੀਆਂ ਜਾ ਚੁੱਕੀਆਂ ਹਨ। ਉਸ ਦੇ ਦਿਮਾਗ ਵਿੱਚ ਵੀ ਖੂਨ ਵਗਿਆ ਹੈ ਤੇ ਅੱਖ ਦੀ ਵੀ ਸਰਜਰੀ ਹੋਈ ਹੈ। ਫਿਲਹਾਲ ਉਹ ਬੇਹੋਸ਼ੀ ਦੀ ਹਾਲਤ ਵਿੱਚ ਆਈ ਸੀ ਯੂ ਵਿੱਚ ਦਾਖਲ ਹੈ। ਹਰਪਾਲ ਸਿੰਘ ਇਕੱਲਾ ਹੀ ਹੈ ਤੇ ਉਸ ਨੇ ਵਿਆਹ ਨਹੀਂ ਕਰਵਾਇਆ ਸੀ। ਉਹ ਲੈਂਕਰਸ਼ਿਮ ਗੁਰੂ ਘਰ ਵਿੱਚ ਹੀ ਰਹਿੰਦਾ ਹੈ ਜਿਥੇ ਉਹ ਪਾਠ ਕਰਦੇ ਹਨ ਤੇ ਲੰਗਰ ਦੀ ਸੇਵਾ ਕਰਦੇ ਹਨ। ਇਲਾਕੇ ਵਿੱਚ ਉਹ ਇੱਕ ਸਮਾਜ ਸੇਵਿਕ ਵਜੋਂ ਜਾਣਿਆ ਜਾਂਦਾ ਹੈ । ਪੁਲਿਸ ਅਨੁਸਾਰ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਸ਼ੱਕੀ ਹਮਲਾਵਰ ਦੀ ਭਾਲ ਲਈ ਆਮ ਲੋਕਾਂ ਕੋਲੋਂ ਮੱਦਦ ਲਈ ਜਾ ਰਹੀ ਹੈ। ਇਸ ਹਮਲੇ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਸਹਿਮ ਤੇ ਰੋਸ ਦੀ ਲਹਿਰ ਪਾਈ ਜਾ ਰਹੀ ਹੈ।

# ਮੈਰੀਲੈਂਡ ਵਿੱਚ ਇੱਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 4 ਬੱਚਿਆਂ ਸਮੇਤ 6 ਦੀ ਮੌਤ * ਘੰਟੇ ਤੋਂ ਵਧ ਸਮੇ ਵਿੱਚ ਭਾਰੀ ਮੁਸ਼ੱਕਤ ਬਾਅਦ ਅੱਗ 'ਤੇ ਪਾਇਆ ਕਾਬੂ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮੈਰੀਲੈਂਡ ਵਿੱਚ ਇੱਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 4 ਬੱਚਿਆਂ ਸਮੇਤ 6 ਜਣਿਆਂ ਦੀ ਸੜ ਕੇ ਮੌਤ ਹੋ ਜਾਣ ਦੀ ਦੁੱਖਦਾਈ ਖਬਰ ਹੈ। ਅੱਗ ਵਾਸ਼ਿੰਗਟਨ ਡੀ ਸੀ ਤੋਂ ਤਕਰੀਬਨ 28 ਮੀਲ ਦੂਰ ਵਾਲਡੋਰਫ ਵਿੱਚ ਇੱਕ ਘਰ ਨੂੰ ਲੱਗੀ। ਮੈਰੀਲੈਂਡ ਸਟੇਟ ਫਾਇਰ ਮਾਰਸ਼ਲ ਦੇ ਦਫਤਰ ਵੱਲੋ ਜਾਰੀ ਇੱਕ ਪ੍ਰੈਸ ਬਿਆਨ ਅਨੁਸਾਰ ਸਵੇਰੇ 9 ਵਜੇ ਤੋਂ ਪਹਿਲਾਂ ਘਰ ਨੂੰ ਅੱਗ ਲੱਗਣ ਦੀ ਸੂਚਨਾ ਮਿਲਣ ਉਪਰੰਤ ਜਦੋਂ ਚਾਰਲਸ ਕਾਊਂਟੀ ਸ਼ੈਰਿਫ ਦਫਤਰ ਤੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਪਤਾ ਲੱਗਾ ਕਿ ਘਰ ਦੇ ਦੋ ਜੀਅ ਬਚ ਕੇ ਬਾਹਰ ਨਿਕਲ ਆਏ ਹਨ ਜਦ ਕਿ ਬਾਕੀ 6 ਅੰਦਰ ਹੀ ਹਨ। ਅੱਗ ਏਨੀ ਜਿਆਦਾ ਤੇਜ ਸੀ ਕਿ ਪੁਲਿਸ ਅਫਸਰਾਂ ਲਈ ਅੰਦਰ ਦਾਖਲ ਹੋਣਾ ਅਸੰਭਵ ਹੋ ਗਿਆ। ਸਥਾਨਕ ਅੱਗ ਬੁਝਾਊ ਵਿਭਾਗ ਤੇ ਸਮਾਜ ਸੇਵੀ ਏਜੰਸੀਆਂ ਨੇ ਕੋਈ ਇਕ ਘੰਟੇ ਤੋਂ ਵਧ ਸਮੇ ਦੀ ਭਾਰੀ ਮੁਸ਼ੱਕਤ ਉਪਰੰਤ ਅੱਗ ਉਪਰ ਕਾਬੂ ਪਾਇਆ। ਉਪਰੰਤ ਘਰ ਵਿੱਚੋਂ 4 ਬੱਚਿਆਂ ਸਮੇਤ 6 ਲਾਸ਼ਾਂ ਬਰਾਮਦ ਹੋਈਆਂ ਜੋ ਬੁਰੀ ਤਰਾਂ ਸੜ ਚੁੱਕੀਆਂ ਸਨ। ਅੱਗ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।

# ਰਘੂਜੀ ਭੋਸਲੇ ਦੀ 18ਵੀਂ ਸਦੀ ਦੀ ਤਲਵਾਰ ਲੰਡਨ ਤੋਂ ਮਹਾਰਾਸ਼ਟਰ ਪਹੁੰਚੇਗੀ



ਰਘੂਜੀ ਭੋਸਲੇ ਦੀ 18ਵੀਂ ਸਦੀ ਦੀ ਤਲਵਾਰ ਅਤੇ ਮਹਾਰਾਸ਼ਟਰ ਸਰਕਾਰ ਦੇ ਸੱਭਿਆਚਾਰ ਮੰਤਰੀ ਅਸ਼ੀਸ਼ ਸ਼ੇਲਾਰ, ਦਰਸ਼ਨ ਸਿੰਘ ਗਰੇਵਾਲ ਅਤੇ ਹੋਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਪ੍ਰੈਲ 2025 ਵਿੱਚ ਇੱਕ ਲੰਡਨ ਦੇ ਇੱਕ ਨਿਲਾਮੀ ਘਰ ਤੋਂ 47 ਲੱਖ ਰੁਪਏ ਤੋਂ ਵੱਧ ਕੀਮਤ ਦੀ ਖਰੀਦੀ ਰਘੂਜੀ ਭੋਸਲੇ ਦੀ 18ਵੀਂ ਸਦੀ ਦੀ ਤਲਵਾਰ ਹੁਣ ਭਾਰਤ ਪਹੁੰਚ ਰਹੀ ਹੈ।**

ਮਹਾਰਾਸ਼ਟਰ ਸਰਕਾਰ ਦੇ ਸੱਭਿਆਚਾਰ ਮੰਤਰੀ ਅਸ਼ੀਸ਼ ਸ਼ੇਲਾਰ ਨੇ ਲੰਡਨ ਵਿੱਚ ਇਸ ਤਲਵਾਰ ਨੂੰ ਪ੍ਰਾਪਤ ਕਰਦਿਆਂ ਕਿ "ਅੱਜ ਇਹ ਇਤਿਹਾਸਕ ਪਲ ਹੈ, ਇਹ ਮਹਾਰਾਸ਼ਟਰ ਦੇ ਸੱਭਿਆਚਾਰਕ ਪੁਨਰਜਾਗਰਣ ਦਾ ਇੱਕ ਸ਼ਾਨਦਾਰ ਮੌਕਾ ਹੈ। ਲੰਡਨ ਦੀ ਇਸ ਇਤਿਹਾਸਕ ਧਰਤੀ 'ਤੇ ਖੜ੍ਹੇ ਹੋ ਕੇ, ਅਸੀਂ ਇੱਕ ਮਹਾਨ ਯੋਧੇ ਦੀ ਯਾਦ ਨੂੰ ਸਤਿਕਾਰ ਦੇ ਰਹੇ ਹਾਂ। ਇਹ ਤਲਵਾਰ ਸਿਰਫ਼ ਇੱਕ ਕਲਾਕ੍ਰਿਤੀ ਨਹੀਂ ਹੈ; ਇਹ ਸਾਡੇ ਪੁਰਖਿਆਂ ਦੀ ਬਹਾਦਰੀ ਦੀ ਇੱਕ ਗਵਾਹ ਹੈ। ਅੱਜ, ਅਸੀਂ ਆਪਣੀ ਸੱਭਿਆਚਾਰਕ ਪਛਾਣ ਅਤੇ ਸ਼ਾਨਦਾਰ ਵਿਰਾਸਤ ਨੂੰ ਮਹਾਰਾਸ਼ਟਰ ਦੀ ਮਿੱਟੀ ਨਾਲ ਦੁਬਾਰਾ ਜੋੜ ਰਹੇ ਹਾਂ। ਇਸ ਪਲ ਨੂੰ ਨਾ ਸਿਰਫ਼ ਅਤੀਤ ਨੂੰ ਸ਼ਰਧਾਂਜਲੀ ਵਜੋਂ ਯਾਦ ਕੀਤਾ ਜਾਵੇਗਾ, ਸਗੋਂ ਭਵਿੱਖ ਲਈ ਪ੍ਰੇਰਨਾ ਦੀ ਇੱਕ ਰੋਸ਼ਨੀ ਵਜੋਂ ਵੀ ਯਾਦ ਕੀਤਾ ਜਾਵੇਗਾ।" ਇਹ ਤਲਵਾਰ ਮਰਾਠਾ "ਫਿਰੰਗ" ਸ਼ੈਲੀ ਦੀ ਇੱਕ ਸ਼ਾਨਦਾਰ ਉਦਾਹਰਣ ਹੈ, ਜਿਸ ਤੇ ਨਿਰਮਾਤਾ ਦਾ ਨਿਸ਼ਾਨ ਹੈ। ਜਿਸ ਉਪਰ ਦੇਵਨਾਗਰੀ ਲਿੱਪੀ ਵਿੱਚ "ਸ਼੍ਰੀਮੰਤ ਰਾਘੋਜੀ ਭੋਸਲੇ ਸੈਨਾ ਸਾਹਿਬ ਸੁਭਾ ਫਿਰੰਗ" ਉੱਕਰਿਆ ਹੋਇਆ ਹੈ। ਮੁਲਹੇਰੀ ਘਾਟ ਸ਼ੈਲੀ ਵਿੱਚ, ਇਹ ਤਲਵਾਰ ਸੋਨੇ ਦੇ ਕੋਫ਼ਤਗਰੀ ਕੰਮ ਨਾਲ ਸਜਾਈ ਗਈ ਹੈ, ਅਤੇ ਇਸ ਦੇ ਮੁੱਠੇ ਤੇ ਹਰੇ ਰੰਗ ਦਾ ਕੱਪੜਾ ਮਰਾਠਾ ਕਾਰੀਗਰੀ ਦਾ ਪ੍ਰਮਾਣ ਹੈ।

ਨਾਗਪੁਰ ਭੋਸਲੇ ਰਾਜਵੰਸ਼ ਦੇ ਸੰਸਥਾਪਕ ਅਤੇ ਛਤਰਪਤੀ ਸ਼ਾਹੂ ਮਹਾਰਾਜ ਦੇ ਅਧੀਨ ਇੱਕ ਪ੍ਰਮੁੱਖ ਸੈਨਾਪਤੀ, ਰਘੂਜੀ ਭੋਸਲੇ ਪਹਿਲੇ (1695-1755), ਇੱਕ ਦੂਰਦਰਸ਼ੀ ਨੇਤਾ ਅਤੇ ਹੁਨਰਮੰਦ ਫੌਜੀ ਰਣਨੀਤੀਕਾਰ ਸਨ। ਆਪਣੀ ਬਹਾਦਰੀ ਲਈ "ਸੇਨਾ ਸਾਹਿਬ ਸੁਭਾ" ਦਾ ਵੱਕਾਰੀ ਖਿਤਾਬ ਦਿੱਤਾ ਗਿਆ, ਉਸਨੇ ਬੰਗਾਲ ਦੇ ਨਵਾਬ ਵਿਰੁੱਧ ਮੁਹਿੰਮਾਂ ਅਤੇ ਓਡੀਸ਼ਾ, ਛੱਤੀਸਗੜ੍ਹ ਅਤੇ ਦੱਖਣੀ ਭਾਰਤ ਵਿੱਚ ਜਿੱਤਾਂ ਰਾਹੀਂ ਮਰਾਠਾ ਪ੍ਰਭਾਵ ਨੂੰ ਵਧਾਇਆ।

1817 ਵਿੱਚ ਸੀਤਾਬੁਲਦੀ ਦੀ ਲੜਾਈ ਵਿੱਚ ਈਸਟ ਇੰਡੀਆ ਕੰਪਨੀ ਵੇ ਜਿੱਤ ਤੋਂ ਬਾਅਦ ਨਾਗਪੁਰ ਦਾ ਖਜ਼ਾਨਾ ਲੁੱਟਿਆ ਅਤੇ ਇਹ ਤਲਵਾਰ ਬਾਅਦ ਵਿੱਚ ਇੰਗਲੈਂਡ ਪਹੁੰਚ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਰਸ਼ਨ ਸਿੰਘ ਗਰੇਵਾਲ ਨੇ ਦੱਸਿਆ ਕਿ ਇਹ ਸਦੀਆਂ ਬਾਅਦ ਅਪ੍ਰੈਲ 2025 ਵਿੱਚ ਸੋਥਬੀ ਨਿਲਾਮੀ ਘਰ ਤੋਂ ਪ੍ਰਵੀਨ ਛੱਲਾ ਦੁਆਰਾ ਖਰੀਦਿਆ ਗਿਆ ਸੀ।ਜਿਸ ਤੋਂ ਮਹਾਰਾਸ਼ਟਰ ਸਰਕਾਰ ਨੇ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦੇ ਆਦੇਸ਼ਾਂ ਤਹਿਤ ਸ਼੍ਰੀ ਛੱਲਾ ਤੋਂ ਪ੍ਰਾਪਤ ਕੀਤੀ, ਹੁਣ 18 ਅਗਸਤ ਨੂੰ ਭਾਰਤੀ ਹਾਈ ਕਮਿਸ਼ਨ ਲੰਡਨ ਦੀ ਮਦਦ ਨਾਲ ਇਤਿਹਾਸਕ ਤਲਵਾਰ ਦੀ ਵਤਨ ਵਾਪਸੀ ਨੂੰ ਯਕੀਨੀ ਬਣਾਇਆ ਹੈ।

# ਹੁਣ ਵਿਦੇਸ਼ੀ ਅਪਰਾਧੀ ਅਪੀਲ ਦੇ ਬਹਾਨੇ ਬਰਤਾਨੀਆ ਵਿੱਚ ਨਹੀਂ ਰਹਿ ਸਕਣਗੇ

## ਭਾਰਤ ਸਮੇਤ 23 ਦੇਸ਼ਾਂ ਦੇ ਅਪਰਾਧੀਆਂ ਨੂੰ ਜਲਦੀ ਵਾਪਸ ਭੇਜਣ ਦੀ ਨਵੀਂ ਯੋਜਨਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਲੇਬਰ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, 5200 ਵਿਦੇਸ਼ੀ ਨਾਗਰਿਕਾਂ ਨੂੰ ਬਰਤਾਨੀਆ ਤੋਂ ਬਾਹਰ ਕੱਢਿਆ ਗਿਆ ਹੈ। ਇਹ ਪਿਛਲੇ ਸਾਲ ਨਾਲੋਂ 14 ਪ੍ਰਤੀਸ਼ਤ ਵੱਧ ਹੈ। ਬਰਤਾਨਵੀ ਸਰਕਾਰ ਦੀ ਨਵੀਂ ਯੋਜਨਾ ਦਾ ਉਦੇਸ਼ ਅਪੀਲ ਪ੍ਰਕਿਰਿਆ ਦੌਰਾਨ ਵਿਦੇਸ਼ੀ ਅਪਰਾਧੀਆਂ ਨੂੰ ਲੰਬੇ ਸਮੇਂ ਤੱਕ ਯੂ ਕੇ ਵਿੱਚ ਰਹਿਣ ਤੋਂ ਰੋਕਣਾ ਹੈ।**

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਯੂਨਾਈਟਿਡ ਕਿੰਗਡਮ ਵਿੱਚ ਕਾਨੂੰਨ ਤੋੜਨ ਵਾਲੇ ਪ੍ਰਵਾਸੀਆਂ ਨੂੰ ਚੇਤਾਵਨੀ ਦਿੱਤੀ ਹੈ ਅਤੇ ਕਿਹਾ ਹੈ ਕਿ ਹੁਣ ਉਨ੍ਹਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵਿਦੇਸ਼ੀ ਅਪਰਾਧੀ ਬਹੁਤ ਲੰਬੇ ਸਮੇਂ ਤੋਂ ਸਾਡੀ ਇਮੀਗ੍ਰੇਸ਼ਨ ਨੀਤੀ ਦਾ ਫਾਇਦਾ ਉਠਾ ਰਹੇ ਹਨ, ਉਹ ਅਪਰਾਧ ਕਰਦੇ ਹਨ ਅਤੇ ਮਹੀਨਿਆਂ ਜਾਂ ਸਾਲਾਂ ਤੱਕ ਬਰਤਾਨੀਆ ਵਿੱਚ ਰਹਿੰਦੇ ਹਨ।

ਕੀਰ ਸਟਾਰਮਰ ਨੇ ਕਿਹਾ ਕਿ ਹੁਣ ਅਸੀਂ ਇਹ ਸਭ ਖਤਮ ਕਰ ਰਹੇ ਹਾਂ। ਜੇਕਰ ਵਿਦੇਸ਼ੀ ਨਾਗਰਿਕ ਕਾਨੂੰਨ ਤੋੜਦੇ ਹਨ, ਤਾਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਵਾਪਸ ਭੇਜ ਦਿੱਤਾ ਜਾਵੇਗਾ।

ਇਹ ਧਿਆਨ ਦੇਣ ਯੋਗ ਹੈ ਕਿ ਬ੍ਰਿਟਿਸ਼ ਸਰਕਾਰ ਨੇ ਬਰਤਾਨੀਆ ਵਿੱਚ ਵਧ ਰਹੇ ਇਮੀਗ੍ਰੇਸ਼ਨ ਨੂੰ ਰੋਕਣ ਕਰਨ ਲਈ "ਡਿਪੋਰਟ ਨਾਓ ਅਪੀਲ ਲੇਟਰ" (ਦੇਸ਼ ਨਿਕਾਲਾ ਹੁਣ ਅਪੀਲ ਬਾਅਦ ਵਿੱਚ) ਨੀਤੀ ਦਾ ਵਿਸਥਾਰ ਕੀਤਾ ਹੈ। ਬ੍ਰਿਟਿਸ਼ ਸਰਕਾਰ ਨੇ ਇਸ ਨੀਤੀ ਵਿੱਚ ਭਾਰਤ ਸਮੇਤ 15 ਨਵੇਂ ਦੇਸ਼ਾਂ ਨੂੰ ਸ਼ਾਮਲ ਕੀਤਾ ਹੈ।

ਇਸ ਯੋਜਨਾ ਦੇ ਤਹਿਤ, ਵਿਦੇਸ਼ੀ ਅਪਰਾਧੀਆਂ ਨੂੰ ਉਨ੍ਹਾਂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਜੱਦੀ ਦੇਸ਼ ਭੇਜ ਦਿੱਤਾ ਜਾਵੇਗਾ। ਐਤਵਾਰ ਨੂੰ, ਯੂ ਕੇ ਦੇ ਗ੍ਰਹਿ ਵਿਭਾਗ ਨੇ ਐਲਾਨ ਕੀਤਾ ਕਿ ਇਸ ਯੋਜਨਾ ਦਾ ਦਾਇਰਾ ਅੱਠ ਦੇਸ਼ਾਂ ਤੋਂ ਵਧਾ ਕੇ 23 ਦੇਸ਼ਾਂ ਕਰ ਦਿੱਤਾ ਗਿਆ ਹੈ। ਨਵੀਂ ਸੂਚੀ ਵਿੱਚ ਭਾਰਤ ਦੇ ਨਾਲ-ਨਾਲ ਅੰਗੋਲਾ, ਆਸਟ੍ਰੇਲੀਆ, ਬੋਤਸਵਾਨਾ, ਬਰੂਨੇਈ, ਬੁਲਗਾਰੀਆ, ਕੈਨੇਡਾ, ਗੁਆਨਾ, ਇੰਡੋਨੇਸ਼ੀਆ, ਕੀਨੀਆ, ਲਾਤਵੀਆ, ਲੇਬਨਾਨ, ਮਲੇਸ਼ੀਆ, ਯੂਗਾਂਡਾ ਅਤੇ ਜ਼ੈਂਬੀਆ ਸ਼ਾਮਲ ਹਨ। ਸੂਚੀ ਵਿੱਚ ਪਹਿਲਾਂ ਹੀ ਸ਼ਾਮਲ ਦੇਸ਼ ਫਿਨਲੈਂਡ, ਨਾਈਜੀਰੀਆ, ਐਸਟੋਨੀਆ, ਅਲਬਾਨੀਆ, ਬੇਲੀਜ਼, ਮਾਰੀਸ਼ਸ, ਤਨਜ਼ਾਨੀਆ ਅਤੇ ਕੋਸੋਵੋ ਸਨ।

ਯੂ ਕੇ ਦੇ ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਵਿਦੇਸ਼ੀ ਅਪਰਾਧੀ ਜੇਲ੍ਹ ਦੀ ਆਬਾਦੀ ਦਾ ਲਗਭਗ 12 ਪ੍ਰਤੀਸ਼ਤ ਬਣਦੇ ਹਨ ਅਤੇ ਹਰੇਕ ਕੈਦੀ ਦੀ ਔਸਤ ਲਾਗਤ 54,000 ਪੌਂਡ ਪ੍ਰਤੀ ਸਾਲ ਹੈ।

# ਯੂ ਕੇ 'ਚ ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ ਵਿਰੁੱਧ ਕਾਰਵਾਈ ਵਿੱਚ ਭਾਰਤੀਆਂ ਸਮੇਤ ਸੈਂਕੜੇ ਗ੍ਰਿਫ਼ਤਾਰ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਭਰ ਵਿੱਚ ਇਮੀਗ੍ਰੇਸ਼ਨ ਛਾਪੇਮਾਰੀ ਦੌਰਾਨ ਡਿਲੀਵਰੀ ਫਰਮਾਂ ਲਈ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਦੇ ਸ਼ੱਕ ਵਿੱਚ ਦੋ-ਪਹੀਆ ਵਾਹਨ ਸਵਾਰਾਂ 'ਤੇ ਇੱਕ ਹਫ਼ਤੇ ਚੱਲੀ ਕਾਰਵਾਈ ਵਿੱਚ ਸੈਂਕੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਭਾਰਤੀ ਵੀ ਸ਼ਾਮਲ ਹਨ।***

ਯੂ ਕੇ ਦੇ ਗ੍ਰਹਿ ਦਫ਼ਤਰ ਨੇ ਇਸ ਹਫ਼ਤੇ ਖੁਲਾਸਾ ਕੀਤਾ ਕਿ ਉਸਦੀਆਂ ਇਮੀਗ੍ਰੇਸ਼ਨ ਇਨਫੋਰਸਮੈਂਟ ਟੀਮਾਂ ਨੇ ਹਾਲ ਹੀ ਵਿੱਚ ਦੇਸ਼ ਭਰ ਵਿੱਚ ਆਪ੍ਰੇਸ਼ਨ ਇਕੁਅਲਾਈਜ਼ ਚਲਾਇਆ ਸੀ, ਜਿਸ ਵਿੱਚ ਡਿਲੀਵਰੀ ਡਰਾਈਵਰਾਂ ਵਜੋਂ ਕੰਮ ਕਰਨ ਵਾਲੇ ਪ੍ਰਵਾਸੀਆਂ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਗੈਰ-ਕਾਨੂੰਨੀ ਕੰਮ ਕਰਨ ਵਾਲੇ ਸਥਾਨਾਂ ਤੇ ਛਾਪੇਮਾਰੀ ਕੀਤੀ ਗਈ।

ਗ੍ਰਹਿ ਦਫ਼ਤਰ ਨੇ ਕਿਹਾ ਕਿ 20 ਤੋਂ 27 ਜੁਲਾਈ ਦੇ ਵਿਚਕਾਰ, ਕੁੱਲ 1,780 ਵਿਅਕਤੀਆਂ ਨੂੰ ਰੋਕਿਆ ਗਿਆ, ਜਿਹਨਾਂ ਵਿੱਚ 280 ਪ੍ਰਵਾਸੀਆਂ ਅਤੇ ਸ਼ਰਣ ਮੰਗਣ ਵਾਲਿਆਂ ਨੂੰ ਬਿਨਾਂ ਕਿਸੇ ਦਸਤਾਵੇਜ਼ ਦੇ ਕੰਮ ਕਰਦੇ ਪਾਇਆ ਗਿਆ। ਪੱਛਮੀ ਲੰਡਨ ਦੇ ਹਿਲਿੰਗਡਨ ਵਿੱਚ ਇੱਕ ਛਾਪੇਮਾਰੀ ਦੌਰਾਨ, ਅਧਿਕਾਰੀਆਂ ਨੇ ਸੱਤ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਵਿੱਚੋਂ ਪੰਜ ਨੂੰ ਗੈਰ-ਕਾਨੂੰਨੀ ਕੰਮ ਕਰਨ ਲਈ ਹਿਰਾਸਤ ਵਿੱਚ ਲਿਆ ਗਿਆ ਸੀ।

ਯੂ ਕੇ ਦੀ ਸਰਹੱਦੀ ਸੁਰੱਖਿਆ ਅਤੇ ਸ਼ਰਣ ਮੰਤਰੀ ਡੈਮ ਐਂਜੇਲਾ ਈਗਲ ਨੇ ਕਿਹਾ ਕਿ "ਗੈਰ-ਕਾਨੂੰਨੀ ਕੰਮ ਸਾਡੀ ਸਰਹੱਦੀ ਸੁਰੱਖਿਆ ਨੂੰ ਕਮਜ਼ੋਰ ਕਰਦਾ ਹੈ ਅਤੇ ਅਸੀਂ ਇਸ 'ਤੇ ਸਖ਼ਤ ਕਾਰਵਾਈ ਕਰ ਰਹੇ ਹਾਂ। ਇਸੇ ਲਈ ਅਸੀਂ ਯੂ ਕੇ ਭਰ ਵਿੱਚ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਹੈ ਤਾਂ ਜੋ ਉਨ੍ਹਾਂ ਲੋਕਾਂ ਨੂੰ ਫੜਿਆ ਜਾ ਸਕੇ ਜੋ ਸੋਚਦੇ ਹਨ ਕਿ ਉਹ ਇਮੀਗ੍ਰੇਸ਼ਨ ਅਤੇ ਰੁਜ਼ਗਾਰ ਕਾਨੂੰਨਾਂ ਤੋਂ ਬਚ ਸਕਦੇ ਹਨ,"।

"ਇਹ ਕਾਰਵਾਈ ਸਾਡੇ ਭਾਈਚਾਰਿਆਂ ਵਿੱਚ ਹਰ ਪੱਧਰ 'ਤੇ ਸੰਗਠਿਤ ਇਮੀਗ੍ਰੇਸ਼ਨ ਅਪਰਾਧ ਨੂੰ ਰੋਕਣ ਲਈ ਸਾਡੇ ਅਣਥੱਕ ਯਤਨਾਂ ਦੀ ਇੱਕ ਉਦਾਹਰਣ ਹੈ,"। ਗ੍ਰਹਿ ਦਫ਼ਤਰ ਨੇ ਕਿਹਾ ਕਿ ਆਪ੍ਰੇਸ਼ਨ ਇਕੁਅਲਾਈਜ਼ ਦੇ ਨਤੀਜੇ ਵਜੋਂ 53 ਵਿਅਕਤੀਆਂ ਦੀ ਸ਼ਰਣ ਸਹਾਇਤਾ ਦੀ ਸਮੀਖਿਆ ਕੀਤੀ ਜਾ ਰਹੀ ਹੈ, ਜਿਸਦੇ ਨਤੀਜੇ ਵਜੋਂ ਰਿਹਾਇਸ਼ ਜਾਂ ਭੁਗਤਾਨ ਵਰਗੀ ਸਹਾਇਤਾ ਨੂੰ ਮੁਅੱਤਲ ਜਾਂ ਵਾਪਸ ਲਿਆ ਜਾ ਸਕਦਾ ਹੈ।

ਇਹ ਕਾਰਵਾਈ ਪਿਛਲੇ ਮਹੀਨੇ ਗ੍ਰਹਿ ਦਫ਼ਤਰ ਦੀ ਚੇਤਾਵਨੀ ਤੋਂ ਬਾਅਦ ਹੋਈ ਹੈ ਕਿ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਦੇ ਫੜੇ ਗਏ ਭੋਜਨ ਡਿਲੀਵਰੀ ਕਰਮਚਾਰੀ ਸ਼ਰਣ ਸਹਾਇਤਾ ਗੁਆ ਸਕਦੇ ਹਨ ਅਤੇ ਯੂ ਕੇ ਤੋਂ ਕੱਢੇ (ਡਿਪੋਰਟ ਕੀਤੇ) ਜਾ ਸਕਦੇ ਹਨ।

# ਸ਼ੰਕਰਾਨੰਦ ਦੀਆਂ ਅਸ਼ਲੀਲ ਵੀਡੀਓਜ਼ ਕਾਰਨ ਲੋਕਾਂ ਵਿਚ ਗੁੱਸਾ

## ✪ ਸਾਲਾਨਾ ਸਮਾਗਮ ਰੱਦ: ਓਮਾਨੰਦ ਦਾ ਸੋਸ਼ਲ ਮੀਡੀਆ 'ਤੇ ਐਲਾਨ
## ✪ ਬਾਲ ਘਰ ਦੇ ਅੱਤਿਆਚਾਰਾਂ ਦੇ ਖੁਲਾਸਿਆਂ ਨੇ ਲੋਕਾਂ ਵਿਚ ਵਿਰੋਧ ਕੀਤਾ ਤਿੱਖਾ

### ਖਾਸ ਖਬਰ


ਜਗਰਾਓਂ ਦੇ ਨੇੜੇ ਸਥਿਤ ਤਲਵੰਡੀ ਧਾਮ, ਜੋ ਕਦੇ ਸਵਾਮੀ ਗੰਗਾਨੰਦ ਜੀ ਦੀ ਯਾਦ ਵਿੱਚ ਧਾਰਮਿਕ ਸ਼ਰਧਾ ਦਾ ਕੇਂਦਰ ਸੀ, ਅੱਜ-ਕੱਲ੍ਹ ਵਿਵਾਦਾਂ ਦੇ ਘੇਰੇ ਵਿੱਚ ਹੈ। ਡੇਰੇ ਦੇ ਮੁਖੀ ਸਵਾਮੀ ਸ਼ੰਕਰਾਨੰਦ ਦੀਆਂ ਅਸ਼ਲੀਲ ਵੀਡੀਓਜ਼ ਜੂਨ ਅਤੇ ਅਗਸਤ 2025 ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਨਾਲ ਸੰਗਤ ਅਤੇ ਸਥਾਨਕ ਲੋਕਾਂ ਵਿੱਚ ਗੁੱਸਾ ਫੈਲ ਗਿਆ। ਇਹ ਵੀਡੀਓਜ਼, ਜਿਨ੍ਹਾਂ ਨੂੰ ਸ਼ਰਧਾਲੂਆਂ ਅਤੇ ਪਿੰਡ ਵਾਸੀਆਂ ਨੇ ਅਸ਼ਲੀਲ ਕਰਾਰ ਦਿੱਤਾ, ਨੇ ਡੇਰੇ ਦੀ ਸਾਖ ਨੂੰ ਡੂੰਘੀ ਚੋਟ ਪਹੁੰਚਾਈ। ਪਹਿਲੀ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਮੁੱਲਾਂਪੁਰ ਦਾਖਾ ਪੁਲਿਸ ਨੇ ਸ਼ੰਕਰਾਨੰਦ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ। ਪਰ, ਸ਼ੰਕਰਾਨੰਦ ਤੁਰੰਤ ਡੇਰਾ ਛੱਡ ਕੇ ਫਰਾਰ ਹੋ ਗਿਆ ਅਤੇ ਅੱਜ ਤੱਕ ਪੁਲਿਸ ਦੀ ਪਕੜ ਵਿੱਚ ਨਹੀਂ ਆਇਆ।

ਇਸ ਵਿਵਾਦ ਨੇ ਨਾ ਸਿਰਫ ਸਥਾਨਕ ਲੋਕਾਂ, ਸਗੋਂ ਵਿਦੇਸ਼ਾਂ ਵਿੱਚ ਰਹਿੰਦੀ ਸੰਗਤ, ਖਾਸ ਕਰਕੇ ਕੈਨੇਡਾ ਦੀ ਸੰਗਤ ਨੂੰ ਵੀ ਹਿਲਾ ਕੇ ਰੱਖ ਦਿੱਤਾ। ਕੈਨੇਡਾ ਦੀ ਸੰਗਤ ਨੇ ਇਸ ਮੁੱਦੇ 'ਤੇ ਮਤਾ ਪਾਸ ਕਰਕੇ ਸ਼ੰਕਰਾਨੰਦ ਅਤੇ ਡੇਰੇ ਦੀਆਂ ਗਤੀਵਿਧੀਆਂ ਦੀ ਸਖਤ ਨਿਖੇਧੀ ਕੀਤੀ। ਸ਼ੰਕਰਾਨੰਦ ਦੇ ਸਮਰਥਕਾਂ ਨੇ ਵੀਡੀਓਜ਼ ਨੂੰ "ਫੇਕ" ਅਤੇ ਸਾਜ਼ਿਸ਼ ਦਾ ਹਿੱਸਾ ਦੱਸਿਆ, ਪਰ ਜਨਤਕ ਰੋਹ ਅਤੇ ਪੁਲਿਸ ਦੀ ਕਾਰਵਾਈ ਨੇ ਇਸ ਮਾਮਲੇ ਨੂੰ ਹੋਰ ਗੰਭੀਰ ਕਰ ਦਿੱਤਾ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਵਿਅਕਤੀ, ਜੋ ਧਰਮ ਦੀ ਆੜ ਵਿੱਚ ਅਸ਼ਲੀਲਤਾ ਫੈਲਾਉਣ, ਨੂੰ ਡੇਰੇ ਦੀ ਸੇਵਾ ਦਾ ਹੱਕ ਨਹੀਂ।

### ਸਾਲਾਨਾ ਸਮਾਗਮ ਰੱਦ

ਤਲਵੰਡੀ ਧਾਮ ਵਿੱਚ ਹਰ ਸਾਲ ਸਵਾਮੀ ਗੰਗਾਨੰਦ ਜੀ ਦੀ ਯਾਦ ਵਿੱਚ ਪੰਜ ਰੋਜ਼ਾ ਸਾਲਾਨਾ ਸਮਾਗਮ ਕਰਵਾਇਆ ਜਾਂਦਾ ਸੀ, ਜਿਸ ਵਿੱਚ ਹਜ਼ਾਰਾਂ ਸ਼ਰਧਾਲੂ ਸ਼ਾਮਲ ਹੁੰਦੇ ਸਨ। ਇਸ ਸਾਲ 14 ਤੋਂ 18 ਅਗਸਤ ਤੱਕ ਸਮਾਗਮ ਦੀਆਂ ਤਰੀਕਾਂ ਐਲਾਨੀਆਂ ਗਈਆਂ ਸਨ, ਪਰ ਸ਼ੰਕਰਾਨੰਦ ਦੇ ਵਿਵਾਦ ਕਾਰਨ ਇਸ ਨੂੰ ਰੱਦ ਕਰਨ ਦਾ ਫੈਸਲਾ ਲਿਆ ਗਿਆ। ਡੇਰੇ ਦੇ ਮੌਜੂਦਾ ਸੰਚਾਲਕ ਓਮਾਨੰਦ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਸੰਗਤ ਨੂੰ ਸਮਾਗਮ ਵਿੱਚ ਨਾ ਪਹੁੰਚਣ ਦੀ ਅਪੀਲ ਕੀਤੀ ਅਤੇ ਐਲਾਨ ਕੀਤਾ ਕਿ ਵਿਵਾਦ ਨੂੰ ਦੇਖਦਿਆਂ ਸਮਾਗਮ ਨਹੀਂ ਹੋਵੇਗਾ।

ਓਮਾਨੰਦ ਦੀ ਮੌਜੂਦਗੀ ਵੀ ਵਿਵਾਦ ਦਾ ਕਾਰਨ ਬਣੀ ਹੋਈ ਹੈ। ਛੁਡਾਨੀ ਧਾਮ ਦੇ ਮੁਖੀ ਸ੍ਰੀਮਹੰਤ ਦਯਾਸਾਗਰ ਨੇ ਡੀਸੀ ਲੁਧਿਆਣਾ ਨੂੰ ਚਿੱਠੀ ਲਿਖ ਕੇ ਕਿਹਾ ਕਿ ਓਮਾਨੰਦ ਨੇ ਨਾਜਾਇਜ਼ ਤਰੀਕੇ ਨਾਲ ਡੇਰੇ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਸਮਾਗਮ ਦਾ ਆਯੋਜਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਮਾਗਮ ਨੂੰ ਰੋਕਿਆ ਜਾਵੇ, ਕਿਉਂਕਿ ਇਸ ਨਾਲ ਸਥਾਨਕ ਪਿੰਡਾਂ ਵਿੱਚ ਅਸ਼ਾਂਤੀ ਫੈਲ ਸਕਦੀ ਹੈ। ਪਿੰਡ ਤਲਵੰਡੀ



ਖੁਰਦ ਦੀ ਪੰਚਾਇਤ ਅਤੇ ਕਈ ਜਥੇਬੰਦੀਆਂ ਨੇ ਵੀ ਸਮਾਗਮ ਦਾ ਸਖਤ ਵਿਰੋਧ ਕੀਤਾ, ਜਿਸ ਕਾਰਨ ਓਮਾਨੰਦ ਨੂੰ ਪਿੱਛੇ ਹਟਣਾ ਪਿਆ।

### ਲੋਕਾਂ ਦਾ ਗੁੱਸਾ ਅਤੇ ਬਾਲ ਘਰ ਦੇ ਅੱਤਿਆਚਾਰਾਂ ਦੇ ਖੁਲਾਸੇ

ਸ਼ੰਕਰਾਨੰਦ ਦੀਆਂ ਵੀਡੀਓਜ਼ ਤੋਂ ਇਲਾਵਾ, ਤਲਵੰਡੀ ਧਾਮ ਦੇ ਬਾਲ ਘਰ ਵਿੱਚ ਹੋਏ ਕਥਿਤ ਅੱਤਿਆਚਾਰਾਂ ਨੇ ਵੀ ਲੋਕਾਂ ਦੇ ਗੁੱਸੇ ਨੂੰ ਹੋਰ ਭੜਕਾਇਆ। ਇੱਕ ਸਾਬਕਾ ਬਾਲ ਘਰ ਦੀ ਬੱਚੀ ਨੇ ਸੋਸ਼ਲ ਮੀਡੀਆ 'ਤੇ ਆਪਣੇ 15 ਸਾਲ ਦੇ ਅਨੁਭਵ ਸਾਂਝੇ ਕੀਤੇ, ਜਿਨ੍ਹਾਂ ਵਿੱਚ ਬੱਚਿਆਂ 'ਤੇ ਮਾਰਕੁਟਾਈ, ਜੇਲ੍ਹ ਵਰਗੀਆਂ ਸਥਿਤੀਆਂ ਵਿੱਚ ਰੱਖਣ, ਅਤੇ ਮਾਨਸਿਕ-ਸਰੀਰਕ ਤਸ਼ੱਦਦ ਦੇ ਗੰਭੀਰ ਦੋਸ਼ ਸ਼ਾਮਲ ਸਨ। ਇਸ ਖੁਲਾਸੇ ਨੇ ਸਥਾਨਕ ਲੋਕਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਡੇਰੇ ਦੇ ਸੰਚਾਲਨ 'ਤੇ ਸਵਾਲ ਉਠਾਉਣ ਲਈ ਮਜਬੂਰ ਕੀਤਾ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਸ਼ੰਕਰਾਨੰਦ ਦੀ ਫਰਾਰੀ ਅਤੇ ਓਮਾਨੰਦ ਦੀ ਮੌਜੂਦਗੀ ਨੇ ਡੇਰੇ ਦੀ ਸਾਖ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਉਹ ਸਵਾਲ ਉਠਾਉਂਦੇ ਹਨ ਕਿ ਜੇ ਡੇਰੇ ਦੇ ਮੁਖੀ ਹੀ ਅਜਿਹੀਆਂ ਹਰਕਤਾਂ ਵਿੱਚ ਸ਼ਾਮਲ ਹਨ, ਤਾਂ ਸਮਾਗਮ ਜਾਂ ਧਾਰਮਿਕ ਗਤੀਵਿਧੀਆਂ ਦਾ ਕੀ ਅਰਥ ਰਹਿ ਜਾਂਦਾ ਹੈ? ਕਈ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਡੇਰੇ ਦੀ ਜਾਂਚ ਕੀਤੀ ਜਾਵੇ ਅਤੇ ਸ਼ੰਕਰਾਨੰਦ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇ। ਸ਼ੰਕਰਾਨੰਦ ਨੇ ਲੁਧਿਆਣਾ ਅਦਾਲਤ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਜ਼ਮਾਨਤ ਅਰਜ਼ੀਆਂ ਦਾਇਰ ਕੀਤੀਆਂ, ਪਰ ਇਹ ਰੱਦ ਹੋ ਗਈਆਂ ਸਨ।

ਤਲਵੰਡੀ ਧਾਮ ਦਾ ਵਿਵਾਦ ਪੰਜਾਬ ਵਿੱਚ ਡੇਰਿਆਂ ਦੀ ਸਮਾਜਿਕ ਅਤੇ ਧਾਰਮਿਕ ਸਾਖ 'ਤੇ ਸਵਾਲ ਉਠਾਉਂਦਾ ਹੈ। ਸ਼ੰਕਰਾਨੰਦ ਦੀਆਂ ਅਸ਼ਲੀਲ ਵੀਡੀਓਜ਼, ਬਾਲ ਘਰ ਦੇ ਅੱਤਿਆਚਾਰਾਂ ਦੇ ਖੁਲਾਸੇ, ਅਤੇ ਓਮਾਨੰਦ ਦੀ ਮੌਜੂਦਗੀ ਨੇ ਲੋਕਾਂ ਦਾ ਵਿਸ਼ਵਾਸ ਤੋੜ ਦਿੱਤਾ। ਪੁਲਿਸ ਅਤੇ ਪ੍ਰਸ਼ਾਸਨ ਨੂੰ ਇਸ ਮਾਮਲੇ ਵਿੱਚ ਸਖਤ ਅਤੇ ਪਾਰਦਰਸ਼ੀ ਕਾਰਵਾਈ ਕਰਨ ਦੀ ਲੋੜ ਹੈ, ਤਾਂ ਜੋ ਸ਼ਰਧਾਲੂਆਂ ਦੀਆਂ ਭਾਵਨਾਵਾਂ ਦੀ ਰਾਖੀ ਹੋ ਸਕੇ ਅਤੇ ਅਜਿਹੀਆਂ ਘਟਨਾਵਾਂ ਦੀ ਪੁਨਰਾਵ੍ਰਿਤੀ ਨੂੰ ਰੋਕਿਆ ਜਾ ਸਕੇ।


# 'ਕਕਾਰ' ਪਹਿਨ ਕੇ ਨਿਆਂਇਕ ਪ੍ਰੀਖਿਆ ਨਾ ਦੇਣ ਵਿਰੁੱਧ ਮਾਮਲਾ ਹਾਈਕੋਰਟ ਪਹੁੰਚਿਆ

## ✪ ਹਾਈਕੋਰਟ ਨੇ ਰਾਜਸਥਾਨ ਅਤੇ ਕੇਂਦਰ ਸਰਕਾਰ ਤੋਂ ਮੰਗਿਆ ਜਵਾਬ

ਚੰਡੀਗੜ੍ਹ-ਰਾਜਸਥਾਨ ਨਿਆਂਇਕ ਸੇਵਾ ਪ੍ਰੀਖਿਆ ਦੌਰਾਨ ਇੱਕ ਸਿੱਖ ਲੜਕੀ ਗੁਰਪ੍ਰੀਤ ਕੌਰ ਨੂੰ 'ਕਿਰਪਾਨ' ਪਹਿਨਣ ਕਾਰਨ ਬੈਠਣ ਦੀ ਇਜਾਜ਼ਤ ਨਾ ਮਿਲਣ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ।

ਇਹ ਘਟਨਾ 23 ਜੂਨ, 2024 ਨੂੰ ਜੋਧਪੁਰ ਵਿੱਚ ਵਾਪਰੀ, ਜਦੋਂ ਅਰਪ੍ਰੀਤ ਕੌਰ , ਜੋ ਇੱਕ ਅੰਮ੍ਰਿਤਧਾਰੀ ਸਿੱਖ ਹੈ, ਨੂੰ ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਉਸਨੇ ਅਧਿਕਾਰੀਆਂ ਨੂੰ ਦੱਸਿਆ ਕਿ 'ਕਿਰਪਾਨ' ਸਿੱਖ ਧਰਮ ਦੇ ਪੰਜ ਕੱਕਾਰਾਂ ਵਿੱਚੋਂ ਇੱਕ ਹੈ ਅਤੇ ਇਸ ਨੂੰ ਪਹਿਨਣਾ ਉਸਦੇ ਧਾਰਮਿਕ ਅਧਿਕਾਰ ਦਾ ਹਿੱਸਾ ਹੈ, ਪਰ ਉਸਦੀ ਗੱਲ ਨਾ ਸੁਣੀ ਗਈ ਅਤੇ ਉਸਨੂੰ ਪ੍ਰੀਖਿਆ ਤੋਂ ਵਾਂਝਾ ਕਰ ਦਿੱਤਾ ਗਿਆ।

ਇਸ ਮਾਮਲੇ ਨੂੰ ਲੈ ਕੇ ਗੁਰਪ੍ਰੀਤ ਕੌਰ ਅਤੇ ਸ਼੍ਰੋਮਣੀ ਕਮੇਟੀ ਨੇ ਸਾਂਝੇ ਤੌਰ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੀਆਈਐਲ ਦਾਇਰ ਕੀਤੀ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਦੇਸ਼ ਭਰ ਵਿੱਚ




'ਕਿਰਪਾਨ' ਸਬੰਧੀ ਸਪੱਸ਼ਟ ਅਤੇ ਇਕਸਾਰ ਦਿਸ਼ਾ-ਨਿਰਦੇਸ਼ ਬਣਾਏ ਜਾਣ ਤਾਂ ਜੋ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ। 'ਕਿਰਪਾਨ' ਸਿੱਖ ਧਰਮ ਦਾ ਅਹਿਮ ਚਿੰਨ੍ਹ ਹੈ, ਜਿਸ ਨੂੰ ਅੰਮ੍ਰਿਤਧਾਰੀ ਸਿੱਖਾਂ ਲਈ ਹਰ ਸਮੇਂ ਪਹਿਨਣਾ ਲਾਜ਼ਮੀ ਹੈ।

ਪਟੀਸ਼ਨ ਵਿੱਚ ਭਾਰਤੀ ਸੰਵਿਧਾਨ ਦੀ ਧਾਰਾ 25 ਦਾ ਹਵਾਲਾ ਦਿੱਤਾ ਗਿਆ ਹੈ, ਜੋ ਸਾਰੇ ਨਾਗਰਿਕਾਂ ਨੂੰ ਧਾਰਮਿਕ ਆਜ਼ਾਦੀ ਦਾ ਅਧਿਕਾਰ ਦਿੰਦੀ ਹੈ। ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਡਿਵੀਜ਼ਨ ਬੈਂਚ ਨੇ ਇਸ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕੇਂਦਰ ਸਰਕਾਰ, ਰਾਜਸਥਾਨ ਸਰਕਾਰ ਅਤੇ ਹੋਰ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਹਨ ਅਤੇ ਜਵਾਬ ਮੰਗਿਆ ਹੈ। ਗੁਰਪ੍ਰੀਤ ਕੌਰ ਨੇ ਰਾਜਸਥਾਨ ਹਾਈ ਕੋਰਟ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਵੀ ਸ਼ਿਕਾਇਤ ਕੀਤੀ ਸੀ, ਪਰ ਉਸਨੂੰ ਕੋਈ ਰਾਹਤ ਨਹੀਂ ਮਿਲੀ। ਇਹ ਮਾਮਲਾ ਧਾਰਮਿਕ ਅਧਿਕਾਰਾਂ ਅਤੇ ਪ੍ਰੀਖਿਆਵਾਂ ਦੇ ਵਿਵਹਾਰਕ ਨਿਯਮਾਂ ਵਿਚਕਾਰ ਸੰਤੁਲਨ ਦਾ ਸਵਾਲ ਉਠਾਉਂਦਾ ਹੈ।

ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਅਗਲੀ ਸੁਣਵਾਈ ਦੀ ਮਿਤੀ ਜਲਦ ਐਲਾਨਣ ਦਾ ਫ਼ੈਸਲਾ ਕੀਤਾ ਹੈ। ਇਸ ਦਾ ਨਤੀਜਾ ਸਿੱਖ ਭਾਈਚਾਰੇ ਅਤੇ ਧਾਰਮਿਕ ਆਜ਼ਾਦੀ ਦੀ ਸੁਰੱਖਿਆ ਲਈ ਮਹੱਤਵਪੂਰਨ ਹੋਵੇਗਾ।

# ਏਜੰਟ ਨੇ ਨੀਦਰਲੈਂਡ ਤੇ ਜਰਮਨੀ ਭੇਜਣ ਦਾ ਝਾਂਸਾ ਦੇ ਕੇ 11.45 ਲੱਖ ਠੱਗੇ, ਮਾਮਲਾ ਦਰਜ




ਜਲੰਧਰ-ਫਿਲੌਰ 'ਚ ਇਕ ਵਿਅਕਤੀ ਨੂੰ ਵਿਦੇਸ਼ ਭੇਜਣ ਦੇ ਨਾਂ ਤੇ ਲੱਖਾਂ ਰੁਪਏ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਕਟਪਾਲਾਂ ਦੇ ਰਹਿਣ ਵਾਲੇ ਪੀੜਤ ਸੋਮਨਾਥ ਜੱਖੂ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਮੁਲਜ਼ਮ ਮਹਿੰਦਰ ਸਿੰਘ, ਜੋ ਪਿੰਡ ਥਾਲਾ ਦਾ ਵਸਨੀਕ ਹੈ ਤੇ ਹੁਣ ਦਿੱਲੀ ਵਿਚ ਰਹਿੰਦਾ ਹੈ, ਨੇ ਉਸ ਨੂੰ ਨੀਦਰਲੈਂਡ ਤੇ ਜਰਮਨੀ ਭੇਜਣ ਦਾ ਝਾਂਸਾ ਦੇ ਕੇ 11,45,000 ਰੁਪਏ ਲੈ ਲਏ। ਸ਼ਿਕਾਇਤ 'ਚ ਇਹ ਵੀ ਦੱਸਿਆ ਗਿਆ ਕਿ ਮੁਲਜ਼ਮ ਨੇ ਵੀਜ਼ਾ ਤੇ ਹੋਰ ਕੰਮਾਂ ਦੇ ਨਾਂ ਤੇ ਇਹ ਰਕਮ ਲਈ ਪਰ ਨਾ ਤਾਂ ਵਿਦੇਸ਼ ਭੇਜਿਆ ਤੇ ਨਾ ਹੀ ਪੈਸੇ ਮੋੜੇ।

ਪੁਲਿਸ ਦੀ ਜਾਂਚ ਮਗਰੋਂ ਮਹਿੰਦਰ ਸਿੰਘ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ।

# ਹਰਿਆਣਾ ਗੁਰਦੁਆਰਾ ਕਮੇਟੀ ਨੇ 2014 ਦੇ ਗੁਰਦੁਆਰਾ ਐਕਟ ਵਿੱਚ ਸੋਧਾਂ ਨੂੰ ਰੱਦ ਕੀਤਾ, ਮਤਾ ਪਾਸ

ਕਰਨਾਲ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਸਰਕਾਰ ਵੱਲੋਂ 2014 ਦੇ ਸਿੱਖ ਗੁਰਦੁਆਰਾ ਪ੍ਰਬੰਧਕ ਐਕਟ ਵਿੱਚ ਪ੍ਰਸਤਾਵਿਤ ਸੋਧਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ। ਕੁਰੂਕਸ਼ੇਤਰ ਸਥਿਤ ਕਮੇਟੀ ਦੇ ਮੁੱਖ ਦਫਤਰ ਵਿੱਚ ਹੋਈ ਜਨਰਲ ਹਾਊਸ ਦੀ ਮੀਟਿੰਗ ਵਿੱਚ, 32 ਮੈਂਬਰਾਂ ਨੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਇਹਨਾਂ ਸੋਧਾਂ ਦਾ ਵਿਰੋਧ ਕੀਤਾ ਅਤੇ ਸਰਕਾਰ ਵੱਲੋਂ ਬਿਨਾਂ ਸਲਾਹ-ਮਸ਼ਵਰੇ ਦੇ ਸੋਧਾਂ ਨੂੰ ਮਨਜ਼ੂਰੀ ਦੇਣ 'ਤੇ ਨਾਰਾਜ਼ਗੀ ਜ਼ਾਹਰ ਕੀਤੀ।

ਇਹ ਸੋਧਾਂ ਆਉਣ ਵਾਲੀ ਹਰਿਆਣਾ ਵਿਧਾਨ ਸਭਾ ਦੇ ਸੈਸ਼ਨ ਵਿੱਚ ਪੇਸ਼ ਹੋਣ ਦੀ ਸੰਭਾਵਨਾ ਸੀ। ਪਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਇਹ ਸੋਧਾਂ ਮਨਜ਼ੂਰ ਨਹੀਂ ਕਰਦੇ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਦਾ ਸਮਾਂ ਮੰਗਿਆ ਹੈ ਤਾਂ ਜੋ ਆਪਣੇ ਇਤਰਾਜ਼ ਸਿੱਧੇ ਤੌਰ 'ਤੇ ਰੱਖ ਸਕਣ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ, "ਇਹ ਐਕਟ 2014 ਵਿੱਚ ਬਣਿਆ ਸੀ, ਪਰ ਸਰਕਾਰ ਨੇ ਸਾਡੀ 11 ਮੈਂਬਰੀ ਐਗਜ਼ਿਕਿਊਟਿਵ ਬਾਡੀ ਨਾਲ ਕੋਈ ਸਲਾਹ ਨਹੀਂ ਕੀਤੀ, ਜੋ ਮਨਜ਼ੂਰ ਨਹੀਂ। ਅਸੀਂ ਜਨਰਲ ਹਾਊਸ ਵਿੱਚ ਸੋਧਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ। ਸਰਕਾਰ ਨੂੰ ਭਵਿੱਖ ਵਿੱਚ ਕੋਈ



ਸੋਧ ਕਰਨ ਤੋਂ ਪਹਿਲਾਂ ਸਾਡੀ ਮਨਜ਼ੂਰੀ ਲੈਣੀ ਚਾਹੀਦੀ।"

ਕਮੇਟੀ ਵਿੱਚ ਕੁੱਲ 49 ਮੈਂਬਰ ਹਨ, ਜਿਨ੍ਹਾਂ ਵਿੱਚੋਂ 40 ਚੁਣੇ ਹੋਏ ਅਤੇ 9 ਕੋ-ਆਪਟਿਡ ਹਨ। ਮੀਟਿੰਗ ਵਿੱਚ 32 ਮੈਂਬਰ ਸ਼ਾਮਲ ਹੋਏ ਅਤੇ ਸੋਧਾਂ 'ਤੇ ਵਿਸਥਾਰ ਨਾਲ ਚਰਚਾ ਕਰਕੇ ਸਭ ਨੇ ਇੱਕਮੱਤ ਹੋ ਕੇ ਵਿਰੋਧ ਕੀਤਾ।

ਝੀਂਡਾ ਨੇ ਇੱਕ ਮੁੱਖ ਸੋਧ 'ਤੇ ਰੌਸ਼ਨੀ ਪਾਈ, ਜਿਸ ਅਨੁਸਾਰ ਐਕਟ ਦੀ ਧਾਰਾ 17(2)(ਚ) ਵਿੱਚ ਬਦਲਾਅ ਕੀਤਾ ਜਾ ਰਿਹਾ ਹੈ। ਇਸ ਧਾਰਾ ਅਨੁਸਾਰ ਪਹਿਲਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਮੈਂਬਰਾਂ ਨੂੰ ਦੋ-ਤਿਹਾਈ ਬਹੁਮਤ ਨਾਲ ਹਟਾਉਣ ਦਾ ਅਧਿਕਾਰ ਸੀ, ਪਰ ਹੁਣ ਇਹ ਅਧਿਕਾਰ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੂੰ ਦਿੱਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ, ਝੀਂਡਾ ਨੇ ਇੱਕ ਹੋਰ ਵੱਡੀ ਤਬਦੀਲੀ ਵੱਲ ਇਸ਼ਾਰਾ ਕੀਤਾ: "ਪਹਿਲਾਂ ਜੁਡੀਸ਼ੀਅਲ ਕਮਿਸ਼ਨ ਦੇ ਆਦੇਸ਼ਾਂ ਵਿਰੁੱਧ ਜ਼ਿਲ੍ਹਾ ਅਦਾਲਤਾਂ ਅਤੇ ਫਿਰ ਹਾਈਕੋਰਟ ਵਿੱਚ ਅਪੀਲ ਕੀਤੀ ਜਾ ਸਕਦੀ ਸੀ। ਹੁਣ ਨਵੀਂ ਸੋਧ ਮੁਤਾਬਕ ਅਪੀਲ ਸਿੱਧੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਹੀ ਕੀਤੀ ਜਾ ਸਕੇਗੀ, ਜਿਸ ਨਾਲ ਜ਼ਿਲ੍ਹਾ ਅਦਾਲਤਾਂ ਨੂੰ ਬਾਈਪਾਸ ਕਰ ਦਿੱਤਾ ਜਾਵੇਗਾ।"

ਕਮੇਟੀ ਨੇ ਐਲਾਨ ਕੀਤਾ ਕਿ 22 ਅਗਸਤ ਨੂੰ ਹੋਣ ਵਾਲੇ ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਇੱਕ ਸਿੱਖ ਸਫਮਲਨ ਬੁਲਾਇਆ ਜਾਵੇਗਾ, ਜਿਸ ਵਿੱਚ ਸਿੱਖ ਸੰਗਤ ਤੋਂ ਸੁਝਾਅ ਲਏ ਜਾਣਗੇ। ਝੀਂਡਾ ਨੇ ਕਿਹਾ, "ਸਾਡੇ ਜਨਰਲ ਹਾਊਸ ਨੇ ਸਿੱਖ ਸਫਮਲਨ ਬੁਲਾਉਣ ਦਾ ਮਤਾ ਪਾਸ ਕੀਤਾ ਹੈ ਤਾਂ ਜੋ ਸੈਸ਼ਨ ਤੋਂ ਪਹਿਲਾਂ ਸੰਗਤ ਦੀ ਰਾਇ ਜਾਣੀ ਜਾਵੇ।"

ਕੁਝ ਅਹਿਮ ਮੈਂਬਰ, ਜਿਵੇਂ ਨਥੂਸਰੀ ਚੋਪਟਾ ਤੋਂ ਆਜ਼ਾਦ ਮੈਂਬਰ ਅਤੇ ਅਕਾਲ ਪੰਥਕ ਮੋਰਚੇ ਦੇ ਪ੍ਰਮੁੱਖ ਆਗੂ ਪ੍ਰਕਾਸ਼ ਸਿੰਘ ਸਾਹੂਵਾਲ ਅਤੇ ਸ਼ਹਾਬਾਦ ਤੋਂ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਮੌਜੂਦਾ ਮੈਂਬਰ ਦੀਦਾਰ ਸਿੰਘ ਨਲਵੀ, ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਹਾਲਾਂਕਿ, ਉਹ ਪਹਿਲਾਂ ਹੀ ਇਹਨਾਂ ਸੋਧਾਂ ਦੀ ਨਿਖੇਧੀ ਕਰ ਚੁੱਕੇ ਸਨ।

ਇਹ ਵਿਰੋਧ ਸਿੱਖ ਭਾਈਚਾਰੇ ਵਿੱਚ ਗੁਰਦੁਆਰਾ ਪ੍ਰਬੰਧਕ ਪ੍ਰਕਿਰਿਆ ਵਿੱਚ ਸਰਕਾਰ ਦੇ ਦਖਲ ਨੂੰ ਲੈ ਕੇ ਵਧਦੀ ਚਿੰਤਾ ਨੂੰ ਦਰਸਾਉਂਦਾ ਹੈ।

## ਪੰਜਾਬ ਵਿੱਚ ਨਹੀਂ ਹੋਵੇਗਾ ਭਾਜਪਾ-ਅਕਾਲੀ ਦਲ ਗਠਜੋੜ

### ✪ ਸਿਰਸਾ ਨੇ ਸੁਣਾਇਆ ਹਾਈਕਮਾਂਡ ਦਾ ਫੈਸਲਾ

ਚੰਡੀਗੜ੍ਹ-ਸੀਨੀਅਰ ਭਾਜਪਾ ਆਗੂ ਅਤੇ ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬ



ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਭਾਜਪਾ ਦੇ ਗਠਜੋੜ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ 2022 ਤੋਂ ਪੰਜਾਬ ਵਿੱਚ ਇਕੱਲੇ ਜਾ ਰਹੇ ਹਾਂ। ਭਾਜਪਾ ਪੰਜਾਬ ਵਿੱਚ ਇਕੱਲਿਆਂ ਹੀ ਚੱਲੇਗੀ। ਸ਼੍ਰੋਮਣੀ ਅਕਾਲੀ ਦਲ ਦਾ ਗ੍ਰਾਫ ਬਹੁਤ ਹੇਠਾਂ ਚਲਾ ਗਿਆ ਹੈ। ਇਸ ਦੇ ਨਾਲ ਹੀ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਸੁਖਬੀਰ ਬਾਦਲ ਨੂੰ ਆਪਣੀ ਪਾਰਟੀ ਬਾਰੇ ਸੋਚਣ ਦੀ ਸਲਾਹ ਦਿੱਤੀ ਹੈ।ਉਨ੍ਹਾਂ ਕਿਹਾ ਕਿ ਇੱਕ ਅਕਾਲੀ ਦਲ ਕਹਿੰਦਾ ਹੈ ਕਿ ਅਕਾਲ ਤਖ਼ਤ ਸਾਹਿਬ ਨੇ ਸਾਨੂੰ ਬਣਾਇਆ, ਜਦੋਂ ਕਿ ਦੂਜਾ ਕਹਿੰਦਾ ਹੈ ਕਿ ਅਸੀਂ ਸੱਚਾ ਅਕਾਲੀ ਦਲ ਹਾਂ। ਜਲਦੀ ਹੀ ਲੋਕਾਂ ਨੂੰ ਇਸ ਅਕਾਲੀ ਦਲ ਬਾਰੇ ਵੀ ਫੈਸਲਾ ਲੈਣਾ ਪਵੇਗਾ। ਸਾਰਿਆਂ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਏ ਗਏ ਫੈਸਲੇ 'ਤੇ ਕਾਇਮ ਰਹਿਣਾ ਚਾਹੀਦਾ ਹੈ। ਅਕਾਲ ਤਖ਼ਤ ਮਹਾਨ ਹੈ, ਇਹ ਸਿੱਖ ਕੌਮ ਦਾ ਮਾਣ ਹੈ।

## ਬਾਦਲ ਅਕਾਲੀ ਦਲ ਵੱਲੋਂ 3 ਪ੍ਰਧਾਨ ਅਤੇ 55 ਉਪ ਪ੍ਰਧਾਨ ਨਿਯੁਕਤ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਇਸ ਦੌਰਾਨ ਤਿੰਨ ਜ਼ਿਲ੍ਹਿਆਂ ਦੇ ਪ੍ਰਧਾਨਾਂ ਅਤੇ 55 ਆਗੂਆਂ ਨੂੰ ਉਪ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸਦੇ ਤਹਿਤ ਗੁਰਬਚਨ ਸਿੰਘ ਬੱਬੇਹਾਲੀ ਨੂੰ ਗੁਰਦਾਸਪੁਰ ਸ਼ਹਿਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜਰਨੈਲ ਸਿੰਘ ਵਾਹਿਦ ਨੂੰ ਕਪੂਰਥਲਾ ਸ਼ਹਿਰ ਦਾ ਪ੍ਰਧਾਨ ਅਤੇ ਖਾਨਮੁਖ ਭਾਰਤੀ ਨੂੰ ਮੋਗਾ ਸ਼ਹਿਰ ਦਾ ਪ੍ਰਧਾਨ ਬਣਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਹ ਨਿਯੁਕਤੀਆਂ ਅਜਿਹੇ ਸਮੇਂ ਕੀਤੀਆਂ ਹਨ ਜਦੋਂ ਵਿਧਾਨ ਸਭਾ ਚੋਣਾਂ ਨੇ ਆਪਣਾ ਨਵਾਂ ਮੁਖੀ ਚੁਣ ਲਿਆ ਹੈ। ਜਦੋਂ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਥੋੜ੍ਹਾ ਜਿਹਾ ਸਮਾਂ ਬਾਕੀ ਹੈ। ਅਜਿਹੀ ਸਥਿਤੀ ਵਿੱਚ, ਸੰਗਠਨ ਨੂੰ ਮਜ਼ਬੂਤ ਕਰਨਾ ਵੀ ਪਾਰਟੀ ਲਈ ਇੱਕ ਵੱਡੀ ਚੁਣੌਤੀ ਹੈ। ਹਾਲਾਂਕਿ, ਲੈਂਡ ਪੂਲਿੰਗ ਨੀਤੀ ਦੇ ਬਹਾਨੇ, ਪਾਰਟੀ ਨੇ ਆਪਣੇ ਮੁੱਖ ਵੋਟਰਾਂ ਨਾਲ ਜੁੜਨ ਦੀ ਕੋਸ਼ਿਸ਼ ਕੀਤੀ ਹੈ। ਹਾਲਾਂਕਿ, ਬੇਅਦਬੀ ਦੇ ਇਲਜ਼ਾਮਾਂ ਕਾਰਨ, ਅਤੇ ਨਵੇਂ ਅਕਾਲੀ ਦਲ ਬਣਨ ਕਰਕੇ ਪਾਰਟੀ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਦਿੱਲੀ ਹਾਈ ਕੋਰਟ ਵਲੋਂ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਦੀ ਮੁੜ ਸੁਣਵਾਈ ਦਾ ਹੁਕਮ

ਦਿੱਲੀ-ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਸਾਲ 1986 ਵਿਚ ਚਾਰ ਜਣਿਆਂ ਨੂੰ ਬਰੀ ਕਰਨ ਫੈਸਲੇ ਨੂੰ ਰੱਦ ਕਰਦਿਆਂ ਇਸ ਮਾਮਲੇ ਦੀ ਮੁੜ ਸੁਣਵਾਈ ਕਰਨ ਦੇ ਹੁਕਮ ਦਿੱਤੇ ਹਨ। ਇਹ ਮਾਮਲਾ ਗਾਜ਼ੀਆਬਾਦ ਦੇ ਰਾਜ ਨਗਰ ਵਿੱਚ ਇੱਕ ਸਿੱਖ ਨਾਲ ਸਬੰਧਤ ਹੈ ਜਿਸ ਦੀ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ। ਹਾਈ ਕੋਰਟ ਨੇ ਇਸ ਮਾਮਲੇ ਵਿੱਚ ਮੁੜ ਸੁਣਵਾਈ ਦਾ ਹੁਕਮ ਦਿੰਦਿਆਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਅਤੇ ਸੁਣਵਾਈ ਨਾ ਹੋਣ ਕਾਰਨ ਪੀੜਤ ਪਰਿਵਾਰ ਦਾ ਕਾਨੂੰਨ 'ਤੇ ਵਿਸ਼ਵਾਸ ਉੱਠ ਸਕਦਾ ਹੈ। ਜਸਟਿਸ ਸੁਬਰਾਮਨੀਅਮ ਪ੍ਰਸਾਦ ਅਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ ਦੇ ਬੈਂਚ ਨੇ ਇਸ ਮਾਮਲੇ ਦਾ ਖੁਦ ਨੋਟਿਸ ਲੈਣ ਤੋਂ ਬਾਅਦ ਇਹ ਹੁਕਮ ਜਾਰੀ ਕੀਤਾ। ਅਦਾਲਤ ਨੇ ਕਿਹਾ ਕਿ ਉਨ੍ਹਾਂ ਨੂੰ ਪਹਿਲੀ ਨਜ਼ਰੇ ਜਾਂਚ ਵਿੱਚ ਗਲਤੀ ਮਿਲੀ ਹੈ। ਇਨ੍ਹਾਂ ਗਲਤੀਆਂ ਕਾਰਨ ਪੀੜਤ ਧਿਰ ਨੂੰ ਨਿਆਂ ਨਹੀਂ ਮਿਲਿਆ। ਕਤਲ ਅਤੇ ਅਗਜ਼ਨੀ ਨਾਲ ਸਬੰਧਤ ਮਾਮਲੇ ਦੀ ਪੁਲੀਸ ਤੇ ਏਜੰਸੀ ਨੇ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਤੇ ਨਾ ਹੀ ਵਧੀਕ ਸੈਸ਼ਨ ਜੱਜ ਨੇ ਸਹੀ ਢੰਗ ਨਾਲ ਕਾਰਵਾਈ ਚਲਾਈ। ਨਤੀਜੇ ਵਜੋਂ ਮ੍ਰਿਤਕ ਹਰਭਜਨ ਸਿੰਘ ਦੀ ਪਤਨੀ ਅਤੇ ਬੱਚਿਆਂ ਨੂੰ



ਧਾਰਾ 21 ਤਹਿਤ ਨਿਰਪੱਖ ਜਾਂਚ ਦੇ ਮੌਲਿਕ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਹੈ, ਜਿਸ ਨੂੰ ਜੇਕਰ ਸੁਧਾਰਿਆ ਨਹੀਂ ਗਿਆ ਤਾਂ ਉਨ੍ਹਾਂ ਦੀ ਸਾਡੀ ਕਾਨੂੰਨੀ ਪ੍ਰਣਾਲੀ ਵਿੱਚ ਉਮੀਦ ਖਤਮ ਹੋ ਸਕਦੀ ਹੈ।

ਇਸਤਗਾਸਾ ਪੱਖ ਅਨੁਸਾਰ ਪੀੜਤ ਦੀ ਪਤਨੀ ਨੇ ਦੋਸ਼ ਲਗਾਇਆ ਸੀ ਕਿ ਕੁਝ ਵਿਅਕਤੀਆਂ ਨੇ ਉਸ ਦੇ ਪਤੀ ਅਤੇ ਘਰ ਨੂੰ ਅੱਗ ਲਗਾ ਦਿੱਤੀ, ਜਿਸ ਕਾਰਨ ਉਸ ਦੇ ਪਤੀ ਦੀ ਮੌਤ ਹੋ ਗਈ। ਹਾਲਾਂਕਿ, ਹੇਠਲੀ ਅਦਾਲਤ ਨੇ ਮਈ 1986 ਵਿੱਚ ਚਾਰਾਂ ਨੂੰ ਅਗਜ਼ਨੀ ਅਤੇ ਕਤਲ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਪੁਲੀਸ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਉਸ ਦੇ ਪੁਲੀਸ ਨੂੰ ਦਿੱਤੇ ਅਤੇ ਅਦਾਲਤ ਵਿੱਚ ਦਿੱਤੇ ਬਿਆਨ ਮੇਲ ਨਹੀਂ ਖਾਂਦੇ।

# ਭਾਰਤੀ ਨਾਗਰਿਕਤਾ ਕਿਉਂ ਛਡ ਰਹੇ ਨੇ ਭਾਰਤੀ ਤੇ ਪੰਜਾਬੀ ਕਿਉਂ ਵਿਦੇਸ਼ਾਂ ਵੱਲ ਸੈਟਲ ਹੋਣ ਦਾ ਰੁਝਾਨ ਕਿਉਂ ਵਧਿਆ?

ਨਿਊਜ ਸਟੋਰੀ ✪ **2024 ਵਿੱਚ 2 ਲੱਖ 6 ਹਜ਼ਾਰ 378 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡੀ**

ਅੱਜ ਕੱਲ੍ਹ ਪੰਜਾਬ ਵਿੱਚ ਇੱਕ ਗੱਲ ਬੜੀ ਚਰਚੇ ਵਿੱਚ ਆ ਰਹੀ ਏ ਕਿ ਸਾਡੇ ਪੰਜਾਬੀ ਭਰਾ-ਭੈਣ ਕਿਉਂ ਆਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵੱਲ ਸੈਟਲ ਹੋ ਰਹੇ ਨੇ? ਨਾ ਸਿਰਫ਼ ਪੰਜਾਬੀ, ਸਗੋਂ ਪੂਰੇ ਭਾਰਤ ਵਿੱਚ ਇਹ ਰੁਝਾਨ ਵਧਦਾ ਜਾ ਰਿਹਾ ਏ। ਵਿਦੇਸ਼ ਮੰਤਰਾਲੇ ਦੇ ਨਵੇਂ ਅੰਕੜੇ ਦੱਸਦੇ ਨੇ ਕਿ ਪਿਛਲੇ ਕੁਝ ਸਾਲਾਂ ਵਿੱਚ ਲੱਖਾਂ ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਏ। ਖ਼ਾਸ ਕਰਕੇ ਅਮੀਰ ਅਤੇ ਪੜ੍ਹੇ-ਲਿਖੇ ਲੋਕ, ਜਿਨ੍ਹਾਂ ਕੋਲ ਖੇਤੀ-ਬਾੜੀ, ਪੈਸਾ-ਪੂੰਜੀ ਅਤੇ ਸਭ ਕੁਝ ਏ, ਉਹ ਵੀ ਭਾਰਤ ਨੂੰ ਅਲਵਿਦਾ ਕਹਿ ਕੇ ਅਮਰੀਕਾ, ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੱਸ ਰਹੇ ਨੇ।



ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਹਾਲ ਹੀ ਵਿੱਚ ਰਾਜ ਸਭਾ ਵਿੱਚ ਦੱਸਿਆ ਕਿ 2024 ਵਿੱਚ 2 ਲੱਖ 6 ਹਜ਼ਾਰ 378 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਦਿੱਤੀ। ਇਹ ਨੰਬਰ 2023 ਵਾਲੇ 2 ਲੱਖ 16 ਹਜ਼ਾਰ 219 ਨਾਲੋਂ ਥੋੜ੍ਹਾ ਘੱਟ ਏ, ਪਰ ਫਿਰ ਵੀ ਬੜਾ ਚਿੰਤਾਜਨਕ ਏ। ਜੇਕਰ ਪਿਛਲੇ ਛੇ ਸਾਲਾਂ ਦੀ ਗੱਲ ਕਰੀਏ ਤਾਂ 2019 ਤੋਂ 2024 ਤੱਕ ਕੁੱਲ 10 ਲੱਖ 40 ਹਜ਼ਾਰ 860 ਲੋਕਾਂ ਨੇ ਭਾਰਤੀ ਨਾਗਰਿਕਤਾ ਨੂੰ ਅਲਵਿਦਾ ਕਹਿ ਦਿੱਤੀ ਹੈ। 2022 ਵਿੱਚ ਤਾਂ ਸਭ ਤੋਂ ਵੱਧ 2 ਲੱਖ 25 ਹਜ਼ਾਰ 620 ਲੋਕਾਂ ਨੇ ਇਹ ਕਦਮ ਚੁੱਕਿਆ। 2020 ਵਿੱਚ ਕੋਵਿਡ ਕਾਰਨ ਇਹ ਗਿਣਤੀ ਘਟ ਕੇ 85 ਹਜ਼ਾਰ 256 ਰਹਿ ਗਈ ਸੀ, ਪਰ ਉਸ ਤੋਂ ਬਾਅਦ ਲਗਾਤਾਰ ਵਧਦੀ ਜਾ ਰਹੀ ਏ।

ਹੁਣ ਸਵਾਲ ਇਹ ਉੱਠਦਾ ਏ ਕਿ ਇਹ ਲੋਕ ਕੌਣ ਨੇ? ਕੀ ਇਹ ਗਰੀਬ ਲੋਕ ਨੇ ਜੋ ਮਜਬੂਰੀ ਵਿੱਚ ਜਾਂਦੇ ਨੇ? ਨਹੀਂ ਜੀ, ਬਹੁਤੇ ਤਾਂ ਅਮੀਰ ਅਤੇ ਸ਼ਾਨਦਾਰ ਜੀਵਨ ਜੀਣ ਵਾਲੇ ਨੇ। ਉਨ੍ਹਾਂ ਕੋਲ ਘਰ ਵਿੱਚ ਏਸੀ, ਕਾਰਾਂ, ਬੈਂਕ ਬੈਲੰਸ ਅਤੇ ਸਭ ਸਹੂਲਤਾਂ ਨੇ, ਫਿਰ ਵੀ ਉਹ ਵਿਦੇਸ਼ਾਂ ਵੱਲ ਨੂੰ ਨਿੱਕਲ ਪੈਂਦੇ ਨੇ। ਪੰਜਾਬ ਵਿੱਚ ਤਾਂ ਇਹ ਰੁਝਾਨ ਬੜਾ ਆਮ ਏ। ਪੰਜਾਬੀ ਨੌਜਵਾਨ ਪੜ੍ਹਾਈ ਲਈ ਵਿਦੇਸ਼ ਜਾਂਦੇ ਨੇ ਅਤੇ ਫਿਰ ਉੱਥੇ ਹੀ ਵੱਸ ਜਾਂਦੇ ਨੇ।ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਨੇ।ਉਨ੍ਹਾਂ ਦੀ ਥਾਂ ਪ੍ਰਵਾਸੀ ਮਜ਼ਦੂਰ ਵਸ ਰਹੇ ਨੇ। ਸਰਕਾਰੀ ਅੰਕੜੇ ਦੱਸਦੇ ਨੇ ਕਿ 2014 ਤੋਂ 2022 ਤੱਕ ਪੰਜਾਬ ਵਿੱਚੋਂ 28 ਹਜ਼ਾਰ 117 ਲੋਕਾਂ ਨੇ ਆਪਣੇ ਪਾਸਪੋਰਟ ਵਾਪਸ ਕਰ ਦਿੱਤੇ, ਜੋ ਕਿ ਨਾਗਰਿਕਤਾ ਛੱਡਣ ਦਾ ਸੰਕੇਤ ਏ। ਦਿੱਲੀ ਤੋਂ ਬਾਅਦ ਪੰਜਾਬ ਦੂਜੇ ਨੰਬਰ ਤੇ ਏ। ਗੁਜਰਾਤ ਤੀਜੇ ਨੰਬਰ ਤੇ ਏ ਜਿੱਥੇ 22 ਹਜ਼ਾਰ 300 ਲੋਕਾਂ ਨੇ ਵਿਦੇਸ਼ਾਂ ਵਿਚ ਵਾਸਾ ਕੀਤਾ। ਗੋਆ, ਮਹਾਰਾਸ਼ਟਰ, ਕੇਰਲ ਅਤੇ ਤਾਮਿਲਨਾਡੂ ਵੀ ਇਸ ਸੂਚੀ ਵਿੱਚ ਸ਼ਾਮਲ ਨੇ।

ਪੰਜਾਬੀਆਂ ਲਈ ਵਿਦੇਸ਼ ਜਾਣਾ ਕੋਈ ਨਵੀਂ ਗੱਲ ਨਹੀਂ। ਸਾਡੇ ਪੁਰਖੇ ਵੀ ਕੈਨੇਡਾ ਅਤੇ ਅਮਰੀਕਾ ਵਿੱਚ ਵੱਸੇ ਸਨ, ਪਰ ਉਹ ਤਾਂ ਨਾਗਰਿਕਤਾ ਨਹੀਂ ਛੱਡਦੇ ਸਨ। ਅੱਜ ਕੱਲ੍ਹ ਗੱਲ ਵੱਖਰੀ ਏ। ਨੌਜਵਾਨ ਪੜ੍ਹਾਈ ਲਈ ਜਾਂਦੇ ਨੇ, ਆਈਲਟਸ ਕਰ ਕੇ ਵੀਜ਼ਾ ਲੈਂਦੇ ਨੇ ਅਤੇ ਫਿਰ ਪੀਆਰ (ਪੱਕੀ ਰਿਹਾਇਸ਼) ਲੈ ਕੇ ਨਾਗਰਿਕਤਾ ਬਦਲ ਲੈਂਦੇ ਨੇ। ਸਿੱਖਿਆ ਮੰਤਰਾਲੇ ਦੇ ਅੰਕੜੇ ਕਹਿੰਦੇ ਨੇ ਕਿ 2022 ਵਿੱਚ 7 ਲੱਖ 70 ਹਜ਼ਾਰ ਭਾਰਤੀ ਵਿਦਿਆਰਥੀ ਵਿਦੇਸ਼ ਪੜ੍ਹਨ ਗਏ ਸਨ, ਜੋ ਪਿਛਲੇ ਛੇ ਸਾਲਾਂ ਵਿੱਚ ਸਭ ਤੋਂ ਵੱਧ ਏ। ਪੰਜਾਬ ਅਤੇ ਗੁਜਰਾਤ ਵਿੱਚ ਤਾਂ ਵਿਦੇਸ਼ ਜਾਣ ਨੂੰ ਸਮਾਜਿਕ ਰੁਤਬੇ ਵਜੋਂ ਵੇਖਿਆ ਜਾਂਦਾ ਏ। ਸਿੱਖ ਆਗੂ ਜਸਵਿੰਦਰ ਸਿੰਘ ਐਡਵੋਕੇਟ ਕਹਿੰਦੇ ਨੇ, "ਪੰਜਾਬ ਵਿੱਚ ਚੰਗੀ ਪੜ੍ਹਾਈ ਤੋਂ ਬਾਅਦ ਵੀ ਨੌਕਰੀਆਂ ਨਹੀਂ ਮਿਲਦੀਆਂ। ਵਿਦੇਸ਼ਾਂ ਵਿੱਚ ਕੰਮ-ਜੀਵਨ ਸੰਤੁਲਨ ਬਿਹਤਰ ਏ, ਹਫ਼ਤੇ ਵਿੱਚ ਦੋ ਛੁੱਟੀਆਂ ਅਤੇ ਕੋਈ ਪਰੇਸ਼ਾਨੀ ਨਹੀਂ।"

ਪੰਜਾਬ ਵਿੱਚ ਵੀ ਇਹੀ ਹਾਲ ਏ। ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣੇ ਵਿੱਚ ਹਰ ਗਲੀ ਵਿੱਚ ਵੀਜ਼ਾ ਏਜੰਟ ਨੇ ਜੋ ਲੋਕਾਂ ਨੂੰ ਵਿਦੇਸ਼ ਭੇਜਣ ਦੇ ਸੁਪਨੇ ਵੇਚਦੇ ਨੇ। ਬਹੁਤੇ ਨੌਜਵਾਨ ਕਹਿੰਦੇ ਨੇ ਕਿ ਭਾਰਤ ਵਿੱਚ ਨੌਕਰੀਆਂ ਨਹੀਂ, ਅਤੇ ਜੋ ਨੇ ਉਹ ਵੀ ਘੱਟ ਤਨਖਾਹ ਵਾਲੀਆਂ ਨੇ। ਵਿਦੇਸ਼ਾਂ ਵਿੱਚ ਕੰਮ ਦੇ ਘੰਟੇ ਨਿਰਧਾਰਿਤ ਨੇ, ਚੰਗੀ ਤਨਖਾਹ ਅਤੇ ਵਰਕ-ਲਾਈਫ ਬੈਲੰਸ ਏ। ਅਮਰੀਕਾ ਵਿੱਚ ਤਾਂ ਭਾਰਤੀ ਪਰਵਾਸੀਆਂ ਦੀ ਗਿਣਤੀ 28 ਲੱਖ ਏ, ਜੋ ਕਿ ਪੂਰੇ ਅਮਰੀਕੀ ਪਰਵਾਸੀਆਂ ਦਾ 6 ਫੀਸਦ ਏ।

ਹੁਣ ਕਾਰਨਾਂ ਬਾਰੇ ਗੱਲ ਕਰੀਏ। ਸਭ ਤੋਂ ਵੱਡਾ ਕਾਰਨ ਬਿਹਤਰ ਜੀਵਨ ਪੱਧਰ ਏ। ਵਿਦੇਸ਼ਾਂ ਵਿੱਚ ਸਿੱਖਿਆ, ਸਿਹਤ ਅਤੇ ਨੌਕਰੀਆਂ ਦੇ ਮੌਕੇ ਵੱਧ ਨੇ। ਭਾਰਤ ਵਿੱਚ ਬੇਰੁਜ਼ਗਾਰੀ ਬੜੀ ਏ, ਖ਼ਾਸ ਕਰਕੇ ਨੌਜਵਾਨਾਂ ਵਿੱਚ। ਅਧੇੜ ਉਮਰ ਵਾਲੇ ਲੋਕ ਆਪਣੇ ਬੱਚਿਆਂ ਦੀ ਬਿਹਤਰ ਪੜ੍ਹਾਈ ਅਤੇ ਭਵਿੱਖ ਲਈ ਜਾਂਦੇ ਨੇ। ਵਿਦੇਸ਼ ਰਾਜ ਮੰਤਰੀ ਕਹਿੰਦੇ ਨੇ ਕਿ ਇਹ ਨਿੱਜੀ ਕਾਰਨ ਨੇ, ਅਤੇ ਸਰਕਾਰ ਕੋਲ ਇਸ ਬਾਰੇ ਅੰਕੜੇ ਨਹੀਂ। ਪਰ ਮਾਹਿਰ ਕਹਿੰਦੇ ਨੇ ਕਿ ਸਮਾਜਿਕ ਅਸਮਾਨਤਾ, ਰਾਜਨੀਤਕ ਮਾਹੌਲ ਅਤੇ ਆਰਥਿਕ ਮੌਕਿਆਂ ਦੀ ਘਾਟ ਵੱਡੇ ਕਾਰਨ ਨੇ। ਬ੍ਰੇਨ ਡ੍ਰੇਨ ਦਾ ਮਸਲਾ ਵੀ ਏ, ਜਿੱਥੇ ਚੰਗੇ ਦਿਮਾਗ ਵਾਲੇ ਲੋਕ ਵਿਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਦੇਸ਼ਾਂ ਦੀ ਜੀਡੀਪੀ ਵਧਾਉਂਦੇ ਨੇ।

ਪੰਜਾਬ ਵਿੱਚ ਤਾਂ ਇਹ ਰੁਝਾਨ ਬੜਾ ਪੁਰਾਣਾ ਏ। ਸਾਡੇ ਪਿੰਡਾਂ ਵਿੱਚ ਹਰ ਘਰ ਵਿੱਚ ਕੋਈ ਨਾ ਕੋਈ ਵਿਦੇਸ਼ ਵਿੱਚ ਵੱਸਿਆ ਏ। ਪਰ ਹੁਣ ਨਾਗਰਿਕਤਾ ਛੱਡਣ ਵਾਲੇ ਵਧ ਰਹੇ ਨੇ। ਗੋਆ ਵਿੱਚ ਤਾਂ ਪਿਛਲੇ ਦਹਾਕੇ ਵਿੱਚ 70 ਹਜ਼ਾਰ ਭਾਰਤੀਆਂ ਨੇ ਪਾਸਪੋਰਟ ਛੱਡੇ, ਜਿਨ੍ਹਾਂ ਵਿੱਚ 40 ਫੀਸਦ ਗੋਆ ਵਾਲੇ ਨੇ। ਪੰਜਾਬੀ ਵੀ ਇਸ ਵਿੱਚ ਅੱਗੇ ਨੇ। ਸਰਕਾਰ ਨੇ ਓਸੀਆਈ (ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ) ਸਕੀਮ ਸ਼ੁਰੂ ਕੀਤੀ ਏ, ਜਿਸ ਅਧੀਨ 51 ਲੱਖ ਤੋਂ ਵੱਧ ਲੋਕ ਰਜਿਸਟਰ ਹੋ ਚੁੱਕੇ ਨੇ। ਇਹ ਸਕੀਮ ਵਿਦੇਸ਼ ਵੱਸੇ ਭਾਰਤੀਆਂ ਨੂੰ ਭਾਰਤ ਨਾਲ ਜੋੜ ਕੇ ਰੱਖਦੀ ਏ, ਪਰ ਨਾਗਰਿਕਤਾ ਤਾਂ ਛੱਡਣੀ ਪੈਂਦੀ ਏ, ਕਿਉਂਕਿ ਭਾਰਤ ਵਿੱਚ ਡਿਊਲ ਸਿਟੀਜ਼ਨਸ਼ਿਪ ਨਹੀਂ ਏ। ਸੰਵਿਧਾਨ ਦੇ ਆਰਟੀਕਲ 9 ਮੁਤਾਬਕ, ਜੇਕਰ ਕੋਈ ਵਿਦੇਸ਼ੀ ਨਾਗਰਿਕਤਾ ਲੈਂਦਾ ਏ ਤਾਂ ਭਾਰਤੀ ਵਾਲੀ ਛੱਡਣੀ ਪੈਂਦੀ ਏ।

ਨਾਗਰਿਕਤਾ ਛੱਡਣ ਦੀ ਪ੍ਰਕਿਰਿਆ ਵੀ ਆਸਾਨ ਨਹੀਂ। ਆਨਲਾਈਨ ਅਪਲਾਈ ਕਰਨਾ ਪੈਂਦਾ ਏ indiancitizen shiponline.nic.in ਤੇ। ਫਿਰ ਪਾਸਪੋਰਟ, ਆਧਾਰ, ਪੈਨ ਅਤੇ ਹੋਰ ਦਸਤਾਵੇਜ਼ ਵਾਪਸ ਕਰਨੇ ਪੈਂਦੇ ਨੇ। ਇਸ ਵਿੱਚ 60 ਦਿਨ ਲੱਗ ਸਕਦੇ ਨੇ। ਪਰ ਜਿਨ੍ਹਾਂ ਕੋਲ ਪੈਸਾ ਅਤੇ ਮੌਕੇ ਨੇ, ਉਹ ਇਹ ਕਰ ਲੈਂਦੇ ਨੇ। ਵਿਰੋਧੀ ਧਿਰਾਂ ਕਹਿੰਦੀਆਂ ਹਨ ਕਿ ਮੋਦੀ ਸਰਕਾਰ ਆਉਣ ਤੋਂ ਬਾਅਦ ਇਹ ਵਧਿਆ ਏ, ਪਰ ਅੰਕੜੇ ਦੱਸਦੇ ਨੇ ਕਿ 2014 ਤੋਂ ਪਹਿਲਾਂ ਵੀ ਇਹ ਲੱਖਾਂ ਵਿੱਚ ਸੀ। 2011 ਵਿੱਚ 1 ਲੱਖ 22 ਹਜ਼ਾਰ 819, 2012 ਵਿੱਚ 1 ਲੱਖ 20 ਹਜ਼ਾਰ 923 ਅਤੇ ਅੱਗੇ ਵੀ ਇਸੇ ਤਰ੍ਹਾਂ ਜਾਰੀ ਹੈ।

ਮਾਹਿਰ ਕਹਿੰਦੇ ਨੇ ਕਿ ਸਰਕਾਰ ਨੂੰ ਨੀਤੀਆਂ ਬਦਲਣੀਆਂ ਚਾਹੀਦੀਆਂ ਨੇ। ਨੌਜਵਾਨਾਂ ਵਿੱਚ ਭਰੋਸਾ ਵਧਾਉਣਾ ਚਾਹੀਦਾ ਏ, ਨੌਕਰੀਆਂ ਵਧਾਉਣੀਆਂ ਚਾਹੀਦੀਆਂ ਨੇ ਅਤੇ ਜੀਵਨ ਪੱਧਰ ਸੁਧਾਰਨਾ ਚਾਹੀਦਾ ਏ। ਨਹੀਂ ਤਾਂ ਇਹ 'ਸਾਫਟ ਐਕਸੋਡਸ' ਭਾਰਤ ਨੂੰ ਕਮਜ਼ੋਰ ਕਰ ਦੇਵੇਗਾ। ਪੰਜਾਬ ਵਿੱਚ ਤਾਂ ਇਹ ਮਸਲਾ ਬੜਾ ਗੰਭੀਰ ਏ, ਜਿੱਥੇ ਨਸ਼ੇ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਵਿਦੇਸ਼ ਧੱਕਿਆ ਏ।

ਇਸ ਕਹਾਣੀ ਵਿੱਚ ਬਹੁਤ ਸਾਰੇ ਪਹਿਲੂ ਨੇ। ਇੱਕ ਪਾਸੇ ਸੁਪਨੇ ਨੇ, ਦੂਜੇ ਪਾਸੇ ਮਜਬੂਰੀਆਂ ਹਨ। ਪੰਜਾਬੀ ਭਾਈਚਾਰਾ ਵਿਦੇਸ਼ਾਂ ਵਿੱਚ ਸਫਲ ਏ, ਉਹ ਭਾਰਤ ਲਈ ਸਾਫਟ ਪਾਵਰ ਨੇ। ਪਰ ਨਾਗਰਿਕਤਾ ਛੱਡਣ ਨਾਲ ਭਾਰਤ ਨੂੰ ਨੁਕਸਾਨ ਵੀ ਏ। ਸਰਕਾਰ ਨੂੰ ਇਸ ਤੇ ਕੰਮ ਕਰਨਾ ਚਾਹੀਦਾ ਏ।

## ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਅਕਾਲੀ ਦਲ ਵਿੱਚ ਸ਼ਾਮਲ



ਸੰਗਰੂਰ-ਦਿੜ੍ਹਬਾ ਮੰਡੀ ਦੇ ਨੇੜੇ ਸੂਲਰ ਘਰਾਟ ਵਿਖੇ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਇਸ ਮੌਕੇ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਲਦੇਵ ਸਿੰਘ ਮਾਨ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਸਵਾਗਤ ਕੀਤਾ

# ਵਰਲਡ ਗਤਕਾ ਫੈਡਰੇਸ਼ਨ ਨਾਲ ਸਬੰਧਿਤ ਸੰਸਥਾ

# ਗਤਕਾ ਫੈਡਰੇਸ਼ਨ ਯੂ ਕੇ ਵੱਲੋਂ



## ਯੂ ਕੇ ਦੀ 11ਵੀਂ ਨੈਸ਼ਨਲ ਗਤਕਾ ਚੈਂਪੀਅਨਸ਼ਿੱਪ

## ਵੇਲਜ਼ ਦੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਸੰਗਤਾਂ ਦੇ ਸਹਿਯੋਗ ਨਾਲ

### 14 ਸਤੰਬਰ 2025 ਐਤਵਾਰ ਨੂੰ ਸਵੇਰੇ 9:00 ਤੋਂ ਸ਼ਾਮ 5:00 ਵਜੇ ਤੱਕ ਹੋਵੇਗੀ



ਗੁਰੂ ਪਿਆਰੀ ਸਾਧ ਸੰਗਤ ਜੀ, ਵਿਸ਼ਵ ਗਤਕਾ ਫ਼ੈਡਰੇਸ਼ਨ ਨਾਲ ਸਬੰਧਿਤ ਸੰਸਥਾ (ਗਤਕਾ ਫ਼ੈਡਰੇਸ਼ਨ ਯੂ ਕੇ) ਵੱਲੋਂ ਯੂ ਕੇ ਦੀ 11ਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਉਪਰ ਦਿੱਤੇ ਹੋਏ ਸਮੇਂ ਅਨੁਸਾਰ ਬੜੀ ਜੋਸ਼ ਖਰੋਸ਼ ਨਾਲ ਕਰਵਾਈ ਜਾ ਰਹੀ ਹੈ। ਇਸ ਚੈਂਪੀਅਨਸ਼ਿੱਪ ਵਿਚ ਯੂ ਕੇ ਭਰ ਦੇ ਗਤਕਾ ਅਖਾੜਿਆਂ ਦੀਆਂ ਟੀਮਾਂ ਗਤਕੇ ਦੇ ਜੌਹਰ ਦਿਖਾਉਣਗੀਆਂ। ਇਸ ਪਰਿਵਾਰਕ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗਤਕੇ ਦੇ ਜੌਹਰ ਦੇਖੋ ਤੇ ਗਤਕਾ ਖਿਡਾਰੀਆਂ ਦਾ ਉਤਸ਼ਾਹ ਵਧਾਓ। ਆਪ ਵੀ ਆਓ ਅਤੇ ਹੋਰਨਾਂ ਨੂੰ ਵੀ ਆਉਣ ਲਈ ਪ੍ਰੇਰਿਤ ਕਰੋ। ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਗਤਕਾਬਾਜ਼ਾਂ ਅਤੇ ਅਖਾੜਿਆਂ ਦੀਆਂ ਟੀਮਾਂ ਦੀ ਰਜਿਸਟ੍ਰੇਸ਼ਨ 9:00 ਵਜੇ ਸ਼ੁਰੂ ਹੋਵੇਗੀ**

**ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰੋ:**

**07950 485169 ਜਾਂ 07956 532556**

# GATKA FEDERATION UK

## AFFILIATED WITH WORLD GATKA FEDERATION

## PRESENTS 11TH UK NATIONAL

# GATKA CHAMPIONSHIP

### on Sunday 14th September 2025 from 9am to 5pm

@: SWANSEA BAY SPORTS PARK, ATHLETICS AND HOCKEY CENTRE CWM FARM LANE SWANSEA SA2 9AU



MP Tanmanjeet Singh Dhesi
President, Gatka Federation UK

**TIMINGS:**

Registration of Gatkabaaz / Akharas at 9am.
Championship start at 10am.

## This is a FREE family event

Langar / Refreshments will be served throughout

Gatka Federation UK

You Tube Gatka Federation UK

Gatkafeduk@gmail.com

Gatkafeduk

ਵਧੇਰੇ ਜਾਣਕਾਰੀ ਲਈ ਸੰਪਰਕ:

| | | |
|---|---|---|
| Tanmanjeet Singh Dhesi MP<br>President, Gatka Federation UK | Herman Singh Johal<br>Secretary, Gatka Federation UK | JAGBIR SINGH JAGGA CHAKKAR<br>07748 846013 |

# 5 ਸਾਲ ਦੀ ਜਾਂਚ ਤੋਂ ਬਾਅਦ ਬਰਤਾਨੀਆਂ ਦੇ ਚੈਰਿਟੀ ਕਮਿਸ਼ਨ ਨੇ ਸਲੋਹ ਗੁਰਦੁਆਰਾ ਸਾਹਿਬ ਵਿੱਚ ਲੱਗੇ ਖਾਲਿਸਤਾਨ ਦੇ ਬੈਨਰ ਦੇ ਹੱਕ ਵਿੱਚ ਸੁਣਾਇਆ ਫੈਸਲਾ

## ਗੁਰਦੁਆਰਿਆਂ ਵਿੱਚ ਖ਼ਾਲਿਸਤਾਨ ਦੇ ਝੰਡੇ ਜਾਂ ਤਖ਼ਤੀਆਂ ਮਾਣ ਨਾਲ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ - ਐਮ ਪੀ ਕਲਾਊਡੀਆ ਵੈਬੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਚੈਰਿਟੀ ਕਮਿਸ਼ਨ ਨੇ ਸਲੋਹ ਗੁਰਦੁਆਰਾ ਸਾਹਿਬ ਵਿੱਚ 40 ਸਾਲ ਤੋਂ ਵੱਧ ਸਮੇਂ ਤੋਂ ਲੱਗੇ ਖਾਲਿਸਤਾਨ ਦੇ ਬੈਨਰ ਤੇ ਭਾਰਤੀ ਪੱਤਰਕਾਰ ਵੱਲੋਂ ਇਤਰਾਜ਼ ਪ੍ਰਗਟ ਕਰਨ ਤੇ ਸ਼ਿਕਾਇਤ ਦਰਜ਼ ਕੀਤੀ ਗਈ ਸੀ। ਜਿਸ ਨੂੰ ਲੈ ਕੇ 5 ਸਾਲ ਤੋਂ ਵੱਧ ਸਮੇਂ ਤੱਕ ਜਾਂਚ ਕੀਤੀ ਗਈ। ਚੈਰਿਟੀ ਕਮਿਸ਼ਨ ਨੇ ਇਸ ਸ਼ਿਕਾਇਤ ਤੇ ਕਿਹਾ ਹੈ ਕਿ ਓਹ ਧਰਮਿਕ ਮੁੱਦਿਆਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਨਾ ਚਾਹੁੰਦਾ। ਜਿਕਰਯੋਗ ਹੈ ਕਿ ਭਾਰਤੀ ਪੱਤਰਕਾਰ ਵੱਲੋਂ ਇਹ ਮਾਮਲਾ ਉਸ ਸਮੇਂ ਉਠਾਇਆ ਗਿਆ ਸੀ ਜਦੋਂ ਸਲੋਹ ਹਲਕੇ ਤੋਂ ਐਮ ਪੀ ਤਨਮਨਜੀਤ ਸਿੰਘ ਢੇਸੀ ਚੋਣ ਲੜ੍ਹ ਰਹੇ ਸਨ।

ਅਸਲ ਵਿੱਚ ਬਰਤਾਨੀਆਂ ਦੇ ਪਹਿਲੇ ਦਸਤਾਰਧਾਰੀ ਸਿੱਖ ਤਨਮਨਜੀਤ ਸਿੰਘ ਢੇਸੀ ਅਤੇ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਵਿਰੁੱਧ ਪ੍ਰਚਾਰ ਕਰਕੇ ਉਹਨਾਂ ਨੂੰ ਅਸਿੱਧੇ ਤੌਰ ਤੇ ਨਿਸ਼ਾਨਾਂ ਬਣਾਇਆ ਜਾਂਦਾ ਸੀ। ਚੈਰਿਟੀ ਕਮਿਸ਼ਨ ਕੋਲ ਇਸ ਦੀ ਸ਼ਿਕਾਇਤ ਪਹੁੰਚਣ ਤੇ ਸਲੋਹ ਦੇ ਸਿੱਖਾਂ ਨੇ ਇਕੱਠੇ ਹੋ ਕੇ ਕੇਸ ਦੀ ਪੈਰਵਾਈ ਕੀਤੀ ਅਤੇ ਸਬੂਤ ਵਜੋਂ ਇੰਗਲੈਂਡ ਦੇ ਸ਼ਹਿਰ ਬ੍ਰਮਿੰਘਮ, ਕਵੈਂਟਰੀ, ਡਰਬੀ, ਈਸਟ ਹੈਮ, ਗ੍ਰੇਵਜ਼ੈਂਡ, ਲੈਸਟਰ, ਸਮੈਦਿਕ, ਵੈਸਟ ਬ੍ਰਾਮਿਚ ਅਤੇ ਵਟਫੋਰਡ ਆਦਿ ਸਮੇਤ ਕਈ ਗੁਰਦੁਆਰਿਆਂ ਦਾ ਹਵਾਲਾ ਦਿੱਤਾ ਗਿਆ ਜਿੱਥੇ ਖਾਲਿਸਤਾਨ ਦੇ ਬੈਨਰ ਲੱਗੇ ਹੋਏ ਹਨ। ਜਿਸ ਤੋਂ ਬਾਅਦ ਚੈਰਿਟੀ ਕਮਿਸ਼ਨ ਨੇ ਆਪਣਾ ਪੱਖ ਸ਼ਪੱਸ਼ਟ ਕਰਦਿਆਂ ਕਿਸੇ ਤਰ੍ਹਾਂ ਦਾ ਇਤਰਾਜ਼ ਪ੍ਰਗਟ ਨਹੀਂ ਕੀਤਾ। ਇਸ ਪ੍ਰਤੀਕ੍ਰਿਆ ਤੋਂ ਬਾਅਦ ਐਮ ਪੀ ਕਲਾਊਡੀਆ ਵੈਬੇ ਨੇ ਆਪਣੇ ਸ਼ੋਸ਼ਲ ਮੀਡੀਆ ਤੇ ਲਿਖਿਆ ਕਿ ਗੁਰਦੁਆਰਿਆਂ ਵਿੱਚ ਖਾਲਿਸਤਾਨ ਦੇ ਝੰਡੇ ਜਾਂ ਤਖ਼ਤੀਆਂ ਮਾਣ ਨਾਲ ਪ੍ਰਦਰਸ਼ਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹਨਾਂ ਚੈਰਿਟੀ ਕਮਿਸ਼ਨ ਵੱਲੋਂ 5 ਸਾਲ ਤੋਂ ਵੱਧ ਸਮਾਂ ਜਾਂਚ ਕਰਨ ਤੇ ਵੀ ਚਿੰਤਾ ਪ੍ਰਗਟ ਕੀਤੀ।



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿਖੇ ਖਾਲਿਸਤਾਨ ਦੇ ਬੈਨਰ ਜਿਸ ਤੇ ਸ਼ਿਕਾਇਤ ਕੀਤੀ ਗਈ ਸੀ

ਸਿੱਖ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਖਾਲਿਸਤਾਨਾਮ ਨਾਮੇ ਦੀ 40ਵੀਂ ਵਰ੍ਹੇ ਗੰਢ ਤੋਂ ਪਹਿਲਾਂ ਯੂ ਕੇ ਅਤੇ ਦੁਨੀਆਂ ਭਰ ਦੇ ਗੁਰਦੁਆਰਿਆਂ ਲਈ ਖਾਲਿਸਤਾਨੀ ਤਖ਼ਤੀਆਂ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ ਦਾ ਰਸਤਾ ਸਾਫ ਹੋ ਗਿਆ ਹੈ।

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਇਟਲੀ ਵਿੱਚ ਬ੍ਰੋਕਲੀ ਵਾਲੇ ਸੈਂਡਵਿੱਚ ਖਾਣ ਨਾਲ ਇੱਕ ਵਿਅਕਤੀ ਦੀ ਮੌਤ

## ✪ 9 ਲੋਕ ਜ਼ੇਰੇ ਇਲਾਜ, ਲੋਕਾਂ ਵਿੱਚ ਸਹਿਮ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਇਟਲੀ ਦੇ ਸੂਬਾ ਕਲਾਬਰੀਆ ਅਧੀਨ ਪੈਂਦੇ ਸ਼ਹਿਰ ਕੋਸੇਂਜਾ ਵਿਖੇ ਇੱਕ ਬਰੋਕਲੀ ਵਾਲਾ ਸੈਂਡਵਿਚ ਖਾਣ ਨਾਲ ਇੱਕ ਵਿਅਕਤੀ ਦੀ ਮੌਤ ਤੇ 9 ਹੋਰ ਲੋਕਾਂ ਦੇ ਗੰਭੀਰ ਬਿਮਾਰ ਹੋ ਦੀ ਖ਼ਬਰ ਸਾਹਮ੍ਹਣੇ ਆ ਰਹੀ ਹੈ ਜਿਹੜੇ ਕਿ ਜ਼ੇਰੇ ਇਲਾਜ ਹਨ।

ਮਿਲੀ ਜਾਣਕਾਰੀ ਅਨੁਸਾਰ 52 ਸਾਲਾ ਇਟਲੀ ਦਾ ਕਲਾਕਾਰ ਤੇ ਸੰਗੀਤਕਾਰ ਲੁਈਜੀ ਡੀ ਸਾਰਨੋ ਦੀ ਇਟਲੀ ਦੇ ਕੋਸੇਂਜਾ ਜ਼ਿਲ੍ਹੇ ਦੇ ਡਾਇਮਾਂਤੇ ਸਮੁੰਦਰੀ ਕਿਨਾਰੇ ਇੱਕ ਫੂਡ ਟਰੱਕ ਤੋਂ ਬ੍ਰੋਕਲੀ ਅਤੇ ਸੌਸੇਜ ਸੈਂਡਵਿਚ ਖਾਣ ਤੋਂ ਬਾਅਦ ਦੁੱਖਦਾਈ ਮੌਤ ਹੋ ਗਈ ਜਦੋਂ ਕਿ ਇਹ ਸੈਂਡਵਿਚ ਖਾਣ ਵਾਲੇ 9 ਲੋਕ ਗੰਭੀਰ ਹਾਲਤ ਵਿੱਚ ਜ਼ੇਰੇ ਹਨ ਜਿਹਨਾਂ ਵਿੱਚ 2 ਬੱਚੇ ਵੀ ਹਨ। ਜੇਰੇ ਇਲਾਜ਼ ਮਰੀਜ਼ਾਂ ਵਿੱਚ 2 ਬਹੁਤ ਗੰਭੀਰ ਹਨ ਜਿਹੜੇ ਕਿ ਬਰੋਕਲੀ ਖਾਣ ਨਾਲ ਜਿੰਦਗੀ ਤੇ ਮੌਤ ਦੀ ਜੰਗ ਲੜ ਰਹੇ ਹਨ। ਡਾਕਟਰਾਂ ਅਨੁਸਾਰ ਇਹ ਘਟਨਾ ਕਲੋਸਟ੍ਰਿਡੀਅਮ ਬੋਟੂਲਿਨਮ ਬੈਕਟਰੀਆ ਦੇ ਜ਼ਹਿਰੀਲੇ ਪਦਾਰਥਾਂ ਨਾਲ ਜੁੜੇ ਇੱਕ ਵਿਸ਼ਾਲ ਬੋਟੂਲਿਜ਼ਮ ਹਿੱਸਾ ਹੋ ਸਕਦੀ ਹੈ। ਸਰਦੇਨੀਆਂ ਸੂਬੇ ਦੇ ਸ਼ਹਿਰ ਕੈਲੇਅਰੀ ਤੋਂ ਵੀ ਇਹ ਖ਼ਬਰ ਮਿਲ ਰਹੀ ਹੈ ਕਿ ਇੱਥੇ ਇੱਕ ਮੇਲੇ ਦੌਰਾਨ 38 ਸਾਲਾ ਔਰਤ ਨੇ ਗੁਆਕਾਮੋਲ ਦੀ ਚਟਨੀ ਵਾਲਾ ਖਾਣਾ ਖਾ ਲਿਆ ਜਿਸ ਕਾਰਨ ਉਸ ਦੀ ਤਬੀਅਤ ਵਿਗੜ ਗਈ ਹੁਣ ਇਹ ਔਰਤ ਵੀ



ਹਸਪਤਾਲ ਵਿੱਚ ਗੰਭੀਰ ਹਾਲਤ ਵਿੱਚ ਜੇਰੇ ਇਲਾਜ ਹੈ। ਪਾਓਲੇ ਪਬਲਿਕ ਪ੍ਰੌਸੀਕਿਊਟਰ ਦੇ ਦਫ਼ਤਰ ਵੱਲੋਂ ਬੇਸ਼ੱਕ ਸੰਬਧਿਤ ਇਲਾਕਿਆਂ ਵਿੱਚ ਅਜਿਹੇ ਉਤਪਾਦ ਨੂੰ ਤੁਰੰਤ ਜਬਤ ਕਰਨ ਦੀ ਗੱਲ ਕੀਤੀ ਹੈ ਪਰ ਆਮ ਲੋਕਾਂ ਸਿਰ ਖਤਰਾਂ ਹਾਲੇ ਵੀ ਮੰਡਰਾ ਰਿਹਾ ਹੈ ਤੇ ਉਹਨਾਂ ਅੰਦਰ ਸਹਿਮ ਦੇਖਿਆ ਜਾ ਰਿਹਾ ਹੈ। ਕੈਲਾਬ੍ਰੀਆ ਖੇਤਰ ਦੇ ਸਿਹਤ ਅਤੇ ਭਲਾਈ ਵਿਭਾਗ ਨੇ ਐਲਾਨ ਕਰਦਿਆਂ ਅਜਿਹੇ ਮਾਮਲਿਆਂ ਵਿੱਚ ਐਮਰਜੈਂਸੀ ਪ੍ਰਕਿਰਿਆ ਨੂੰ ਸਰਗਰਮ ਕਰ ਦਿੱਤਾ ਹੈ। ਪ੍ਰਭਾਵਿਤ ਇਲਾਕੇ ਦੇ ਲੋਕਾਂ ਵੱਲੋਂ ਇਹ ਗੱਲ ਵੀ ਜ਼ੋਰ ਫੜ੍ਹ ਰਹੀ ਹੈ ਬੋਟੂਲਿਜ਼ਮ ਬੈਕਟਰੀਆ ਨੂੰ ਕੰਟਰੋਲ ਕਰਦਾ ਕੇਂਦਰੀ ਸੈਂਟਰ ਪਾਵੀਆ ਸੂਬਾ ਲੰਬਾਰਦੀਆ ਨੂੰ ਅਜਿਹੇ ਘਟਨਾਵਾਂ ਨੂੰ ਕੰਟਰੋਲ ਕਰਨ ਲਈ ਲੋੜੀਂਦੇ ਪ੍ਰਬੰਧ ਜਲਦ ਕਰਨੇ ਚਾਹੀਦੇ ਹਨ।

**VACANCIES**
**JSR CONTRACTS LTD.**

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਇਤਿਹਾਸਿਕ ਦਸਤਾਵੇਜ਼ ਹੈ " ਸੰਘਰਸ਼ ਦਾ ਦੌਰ" ਗੁਰਮੀਤ ਸਿੰਘ ਪ੍ਰਧਾਨ ਸਿੱਖ ਫੈਡਰੇਸ਼ਨ ਜਰਮਨੀ "ਜਰਮਨੀ ਦੇ ਪੰਥਕ ਆਗੂਆਂ ਨੇ ਭਾਈ ਡੱਲੇਵਾਲ ਅਤੇ ਰਸ਼ਪਿੰਦਰ ਕੌਰ ਦੀ ਕਿਤਾਬ ਕੀਤੀ ਜਾਰੀ "

ਕੋਲਨ (ਜਰਮਨੀ) -ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ ਨੇ ਦਾਅਵਾ ਕੀਤਾ ਹੈ ਕਿ ਕਿਤਾਬ ਸੰਘਰਸ਼ ਦਾ ਦੌਰ ਇੱਕ ਇਤਿਹਾਸਿਕ ਦਸਤਾਵੇਜ਼ ਹੈ, ਜਿਹੜਾ ਸਿੱਖ ਕੌਮ ਵਾਸਤੇ ਸੇਧਮਈ ਬਣੇਗਾ। ਭਾਈ ਗੁਰਮੀਤ ਸਿੰਘ ਖਨਿਆਣ ਜੋ ਕਿ ਪਿਛਲੇ ਸੈਂਤੀ ਸਾਲ ਤੋਂ ਜਰਮਨੀ ਵਿੱਚ ਬਤੌਰ ਜਲਾਵਤਨੀ ਬਤੀਤ ਕਰਦੇ ਹੋਏ ਅਜਾਦ ਸਿੱਖ ਰਾਜ ਖਾਲਿਸਤਾਨ ਵਾਸਤੇ ਯਤਨਸ਼ੀਲ ਹਨ।



ਉਹਨਾਂ ਵਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਗੁਰਦਵਾਰਾ ਦਸਮੇਸ਼ ਸਿੰਘ ਸਭਾ, ਕੋਲਨ ਜਰਮਨੀ ਵਿਖੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਦਾ ਦੂਸਰਾ ਅਡੀਸ਼ਨ ਜਾਰੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖਾਲਿਸਤਾਨ ਦੇ ਸੰਘਰਸ਼ ਨੂੰ ਸਮਰਪਿਤ ਜਲਾਵਤਨੀ ਪੰਥਕ ਆਗੂ ਜਥੇਦਾਰ ਰੇਸ਼ਮ ਸਿੰਘ ਬੱਬਰ ਮੁਖੀ ਬੱਬਰ ਖਾਲਸਾ ਜਰਮਨੀ, ਭਾਈ ਸਤਨਾਮ ਸਿੰਘ ਬੱਬਰ, ਭਾਈ ਸਰਦੂਲ ਸਿੰਘ, ਭਾਈ ਗੁਰ-ਚਰਨ ਸਿੰਘ ਗੁਰਾਇਆ ਮੌਜੂਦ ਸਨ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ ।

ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ, ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਣਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ। ਝੂਠੀਆਂ ਕਹਾਣੀਆਂ ਬਣਾ ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਤੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ ਬੋਲ ਕੇ ਸਿੱਖ ਦੁਸ਼ਮਣ ਲਾਬੀ ਨੂੰ ਖੁਸ਼ ਕਰ ਰਹੇ ਹਨ ।

## ਭਾਰਤੀ ਮੂਲ ਦੀ ਰੇਸ਼ਮਾ ਕੇਵਲਰਮਾਨੀ ਦਾ ਨਾਂ ਸੱਭ ਤੋਂ ਵਧ ਸ਼ਕਤੀਸ਼ਾਲੀ 100 ਕਾਰੋਬਾਰੀਆਂ ਵਿੱਚ ਸ਼ਾਮਿਲ, ਫਾਰਚੂਨ ਮੈਗਜ਼ੀਨ ਦੀ ਸੂਚੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫਾਰਚੂਨ ਮੈਗਜ਼ੀਨ ਦੁਆਰਾ ਕਾਰੋਬਾਰ ਵਿੱਚ ਸੱਭ ਤੋਂ ਵਧ ਸ਼ਕਤੀਸ਼ਾਲੀ ਕਾਰੋਬਾਰੀਆਂ ਦੀ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ ਜਿਸ ਵਿੱਚ ਚੋਟੀ ਦੇ ਸ਼ਕਤੀਸ਼ਾਲੀ 100 ਵਿਅਕਤੀਆਂ ਦੇ ਨਾਂ ਸ਼ਾਮਿਲ ਹਨ। ਇਨਾਂ ਵਿੱਚ ਭਾਰਤੀ ਮੂਲ ਦੀ ਮੁੰਬਈ ਦੀ ਜਮਪਲ ਰੇਸ਼ਮਾ ਕੇਵਲਰਮਾਨੀ ਜੋ ਕਿ ਵਰਟੈਕਸ ਫਾਰਮਾਸਿਊਟੀਕਲਜ਼ ਦੀ ਸੀ ਈ ਓ ਹੈ, ਦਾ ਨਾਂ ਵੀ ਸ਼ਾਮਿਲ ਹੈ। ਕੌਮਾਂਤਰੀ ਕਾਰੋਬਾਰੀ ਆਗੂਆਂ ਦੀ ਸੂਚੀ ਵਿੱਚ ਕੇਵਲਰਮਾਨੀ 62ਵੇਂ ਸਥਾਨ ਤੇ ਹੈ। ਇਸ ਸੂਚੀ ਵਿੱਚ ਉਨਾਂ ਕਾਰੋਬਾਰੀਆਂ ਨੂੰ ਜਗਾ ਦਿੱਤੀ ਜਾਂਦੀ ਹੈ ਜੋ ਭਵਿੱਖ ਦੇ ਕਾਰੋਬਾਰ ਨੂੰ ਸ਼ਕਲ ਦਿੰਦੇ ਹਨ। ਕੇਵਲਰਮਾਨੀ ਪਹਿਲੀ ਔਰਤ ਹੈ ਜਿਸ ਨੇ ਇੱਕ ਵੱਡੀ ਯੂ ਐਸ ਬਾਇਓਟੈਕਨਾਲੋਜੀ ਫਰਮ ਦੀ ਅਗਵਾਈ ਕੀਤੀ ਹੈ। ਉਹ ਇੱਕ ਡਾਕਟਰ ਹੈ ਤੇ ਉਸ ਨੇ ਵਰਟੈਕਸ ਦੇ ਸੀ ਈ ਓ ਵਜੋਂ ਅਪ੍ਰੈਲ 2020 ਵਿੱਚ ਅਹੁੱਦਾ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ 2017 ਤੋਂ ਕੰਪਨੀ ਦੇ ਚੀਫ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਸ ਦੀ ਅਗਵਾਈ ਵਿੱਚ ਕੰਪਨੀ ਦੇ ਅਸਾਸੇ 110 ਅਰਬ ਡਾਲਰ ਤੱਕ ਪੁੱਜ ਗਏ ਹਨ। ਇਸ ਸੂਚੀ ਵਿੱਚ ਸ਼ਾਮਿਲ ਭਾਰਤੀ ਮੂਲ ਦੇ ਹੋਰ ਕਾਰੋਬਾਰੀਆਂ ਵਿੱਚ ਮਾਈਕਰੋ ਸਾਫਟ ਦਾ ਸੀ ਈ ਓ ਸਤਿਆ ਨਾਡੇਲਾ (ਦੂਸਰਾ ਸਥਾਨ), ਗੁੱਗਲ ਸੀ ਈ ਓ ਸੁੰਦਰ ਪਿਚਾਈ (6ਵਾਂ ਸਥਾਨ), ਯੂ ਟਿਊਬ ਸੀ ਈ ਓ ਨੀਲ ਮੋਹਨ (83 ਵਾਂ ਸਥਾਨ), ਰਿਲਾਇੰਸ ਇੰਡਸਟਰੀਜ਼ ਚੇਅਰਮੈਨ ਮੁਕੇਸ਼ ਅੰਬਾਨੀ (56 ਵਾਂ ਸਥਾਨ) ਤੇ ਅਡਾਨੀ ਗਰੁੱਪ ਚੇਅਰਮੈਨ ਗੌਤਮ ਅਡਾਨੀ (96 ਵਾਂ ਸਥਾਨ) ਸ਼ਾਮਿਲ ਹਨ।

## ਬਾਲਟੀਮੋਰ ਵਿੱਚ ਹੋਈ ਗੋਲੀਬਾਰੀ ਵਿੱਚ 5 ਸਾਲ ਦੀ ਲੜਕੀ ਸਮੇਤ 6 ਜ਼ਖਮੀ 1 ਦੀ ਹਾਲਤ ਗੰਭੀਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜਆ ਬੰਗਾ)- ਬਾਲਟੀਮੋਰ ਵਿੱਚ ਹੋਈ ਗੋਲੀਬਾਰੀ ਵਿੱਚ ਇਕ 5 ਸਾਲ ਦੀ ਲੜਕੀ ਸਮੇਤ 6 ਜਣਿਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਬਾਲਟੀਮੋਰ ਪੁਲਿਸ ਨੇ ਕਿਹਾ ਹੈ ਕਿ ਘਟਨਾ ਦੀ ਸੂਚਨਾ ਮਿਲਣ 'ਤੇ ਤੁਰੰਤ ਪੁਲਿਸ ਅਫਸਰ ਤਕਰਬੀਨ ਸ਼ਾਮ 8.46 ਵਜੇ ਘਟਨਾ ਸਥਾਨ ਸਪਾਲਡਿੰਗ ਤੇ ਕੁਈਨਜਬਰੀ ਐਵਨਿਊਜ਼ ਵਿੱਚ ਪੁੱਜੇ ਤੇ ਹਾਲਾਤ ਨੂੰ ਕਾਬੂ ਹੇਠ ਕੀਤਾ। ਪੁਲਿਸ ਨੇ ਇਸ ਨੂੰ ਸਮੂਹਿਕ ਗੋਲੀਬਾਰੀ ਦੀ ਘਟਨਾ ਕਰਾਰ ਦਿੱਤਾ ਹੈ।

ਬਾਲਟੀਮੋਰ ਪੁਲਿਸ ਕਮਿਸ਼ਨਰ ਰਿਚਰਡ ਵੋਰਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 5 ਸਾਲਾ ਲੜਕੀ ਦੇ ਹੱਥ ਵਿਚ ਗੋਲੀ ਵੱਜੀ ਹੈ ਤੇ ਉਸ ਦਾ ਜ਼ਖਮ ਗੰਭੀਰ ਨਹੀਂ ਲੱਗਦਾ। ਪੁਲਿਸ ਅਨੁਸਾਰ ਇੱਕ ਜ਼ਖਮੀ ਦੀ ਹਾਲਤ ਨਾਜ਼ੁਕ ਹੈ। ਬਾਕੀ ਜ਼ਖਮੀਆਂ ਵਿੱਚ ਇੱਕ ਔਰਤ ਤੇ 3 ਵਿਅਕਤੀ ਸ਼ਾਮਿਲ ਹਨ ਜਿਨਾਂ ਦੀ ਉਮਰ 23 ਤੋਂ 52 ਸਾਲ ਦੇ ਦਰਮਿਆਨ ਹੈ। ਇਹ ਸਾਰੇ ਸਥਿੱਰ ਹਾਲਤ ਵਿੱਚ ਹਨ।

## ਖਾਲਿਸਤਾਨ ਸ਼ਬਦ ਦੀ ਪਰਿਭਾਸ਼ਾ ਬਦਲ ਕੇ ਠੀਕ ਨਹੀਂ ਕੀਤਾ – ਠੇਕੇਦਾਰ, ਬੱਲ



ਪ੍ਰਮਿੰਦਰ ਸਿੰਘ ਬੱਲ ਅਤੇ ਜਸਵੰਤ ਸਿੰਘ ਠੇਕੇਦਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸਲੋਹ ਵਿੱਚ ਲੱਗੇ ਖਾਲਿਸਤਾਨ ਬੈਨਰ ਨੂੰ ਲੈ ਕੇ ਚੈਰਿਟੀ ਕਮਿਸ਼ਨ ਇੰਗਲੈਂਡ ਦੇ ਆਏ ਫੈਸਲੇ ਤੋਂ ਬਾਅਦ ਗੁਰਦੁਆਰਾ ਮੀਰੀ ਪੀਰੀ ਸਾਊਥਾਲ ਦੇ ਪ੍ਰਬੰਧਕ ਜਸਵੰਤ ਸਿੰਘ ਠੇਕੇਦਾਰ ਅਤੇ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਪ੍ਰਮਿੰਦਰ ਸਿੰਘ ਬੱਲ ਨੇ ਕਿਹਾ ਹੈ ਕਿ ਖਾਲਿਸਤਾਨ ਸਿੱਖਾਂ ਦੀ ਪ੍ਰਭੁਸੱਤਾ ਦੀ ਗੱਲ ਕਰਦਾ ਉਹ ਨਾਮ ਹੈ ਜਿਸ ਲਈ ਲੰਮੀ ਲੜਾਈ ਲੜਦਿਆਂ ਘਰਾਂ ਦੇ ਘਰ ਤਬਾਹ ਹੋ ਗਏ। ਪਰ ਅਫ਼ਸੋਸ ਕਿ ਅੱਜ ਖਾਲਿਸਤਾਨ ਦੇ ਹਮਾਇਤੀ ਕਹਾਉਣ ਵਾਲਿਆਂ ਨੇ ਇਸ ਦੀ ਪਰਿਭਾਸ਼ਾ ਹੀ ਬਦਲ ਦਿਤੀ ਅਤੇ ਇਸ ਨੂੰ ਇੱਕ ਧਾਰਮਿਕ ਨਾਮ ਕਹਿ ਕੇ ਚੈਰਿਟੀ ਕਮਿਸ਼ਨ ਨੂੰ ਗੁੰਮਰਾਹ ਕੀਤਾ ਹੈ। ਸ: ਠੇਕੇਦਾਰ ਅਤੇ ਸਘ ਬੱਲ ਨੇ ਕਿਹਾ ਕਿ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਇਸ ਮਾਮਲੇ ਵਿੱਚ ਤਿੰਨ ਸਿੱਖ ਸੰਸਦ ਵੀ ਸ਼ਾਮਿਲ ਹਨ ਜਿਨ੍ਹਾਂ ਨੇ ਵੀ ਦੂਰ ਅੰਦੇਸ਼ੀ ਤੋਂ ਕੰਮ ਨਹੀਂ ਲਿਆ ਅਤੇ ਕੀ ਉਨ੍ਹਾਂ ਨੂੰ ਨਹੀਂ ਪਤਾ ਕਿ ਖਾਲਸਾ ਰਾਜ ਦੇ ਸੰਕਲਪ ਨੂੰ ਪੂਰਾ ਕਰਨ ਲਈ 26 ਜਨਵਰੀ 1986 ਨੂੰ ਖਾਲਿਸਤਾਨ ਦਾ ਐਲਾਨ ਨਾਮਾ ਹੋਇਆ ਸੀ। ਅਤੇ ਅੱਜ ਚੈਰਿਟੀ ਕਮਿਸ਼ਨ ਕੋਲ ਇਹ ਦਰਜ਼ ਕਰਵਾ ਦਿੱਤਾ ਹੈ ਕਿ ਇਹ ਧਾਰਮਿਕ ਸ਼ਬਦ ਹੈ। ਸਘ ਜਸਵੰਤ ਸਿੰਘ ਠੇਕੇਦਾਰ ਅਤੇ ਸਘ ਪ੍ਰਮਿੰਦਰ ਸਿੰਘ ਬੱਲ ਨੇ ਕਿਹਾ ਕਿ ਖਾਲਿਸਤਾਨ ਨਿਰੋਲ ਰਾਜਨੀਤਕ ਸ਼ਬਦ ਹੈ, ਪਰ ਇਸ ਚੁਣੌਤੀ ਨੂੰ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਪੰਜਾਬ ਦੀ ਕਿਸਾਨੀ 'ਤੇ ਕਰਜ਼ੇ ਦਾ ਬੋਝ, ਕਿਉਂ ਵਧਿਆ?

## ✪ ਸਰਕਾਰ ਖੇਤੀ ਇੰਡਸਟਰੀ ਅਤੇ ਹੁਸੈਨੀਵਾਲਾ-ਵਾਘਾ ਬਾਰਡਰ ਵਪਾਰ ਲਈ ਕਿਉਂ ਨਹੀਂ ਖੋਲਦੀ?



ਖਾਸ ਰਿਪੋਟ

ਪੰਜਾਬ, ਜੋ ਕਦੀ ਦੇਸ਼ ਦਾ ਅੰਨਦਾਤਾ ਸੂਬਾ ਸੀ, ਅੱਜ ਖੇਤੀ ਸੰਕਟ ਦੀ ਮਾਰ ਝੱਲ ਰਿਹਾ ਹੈ। ਕੌਮੀ ਅੰਕੜਿਆਂ ਮੁਤਾਬਕ, ਪੰਜਾਬ ਦੇ ਕਿਸਾਨਾਂ 'ਤੇ ਔਸਤਨ 2,03,249 ਰੁਪਏ ਪ੍ਰਤੀ ਕਿਸਾਨ ਦਾ ਕਰਜ਼ਾ ਹੈ, ਜੋ ਦੇਸ਼ ਵਿੱਚ ਤੀਜੇ ਸਥਾਨ 'ਤੇ ਹੈ। ਇਹ ਕਰਜ਼ੇ ਦਾ ਬੋਝ ਨਾ ਸਿਰਫ਼ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਕਮਜ਼ੋਰ ਕਰ ਰਿਹਾ ਹੈ, ਸਗੋਂ ਸਮਾਜਿਕ ਅਤੇ ਵਾਤਾਵਰਣਕ ਸੰਕਟ ਨੂੰ ਵੀ ਹੋਰ ਡੂੰਘਾ ਕਰ ਰਿਹਾ ਹੈ। ਪੰਜਾਬ ਦੀ ਖੇਤੀ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਮੁੱਦਿਆਂ ਵਿੱਚ ਕਰਜ਼ੇ ਦੀ ਵਧਦੀ ਮਾਤਰਾ, ਖੇਤੀ-ਆਧਾਰਿਤ ਇੰਡਸਟਰੀ ਦੀ ਘਾਟ, ਅਤੇ ਹੁਸੈਨੀਵਾਲਾ-ਵਾਘਾ ਬਾਰਡਰ 'ਤੇ ਵਪਾਰਕ ਸੀਮਤਤਾਵਾਂ ਸ਼ਾਮਲ ਹਨ।

### ਪੰਜਾਬ ਦੀ ਕਿਸਾਨੀ 'ਤੇ ਕਰਜ਼ੇ ਦਾ ਬੋਝ

ਕੌਮੀ ਅੰਕੜਿਆਂ ਅਨੁਸਾਰ, ਪੰਜਾਬ ਦੇ ਕਿਸਾਨਾਂ 'ਤੇ ਪ੍ਰਤੀ ਕਿਸਾਨ 2,03,249 ਰੁਪਏ ਦਾ ਕਰਜ਼ਾ ਹੈ, ਜੋ ਆਂਧਰਾ ਪ੍ਰਦੇਸ਼ (2,45,554 ਰੁਪਏ) ਅਤੇ ਕੇਰਲ (2,42,482 ਰੁਪਏ) ਤੋਂ ਬਾਅਦ ਤੀਜੇ ਸਥਾਨ 'ਤੇ ਹੈ। ਦੇਸ਼ ਵਿੱਚ ਔਸਤ ਕਰਜ਼ਾ 74,121 ਰੁਪਏ ਪ੍ਰਤੀ ਕਿਸਾਨ ਹੈ, ਜੋ ਪੰਜਾਬ ਦੀ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਨਾਗਾਲੈਂਡ ਵਿੱਚ ਸਭ ਤੋਂ ਘੱਟ ਕਰਜ਼ਾ (1,750 ਰੁਪਏ) ਹੈ, ਜਦਕਿ ਨੌਰਥ-ਈਸਟ ਸੂਬਿਆਂ ਵਿੱਚ ਔਸਤ ਕਰਜ਼ਾ 10,034 ਰੁਪਏ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 25,629 ਰੁਪਏ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਦੇ ਕਿਸਾਨ ਭਾਰੀ ਆਰਥਿਕ ਦਬਾਅ ਹੇਠ ਹਨ। ਪੰਜਾਬ ਦੇ ਕਿਸਾਨ ਨਾ ਸਿਰਫ਼ ਖੇਤੀ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਰਜ਼ਾ ਲੈਂਦੇ ਹਨ, ਸਗੋਂ ਪਰਿਵਾਰਕ ਜ਼ਰੂਰਤਾਂ, ਸਿਹਤ, ਸਿੱਖਿਆ ਅਤੇ ਵਿਦੇਸ਼ ਜਾਣ ਦੀਆਂ ਕੋਸ਼ਿਸ਼ਾਂ ਲਈ ਵੀ ਕਰਜ਼ੇ ਦੀ ਸਹਾਇਤਾ ਲੈਣੀ ਪੈਂਦੀ ਹੈ। ਇਸ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਇੱਕ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ, ਜਿਸ ਦੇ ਨਤੀਜੇ ਵਜੋਂ ਕਿਸਾਨ ਖੁਦਕੁਸ਼ੀਆਂ, ਨਸ਼ਿਆਂ ਦੀ ਸਮੱਸਿਆ ਅਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ।

### ਕਰਜ਼ੇ ਦੇ ਵਧਣ ਦੇ ਕਾਰਨ

ਪੰਜਾਬ ਦੇ ਕਿਸਾਨਾਂ ਦੀ ਆਮਦਨ ਸਥਿਰ ਜਾਂ ਘਟ ਰਹੀ ਹੈ। ਫਸਲਾਂ ਦੇ ਨਿਰਧਾਰਤ ਭਾਅ ਅਕਸਰ ਉਤਪਾਦਨ ਦੀ ਲਾਗਤ ਨੂੰ ਵੀ ਪੂਰਾ ਨਹੀਂ ਕਰਦੇ। ਖਾਦਾਂ, ਬੀਜ, ਡੀਜ਼ਲ, ਕੀਟਨਾਸ਼ਕ ਅਤੇ ਮਸ਼ੀਨਰੀ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਮਹਿੰਗਾਈ ਦੇ ਇਸ ਦੌਰ ਵਿੱਚ ਕਿਸਾਨਾਂ ਦੀ ਆਮਦਨ ਅਤੇ ਖਰਚਿਆਂ ਵਿੱਚ ਵੱਡਾ ਅੰਤਰ ਪੈਦਾ ਹੋ ਗਿਆ ਹੈ।

1960 ਅਤੇ 70 ਦੇ ਦਹਾਕੇ ਵਿੱਚ ਹਰੇ ਇਨਕਲਾਬ ਨੇ ਪੰਜਾਬ ਦੀ ਖੇਤੀ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਇਆ ਸੀ। ਵਧੇਰੇ ਉਤਪਾਦਕਤਾ ਵਾਲੇ ਬੀਜ, ਰਸਾਇਣਕ ਖਾਦਾਂ ਅਤੇ ਸਿੰਚਾਈ ਦੀਆਂ ਸੁਧਰੀਆਂ ਤਕਨੀਕਾਂ ਨੇ ਝਾੜ ਵਧਾਇਆ ਸੀ। ਪਰ, ਇਸ ਦੇ ਨਾਲ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਘਟੀ, ਪਾਣੀ ਦਾ ਪੱਧਰ ਹੇਠਾਂ ਗਿਆ, ਅਤੇ ਵਾਤਾਵਰਣ ਪ੍ਰਦੂਸ਼ਣ ਵਧਿਆ। ਲਗਾਤਾਰ ਝੋਨੇ-ਕਣਕ ਦੀ ਚੱਕਰੀ ਖੇਤੀ ਨੇ ਜ਼ਮੀਨ ਨੂੰ ਨੁਕਸਾਨ ਪਹੁੰਚਾਇਆ, ਜਿਸ ਕਾਰਨ ਕਿਸਾਨਾਂ ਨੂੰ ਵਧੇਰੇ ਖਾਦਾਂ ਅਤੇ ਦਵਾਈਆਂ ਦੀ ਲੋੜ ਪਈ, ਜਿਸ ਨੇ ਖਰਚੇ ਵਧਾ ਦਿੱਤੇ ਹਨ।

ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ਨੇ ਕਿਸਾਨ ਪਰਿਵਾਰਾਂ 'ਤੇ ਵਾਧੂ ਬੋਝ ਪਾਇਆ। 1971 ਵਿੱਚ ਖੇਤੀ ਸੈਕਟਰ ਪੰਜਾਬ ਦੀ 57.3% ਆਬਾਦੀ ਨੂੰ ਰੁਜ਼ਗਾਰ ਦਿੰਦਾ ਸੀ, ਜੋ 2024 ਤੱਕ ਘਟ ਕੇ 25.6% ਰਹਿ ਗਿਆ। ਖੇਤੀ ਦੀ ਵਿਕਾਸ ਦਰ ਸਿਰਫ਼ 1.5% ਹੈ, ਜਦਕਿ ਸਮੁੱਚੀ ਅਰਥ-ਵਿਵਸਥਾ ਦੀ ਵਿਕਾਸ ਦਰ 5% ਤੋਂ ਵੱਧ ਹੈ। ਇਸ ਨੇ ਕਿਸਾਨ ਪਰਿਵਾਰਾਂ ਦੀ ਸ਼ੁੱਧ ਆਮਦਨ ਨੂੰ ਘਟਾਇਆ। ਨੌਜਵਾਨ ਵਿਦੇਸ਼ ਜਾਣ ਦੀ ਦੌੜ ਵਿੱਚ ਵੱਡੇ ਕਰਜ਼ੇ ਲੈਂਦੇ ਹਨ, ਜੋ ਪਰਿਵਾਰਾਂ 'ਤੇ ਭਾਰੀ ਪੈਂਦਾ ਹੈ।

ਸਾਮਰਾਜੀ ਕਾਰਪੋਰੇਟੀ ਮਾਡਲ ਨੇ ਕਿਸਾਨਾਂ ਨੂੰ ਵੱਡੀਆਂ ਕੰਪਨੀਆਂ 'ਤੇ ਨਿਰਭਰ ਕਰਨ ਲਈ ਮਜਬੂਰ ਕੀਤਾ। ਮਹਿੰਗੇ ਬੀਜ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੇ ਖਰਚੇ ਵਧਾਏ, ਪਰ ਫਸਲਾਂ ਦੀਆਂ ਕੀਮਤਾਂ ਨਹੀਂ ਵਧੀਆਂ। ਵੱਡੀਆਂ ਕੰਪਨੀਆਂ ਮੰਡੀਆਂ 'ਤੇ ਕਬਜ਼ਾ ਕਰਕੇ ਕਿਸਾਨਾਂ ਨੂੰ ਘੱਟ ਭਾਅ ਦਿੰਦੀਆਂ ਹਨ।

ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਕਿਸਾਨਾਂ ਦੀ ਮਦਦ ਕਰਨ ਦੀ ਬਜਾਏ ਉਨ੍ਹਾਂ ਦੀਆਂ ਮੁਸ਼ਕਿਲਾਂ ਵਧਾਈਆਂ। ਖੇਤੀ ਸਮੱਗਰੀ 'ਤੇ ਵਧੇ ਹੋਏ ਟੈਕਸ, ਸਬਸਿਡੀਆਂ ਦੀ ਘਾਟ ਅਤੇ ਬਿਨਾਂ ਜ਼ਮੀਨ ਵਾਲੇ ਕਿਸਾਨਾਂ (ਬਟਾਈਦਾਰਾਂ) ਲਈ ਕਰਜ਼ੇ ਦੀ ਸਹੂਲਤ ਦੀ ਕਮੀ ਨੇ ਸਥਿਤੀ ਨੂੰ ਹੋਰ ਗੰਭੀਰ ਕੀਤਾ।

### ਕਰਜ਼ੇ ਦੇ ਹੱਲ ਕੀ ਹੋਵੇ?

ਪੰਜਾਬ ਦੀ ਕਿਸਾਨੀ ਨੂੰ ਕਰਜ਼ੇ ਦੇ ਬੋਝ ਤੋਂ ਬਾਹਰ ਕੱਢਣ ਲਈ ਸਰਕਾਰ ਅਤੇ ਸਮਾਜ ਨੂੰ ਸੰਯੁਕਤ ਯਤਨ ਕਰਨ ਦੀ ਲੋੜ ਹੈ। ਹੇਠ ਲਿਖੇ ਕੁਝ ਸੁਝਾਅ ਹਨ:

ਸਮੁੱਚੇ ਖੇਤੀ ਵਰਗ ਦਾ ਕਰਜ਼ਾ ਮੁਆਫ ਕਰਨ ਲਈ ਕੇਂਦਰ ਸਰਕਾਰ ਨੂੰ ਵੱਡੇ ਪੈਮਾਨੇ 'ਤੇ ਨੀਤੀ ਬਣਾਉਣੀ ਚਾਹੀਦੀ। ਰਾਜ ਸਰਕਾਰਾਂ ਦੀ ਵਿੱਤੀ ਸਮਰੱਥਾ ਸੀਮਤ ਹੈ, ਇਸ ਲਈ ਕੇਂਦਰ ਨੂੰ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਵਿਸ਼ਵ ਬੈਂਕ, ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਅਤੇ ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਟੀ ਫੰਡਾਂ ਦੀ ਮਦਦ ਲੈਣੀ ਚਾਹੀਦੀ। ਬੈਂਕਾਂ ਨੂੰ ਸਮਾਜਿਕ ਭਲਾਈ ਦੀ ਮੱਦ ਅਧੀਨ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਆਦੇਸ਼ ਜਾਰੀ ਕਰਨੇ ਚਾਹੀਦੇ।

ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ, ਫਸਲਾਂ ਦਾ ਭਾਅ ਉਤਪਾਦਨ ਲਾਗਤ ਦਾ 50% ਵਾਧੂ (C2+50%) ਹੋਣਾ ਚਾਹੀਦਾ। ਖੇਤੀ ਮਾਹਿਰ ਬਲਬੀਰ ਸਿੰਘ ਰਾਜੇਵਾਲ ਆਖਦੇ ਹਨ ਕਿ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਕਿ ਸਾਰੀਆਂ ਫਸਲਾਂ ਦੀ ਐਮਐਸਪੀ 'ਤੇ ਖਰੀਦ ਹੋਵੇ ਅਤੇ ਮੰਡੀਆਂ ਵਿੱਚ ਘੱਟ ਭਾਅ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ। ਰਾਜੇਵਾਲ ਦਾ ਕਹਿਣਾ ਹੈ ਕਿ ਖਾਦਾਂ, ਬੀਜ, ਡੀਜ਼ਲ ਅਤੇ ਕੀਟਨਾਸ਼ਕਾਂ 'ਤੇ ਸਬਸਿਡੀ ਵਧਾਉਣੀ ਚਾਹੀਦੀ। ਸਰਕਾਰ ਨੂੰ ਇਨ੍ਹਾਂ 'ਤੇ ਟੈਕਸ ਘਟਾਉਣੇ ਚਾਹੀਦੇ ਤਾਂ ਜੋ ਕਿਸਾਨਾਂ ਦੀ ਉਤਪਾਦਨ ਲਾਗਤ ਘਟੇ। ਅੰਤਰਰਾਸ਼ਟਰੀ ਬਜ਼ਾਰ ਵਿੱਚ ਖੇਤੀ ਸਮੱਗਰੀ ਦੀਆਂ ਕੀਮਤਾਂ ਘਟਣ ਦਾ ਸਿੱਧਾ ਲਾਭ ਕਿਸਾਨਾਂ ਨੂੰ ਮਿਲਣਾ ਚਾਹੀਦਾ।

ਖੇਤੀ ਮਾਹਿਰ ਸੁਖਪਾਲ ਸਿੰਘ ਆਖਦੇ ਹਨ ਕਿ ਪੰਜਾਬ ਵਿੱਚ ਝੋਨੇ-ਕਣਕ ਦੀ ਚੱਕਰੀ ਖੇਤੀ ਦੀ ਬਜਾਏ ਸਬਜ਼ੀਆਂ, ਫਲ, ਗੰਨਾ, ਦਾਲਾਂ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ। ਇਹ ਨਾ ਸਿਰਫ਼ ਜ਼ਮੀਨ ਦੀ ਸਿਹਤ ਸੁਧਾਰੇਗੀ, ਸਗੋਂ ਕਿਸਾਨਾਂ ਦੀ ਆਮਦਨ ਵੀ ਵਧਾਏਗੀ। ਸਰਕਾਰ ਨੂੰ ਜੈਵਿਕ ਖੇਤੀ ਲਈ ਸਿਖਲਾਈ ਅਤੇ ਸਬਸਿਡੀਆਂ ਦੇਣੀਆਂ ਚਾਹੀਦੀਆਂ।

ਬੈਂਕਾਂ ਨੂੰ ਕਿਸਾਨਾਂ ਲਈ ਘੱਟ ਵਿਆਜ ਦਰਾਂ 'ਤੇ ਕਰਜ਼ੇ ਦੇਣ ਦੀ ਵਿਵਸਥਾ ਕਰਨੀ ਚਾਹੀਦੀ। ਬਿਨਾਂ ਜ਼ਮੀਨ ਵਾਲੇ ਕਿਸਾਨਾਂ (ਬਟਾਈਦਾਰਾਂ) ਨੂੰ ਵੀ ਕਰਜ਼ੇ ਦੀ ਸਹੂਲਤ ਮਿਲਣੀ ਚਾਹੀਦੀ। ਸਰਕਾਰ ਨੂੰ ਸਹਿਕਾਰੀ ਬੈਂਕਾਂ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਦੀਆਂ ਜ਼ਰੂਰਤਾਂ ਮੁਤਾਬਕ ਕਰਜ਼ਾ ਨੀਤੀਆਂ ਬਣਾਉਣੀਆਂ ਚਾਹੀਦੀਆਂ।

## ਪੰਜਾਬ ਵਿੱਚ ਖੇਤੀ ਇੰਡਸਟਰੀ ਦੀ ਘਾਟ

ਪੰਜਾਬ ਵਿੱਚ ਖੇਤੀ-ਆਧਾਰਿਤ ਇੰਡਸਟਰੀ ਦੀ ਕਮੀ ਕਈ ਮੁਸ਼ਕਿਲਾਂ ਦਾ ਕਾਰਨ ਬਣੀ ਹੋਈ ਹੈ। ਪੰਜਾਬ ਵਿੱਚ ਖੇਤੀ-ਆਧਾਰਿਤ ਉਦਯੋਗ ਜਿਵੇਂ ਫੂਡ ਪ੍ਰੋਸੈਸਿੰਗ, ਡੇਅਰੀ ਅਤੇ ਜੈਵਿਕ ਉਤਪਾਦਾਂ ਦੀਆਂ ਇਕਾਈਆਂ ਸਥਾਪਤ ਕਰਨ ਲਈ ਸਰਕਾਰੀ ਨਿਵੇਸ਼ ਅਤੇ ਸਹੂਲਤਾਂ ਦੀ ਘਾਟ ਹੈ। ਖੇਤੀ ਉਤਪਾਦਾਂ ਦੀ ਸਟੋਰੇਜ, ਟਰਾਂਸਪੋਰਟ ਅਤੇ ਮਾਰਕੀਟਿੰਗ ਲਈ ਢੁਕਵੇਂ ਸਾਧਨਾਂ ਦੀ ਕਮੀ ਹੈ। ਕੋਲਡ ਸਟੋਰੇਜ, ਪ੍ਰੋਸੈਸਿੰਗ ਯੂਨਿਟਸ ਅਤੇ ਆਧੁਨਿਕ ਮੰਡੀਆਂ ਦੀ ਘਾਟ ਕਾਰਨ ਕਿਸਾਨਾਂ ਨੂੰ ਫਸਲਾਂ ਦੀ ਸਮੇਂ ਸਿਰ ਵਿਕਰੀ ਵਿੱਚ ਮੁਸ਼ਕਿਲ ਆਉਂਦੀ ਹੈ।

ਵੱਡੀਆਂ ਕਾਰਪੋਰੇਟ ਕੰਪਨੀਆਂ ਨੇ ਖੇਤੀ ਉਤਪਾਦਾਂ ਦੀ ਖਰੀਦ ਅਤੇ ਵਿਕਰੀ 'ਤੇ ਕਬਜ਼ਾ ਕਰ ਲਿਆ ਹੈ। ਇਹ ਕੰਪਨੀਆਂ ਘੱਟ ਭਾਅ 'ਤੇ ਉਤਪਾਦ ਖਰੀਦਦੀਆਂ ਹਨ, ਜਿਸ ਨਾਲ ਸਥਾਨਕ ਪੱਧਰ 'ਤੇ ਛੋਟੇ ਉਦਯੋਗਾਂ ਦਾ ਵਿਕਾਸ ਨਹੀਂ ਹੋ ਪਾਉਂਦਾ। ਹੁਸੈਨੀਵਾਲਾ ਅਤੇ ਵਾਘਾ ਬਾਰਡਰ 'ਤੇ ਵਪਾਰਕ ਸੀਮਤਤਾਵਾਂ ਨੇ ਪੰਜਾਬ ਦੀ ਕਿਸਾਨੀ 'ਤੇ ਡੂੰਘਾ ਅਸਰ ਪਾਇਆ ਹੈ। ਪਹਿਲਾਂ ਪੰਜਾਬ ਦੇ ਕਿਸਾਨ ਸਬਜ਼ੀਆਂ, ਚੌਲ, ਅਤੇ ਹੋਰ ਖੇਤੀ ਉਤਪਾਦ ਪਾਕਿਸਤਾਨ ਨੂੰ ਸਪਲਾਈ ਕਰਦੇ ਸਨ, ਪਰ ਹੁਣ ਇਹ ਮੰਡੀਆਂ ਲਗਭਗ ਬੰਦ ਹੋ ਗਈਆਂ ਹਨ। ਵਪਾਰ ਬੰਦ ਹੋਣ ਕਾਰਨ ਕਿਸਾਨਾਂ ਦੀ ਆਮਦਨ 'ਤੇ ਸਿੱਧਾ ਅਸਰ ਪਿਆ।


## ਸਰਕਾਰ ਨੂੰ ਕੀ ਕਰਨਾ ਚਾਹੀਦਾ?

ਸਰਕਾਰ ਨੂੰ ਖੇਤੀ ਸੁਧਾਰਾਂ 'ਤੇ ਜ਼ੋਰ ਦੇਣਾ ਚਾਹੀਦਾ। ਐਮਐਸਪੀ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਲਾਗੂ ਕਰਨਾ, ਸਬਸਿਡੀਆਂ ਵਧਾਉਣਾ, ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਸਰਕਾਰ ਨੂੰ ਫੂਡ ਪ੍ਰੋਸੈਸਿੰਗ, ਡੇਅਰੀ, ਅਤੇ ਜੈਵਿਕ ਉਤਪਾਦਾਂ ਦੀਆਂ ਇਕਾਈਆਂ ਸਥਾਪਤ ਕਰਨ ਲਈ ਸਬਸਿਡੀਆਂ ਅਤੇ ਸਹੂਲਤਾਂ ਦੇਣੀਆਂ ਚਾਹੀਦੀਆਂ। ਕੋਲਡ ਸਟੋਰੇਜ, ਆਧੁਨਿਕ ਮੰਡੀਆਂ ਅਤੇ ਟਰਾਂਸਪੋਰਟ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਭਾਰਤ-ਪਾਕਿਸਤਾਨ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਤਾਂ ਜੋ ਵਾਘਾ ਬਾਰਡਰ 'ਤੇ ਵਪਾਰ ਮੁੜ ਸ਼ੁਰੂ ਹੋ ਸਕੇ।

# ਪਟਿਆਲਾ ਦੀ ਵਿਰਾਸਤਾਂ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕਿਉਂ ਨਾ ਹੋ ਸਕੀਆਂ ?

**ਖਾਸ ਖਬਰ** ✪ ਪਟਿਆਲਾ ਦੀਆਂ ਇਮਾਰਤਾਂ ਦੀ ਅਣਦੇਖੀ ਕਿਉਂ ? ✪ ਸਿੱਖ ਵਿਰਾਸਤ ਦੀ ਤਬਾਹੀ ਵਿਚ ਸ਼੍ਰੋਮਣੀ ਕਮੇਟੀ ਦਾ ਵੱਡਾ ਰੋਲ : ਕਾਰ ਸੇਵਾ ਦੇ ਨਾਂ 'ਤੇ ਨੁਕਸਾਨ ✪ ਸਰਕਾਰੀ ਅਤੇ ਜਨਤਕ ਉਪਰਾਲਿਆਂ ਦੀ ਲੋੜ

ਪਟਿਆਲਾ, ਪੰਜਾਬ ਦਾ ਇੱਕ ਇਤਿਹਾਸਕ ਸ਼ਹਿਰ, ਜੋ ਵਿਰਾਸਤੀ ਸ਼ਾਨ ਦੇ ਬਾਵਜੂਦ ਵੀ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਨਹੀਂ ਹੋ ਸਕਿਆ। ਸ਼ਾਹੀ ਸ਼ਹਿਰ ਦੀਆਂ ਇਮਾਰਤਾਂ ਜਿਵੇਂ ਕਿ ਸ਼ੀਸ਼ ਮਹਿਲ, ਕਿਲ੍ਹਾ ਮੁਬਾਰਕ ਅਤੇ ਰਾਜਿੰਦਰਾ ਕੋਠੀ ਵਰਗੀਆਂ ਬੇਮਿਸਾਲ ਵਿਰਾਸਤ ਹਨ , ਪਰ ਸਰਕਾਰੀ ਅਣਗਹਿਲੀ, ਢੁਕਵੀਂ ਨੀਤੀਆਂ ਦੀ ਘਾਟ ਅਤੇ ਸੰਭਾਲ ਦੀਆਂ ਅਧੂਰੀਆਂ ਕੋਸ਼ਿਸ਼ਾਂ ਨੇ ਇਸ ਮੌਕੇ ਨੂੰ ਹੱਥੋਂ ਖੁੰਝਣ ਦਿੱਤਾ। ਇਸ ਦੇ ਨਾਲ ਹੀ, ਸਿੱਖ ਵਿਰਾਸਤ ਦੀਆਂ ਇਮਾਰਤਾਂ ਦੀ ਸੰਭਾਲ 'ਤੇ ਪਿਛਲੇ ਸਮਿਆਂ ਵਿਚ ਹੋਈਆਂ ਗਲਤੀਆਂ, ਖਾਸ ਕਰਕੇ ਕਾਰ ਸੇਵਾ ਦੇ ਨਾਂ 'ਤੇ ਸਾਧਾਂ ਵਲੋਂ ਕੀਤੀਆਂ ਗਈਆਂ ਤਬਾਹੀਆਂ ਨੇ ਸਿੱਖ ਇਤਿਹਾਸ ਦੀ ਅਨਮੋਲ ਵਿਰਾਸਤ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ।



**ਪੰਜਾਬ ਟਾਈਮਜ ਅਨੁਸਾਰ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਸਿੱਖ ਇਤਿਹਾਸ ਅਤੇ ਸਭਿਆਚਾਰ ਦੀਆਂ ਅਮਿੱਟ ਨਿਸ਼ਾਨੀਆਂ ਹਨ, ਜੋ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਹੋਣ ਦੀ ਪੂਰੀ ਸਮਰੱਥਾ ਰੱਖਦੀਆਂ ਹਨ। ਪਰ, ਸਰਕਾਰੀ ਅਣਗਹਿਲੀ, ਅਧੂਰੀ ਸੰਭਾਲ, ਡਾਕੂਮੈਂਟੇਸ਼ਨ ਦੀ ਘਾਟ ਅਤੇ ਕਾਰ ਸੇਵਾ ਦੇ ਨਾਂ 'ਤੇ ਹੋਈਆਂ ਗਲਤੀਆਂ ਨੇ ਇਸ ਮੌਕੇ ਨੂੰ ਹੱਥੋਂ ਜਾਣ ਦਿੱਤਾ। ਜੇਕਰ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਸਥਾਨਕ ਸੰਸਥਾਵਾਂ ਮਿਲ ਕੇ ਠੋਸ ਉਪਰਾਲੇ ਕਰਨ, ਤਾਂ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਨਾ ਸਿਰਫ਼ ਵਿਸ਼ਵ ਪੱਧਰ 'ਤੇ ਪਛਾਣ ਮਿਲ ਸਕਦੀ ਹੈ, ਸਗੋਂ ਸੈਰ-ਸਪਾਟਾ ਉਦਯੋਗ ਨੂੰ ਵੀ ਹੁਲਾਰਾ ਮਿਲ ਸਕਦਾ ਹੈ।**

## ਇਤਿਹਾਸਕ ਮਹੱਤਤਾ ਤੇ ਸਮਰੱਥਾ

ਪਟਿਆਲਾ, ਜਿਸ ਨੂੰ ਪੰਜਾਬ ਦੀ ਸ਼ਾਹੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ, ਸਿੱਖ ਇਤਿਹਾਸ ਅਤੇ ਸਭਿਆਚਾਰ ਦਾ ਇੱਕ ਅਮੀਰ ਕੇਂਦਰ ਰਿਹਾ ਹੈ। ਇਸ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਨਾ ਸਿਰਫ਼ ਪਟਿਆਲਾ ਰਿਆਸਤ ਦੀ ਸ਼ਾਨ ਦੀਆਂ ਗਵਾਹ ਹਨ, ਸਗੋਂ ਸਿੱਖ ਸਭਿਆਚਾਰ ਅਤੇ ਕਲਾ ਦੀ ਵਿਲੱਖਣਤਾ ਨੂੰ ਵੀ ਦਰਸਾਉਂਦੀਆਂ ਹਨ।

ਕਿਲ੍ਹਾ ਮੁਬਾਰਕ: ਇਸ ਦੀ ਨੀਂਹ 1763 ਵਿਚ ਬਾਬਾ ਆਲਾ ਸਿੰਘ ਨੇ ਰੱਖੀ ਸੀ, ਜੋ ਪਟਿਆਲਾ ਰਿਆਸਤ ਦੇ ਬਾਨੀ ਸਨ। ਇਹ ਕਿਲ੍ਹਾ ਸਿੱਖ ਰਿਆਸਤ ਦੀ ਸਿਆਸੀ ਅਤੇ ਸਭਿਆਚਾਰਕ ਸ਼ਕਤੀ ਦਾ ਪ੍ਰਤੀਕ ਹੈ। ਇਸ ਦੀ ਵਿਲੱਖਣ ਸਥਾਪਤੀ ਅਤੇ ਇਤਿਹਾਸਕ ਮਹੱਤਤਾ ਇਸ ਨੂੰ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕਰਨ ਦੀ ਸਮਰੱਥਾ ਰੱਖਦੀ ਹੈ।

ਸ਼ੀਸ਼ ਮਹਿਲ: ਮਹਾਰਾਜਾ ਨਰਿੰਦਰ ਸਿੰਘ ਦੁਆਰਾ 19ਵੀਂ ਸਦੀ ਵਿਚ ਬਣਵਾਇਆ ਗਿਆ ਸੀ ਇਹ ਮਹਿਲ ਕਸ਼ਮੀਰ ਅਤੇ ਰਾਜਸਥਾਨ ਦੇ ਕਾਰੀਗਰਾਂ ਦੀ ਕਲਾਕਾਰੀ ਦਾ ਸੁੰਦਰ ਨਮੂਨਾ ਹੈ। ਇਸ ਦੀਆਂ ਕੰਧਾਂ 'ਤੇ ਬਣੀਆਂ ਕਲਾਕ੍ਰਿਤੀਆਂ, ਸ਼ੀਸ਼ਿਆਂ ਦੀ ਨਕਾਸ਼ੀ ਤੇ ਬਨਾਸਰ ਆਰਟ ਗੈਲਰੀ ਸੈਲਾਨੀਆਂ ਨੂੰ ਮੰਤਰ ਮੁਗਧ ਕਰਦੀ ਹੈ। ਇਸ ਮਹਿਲ ਦੀ ਵਿਲੱਖਣ ਸੁੰਦਰਤਾ ਤੇ ਇਤਿਹਾਸਕ ਮਹੱਤਤਾ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦੇਣ ਦੀ ਸਮਰੱਥਾ ਰੱਖਦੀ ਹੈ।

ਰਾਜਿੰਦਰਾ ਕੋਠੀ: ਮਹਾਰਾਜਾ ਰਾਜਿੰਦਰ ਸਿੰਘ ਦੇ ਸਮੇਂ ਬਣੀ ਇਹ ਕੋਠੀ ਅੱਜ ਵਿਰਾਸਤੀ ਹੋਟਲ ਵਜੋਂ ਵਰਤੀ ਜਾ ਰਹੀ ਹੈ। ਇਸ ਦੀ ਸਥਾਪਤੀ ਅਤੇ ਇਤਿਹਾਸਕ ਮਹੱਤਤਾ ਵੀ ਯੂਨੈਸਕੋ ਦੀ ਸੂਚੀ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਰੱਖਦੀ ਹੈ।

ਬਹਾਦਰਗੜ੍ਹ ਕਿਲ੍ਹਾ, ਮੋਤੀ ਬਾਗ ਪੈਲੇਸ ਅਤੇ ਬਰਾਦਰੀ ਗਾਰਡਨ: ਇਹ ਸਭ ਵੀ ਪਟਿਆਲਾ ਦੀ ਵਿਰਾਸਤ ਦੀ ਸ਼ਾਨ ਨੂੰ ਦਰਸਾਉਂਦੇ ਹਨ। ਇਨ੍ਹਾਂ ਇਮਾਰਤਾਂ ਦੀ ਸਥਾਪਤੀ, ਸਭਿਆਚਾਰਕ ਮਹੱਤਤਾ ਅਤੇ ਇਤਿਹਾਸਕ ਪਿਛੋਕੜ ਇਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਉਣ ਦੀ ਸਮਰੱਥਾ ਰੱਖਦੇ ਹਨ।

## ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ 'ਚ ਸ਼ਾਮਲ ਨਾ ਹੋਣ ਦੇ ਕਾਰਨ ਤੇ ਕਮੀਆਂ

ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਹੋਣ ਲਈ ਕੁਝ ਸਖਤ ਮਾਪਦੰਡ ਪੂਰੇ ਕਰਨੇ ਪੈਂਦੇ ਹਨ, ਜਿਨ੍ਹਾਂ ਵਿਚ ਇਮਾਰਤ ਦੀ ਇਤਿਹਾਸਕ ਮਹੱਤਤਾ, ਸੰਭਾਲ ਦੀ ਸਥਿਤੀ, ਵਿਲੱਖਣਤਾ, ਅਤੇ ਵਿਸ਼ਵ ਪੱਧਰ 'ਤੇ ਪ੍ਰਚਾਰ ਸਮੇਤ ਕਈ ਪਹਿਲੂ ਸ਼ਾਮਲ ਹਨ। ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਦੀ ਇਸ ਸੂਚੀ ਵਿਚ ਸ਼ਾਮਲ ਨਾ ਹੋਣ ਦੇ ਕਈ ਮੁੱਖ ਕਾਰਨ ਹਨ:

ਪੰਜਾਬ ਸਰਕਾਰ ਅਤੇ ਸੰਬੰਧਿਤ ਵਿਭਾਗਾਂ ਨੇ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਸੂਚੀ 'ਚ ਸ਼ਾਮਲ ਕਰਵਾਉਣ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ। 2017 ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਕਿਲ੍ਹਾ ਮੁਬਾਰਕ ਨੂੰ ਸੂਚੀ ਵਿਚ ਸ਼ਾਮਲ ਕਰਨ ਦੀਆਂ ਯੋਜਨਾਵਾਂ ਬਣਾਈਆਂ ਸਨ, ਪਰ ਇਹ ਯੋਜਨਾਵਾਂ ਅਮਲ 'ਚ ਨਹੀਂ ਆਈਆਂ। ਸਰਕਾਰੀ ਪੱਧਰ 'ਤੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਾ ਲੈਣਾ ਇੱਕ ਵੱਡੀ ਕਮੀ ਹੈ।

ਯੂਨੈਸਕੋ ਦੀ ਸੂਚੀ ਵਿਚ ਸ਼ਾਮਲ ਹੋਣ ਲਈ ਇਮਾਰਤਾਂ ਦੀ ਸੰਭਾਲ ਦੀ ਸਥਿਤੀ ਬਹੁਤ ਮਹੱਤਵਪੂਰਨ ਹੈ। ਪਟਿਆਲਾ ਦੀਆਂ ਕਈ ਵਿਰਾਸਤੀ ਇਮਾਰਤਾਂ, ਜਿਵੇਂ ਸ਼ੀਸ਼ ਮਹਿਲ ਅਤੇ ਕਿਲ੍ਹਾ ਮੁਬਾਰਕ, ਸਮੇਂ ਦੀ ਮਾਰ ਅਤੇ ਰੱਖ-ਰਖਾਅ ਦੀ ਘਾਟ ਕਾਰਨ ਸਹੀ ਸਥਿਤੀ ਵਿਚ ਨਹੀਂ ਹਨ। ਇਨ੍ਹਾਂ ਇਮਾਰਤਾਂ ਦੀ ਮੁਰੰਮਤ ਅਤੇ ਸੰਭਾਲ ਲਈ ਲੋੜੀਂਦੇ ਵਿੱਤੀ ਅਤੇ ਤਕਨੀਕੀ ਸਾਧਨਾਂ ਦੀ ਕਮੀ ਨੇ ਵੀ ਇਸ ਪ੍ਰਕਿਰਿਆ ਨੂੰ ਰੋਕਿਆ ਹੈ।

ਯੂਨੈਸਕੋ ਦੀ ਸੂਚੀ ਵਿਚ ਸ਼ਾਮਲ ਹੋਣ ਲਈ ਇਮਾਰਤਾਂ ਦੀ ਇਤਿਹਾਸਕ ਮਹੱਤਤਾ, ਸਥਾਪਤੀ ਅਤੇ ਸਭਿਆਚਾਰਕ ਮੁੱਲ ਦੀ ਵਿਸਤ੍ਰਿਤ ਡਾਕੂਮੈਂਟੇਸ਼ਨ ਜ਼ਰੂਰੀ ਹੈ। ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਬਾਰੇ ਅਜਿਹੀ ਵਿਸਤ੍ਰਿਤ ਜਾਣਕਾਰੀ ਅਤੇ ਪੇਸ਼ਕਾਰੀ ਦੀ ਕਮੀ ਹੈ। ਸਰਕਾਰੀ ਵਿਭਾਗਾਂ ਨੇ ਇਸ ਵੱਲ ਧਿਆਨ ਨਹੀਂ ਦਿੱਤਾ, ਜਿਸ ਕਾਰਨ ਯੂਨੈਸਕੋ ਨੂੰ ਪ੍ਰਸਤਾਵ ਭੇਜਣ ਦੀ ਪ੍ਰਕਿਰਿਆ ਅਧੂਰੀ ਰਹੀ।

ਯੂਨੈਸਕੋ ਸੂਚੀ ਵਿਚ ਸ਼ਾਮਲ ਹੋਣ ਵਾਲੀਆਂ ਇਮਾਰਤਾਂ ਦੇ ਆਸ-ਪਾਸ ਸਹੀ ਸੈਰ-ਸਪਾਟਾ ਸਹੂਲਤਾਂ, ਸੁਰੱਖਿਆ ਅਤੇ ਪਹੁੰਚ ਸੰਬੰਧੀ ਢਾਂਚਾ ਹੋਣਾ ਜ਼ਰੂਰੀ ਹੈ। ਪਟਿਆਲਾ ਵਿਚ ਅਜਿਹੀਆਂ ਸਹੂਲਤਾਂ ਦੀ ਕਮੀ ਵੀ ਇੱਕ ਵੱਡੀ ਰੁਕਾਵਟ ਹੈ।

ਇਹ ਸਾਰੇ ਕਾਰਨ ਮਿਲ ਕੇ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਸੂਚੀ ਵਿਚ ਸ਼ਾਮਲ ਹੋਣ ਤੋਂ ਰੋਕਦੇ ਹਨ। ਸਰਕਾਰੀ ਅਤੇ ਜਨਤਕ ਪੱਧਰ 'ਤੇ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਲੋੜ ਹੈ।

## ਸਿੱਖ ਵਿਰਾਸਤ ਦੀ ਸੰਭਾਲ: ਕਾਰ ਸੇਵਾ ਦਾ ਪ੍ਰਭਾਵ

ਸਿੱਖ ਵਿਰਾਸਤ ਦੀਆਂ ਇਮਾਰਤਾਂ ਨਾ ਸਿਰਫ਼ ਪੰਜਾਬ ਦੀ ਸਭਿਆਚਾਰਕ ਪਛਾਣ ਹਨ, ਸਗੋਂ ਸਿੱਖ ਇਤਿਹਾਸ ਅਤੇ ਧਰਮ ਦੀਆਂ ਅਮਿੱਟ ਨਿਸ਼ਾਨੀਆਂ ਵੀ ਹਨ। ਪਰ, ਪਿਛਲੇ ਕੁਝ ਦਹਾਕਿਆਂ ਵਿਚ, ਖਾਸ ਕਰਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਵਿਚ, ਕਾਰ ਸੇਵਾ ਦੇ ਨਾਂ 'ਤੇ ਕਈ ਵਿਰਾਸਤੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

ਕਾਰ ਸੇਵਾ, ਜੋ ਸਿੱਖ ਪਰੰਪਰਾ ਵਿਚ ਸੇਵਾ ਅਤੇ ਸਮਰਪਣ ਦਾ ਪ੍ਰਤੀਕ ਹੈ, ਨੂੰ 1980 ਅਤੇ 1990 ਦੇ ਦਹਾਕਿਆਂ ਵਿਚ ਵਿਰਾਸਤੀ ਇਮਾਰਤਾਂ ਦੀ ਮੁਰੰਮਤ ਅਤੇ ਨਵੀਨੀਕਰਨ ਲਈ ਵਰਤਿਆ ਗਿਆ। ਅਨਪੜ੍ਹ ਜਾਂ ਅਣਜਾਣ ਬਾਬਿਆਂ ਅਤੇ ਸਾਧਾਂ ਨੇ, ਜਿਨ੍ਹਾਂ ਨੂੰ ਵਿਰਾਸਤ ਸੰਭਾਲ ਦਾ ਗਿਆਨ ਨਹੀਂ ਸੀ, ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਨਵੀਆਂ ਅਤੇ ਬੇਢੰਗੀਆਂ ਇਮਾਰਤਾਂ ਬਣਾਈਆਂ ਹਨ। ਇਸ ਨਾਲ ਸਿੱਖ ਵਿਰਾਸਤ ਦੀਆਂ ਅਨਮੋਲ ਨਿਸ਼ਾਨੀਆਂ ਦਾ ਵੱਡਾ ਨੁਕਸਾਨ ਹੋਇਆ ਹੈ।

ਸ਼੍ਰੋਮਣੀ ਕਮੇਟੀ ਦੀ ਭੂਮਿਕਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਵਿਰਾਸਤੀ ਇਮਾਰਤਾਂ ਦੀ ਸੰਭਾਲ 'ਚ ਢਿੱਲ ਦਿਖਾਈ। ਕਈ ਮੌਕਿਆਂ 'ਤੇ, ਵਿਰਾਸਤੀ ਗੁਰਦੁਆਰਿਆਂ ਅਤੇ ਇਮਾਰਤਾਂ ਦੀ ਮੁਰੰਮਤ ਦੌਰਾਨ ਮੂਲ ਢਾਂਚੇ ਨੂੰ ਬਦਲ ਦਿੱਤਾ ਗਿਆ। ਉਦਾਹਰਣ ਵਜੋਂ, ਅੰਮ੍ਰਿਤਸਰ ਦੇ ਸਿੱਖ ਗੁਰਦੁਆਰਿਆਂ ਵਿਚ ਕੀਤੀਆਂ ਗਈਆਂ ਕਾਰ ਸੇਵਾਵਾਂ ਦੌਰਾਨ ਪੁਰਾਣੀ ਕਲਾਕਾਰੀ, ਸ਼ੀਸ਼ੇ ਦੀ ਨਕਾਸ਼ੀ ਅਤੇ ਫਰੈਸਕੋ ਪੇਂਟਿੰਗਜ਼ ਨੂੰ ਨੁਕਸਾਨ ਪਹੁੰਚਿਆ।

ਅਣਜਾਣਤਾ ਅਤੇ ਗਲਤ ਨੀਤੀਆਂ: ਕਾਰ ਸੇਵਾ ਦੇ ਨਾਂ 'ਤੇ ਸੰਭਾਲ ਦੀਆਂ ਕੋਸ਼ਿਸ਼ਾਂ ਅਕਸਰ ਬਿਨਾਂ ਕਿਸੇ ਵਿਗਿਆਨਕ ਜਾਂ ਤਕਨੀਕੀ ਗਿਆਨ ਦੇ ਕੀਤੀਆਂ ਗਈਆਂ ਹਨ। ਇਸ ਦੌਰਾਨ, ਪੁਰਾਤੱਤਵ ਵਿਭਾਗ ਅਤੇ ਵਿਰਾਸਤ ਸੰਭਾਲ ਦੇ ਮਾਹਿਰਾਂ ਦੀ ਸਲਾਹ ਨੂੰ ਅਣਗੌਲਿਆ ਕੀਤਾ ਗਿਆ। ਨਤੀਜੇ ਵਜੋਂ, ਕਈ ਵਿਰਾਸਤੀ ਇਮਾਰਤਾਂ ਦੀ ਮੂਲ ਪਛਾਣ ਨਸ਼ਟ ਹੋ ਗਈ।

ਰਾਜਸਥਾਨ ਦਾ ਉਦਾਹਰਣ: ਰਾਜਸਥਾਨ ਨੇ ਆਪਣੀਆਂ ਵਿਰਾਸਤੀ ਇਮਾਰਤਾਂ, ਜਿਵੇਂ ਜੈਪੁਰ ਦੇ ਕਿਲ੍ਹਿਆਂ ਅਤੇ ਮਹਿਲਾਂ, ਨੂੰ ਸੰਭਾਲਣ ਵਿਚ ਸਫਲਤਾ ਹਾਸਲ ਕੀਤੀ ਹੈ। ਰਾਜਸਥਾਨ ਸਰਕਾਰ ਨੇ ਪੁਰਾਤੱਤਵ ਵਿਭਾਗ, ਸਥਾਨਕ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਸੰਗਠਨਾਂ ਨਾਲ ਮਿਲ ਕੇ ਆਪਣੀ ਵਿਰਾਸਤ ਨੂੰ ਨਾ ਸਿਰਫ਼ ਸੰਭਾਲਿਆ, ਸਗੋਂ ਯੂਨੈਸਕੋ ਦੀ ਸੂਚੀ ਵਿਚ ਵੀ ਸ਼ਾਮਲ ਕਰਵਾਇਆ। ਇਸ ਦੇ ਉਲਟ, ਪੰਜਾਬ ਵਿਚ ਅਜਿਹੀਆਂ ਕੋਸ਼ਿਸ਼ਾਂ ਦੀ ਘਾਟ ਰਹੀ ਹੈ।

ਵਿਰਾਸਤ ਸੰਭਾਲ ਲਈ ਸੁਝਾਅ ਅਤੇ ਭਵਿੱਖ ਦੀ ਰਣਨੀਤੀ-ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕਰਨ ਅਤੇ ਸਿੱਖ ਵਿਰਾਸਤ ਦੀ ਸੰਭਾਲ ਲਈ ਕੁਝ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ:

ਪੰਜਾਬ ਸਰਕਾਰ ਨੂੰ ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਨੂੰ ਯੂਨੈਸਕੋ ਦੀ ਸੂਚੀ ਵਿਚ ਸ਼ਾਮਲ ਕਰਨ ਲਈ ਇੱਕ ਵਿਸਤ੍ਰਿਤ ਯੋਜਨਾ ਬਣਾਉਣੀ ਚਾਹੀਦੀ। ਇਸ 'ਵਿਚ ਪੁਰਾਤੱਤਵ ਵਿਭਾਗ, ਵਿਰਾਸਤ ਸੰਭਾਲ ਮਾਹਿਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਸਹਾਇਤਾ ਲਈ ਜਾਣੀ ਚਾਹੀਦੀ ਹੈ।

ਵਿਰਾਸਤੀ ਇਮਾਰਤਾਂ ਦੀ ਸੰਭਾਲ ਲਈ ਵਿਗਿਆਨਕ ਅਤੇ ਤਕਨੀਕੀ ਢੰਗ ਅਪਣਾਏ ਜਾਣ। ਕਾਰ ਸੇਵਾ ਦੀ ਬਜਾਏ, ਮਾਹਿਰਾਂ ਦੀ ਨਿਗਰਾਨੀ ਵਿਚ ਮੁਰੰਮਤ ਅਤੇ ਸੰਭਾਲ ਦਾ ਕੰਮ ਕੀਤਾ ਜਾਣਾ ਚਾਹੀਦਾ। ਪੁਰਾਣੀ ਕਲਾਕਾਰੀ, ਸ਼ੀਸ਼ੇ ਦੀ ਨਕਾਸ਼ੀ ਅਤੇ ਫਰੈਸਕੋ ਪੇਂਟਿੰਗਜ਼ ਨੂੰ ਬਚਾਉਣ ਲਈ ਅਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ। ਸਥਾਨਕ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵਿਰਾਸਤ ਸੰਭਾਲ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ। ਜਾਗਰੂਕਤਾ ਮੁਹਿੰਮਾਂ, ਵਿਰਾਸਤੀ ਸੈਰਾਂ ਅਤੇ ਸਕੂਲੀ ਸਿੱਖਿਆ ਵਿਚ ਵਿਰਾਸਤ ਦੀ ਮਹੱਤਤਾ ਨੂੰ ਸ਼ਾਮਲ ਕਰਕੇ ਜਨਤਕ ਸਹਿਯੋਗ ਵਧਾਇਆ ਜਾ ਸਕਦਾ ਹੈ।

ਪਟਿਆਲਾ ਦੀਆਂ ਵਿਰਾਸਤੀ ਇਮਾਰਤਾਂ ਦੀ ਵਿਸਤ੍ਰਿਤ ਡਾਕੂਮੈਂਟੇਸ਼ਨ ਕਰਕੇ ਯੂਨੈਸਕੋ ਨੂੰ ਪ੍ਰਸਤਾਵ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਣੀ ਚਾਹੀਦੀ। ਅੰਤਰਰਾਸ਼ਟਰੀ ਪੱਧਰ 'ਤੇ ਇਨ੍ਹਾਂ ਇਮਾਰਤਾਂ ਦਾ ਪ੍ਰਚਾਰ ਕਰਕੇ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਵਧਾਈ ਜਾ ਸਕਦੀ ਹੈ।

# ਟਰੰਪ ਦੇ 50% ਟੈਰਿਫ ਕਾਰਣ ਭਾਰਤ ਦੀ ਅਰਥਵਿਵਸਥਾ ਸੰਕਟ ਵਿਚ ਹੈ ?

**✪ ਟੈਰਿਫ ਕਾਰਣ ਨਿਰਯਾਤ ਵਿਚ 40-50% ਗਿਰਾਵਟ ਦਾ ਖਤਰਾ ✪ ਕੁਆਡ ਦੀ ਏਕਤਾ ਵੀ ਸੰਕਟ ਵਿਚ, ਕੀ ਹੈ ਭਾਰਤ ਕੋਲ ਬਦਲ ✪ ਟਰੰਪ ਦੀਆਂ ਧਮਕੀਆਂ ਦੇ ਬਾਵਜੂਦ ਭਾਰਤ 'ਚ ਉਸ ਦਾ ਰੀਅਲ ਅਸਟੇਟ ਕਾਰੋਬਾਰ ਚਾਰ ਗੁਣਾ ਵਧਿਆ**

ਖਾਸ ਖਬਰ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ 25% ਤੋਂ ਵਧਾ ਕੇ 50% ਟੈਰਿਫ ਲਾਉਣ ਦੀ ਧਮਕੀ ਨੇ ਨਾ ਸਿਰਫ਼ ਭਾਰਤ-ਅਮਰੀਕਾ ਸਬੰਧਾਂ ਵਿਚ ਖਟਾਸ ਲੈ ਆਉਂਦੀ ਹੈ ਤੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਕੁਆਡ ਗੱਠਜੋੜ ਦੀਆਂ ਜੜ੍ਹਾਂ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਦੇ ਨਾਲ ਹੀ, ਟਰੰਪ ਦੀ ਕੰਪਨੀ ਦਾ ਭਾਰਤ 'ਚ ਰੀਅਲ ਅਸਟੇਟ ਕਾਰੋਬਾਰ ਚਾਰ ਗੁਣਾ ਵਧਣਾ ਵੀ ਚਰਚਾ ਦਾ ਵਿਸ਼ਾ ਹੈ। ਇਸ ਸਥਿਤੀ 'ਚ ਭਾਰਤ ਦੀ ਨੀਤੀ ਕੀ ਹੋਵੇਗੀ? ਕੀ ਭਾਰਤ ਅਮਰੀਕਾ ਅੱਗੇ ਝੁਕੇਗਾ, ਜਾਂ ਚੀਨ ਵੱਲ ਵਧੇਗਾ?

2024 ਵਿਚ ਭਾਰਤ ਅਤੇ ਅਮਰੀਕਾ ਵਿਚਕਾਰ 132 ਅਰਬ ਡਾਲਰ ਦਾ ਵਪਾਰ ਸੀ, ਜਿਸ ਵਿਚ ਭਾਰਤ ਦਾ ਨਿਰਯਾਤ 86.5 ਅਰਬ ਅਤੇ ਅਮਰੀਕਾ ਤੋਂ ਆਯਾਤ 41 ਅਰਬ ਡਾਲਰ ਸੀ। ਇਸ 45 ਅਰਬ ਡਾਲਰ ਦੇ ਵਪਾਰਕ ਅੰਤਰ ਨੂੰ ਟਰੰਪ ਘਟਾਉਣਾ ਚਾਹੁੰਦੇ ਹਨ। 7 ਅਗਸਤ 2025 ਤੋਂ 25% ਅਤੇ 27 ਅਗਸਤ ਤੋਂ ਵਾਧੂ 25% ਟੈਰਿਫ ਨੇ ਭਾਰਤ ਦੇ ਨਿਰਯਾਤ ਖੇਤਰਾਂ ਨੂੰ ਖਤਰੇ ਵਿਚ ਪਾ ਦਿੱਤਾ ਹੈ। ਭਾਰਤ ਅਮਰੀਕਾ ਨੂੰ 11.88 ਅਰਬ ਡਾਲਰ ਦਾ ਸੋਨਾ, ਚਾਂਦੀ ਅਤੇ ਹੀਰੇ ਨਿਰਯਾਤ ਕਰਦਾ ਹੈ। 50% ਟੈਰਿਫ ਨਾਲ ਇਹ ਸਮਾਨ ਮਹਿੰਗਾ ਹੋਵੇਗਾ, ਜਿਸ ਨਾਲ ਨਿਰਯਾਤ ਵਿਚ 40-50% ਦੀ ਕਮੀ ਆ ਸਕਦੀ ਹੈ।

ਭਾਰਤ ਅਮਰੀਕਾ ਨੂੰ 10.5 ਅਰਬ ਡਾਲਰ ਦਾ ਫਾਰਮਾ ਨਿਰਯਾਤ ਕਰਦਾ ਹੈ, ਪਰ ਮੰਗ ਘਟਣ ਨਾਲ ਮੁਨਾਫਾ ਘਟ ਸਕਦਾ ਹੈ।

ਆਟੋ ਪਾਰਟਸ ਅਤੇ ਸਟੀਲ: 2.2 ਅਰਬ ਡਾਲਰ ਦਾ ਨਿਰਯਾਤ ਦਬਾਅਵਿ'ਚ ਆਵੇਗਾ।

ਗੁਜਰਾਤ, ਮਹਾਰਾਸ਼ਟਰ ਅਤੇ ਤਮਿਲਨਾਡੂ ਵਰਗੇ ਨਿਰਯਾਤ ਹੱਬ ਵਿਚ ਛੋਟੇ ਉਦਯੋਗਾਂ ਨੂੰ ਨੁਕਸਾਨ ਹੋਵੇਗਾ, ਜਿਸ ਨਾਲ ਰੁਜ਼ਗਾਰ 'ਤੇ ਅਸਰ ਪਵੇਗਾ। ਆਰਥਿਕ ਮਾਹਿਰਾਂ ਮੁਤਾਬਕ, ਇਸ ਨਾਲ ਭਾਰਤੀ ਅਰਥਵਿਵਸਥਾ 'ਤੇ 0.4-0.8% ਦਾ ਨਕਾਰਾਤਮਕ ਅਸਰ ਪੈ ਸਕਦਾ ਹੈ।

## ਕੀ ਟੈਰਿਫ ਕਾਰਣ ਕੁਆਡ ਦਾ ਅੰਤ ਹੋਵੇਗਾ ?

ਕੁਆਡ (ਅਮਰੀਕਾ, ਭਾਰਤ, ਜਾਪਾਨ, ਆਸਟ੍ਰੇਲੀਆ) ਦਾ ਮਕਸਦ ਚੀਨ ਦੀ ਵਧਦੀ ਹਮਲਾਵਰ ਨੀਤੀ ਨੂੰ ਰੋਕਣਾ ਸੀ। ਪਰ ਟਰੰਪ ਦੀਆਂ ਨੀਤੀਆਂ ਨੇ ਇਸ ਗੱਠਜੋੜ ਨੂੰ ਕਮਜ਼ੋਰ ਕਰ ਦਿੱਤਾ ਹੈ।

ਟਰੰਪ ਨੇ ਭਾਰਤ 'ਤੇ 50%, ਜਾਪਾਨ 'ਤੇ 15%, ਤੇ ਆਸਟ੍ਰੇਲੀਆ 'ਤੇ ਸਟੀਲ-ਐਲਮੀਨੀਅਮ 'ਤੇ ਟੈਰਿਫ ਲਾਏ ਹਨ। ਇਸ ਨਾਲ ਕੁਆਡ ਮੈਂਬਰਾਂ ਵਿਚ ਅਮਰੀਕਾ 'ਤੇ ਭਰੋਸਾ ਘਟਿਆ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਚੀਨ ਨਾਲ ਸਬੰਧ ਸੁਧਾਰਨ ਦੀ ਸਹਿਮਤੀ ਦਿੱਤੀ ਹੈ, ਕਿਉਂਕਿ ਉਸ ਦੀ ਅਰਥਵਿਵਸਥਾ ਚੀਨ 'ਤੇ ਨਿਰਭਰ ਹੈ। ਜਾਪਾਨ ਨੇ ਵੀ ਅਮਰੀਕੀ ਨਿਰਭਰਤਾ ਘਟਾਉਣ ਲਈ ਆਪਣੀ ਫੌਜ ਵਧਾਉਣ ਦਾ ਐਲਾਨ ਕੀਤਾ ਹੈ। ਜੇ ਟਰੰਪ ਨੀਤੀਆਂ ਨਹੀਂ ਬਦਲਦੇ, ਤਾਂ ਭਾਰਤ ਵਰਗਾ ਅਹਿਮ ਮੈਂਬਰ ਪਿੱਛੇ ਹਟ ਸਕਦਾ ਹੈ, ਜਿਸ ਨਾਲ ਕੁਆਡ ਦਾ ਅੰਤ ਹੋ ਸਕਦਾ ਹੈ। ਇਸ ਦਾ ਸਿੱਧਾ ਫਾਇਦਾ ਚੀਨ ਨੂੰ ਹੋਵੇਗਾ, ਜੋ ਹਿੰਦ-ਪ੍ਰਸ਼ਾਂਤ ਵਿਚ ਆਪਣਾ ਦਬਦਬਾ ਵਧਾਉਣਾ ਚਾਹੁੰਦਾ ਹੈ। ਚੀਨ ਦੀ ਬੈਲਟ ਐਂਡ ਰੋਡ ਪਹਿਲ (BRI) ਨੇ ਸ੍ਰੀਲੰਕਾ, ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਵਿਚ ਪੈਰ ਪਸਾਰੇ ਹਨ। ਕੁਆਡ ਦੀ ਕਮਜ਼ੋਰੀ ਨਾਲ ਚੀਨ ਦਾ ਹਿੰਦ ਮਹਾਸਾਗਰ ਅਤੇ ਦੱਖਣੀ ਚੀਨ ਸਾਗਰ ਵਿਚ ਪ੍ਰਭਾਵ ਵਧੇਗਾ। ਸੀਮਾ ਵਿਵਾਦ ਦੇ ਬਾਵਜੂਦ, ਭਾਰਤ ਦਾ ਚੀਨ ਤੋਂ ਆਯਾਤ 100 ਅਰਬ ਡਾਲਰ ਤੱਕ ਪਹੁੰਚਿਆ ਹੈ। ਮੋਦੀ 2025 'ਚ SCO ਸਿਖਰ ਮੀਟਿੰਗ 'ਚ ਚੀਨ ਜਾਣ ਦੀ ਤਿਆਰੀ 'ਚ ਹਨ, ਜੋ ਭਾਰਤ ਦੀ ਭੂ-ਰਾਜਨੀਤਕ ਰਣਨੀਤੀ 'ਚ ਬਦਲਾਅ ਦਾ ਸੰਕੇਤ ਹੈ।

## ਭਾਰਤ ਦੀ ਅਮਰੀਕਾ ਪ੍ਰਤੀ ਨੀਤੀ

ਭਾਰਤ ਨੇ ਟਰੰਪ ਦੇ ਟੈਰਿਫ ਨੂੰ 'ਗਲਤ ਅਤੇ ਗੈਰ-ਤਰਕਸੰਗਤ' ਦੱਸਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਨੂੰ ਸੰਬੋਧਨ ਵਿਚ ਸਪੱਸ਼ਟ ਕੀਤਾ ਸੀ ਕਿ ਭਾਰਤ ਝੁਕੇਗਾ ਨਹੀਂ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਆਪਣੇ ਕਿਸਾਨਾਂ, ਛੋਟੇ ਉਦਯੋਗਾਂ ਅਤੇ ਉਦਮੀਆਂ ਦੇ ਹਿੱਤਾਂ ਦੀ ਰਾਖੀ ਕਰੇਗਾ। ਭਾਰਤ ਸਵਦੇਸ਼ੀ ਨੀਤੀਆਂ 'ਤੇ ਜ਼ੋਰ ਦੇ ਰਿਹਾ ਹੈ। ਭਾਰਤ ਨੂੰ ਯੂਰਪ, ਦੱਖਣ-ਪੂਰਬੀ ਏਸ਼ੀਆ ਅਤੇ ਅਫਰੀਕਾ ਵਰਗੇ ਬਾਜ਼ਾਰਾਂ ਵੱਲ ਵਧਣਾ ਹੋਵੇਗਾ। ਆਰਥਿਕ ਮਾਹਿਰਾਂ ਅਨੁਸਾਰ ਰੂਸ ਨਾਲ ਵਪਾਰ ਵਿਚ ਰੁਪਏ-ਰੂਬਲ ਪੇਮੈਂਟ ਸਿਸਟਮ ਨੂੰ ਮਜ਼ਬੂਤ ਕਰਕੇ ਅਮਰੀਕੀ ਸੈਂਕਸ਼ਨਾਂ ਦਾ ਅਸਰ ਘਟਾਇਆ ਜਾ ਸਕਦਾ ਹੈ।



## ਭਾਰਤੀ ਰੀਅਲ ਅਸਟੇਟ 'ਤੇ ਅਸਰ

ਟਰੰਪ ਦੀਆਂ ਧਮਕੀਆਂ ਦੇ ਬਾਵਜੂਦ, ਉਸ ਦੀ 'ਟਰੰਪ ਆਰਗਨਾਈਜ਼ੇਸ਼ਨ' ਨੇ ਭਾਰਤ ਵਿਚ ਰੀਅਲ ਅਸਟੇਟ ਕਾਰੋਬਾਰ ਨੂੰ ਚਾਰ ਗੁਣਾ ਵਧਾਇਆ ਹੈ। 2012 ਵਿਚ ਸ਼ੁਰੂ ਹੋਏ ਇਸ ਕਾਰੋਬਾਰ ਨੇ 2024 ਤੱਕ 30 ਲੱਖ ਵਰਗ ਫੁੱਟ 'ਤੇ ਪ੍ਰੋਜੈਕਟ ਸਥਾਪਤ ਕੀਤੇ ਸਨ, ਜੋ ਹੁਣ 6 ਨਵੇਂ ਪ੍ਰੋਜੈਕਟਾਂ ਨਾਲ 1.1 ਕਰੋੜ ਵਰਗ ਫੁੱਟ ਤੱਕ ਪਹੁੰਚ ਜਾਣਗੇ। ਮੁੰਬਈ, ਪੁਣੇ, ਗੁਰੂਗ੍ਰਾਮ, ਕੋਲਕਾਤਾ ਅਤੇ ਹੈਦਰਾਬਾਦ ਵਿਚ 13 ਪ੍ਰੋਜੈਕਟ ਹਨ, ਜਿਨ੍ਹਾਂ ਵਿਚੋਂ ਗੁਰੂਗ੍ਰਾਮ ਦੇ ਟਰੰਪ ਰੈਜ਼ੀਡੈਂਸ ਟਾਵਰ ਨੇ ਪਹਿਲੇ ਦਿਨ 3,250 ਕਰੋੜ ਰੁਪਏ ਦੀ ਵਿਕਰੀ ਕੀਤੀ ਸੀ।

ਟਰੰਪ ਦੀ ਕੰਪਨੀ ਸਿੱਧਾ ਪੈਸਾ ਨਹੀਂ ਲਗਾਉਂਦੀ, ਸਗੋਂ ਭਾਰਤੀ ਕੰਪਨੀਆਂ (ਰਿਲਾਇੰਸ, ਐਮ3ਐਮ, ਲੋਢਾ) ਨਾਲ ਸਾਂਝੇਦਾਰੀ ਵਿਚ ਬ੍ਰਾਂਡ ਲਾਇਸੈਂਸਿੰਗ ਫੀਸ ਲੈਂਦੀ ਹੈ। 2024 ਵਿਚ ਇਸ ਨੇ 100 ਕਰੋੜ ਰੁਪਏ (12 ਮਿਲੀਅਨ ਡਾਲਰ) ਕਮਾਏ ਸਨ। ਇਸ ਤੋਂ ਸਾਫ਼ ਹੈ ਕਿ ਭਾਰਤ ਦੀ ਵਧਦੀ ਅਮੀਰੀ ਅਤੇ ਲਗਜ਼ਰੀ ਪ੍ਰੋਜੈਕਟਾਂ ਦੀ ਮੰਗ ਟਰੰਪ ਲਈ ਮੁਨਾਫੇ ਦਾ ਸੋਮਾ ਹੈ, ਭਾਵੇਂ ਉਹ ਭਾਰਤ ਨੂੰ 'ਮਰੀ ਹੋਈ ਅਰਥਵਿਵਸਥਾ' ਕਹਿ ਰਿਹਾ ਹੈ।

## ਭਾਰਤ ਕੋਲ ਕਈ ਰਾਹ ਹਨ

ਨਹਿਰੂ ਦੀ ਗੁਟਨਿਰਪੇਖ ਨੀਤੀ ਅੱਜ ਵੀ ਪ੍ਰਸੰਗਿਕ ਹੈ। ਭਾਰਤ ਨੂੰ ਅਮਰੀਕਾ ਅਤੇ ਚੀਨ ਦੇ ਦਬਾਅ 'ਚੋਂ ਨਿਕਲ ਕੇ ਆਪਣੀ ਰਣਨੀਤਕ ਸੁਤੰਤਰਤਾ ਬਣਾਈ ਰੱਖਣੀ ਹੋਵੇਗੀ ਸਵਦੇਸ਼ੀ ਉਤਪਾਦਨ ਅਤੇ ਰਿਸਰਚ 'ਤੇ ਜ਼ੋਰ ਦੇ ਕੇ ਭਾਰਤ ਵਿਦੇਸ਼ੀ ਨਿਰਭਰਤਾ ਘਟਾ ਸਕਦਾ ਹੈ। SCO ਅਤੇ ਬ੍ਰਿਕਸ ਵਰਗੇ ਮੰਚਾਂ 'ਤੇ ਸਰਗਰਮੀ ਵਧਾਉਣ ਨਾਲ ਭਾਰਤ ਚੀਨ ਅਤੇ ਰੂਸ ਨਾਲ ਸਬੰਧ ਮਜ਼ਬੂਤ ਕਰ ਸਕਦਾ ਹੈ। ਘਰੇਲੂ ਮੰਗ ਅਤੇ ਮਜ਼ਬੂਤ ਨੀਤੀਆਂ ਨਾਲ ਭਾਰਤ ਅਰਥਵਿਵਸਥਾ ਨੂੰ ਸਥਿਰ ਰੱਖ ਸਕਦਾ ਹੈ। RBI ਦਾ ਅੰਦਾਜ਼ਾ ਹੈ ਕਿ 2025-26 'ਚ ਜੀਡੀਪੀ ਵਿਕਾਸ ਦਰ 6.5% ਰਹੇਗੀ।

### ਕੀ ਭਾਰਤ ਝੁਕੇਗਾ ?

ਭਾਰਤ ਦਾ ਅਡਿੱਗ ਰੁਖ ਸਪੱਸ਼ਟ ਹੈ। ਮੋਦੀ ਸਰਕਾਰ ਨੇ ਸਵਦੇਸ਼ੀ ਅਤੇ ਆਤਮ-ਨਿਰਭਰਤਾ 'ਤੇ ਜ਼ੋਰ ਦਿੱਤਾ ਹੈ। ਟਰੰਪ ਦੇ ਦਬਾਅ ਦੇ ਬਾਵਜੂਦ, ਭਾਰਤ ਝੁਕਣ ਵਾਲਾ ਨਹੀਂ। ਪਰ ਇਸ ਚੁਣੌਤੀ ਨੂੰ ਮੌਕੇ 'ਚ ਬਦਲਣ ਲਈ ਨੀਤੀਗਤ ਸਪੱਸ਼ਟਤਾ, ਆਰਥਕ ਸੁਧਾਰ ਅਤੇ ਸਮਾਜਿਕ ਏਕਤਾ ਜ਼ਰੂਰੀ ਹੈ।

# ਮਾਨਸਾ 'ਚ ਨਾਬਾਲਗ ਲੜਕੀ ਨਾਲ ਜਬਰ-ਜ਼ਨਾਹ, 5 ਖਿਲਾਫ ਮਾਮਲਾ ਦਰਜ

ਮਾਨਸਾ-ਮਾਨਸਾ ਜ਼ਿਲ੍ਹੇ ਵਿੱਚ 14 ਸਾਲ ਦੀ ਨਾਬਾਲਗ ਲੜਕੀ ਨਾਲ ਜਬਰ-ਜ਼ਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ 45 ਸਾਲਾ ਸ਼ੈਲਰ ਮਾਲਕ ਨੇ ਲੜਕੀ ਨੂੰ ਮਹਿੰਦੀ ਲਗਾਉਣ ਦੇ ਬਹਾਨੇ ਗੁਆਂਢੀ ਦੇ ਘਰ ਬੁਲਾ ਕੇ ਉਸ ਨਾਲ ਜਬਰਦਸਤੀ ਕੀਤੀ। ਦੋਸ਼ੀ ਨੇ ਲੜਕੀ ਨੂੰ ਧਮਕੀ ਦਿੱਤੀ ਕਿ ਜੇ ਉਸਨੇ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਉਸਨੂੰ ਜਾਨੋਂ ਮਾਰ ਦੇਵੇਗਾ। ਇੱਕ ਹਫ਼ਤੇ ਬਾਅਦ ਜਦੋਂ ਲੜਕੀ ਦੇ ਪਰਿਵਾਰ ਨੂੰ ਇਸ ਘਟਨਾ ਬਾਰੇ ਪਤਾ ਲੱਗਿਆ, ਤਾਂ ਉਨ੍ਹਾਂ ਨੇ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਸ਼ੈਲਰ ਮਾਲਕ (ਭੀਮ) ਸਮੇਤ ਪੰਜ ਲੋਕਾਂ 'ਤੇ ਮਾਮਲਾ ਦਰਜ ਕਰ ਲਿਆ ਹੈ, ਜਿਨ੍ਹਾਂ ਵਿੱਚੋਂ ਦੋ ਔਰਤਾਂ ਹਨ। ਇਸ ਮਾਮਲੇ 'ਚ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬਾਕੀ ਦੋ ਦੀ ਭਾਲ ਜਾਰੀ ਹੈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਫਿਰ ਠੱਪ ਕਿਉਂ ਹੋਈਆਂ

## ✪ ਸਰਕਾਰ ਦੇਰੀ ਕਿਉਂ ਕਰ ਰਹੀ ਹੈ ? ✪ 14 ਸਾਲਾਂ ਬਾਅਦ ਵੀ ਨਹੀਂ ਹੋ ਸਕੀਆਂ ਚੋਣਾਂ

ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਕਹਾਉਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਇੱਕ ਵਾਰ ਫਿਰ ਅਣਮਿੱਥੇ ਸਮੇਂ ਲਈ ਠੱਪ ਹੋ ਗਈਆਂ ਨੇ। ਮੌਜੂਦਾ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ.ਐੱਸ. ਸਾਰੋਂ ਦੇ 70 ਸਾਲ ਪੂਰੇ ਹੋਣ ਕਾਰਨ ਸੇਵਾਮੁਕਤ ਹੋ ਜਾਣ ਨਾਲ ਚੋਣ ਪ੍ਰਕਿਰਿਆ ਰੁੱਕ ਗਈ ਏ। ਜਸਟਿਸ ਸਾਰੋਂ ਦੀ ਨਿਯੁਕਤੀ ਦੀ ਮਿਆਦ 30 ਜੂਨ ਨੂੰ ਖ਼ਤਮ ਹੋ ਗਈ ਸੀ ਤੇ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਐਕਸਟੈਨਸ਼ਨ ਨਹੀਂ ਦਿੱਤੀ। ਗੁਰਦੁਆਰਾ ਐਕਟ ਮੁਤਾਬਕ ਚੀਫ਼ ਕਮਿਸ਼ਨਰ ਦਾ ਕਾਰਜਕਾਲ 70 ਸਾਲ ਤੱਕ ਹੀ ਹੈ, ਪਰ ਇਸ ਵਿੱਚ ਵਾਧੇ ਲਈ ਤਜਵੀਜ਼ ਚੱਲੀ ਸੀ ਜੋ ਸਿਰੇ ਨਹੀਂ ਚੜ੍ਹੀ। ਹੁਣ ਨਵੇਂ ਚੀਫ਼ ਕਮਿਸ਼ਨਰ ਦੀ ਨਿਯੁਕਤੀ ਲਈ ਸੇਵਾਮੁਕਤ ਜੱਜਾਂ ਤੋਂ ਅਰਜ਼ੀਆਂ ਮੰਗੀਆਂ ਜਾਣਗੀਆਂ ਤੇ ਇਹ ਪ੍ਰਕਿਰਿਆ ਵਿੱਚ 2-3 ਮਹੀਨੇ ਲੱਗ ਸਕਦੇ ਨੇ।




> ਪੰਜਾਬ ਟਾਈਮਜ ਅਨੁਸਾਰ ਇਹ ਸਥਿਤੀ ਪੰਥਕ ਲੋਕਤੰਤਰ ਲਈ ਚਿੰਤਾਜਨਕ ਏ। ਸਿੱਖ ਗੁਰੂਘਰਾਂ ਦੇ ਪ੍ਰਬੰਧ ਨੂੰ ਲੈ ਕੇ ਸਵਾਲ ਉੱਠ ਰਹੇ ਨੇ। ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਲਈ ਪੰਥਕ ਆਗੂਆਂ ਨੂੰ ਅੱਗੇ ਆਉਣਾ ਚਾਹੀਦਾ ਏ ? ਨਹੀਂ ਤਾਂ ਇਹ ਦੇਰੀ ਪੰਥ ਨੂੰ ਹੋਰ ਕਮਜ਼ੋਰ ਕਰੇਗੀ।

ਇਹ ਚੋਣਾਂ ਹਰ ਪੰਜ ਸਾਲਾਂ ਬਾਅਦ ਹੋਣੀਆਂ ਚਾਹੀਦੀਆਂ ਨੇ, ਪਰ ਆਖਰੀ ਵਾਰ 2011 ਵਿੱਚ ਹੋਈਆਂ ਸਨ। ਅੱਜ 14 ਸਾਲਾਂ ਬਾਅਦ ਵੀ ਨਹੀਂ ਹੋ ਸਕੀਆਂ। ਜਸਟਿਸ ਸਾਰੋਂ ਦੇ ਕਾਰਜਕਾਲ ਵਿੱਚ ਪੰਜਾਬ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿੱਚ ਵੋਟਾਂ ਬਣਾਉਣ ਦੀ ਪ੍ਰਕਿਰਿਆ ਪੂਰੀ ਹੋ ਗਈ ਸੀ। ਲਗਭਗ 50 ਲੱਖ ਵੋਟਾਂ ਬਣੀਆਂ ਨੇ ਤੇ ਵੋਟਾਂ ਸਬੰਧੀ ਇਤਰਾਜ਼ਾਂ ਦੇ ਨਿਬੇੜੇ ਦੀ ਪ੍ਰਕਿਰਿਆ ਚੱਲ ਰਹੀ ਸੀ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਚੋਣਾਂ ਤੇ ਰੋਕ ਲਾ ਦਿੱਤੀ ਸੀ। ਹਾਈਕੋਰਟ ਵਿੱਚ ਕੇਸ ਅਗਲੇ ਦਿਨਾਂ ਵਿੱਚ ਸੁਣਵਾਈ ਲਈ ਆਉਣ ਵਾਲਾ ਏ।

ਸਵਾਲ ਉੱਠਦਾ ਏ ਕਿ ਸਰਕਾਰ ਕਿਉਂ ਇੰਨੀ ਦੇਰੀ ਕਰ ਰਹੀ ਏ ? ਕੇਂਦਰ ਸਰਕਾਰ ਨੂੰ ਨਵੇਂ ਚੀਫ਼ ਕਮਿਸ਼ਨਰ ਨਿਯੁਕਤ ਕਰਨ ਵਿੱਚ ਵਕਤ ਲੱਗ ਰਿਹਾ ਏ ਤੇ ਇਸ ਨਾਲ ਚੋਣ ਪ੍ਰਕਿਰਿਆ ਰੁੱਕੀ ਪਈ ਏ। ਚਰਚਾ ਏ ਕਿ ਸਰਕਾਰ ਨੂੰ ਰਿਪੋਰਟਾਂ ਮਿਲੀਆਂ ਨੇ ਕਿ ਇਨ੍ਹਾਂ ਚੋਣਾਂ ਵਿੱਚ ਖਾੜਕੂ ਤੱਤ ਭਾਰੂ ਹੋ ਸਕਦੇ ਨੇ, ਇਸ ਲਈ ਟਾਲਮਟੋਲ ਕੀਤੀ ਜਾ ਰਹੀ ਏ। ਵੋਟਰ ਰਜਿਸਟ੍ਰੇਸ਼ਨ ਵੀ ਚਾਰ ਵਾਰ ਵਧਾਈ ਗਈ ਏ, ਕਿਉਂਕਿ ਸਿੱਖ ਸੰਗਤਾਂ ਵਿਚ ਇਨ੍ਹਾਂ ਚੋਣਾਂ ਪ੍ਰਤੀ ਉਤਸ਼ਾਹ ਘੱਟ ਸੀ। ਇਸ ਵਾਰ ਵੋਟਾਂ ਬਣਾਉਣ ਲਈ ਆਧਾਰ ਕਾਪੀ ਤੇ ਫੋਟੋ ਫਾਰਮ ਨਾਲ ਲਗਾਉਣ ਨੂੰ ਲੈ ਕੇ ਅਕਾਲੀ ਦਲ ਨੇ ਵਿਰੋਧ ਕੀਤਾ ਸੀ, ਜਿਸ ਨਾਲ ਲੋਕਾਂ ਵਿੱਚ ਘੱਟ ਰੁਚੀ ਵੇਖੀ ਗਈ। ਸਹਿਜਧਾਰੀ ਸਿੱਖਾਂ ਦੀ ਵੋਟ ਵੀ ਖ਼ਤਮ ਕਰ ਦਿੱਤੀ ਗਈ ਏ, ਜੋ ਭਾਜਪਾ ਸਰਕਾਰ ਨੇ ਬਾਦਲਾਂ ਦੇ ਕਹਿਣ ਕਾਰਣ ਗੁਰਦੁਆਰਾ ਐਕਟ ਵਿੱਚ ਤਰਮੀਮ ਕਰ ਕੇ ਕੀਤੀ ਸੀ।

ਬਾਦਲ ਪਰਿਵਾਰ ਵਾਲਾ ਸ਼੍ਰੋਮਣੀ ਅਕਾਲੀ ਦਲ ਤਾਂ ਹਮੇਸ਼ਾ ਇਸ ਸੰਸਥਾ ਤੇ ਕਾਬਜ਼ ਰਿਹਾ ਏ ਤੇ ਚੋਣਾਂ ਨਾ ਹੋਣ ਨਾਲ ਉਹਨਾਂ ਨੂੰ ਫਾਇਦਾ ਹੀ ਹੈ। 2011 ਤੋਂ ਬਾਅਦ ਉਹੀ ਮੈਂਬਰ ਤੇ ਅਹੁਦੇਦਾਰ 14 ਸਾਲਾਂ ਤੋਂ ਕਾਬਜ਼ ਨੇ। ਅਕਾਲੀ ਦਲ ਨੂੰ ਡਰ ਏ ਕਿ ਨਵੀਆਂ ਚੋਣਾਂ ਵਿੱਚ ਉਹਨਾਂ ਦਾ ਕੰਟਰੋਲ ਖ਼ਤਮ ਹੋ ਜਾਵੇਗਾ। ਵਿਰੋਧੀ ਧਿਰ ਦੇ ਸਿੱਖ ਆਗੂ ਕਹਿੰਦੇ ਨੇ ਕਿ ਅਕਾਲੀ ਦਲ ਬਾਦਲ ਚੋਣਾਂ ਨੂੰ ਟਾਲ ਕੇ ਆਪਣੀ ਪਕੜ ਬਣਾਈ ਰੱਖਣਾ ਚਾਹੁੰਦਾ ਏ। ਹਾਲਾਂਕਿ ਅਕਾਲੀ ਦਲ ਨੇ ਕਈ ਵਾਰ ਵੋਟਰ ਲਿਸਟ ਵਿੱਚ ਗੜਬੜੀਆਂ ਨੂੰ ਲੈ ਕੇ ਸ਼ਿਕਾਇਤਾਂ ਵੀ ਕੀਤੀਆਂ ਨੇ, ਪਰ ਉਹ ਸਮੇਂ ਸਿਰ ਚੋਣਾਂ ਦੀ ਮੰਗ ਨਹੀਂ ਕੀਤੀ।

ਪੰਜਾਬੀ ਸੂਬੇ ਬਣਨ ਤੱਕ ਚੋਣਾਂ ਸਮੇਂ ਸਿਰ ਹੁੰਦੀਆਂ ਰਹੀਆਂ ਨੇ, ਪਰ ਪਿਛਲੇ ਦਹਾਕਿਆਂ ਵਿੱਚ ਲਗਾਤਾਰ ਦੇਰੀ ਹੋ ਰਹੀ ਏ। ਅਕਾਲੀ ਦਲ ਬਾਦਲ ਨੇ ਇਸ ਵਰਤਾਰੇ ਨੂੰ ਫਾਇਦੇ ਵਜੋਂ ਵਰਤਿਆ ਏ। ਸਿੱਖਾਂ ਵਿੱਚ ਇਸ ਮੁੱਦੇ ਨੂੰ ਲੈ ਕੇ ਕੋਈ ਵੱਡੀ ਲਹਿਰ ਨਹੀਂ ਉੱਠੀ ਤੇ ਅਦਾਲਤ ਵਿੱਚ ਵੀ ਕੋਈ ਨਹੀਂ ਗਿਆ। ਮਾਹਿਰਾਂ ਨੇ ਸਿਫ਼ਾਰਸ਼ ਕੀਤੀ ਏ ਕਿ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੱਕਾ ਅਦਾਰਾ ਬਣਾਇਆ ਜਾਵੇ ਤਾਂ ਜੋ ਜ਼ਿਮਨੀ ਚੋਣਾਂ ਹੋ ਸਕਣ ਤੇ ਵੋਟਾਂ ਦੀ ਸੁਧਾਈ ਹੁੰਦੀ ਰਹੇ। ਪਰ ਸਰਕਾਰ ਨੇ ਇਸ ਤੇ ਕੋਈ ਫੈਸਲਾ ਨਹੀਂ ਲਿਆ।

## ਫੌਜ ਦਾ ਜਵਾਨ ਸ਼ਹੀਦ, ਵਿਆਹ ਤੋਂ ਸਿਰਫ ਚਾਰ ਮਹੀਨੇ ਬਾਅਦ ਪਤਨੀ ਵਿਧਵਾ



ਕਸ਼ਮੀਰ-ਜੰਮੂ-ਕਸ਼ਮੀਰ ਦੇ ਕੁਲਗ੍ਰਾਮ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਦੌਰਾਨ ਸਮਰਾਲਾ ਦੇ ਪਿੰਡ ਮਾਨੂਪੁਰ ਦੇ ਲਾਂਸ-ਨਾਇਕ ਪ੍ਰਿਤਪਾਲ ਸਿੰਘ ਸ਼ਹੀਦ ਹੋ ਗਏ। ਇਸ ਖਬਰ ਨਾਲ ਪਿੰਡ ਅਤੇ ਪਰਿਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ। ਪ੍ਰਿਤਪਾਲ ਸਿੰਘ ਦਾ ਵਿਆਹ ਸਿਰਫ ਚਾਰ ਮਹੀਨੇ ਪਹਿਲਾਂ ਹੋਇਆ ਸੀ ਅਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਦੇ ਹੱਥਾਂ ਦੀ ਮਹਿੰਦੀ ਵੀ ਨਹੀਂ ਉਤਰੀ ਸੀ। ਉਸ ਦੇ ਪਰਿਵਾਰ ਨੂੰ ਉਸ 'ਤੇ ਮਾਣ ਹੈ, ਪਰ ਉਨ੍ਹਾਂ ਦਾ ਦੁੱਖ ਅਸਹਿ ਹੈ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਪੰਜਾਬ ਸਰਕਾਰ ਵੱਲੋਂ ਮਦਦ ਦਾ ਵਾਅਦਾ ਕੀਤਾ।

## ਅੰਮ੍ਰਿਤਸਰ ਵਿਚ ਸਾਬਕਾ ਅਕਾਲੀ ਸਰਪੰਚ ਦੇ ਘਰ ਗੋਲੀਬਾਰੀ

### ✪ ਹਮਲੇ ਪਿੱਛੇ ਪੈਸਿਆਂ ਦੀ ਮੰਗ: ਪੁਲਿਸ ਕਰ ਰਹੀ ਹੈ ਜਾਂਚ

ਅੰਮ੍ਰਿਤਸਰ-ਮਜੀਠਾ ਰੋਡ 'ਤੇ ਰਾਮਨਗਰ ਕਲੋਨੀ ਵਿੱਚ ਸਨਸਨੀਖੇਜ਼ ਘਟਨਾ ਵਾਪਰੀ, ਜਿੱਥੇ ਅਕਾਲੀ ਦਲ ਦੇ ਸਾਬਕਾ ਸਰਪੰਚ ਕਮਲ ਦੇ ਘਰ 'ਤੇ ਅਣਪਛਾਤੇ ਨੌਜਵਾਨਾਂ ਨੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਦੇਰ ਰਾਤ ਗੋਲੀਆਂ ਚਲਾਈਆਂ ਅਤੇ ਬੋਤਲਾਂ ਸੁੱਟੀਆਂ, ਜਿਸ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਇਸ ਹਮਲੇ ਵਿੱਚ ਸਰਪੰਚ ਦੇ ਪੁੱਤਰ ਨੂੰ ਗੋਲੀ ਲੱਗੀ ਹੈ, ਜਿਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਅਤੇ ਉਸਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਾਬਕਾ ਸਰਪੰਚ ਕਮਲ ਨੇ ਦੱਸਿਆ ਕਿ ਇਹ ਹਮਲਾ ਪੈਸਿਆਂ ਦੀ ਮੰਗ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਮੁਤਾਬਕ, ਹਮਲਾਵਰ ਪਹਿਲਾਂ ਵੀ ਉਨ੍ਹਾਂ ਦੇ ਘਰ ਆਏ ਸਨ ਅਤੇ ਕਿਰਾਏਦਾਰ ਤੋਂ 20 ਹਜ਼ਾਰ ਰੁਪਏ ਦੀ ਮੰਗ ਕੀਤੀ ਸੀ। ਪੈਸੇ ਨਾ ਦੇਣ 'ਤੇ ਉਨ੍ਹਾਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਇਸ ਤੋਂ ਬਾਅਦ ਮੁੜ ਉਸੇ ਤਰ੍ਹਾਂ ਦਾ ਹਮਲਾ ਹੋਇਆ, ਜਿਸ ਵਿੱਚ ਉਨ੍ਹਾਂ ਦਾ ਪੁੱਤਰ ਜ਼ਖ਼ਮੀ ਹੋ ਗਿਆ। ਪੁਲਿਸ ਨੇ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅਮਰੀਕਾ ਵਿਚ ਕੋਵਿਡ-19 ਦਾ ਨਵਾਂ ਰੂਪ ਐਕਸਐਫਜੀ ਤੇਜ਼ੀ ਨਾਲ ਫੈਲਿਆ



ਨਿਊਯਾਰਕ-ਅਮਰੀਕਾ ਵਿੱਚ ਕੋਵਿਡ-19 ਦੇ ਇੱਕ ਨਵੇਂ ਰੂਪ, ਜਿਸਨੂੰ ਐਕਸਐਫਜੀ ਜਾਂ ਆਮ ਤੌਰ 'ਤੇ ਸਟ੍ਰੈਟਸ ਕਿਹਾ ਜਾਂਦਾ ਹੈ, ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਰੂਪ ਪਹਿਲੀ ਵਾਰ ਜਨਵਰੀ ਵਿੱਚ ਦੱਖਣ-ਪੂਰਬੀ ਏਸ਼ੀਆ ਵਿੱਚ ਪਾਇਆ ਗਿਆ ਸੀ ਅਤੇ ਹੁਣ ਯੂਐਸਏ ਦੇ ਕਈ ਰਾਜਾਂ ਅਤੇ ਯੂਰਪੀਅਨ ਦੇਸ਼ਾਂ ਵਿੱਚ ਵੀ ਫੈਲ ਚੁੱਕਾ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਦੀ ਰਿਪੋਰਟ ਅਨੁਸਾਰ, ਇਸ ਰੂਪ ਦੇ ਮਾਮਲੇ ਮਈ ਵਿੱਚ 6% ਤੋਂ ਵੱਧ ਕੇ ਜੂਨ ਦੇ ਅੰਤ ਤੱਕ 14% ਤੱਕ ਪਹੁੰਚ ਗਏ ਸਨ। ਇਸ ਨਾਲ ਸਿਹਤ ਮਾਹਿਰਾਂ ਦੀ ਚਿੰਤਾ ਵਧ ਗਈ ਹੈ।

ਨਵੇਂ ਰੂਪ ਐਕਸਐਫਜੀ ਦੇ ਲੱਛਣ ਅਤੇ ਬਚਾਅ ਦੇ ਤਰੀਕੇ-ਵਿਸ਼ਵ ਸਿਹਤ ਸੰਗਠਨ ਮੁਤਾਬਕ, ਐਕਸਐਫਜੀ ਕੋਵਿਡ-19 ਵਾਇਰਸ ਦੇ ਦੋ ਵੰਸ਼ਾਂ ਐਲਐਫ.7 ਅਤੇ ਐਲਪੀ.8.1.2 ਦਾ ਸੁਮੇਲ ਹੈ। ਹਾਲਾਂਕਿ ਇਸ ਬਾਰੇ ਹਾਲੇ ਹੋਰ ਖੋਜ ਜਾਰੀ ਹੈ, ਮਾਹਿਰਾਂ ਨੇ ਦੱਸਿਆ ਹੈ ਕਿ ਇਸ ਦੇ ਲੱਛਣ ਪਹਿਲਾਂ ਵਾਲੇ ਓਮੀਕ੍ਰੋਨ ਵੈਰੀਐਂਟ ਨਾਲ ਮਿਲਦੇ-ਜੁਲਦੇ ਹਨ। ਇਸ ਵਿੱਚ ਬੁਖਾਰ, ਖੰਘ, ਗਲੇ ਵਿੱਚ ਖਰਾਸ਼, ਸਿਰ ਦਰਦ, ਸਾਹ ਚੜ੍ਹਨਾ, ਅਤੇ ਥਕਾਵਟ ਵਰਗੇ ਲੱਛਣ ਸ਼ਾਮਲ ਹਨ। ਮਾਹਿਰਾਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਪਿਛਲੇ ਰੂਪਾਂ ਨਾਲੋਂ ਵਧੇਰੇ ਖਤਰਨਾਕ ਹੈ। ਸਿਹਤ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਾ ਅਜੇ ਵੀ ਬਹੁਤ ਜ਼ਰੂਰੀ ਹੈ।

## ਬਰਨਾਲਾ ਵਿਚ ਨਸ਼ਾ ਤਸਕਰ ਦੇ ਘਰ 'ਤੇ ਚੱਲਿਆ ਬੁਲਡੋਜ਼ਰ

ਬਰਨਾਲਾ-ਇਥੋਂ ਦੇ ਪਿੰਡ ਹੰਡਿਆਇਆ ਵਿੱਚ ਨਸ਼ਾ ਤਸਕਰ ਮਾਂ-ਪੁੱਤ ਗੌਰਾ ਸਿੰਘ ਅਤੇ ਅਮਰਜੀਤ ਕੌਰ ਦੀ ਨਾਜਾਇਜ਼ ਉਸਾਰੀ ਨੂੰ ਢਾਹ ਦਿੱਤਾ ਗਿਆ ਹੈ। ਪੁਲਿਸ ਅਤੇ ਨਗਰ ਪੰਚਾਇਤ ਵੱਲੋਂ ਸਾਂਝੇ ਤੌਰ 'ਤੇ ਇਹ ਕਾਰਵਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕੀਤੀ ਗਈ। ਦੋਸ਼ ਹੈ ਕਿ ਇਹ ਉਸਾਰੀ ਪੰਚਾਇਤੀ ਜ਼ਮੀਨ 'ਤੇ ਨਸ਼ਿਆਂ ਤੋਂ ਕਮਾਏ ਪੈਸਿਆਂ ਨਾਲ ਕੀਤੀ ਗਈ ਸੀ। ਦੋਸ਼ੀਆਂ ਖਿਲਾਫ ਪਹਿਲਾਂ ਵੀ 16 ਮਾਮਲੇ ਦਰਜ ਹਨ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ਪੁਲਾੜ ਵਿੱਚ ਪਹਿਲਾ ਸਿੱਖ : 90 ਸਾਲ ਵਿਚ ਅਰਵਿੰਦਰ ਸਿੰਘ ਬਹਿਲ ਨੇ ਕੀਤੀ ਇਤਿਹਾਸਕ ਯਾਤਰਾ

## ਕਵਰ ਸਟੋਰੀ

## ✪ 196 ਦੇਸ਼ਾਂ ਤੋਂ ਪੁਲਾੜ ਤੱਕ: ਬਹਿਲ ਦਾ ਅਨੋਖਾ ਅਡਵੈਂਚਰ





ਅਮਰੀਕਾ ਵਿੱਚ ਰਹਿੰਦੇ ਅਰਵਿੰਦਰ ਸਿੰਘ ਬਹਿਲ ਨੇ ਹਾਲ ਹੀ ਵਿੱਚ ਇੱਕ ਅਜਿਹੀ ਯਾਤਰਾ ਕੀਤੀ ਜਿਸ ਨੇ ਨਾ ਸਿਰਫ਼ ਸਿੱਖ ਪੰਥ ਦਾ ਮਾਣ ਵਧਾਇਆ ਹੈ, ਸਗੋਂ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਉਹ ਪੁਲਾੜ ਵਿੱਚ ਜਾਣ ਵਾਲੇ ਪਹਿਲੇ ਸਿੱਖ ਬਣ ਗਏ ਹਨ। 3 ਅਗਸਤ 2025 ਨੂੰ ਜੈੱਫ ਬੇਜ਼ੋਸ ਦੀ ਕੰਪਨੀ ਬਲੂ ਓਰਿਜਿਨ ਦੇ ਐੱਨਐੱਸ-34 ਮਿਸ਼ਨ ਰਾਹੀਂ ਉਨ੍ਹਾਂ ਨੇ ਧਰਤੀ ਤੋਂ ਉੱਪਰ ਉੱਡਾਣ ਭਰੀ ਅਤੇ ਕਰੀਬ 10 ਮਿੰਟਾਂ ਵਿੱਚ ਪੁਲਾੜ ਦੇ ਕਿਨਾਰੇ ਤੱਕ ਪਹੁੰਚ ਗਏ। ਇਹ ਯਾਤਰਾ ਸਿਰਫ਼ ਇੱਕ ਅਨੰਦ ਨਹੀਂ ਸੀ, ਸਗੋਂ ਉਨ੍ਹਾਂ ਦੀ ਜ਼ਿੰਦਗੀ ਦੇ ਲੰਮੇ ਸਫ਼ਰ ਦਾ ਸਿਖਰ ਸੀ। ਬਹਿਲ ਸਾਹਿਬ ਦੀ ਉਮਰ ਕਰੀਬ 80 ਸਾਲ ਹੈ ਅਤੇ ਉਹ ਰੀਅਲ ਇਸਟੇਟ ਦੇ ਕਾਰੋਬਾਰੀ ਹਨ। ਉਨ੍ਹਾਂ ਨੇ ਨਾ ਸਿਰਫ਼ ਪੁਲਾੜ ਵਿੱਚ ਪੈਰ ਰੱਖਿਆ, ਸਗੋਂ ਆਪਣੀ ਪੱਗ ਨਾਲ ਵੀ ਇਤਿਹਾਸ ਰਚਿਆ। ਅਮਰੀਕੀ ਅਖ਼ਬਾਰਾਂ ਅਤੇ ਮੀਡੀਆ ਨੇ ਉਨ੍ਹਾਂ ਨੂੰ ਇੱਕ ਅਨੋਖੇ ਅਡਵੈਂਚਰ ਵਜੋਂ ਪੇਸ਼ ਕੀਤਾ ਹੈ।

ਅਰਵਿੰਦਰ ਸਿੰਘ ਬਹਿਲ ਦਾ ਜਨਮ 13 ਅਕਤੂਬਰ 1945 ਨੂੰ ਆਗਰਾ ਵਿੱਚ ਹੋਇਆ ਸੀ। ਉਹ ਤਾਜ ਮਹਿਲ ਦੇ ਨੇੜੇ ਵੱਡੇ ਹੋਏ ਅਤੇ ਬਚਪਨ ਤੋਂ ਹੀ ਯਾਤਰਾ ਅਤੇ ਅਡਵੈਂਚਰ ਨੂੰ ਪਸੰਦ ਕਰਦੇ ਸਨ। ਉਨ੍ਹਾਂ ਨੇ 1962 ਵਿੱਚ ਨੈਸ਼ਨਲ ਡਿਫੈਂਸ ਅਕੈਡਮੀ ਜੁਆਇਨ ਕੀਤੀ ਸੀ ਪਰ ਇੱਕ ਪੋਲੋ ਹਾਦਸੇ ਕਾਰਨ ਉਨ੍ਹਾਂ ਨੂੰ ਇਹ ਨੌਕਰੀ ਛੱਡਣੀ ਪਈ ਸੀ। ਹਾਦਸੇ ਵਿੱਚ ਉਨ੍ਹਾਂ ਦੀ ਸੁਣਨ ਸ਼ਕਤੀ ਥੋੜ੍ਹੀ ਪ੍ਰਭਾਵਿਤ ਹੋ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਦਾਰਜੀਲਿੰਗ ਵਿੱਚ ਚਾਹ ਦੇ ਬਾਗ ਵਿੱਚ ਚਾਰ ਸਾਲ ਕੰਮ ਕੀਤਾ ਅਤੇ ਫਿਰ 1970 ਤੱਕ ਦਿੱਲੀ ਨੇੜੇ ਕੱਪੜੇ ਦਾ ਕਾਰੋਬਾਰ ਸ਼ੁਰੂ ਕੀਤਾ ਸੀ। 1975 ਵਿੱਚ ਉਹ ਪਹਿਲੀ ਵਾਰ ਅਮਰੀਕਾ ਗਏ ਅਤੇ ਉੱਥੇ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਵੱਸ ਗਏ ਸਨ। ਉਨ੍ਹਾਂ ਨੂੰ 1977 ਵਿੱਚ ਗ੍ਰੀਨ ਕਾਰਡ ਮਿਲਿਆ ਅਤੇ 1979 ਤੱਕ ਅਮਰੀਕੀ ਨਾਗਰਿਕ ਬਣ ਗਏ ਸਨ। ਹੁਣ ਉਹ ਬਹਿਲ ਪ੍ਰਾਪਰਟੀਜ਼ ਨਾਂ ਦੀ ਰੀਅਲ ਇਸਟੇਟ ਕੰਪਨੀ ਚਲਾਉਂਦੇ ਹਨ ਅਤੇ ਬੇਵਰਲੀ, ਮੈਸਾਚੂਸੈਟਸ ਵਿੱਚ ਰਹਿੰਦੇ ਹਨ। ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵੀ ਖੁਸ਼ਹਾਲ ਹੈ - ਦੋ ਬੱਚੇ ਅਤੇ ਚਾਰ ਪੋਤੇ ਪੋਤਰੀਆਂ ਹਨ। ਉਹ ਛੇ ਭਾਸ਼ਾਵਾਂ ਬੋਲਦੇ ਹਨ ਅਤੇ ਫੋਟੋਗ੍ਰਾਫੀ ਦੇ ਸ਼ੌਕੀਨ ਹਨ। ਉਨ੍ਹਾਂ ਕੋਲ ਇੱਕ ਮਿਲੀਅਨ ਤੋਂ ਵੱਧ ਤਸਵੀਰਾਂ ਦਾ ਸੰਗ੍ਰਹਿ ਹੈ।


ਬਹਿਲ ਸਾਹਿਬ ਨੂੰ ਯਾਤਰਾ ਦਾ ਜਨੂਨ ਹੈ। ਉਨ੍ਹਾਂ ਨੇ ਦੁਨੀਆਂ ਦੇ 196 ਦੇਸ਼ ਘੁੰਮੇ ਹਨ। ਉੱਤਰੀ ਅਤੇ ਦੱਖਣੀ ਧਰੁਵਾਂ ਤੱਕ ਪਹੁੰਚੇ ਹਨ, ਮਾਊਂਟ ਐਵਰੈਸਟ ਅਤੇ ਗੀਜ਼ਾ ਦੇ ਪਿਰਾਮਿਡਾਂ ਉੱਤੇ ਸਕਾਈਡਾਈਵਿੰਗ ਕੀਤੀ ਹੈ। ਉਨ੍ਹਾਂ ਨੇ ਪ੍ਰਾਈਵੇਟ ਪਾਇਲਟ ਦਾ ਲਾਇਸੈਂਸ ਵੀ ਹਾਸਲ ਕੀਤਾ ਹੈ ਅਤੇ ਹੈਲੀਕਾਪਟਰ ਉਡਾਉਂਦੇ ਹਨ। ਉਹ ਗ੍ਰੀਨਲੈਂਡ, ਪੈਟਾਗੋਨੀਆ ਅਤੇ ਦੁਨੀਆਂ ਦੇ ਵੱਡੇ ਮਾਰੂਥਲਾਂ ਵਿੱਚ ਘੁੰਮ ਚੁੱਕੇ ਹਨ। ਉਨ੍ਹਾਂ ਮੁਤਾਬਕ, ਯਾਤਰਾ ਨਾਲ ਆਦਮੀ ਨੂੰ ਜ਼ਿੰਦਗੀ ਜਿਊਣ ਦੀ ਕਲਾ ਸਿਖਣ ਨੂੰ ਮਿਲਦੀ ਹੈ। ਉਹ ਕਹਿੰਦੇ ਹਨ, "ਸਾਡੀ ਧਰਤੀ ਤੇ ਸਾਰੀਆਂ ਥਾਵਾਂ ਵੇਖਣ ਲਈ 10 ਜਨਮ ਵੀ ਘੱਟ ਨੇ। ਮੈਂ 196 ਦੇਸ਼ ਵੇਖ ਲਏ ਪਰ ਅਜੇ ਤਾਂ 2% ਵੀ ਨਹੀਂ ਵੇਖਿਆ।" ਅਫ਼ਰੀਕਾ ਵਿੱਚ ਉਨ੍ਹਾਂ ਨੇ ਕਬੀਲੇ ਵਾਲਿਆਂ ਨਾਲ ਟੈਂਟ ਲਾ ਕੇ ਰਹਿ ਕੇ ਉਨ੍ਹਾਂ ਦੇ ਸਭਿਆਚਾਰ ਨੂੰ ਸਮਝਿਆ। ਉਹ ਕਹਿੰਦੇ ਹਨ ਕਿ ਯਾਤਰਾ ਨਾਲ ਸਹਿਜ ਆਉਂਦਾ ਹੈ ਅਤੇ ਮੁਸ਼ਕਲਾਂ ਨਾਲ ਨਜਿੱਠਣ ਦੀ ਸਮਰਥਾ ਪੈਦਾ ਹੁੰਦੀ ਹੈ।

ਪੁਲਾੜ ਦੀ ਯਾਤਰਾ ਬਹਿਲ ਸਾਹਿਬ ਦੀ ਸਾਲਾਂ ਤੋਂ ਖਾਹਿਸ਼ ਸੀ। ਉਨ੍ਹਾਂ ਨੇ 16 ਸਾਲ ਪਹਿਲਾਂ ਵਿਰਜਿਨ ਗੈਲੈਕਟਿਕ ਨਾਲ ਟਿਕਟ ਬੁੱਕ ਕੀਤੀ ਸੀ ਪਰ ਹਾਦਸੇ ਕਾਰਨ ਉਹ ਮਿਸ਼ਨ ਰੁਕ ਗਿਆ। ਉਮਰ 80 ਹੋਣ ਤੇ ਉਨ੍ਹਾਂ ਨੇ ਬਲੂ ਓਰਿਜਿਨ ਨਾਲ ਸੰਪਰਕ ਕੀਤਾ ਅਤੇ ਐੱਨਐੱਸ-34 ਮਿਸ਼ਨ ਵਿੱਚ ਸ਼ਾਮਲ ਹੋ ਗਏ ਸਨ। ਇਹ ਯਾਤਰਾ ਧਰਤੀ ਤੋਂ 100 ਕਿਲੋਮੀਟਰ ਉੱਚੀ ਸੀ ਅਤੇ ਕਰੀਬ 10 ਮਿੰਟਾਂ ਦੀ ਸੀ। ਉਨ੍ਹਾਂ ਨਾਲ ਚੀਨੀ ਕ੍ਰਿਪਟੋ ਅਰਬਪਤੀ ਜਸਟਿਨ ਸਨ ਸਮੇਤ ਪੰਜ ਹੋਰ ਯਾਤਰੀ ਸਨ। ਜਸਟਿਨ ਨੇ ਇਹ ਸੀਟ 28 ਮਿਲੀਅਨ ਡਾਲਰਾਂ ਵਿੱਚ ਖ਼ਰੀਦੀ ਸੀ ਪਰ ਬਹਿਲ ਸਾਹਿਬ ਨੇ ਘੱਟ ਪੈਸੇ ਵਿੱਚ ਯਾਤਰਾ ਕੀਤੀ ਸੀ। ਖਰਚੇ ਬਾਰੇ ਉਨ੍ਹਾਂ ਨੇ ਕੰਪਨੀ ਨਾਲ ਕਰਾਰ ਕਾਰਨ ਵੇਰਵੇ ਨਹੀਂ ਦੱਸੇ ਸਨ।

ਪੁਲਾੜ ਵਿੱਚ ਤਜਰਬੇ ਬਾਰੇ ਬਹਿਲ ਸਾਹਿਬ ਨੇ ਦੱਸਿਆ ਕਿ ਜਦੋਂ ਕਾਰਮਾਨ ਲਾਈਨ ਤੇ ਪਹੁੰਚੇ ਤਾਂ ਭਾਰ ਮਹਿਸੂਸ ਨਹੀਂ ਹੁੰਦਾ। ਉਹ ਕਹਿੰਦੇ ਹਨ, "ਜਿਵੇਂ ਚਿੜੀਆਂ ਉੱਡਦੀਆਂ, ਤੁਸੀਂ ਵੀ ਉੱਡ ਸਕਦੇ ਹੋ। ਕੁਰਸੀ ਤੋਂ ਆਪਣੇ ਆਪ ਉੱਠ ਜਾਂਦੇ ਹੋ। ਪਹਿਲੇ ਕੁਝ ਸਕਿੰਟਾਂ ਵਿੱਚ ਡਿਸਓਰੀਐਂਟ ਹੋ ਜਾਂਦੇ ਹੋ ਪਰ ਫਿਰ ਖੜਬਾਜ਼ੀਆਂ ਮਾਰੋ, ਜੋ ਮਰਜ਼ੀ ਕਰੋ। ਬਾਹਰ ਵੇਖੋ ਤਾਂ ਪੂਰਾ ਪੁਲਾੜ ਕਾਲ਼ਾ ਹੋ ਜਾਂਦਾ ਹੈ। ਥੱਲੇ ਵੇਖੋ ਤਾਂ ਧਰਤੀ ਨੀਲੀ ਨਜ਼ਰ ਆਉਂਦੀ ਹੈ - ਬਲੂ ਪਲੈਨੈੱਟ। ਚੰਨ ਵਾਂਗ ਚਮਕਦੀ ਧਰਤੀ ਨਜ਼ਰ ਆਉਂਦੀ ਹੈ ਅਤੇ ਪੂਰਾ ਘੁੰਮਾਅ ਵਿਖਾਈ ਦਿੰਦਾ ਹੈ। ਬੜਾ ਭਾਵੁਕ ਮਹਿਸੂਸ ਹੁੰਦਾ ਹੈ ਕਿ ਅਸੀਂ ਇਸ ਧਰਤੀ ਤੋਂ ਕਿੱਥੇ ਉੱਪਰ ਪਹੁੰਚ ਗਏ ਹਾਂ।"

ਯਾਤਰਾ ਵੇਲੇ ਪੱਗ ਪਾ ਕੇ ਜਾਣ ਬਾਰੇ ਉਨ੍ਹਾਂ ਨੇ ਦੱਸਿਆ ਕਿ ਡਰ ਅਤੇ ਘਬਰਾਹਟ ਤਾਂ ਲੱਗਦੀ ਹੈ। ਲਾਂਚ ਵੇਲੇ ਚਾਰੇ ਪਾਸੇ ਅੱਗ ਹੀ ਅੱਗ ਹੁੰਦੀ ਹੈ ਪਰ ਉਤਸੁਕਤਾ ਘਬਰਾਹਟ ਤੋਂ ਵੱਧ ਹੁੰਦੀ ਹੈ। ਆਵਾਜ਼ ਨਾਲੋਂ ਤਿੰਨ ਗੁਣਾ ਤੇਜ਼ ਸਪੀਡ ਤੇ ਉੱਪਰ ਜਾਂਦੇ ਹੋ। ਗ੍ਰੈਵਿਟੀ ਟੁੱਟਣ ਤੇ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ ਪਰ ਟ੍ਰੇਨਿੰਗ ਨਾਲ ਸਭ ਠੀਕ ਹੋ ਜਾਂਦਾ ਹੈ। ਪੱਗ ਬਾਰੇ ਉਨ੍ਹਾਂ ਨੇ ਕਿਹਾ ਕਿ ਸੀਟ ਮੋਲਡ ਕਰਨ ਵੇਲੇ ਪੱਗ ਨਾਲ ਕੋਈ ਫਰਕ ਨਹੀਂ ਪਿਆ। ਥੋੜ੍ਹੀ ਢਿੱਲੀ ਹੋ ਗਈ ਪਰ ਆਰਾਮਦਾਇਕ ਰਿਹਾ। ਉਹ ਹੱਸ ਕੇ ਕਹਿੰਦੇ ਹਨ ਕਿ ਪੱਗ ਨਾਲ ਪੁਲਾੜ ਵਿੱਚ ਵੀ ਸਿੱਖੀ ਦਾ ਮਾਣ ਵਧਿਆ ਹੈ।

# ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਪ੍ਰੀਤ ਸਿੰਘ ਜ਼ਮਾਨਤ ਉਪਰ ਹੋਏ ਰਿਹਾਅ



ਬਾਬਾ ਬਕਾਲਾ ਸਾਹਿਬ-ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਖਿਲਾਫ 2023 ਨੂੰ ਥਾਣਾ ਖਿਲਚੀਆਂ ਵਿਚ ਦਰਜ ਇਕ ਕੇਸ ਵਿਚ, ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਪ੍ਰੀਤ ਸਿੰਘ ਸਪੁੱਤਰ ਲਾਭ ਸਿੰਘ, ਪਿੰਡ ਗੰਡੂਆ (ਬਠਿੰਡਾ) ਨੂੰ ਜ਼ਮਾਨਤ ਮਿਲ ਗਈ ਹੈ। ਇਸ ਸੰਬੰਧੀ ਮਾਣਯੋਗ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿਚ ਚੱਲ ਰਹੇ ਕੇਸ ਦੇ ਵਕੀਲ ਐਡਵੋਕੇਟ ਸ਼ੁਕਰਗੁਜਾਰ ਸਿੰਘ ਨੇ ਦੱਸਿਆ ਹੈ ਕਿ ਇਸ ਕੇਸ ਦੀ ਅਗਲੀ ਸੁਣਵਾਈ 22 ਅਗਸਤ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖਿਲਾਫ 2023 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ ਤਿੰਨ ਪਰਚੇ ਦਰਜ ਹੋਏ ਸਨ, ਜਿਨ੍ਹਾਂ ਵਿਚੋਂ ਥਾਣਾ ਅਜਨਾਲਾ ਵਿਖੇ ਦੋ ਪਰਚੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਇਕ ਮੁਕੱਦਮੇ ਦੀ ਸੁਣਵਾਈ ਅੰਮ੍ਰਿਤਸਰ ਸੈਸ਼ਨ ਕੋਰਟ ਵਿਚ ਚੱਲ ਰਹੀ ਹੈ ਤੇ ਥਾਣਾ ਖਿਲਚੀਆਂ ਵਿਚ ਇਕ ਕੇਸ ਦਰਜ ਕੀਤਾ ਗਿਆ ਸੀ, ਜਿਸ 'ਚੋਂ ਇਕ ਸਿੰਘ ਗੁਰਪ੍ਰੀਤ ਸਿੰਘ ਨੂੰ ਜ਼ਮਾਨਤ ਮਿਲ ਗਈ ਹੈ।

# ਡਰਗ ਸਮਗਲਰਾਂ ਦੀ ਛੇ ਮਹੀਨਿਆਂ ਵਿਚ 4 ਕਰੋੜ ਤੋਂ ਵੱਧ ਦੀ ਜਾਇਦਾਦ ਜ਼ਬਤ

ਜਲੰਧਰ-ਜਲੰਧਰ ਦਿਹਾਤੀ ਪੁਲਿਸ ਨੂੰ ਪਿਛਲੇ ਛੇ ਮਹੀਨਿਆਂ 'ਚ ਨਸ਼ਾ ਤਸਕਰਾਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਵੱਡੀ ਸਫਲਤਾ ਮਿਲੀ ਹੈ। ਇਸ ਸਮੇਂ ਦੌਰਾਨ ਪੁਲਿਸ ਨੇ ਵੱਖ-ਵੱਖ ਮਾਮਲਿਆਂ 'ਚ ਕਾਰਵਾਈ ਕਰਦੇ ਹੋਏ 4 ਕਰੋੜ 33 ਲੱਖ ਰੁਪਏ ਤੋਂ ਵੱਧ ਦੀ ਜਾਇਦਾਦ ਜ਼ਬਤ ਕੀਤੀ ਹੈ। ਇਸ 'ਚੋਂ ਸੱਤ ਮਾਮਲੇ ਫਿਲੌਰ ਖੇਤਰ ਦੇ ਨਸ਼ਾ ਤਸਕਰਾਂ ਦੇ ਹਨ, ਜਦੋਂ ਕਿ ਇਕ ਮਾਮਲਾ ਸਦਰ ਨਕੋਦਰ ਦੇ ਇਕ ਤਸਕਰ ਦਾ ਹੈ ਤੇ ਇਕ ਮਾਮਲਾ ਗੁਰਾਇਆ ਖੇਤਰ ਦੇ ਇਕ ਤਸਕਰ ਦਾ ਹੈ। ਪੁਲਿਸ ਰਿਕਾਰਡ ਅਨੁਸਾਰ, ਇਹ ਸਾਰੇ ਮਾਮਲੇ ਜਾਂਚ ਤੇ ਪ੍ਰਵਾਨਗੀ ਲਈ ਸਮਰੱਥ ਅਥਾਰਟੀ, ਦਿੱਲੀ ਨੂੰ ਭੇਜੇ ਗਏ ਸਨ। ਅਥਾਰਟੀ ਤੋਂ ਨਿਰਦੇਸ਼ ਮਿਲਣ ਤੋਂ ਬਾਅਦ, ਪੁਲਿਸ ਨੇ ਸੱਤ ਮਾਮਲਿਆਂ 'ਚ ਜਾਇਦਾਦ ਨੂੰ ਅਟੈਚ ਕਰਕੇ ਲਗਭਗ 4 ਕਰੋੜ ਰੁਪਏ ਬਰਾਮਦ ਕਰ ਕੇ ਸਰਕਾਰੀ ਖਜ਼ਾਨੇ 'ਚ ਜਮ੍ਹਾ ਕਰਵਾ ਦਿੱਤਾ ਹੈ। ਫਿਲੌਰ ਦੇ ਦੋ ਮਾਮਲੇ ਬਾਕੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਫਿਲੌਰ ਦੇ ਇਕ ਮਾਮਲੇ 'ਚ ਜਾਇਦਾਦ ਨੂੰ ਅਟੈਚ ਕਰਨ ਦੀ ਪ੍ਰਕਿਰਿਆ ਅਜੇ ਪੂਰੀ ਨਹੀਂ ਹੋਈ ਹੈ। ਫਿਲੌਰ ਦੇ ਇਕ ਹੋਰ ਮਾਮਲੇ 'ਚ ਅਟੈਚ ਕੀਤੀ ਜਾਇਦਾਦ 'ਤੇ ਇਤਰਾਜ਼ ਦਰਜ ਕੀਤਾ ਗਿਆ ਸੀ, ਜਿਸ ਕਾਰਨ ਜਾਇਦਾਦ ਨੂੰ ਅਟੈਚ ਨਹੀਂ ਕੀਤਾ ਜਾ ਸਕਿਆ। ਅਗਲੀ ਕਾਰਵਾਈ 'ਚ ਪੰਜ ਕਰੋੜ ਰੁਪਏ ਦੀ ਅਟੈਚਮੈਂਟ ਸੰਭਵ ਦਿਹਾਤੀ ਪੁਲਿਸ ਨੇ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦੀ ਮੁਹਿੰਮ ਤੇਜ਼ ਕਰ ਦਿੱਤੀ ਹੈ ਤੇ 10 ਹੋਰ ਮਾਮਲੇ ਸਮਰੱਥ ਅਥਾਰਟੀ, ਦਿੱਲੀ ਨੂੰ ਭੇਜ ਦਿੱਤੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਇਨ੍ਹਾਂ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਪੰਜ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਦੀ ਅਟੈਚ ਕੀਤੀ ਜਾ ਸਕਦੀ ਹੈ।

# ਹਥਿਆਰ ਬਰਾਮਦਗੀ ਦੌਰਾਨ ਪੁਲੀਸ ’ਤੇ ਹਮਲਾ

## ✪ ਜਸ਼ਨਪ੍ਰੀਤ ਸਿੰਘ ਜ਼ਖ਼ਮੀ, ਖਾਲਿਸਤਾਨੀ ਨਾਅਰੇਬਾਜ਼ੀ ਮਾਮਲੇ ਵਿਚ ਗ੍ਰਿਫਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਹਥਿਆਰ ਬਰਾਮਦਗੀ ਦੌਰਾਨ ਇੱਕ ਸਨਸਨੀਖੇਜ਼ ਘਟਨਾ ਵਾਪਰੀ ਜਦੋਂ ਗ੍ਰਿਫਤਾਰ ਮੁਲਜ਼ਮ ਜਸ਼ਨਪ੍ਰੀਤ ਸਿੰਘ ਨੇ ਪੁਲੀਸ ਪਾਰਟੀ ’ਤੇ ਗੋਲੀ ਚਲਾ ਦਿੱਤੀ। ਜਵਾਬੀ ਕਾਰਵਾਈ ਵਿੱਚ ਪੁਲੀਸ ਨੇ ਵੀ ਗੋਲੀ ਚਲਾਈ, ਜਿਸ ਨਾਲ ਮੁਲਜ਼ਮ ਜ਼ਖ਼ਮੀ ਹੋ ਗਿਆ। ਇਸ ਘਟਨਾ ਨੇ ਸ਼ਹਿਰ ਵਿੱਚ ਹੜਕੰਪ ਮਚਾ ਦਿੱਤਾ ਹੈ ਅਤੇ ਲੋਕਾਂ ਵਿੱਚ ਇਸ ਨੂੰ ਲੈ ਕੇ ਕਈ ਸਵਾਲ ਉੱਠ ਰਹੇ ਹਨ। ਕੀ ਇਹ ਅਸਲ ਮੁਕਾਬਲਾ ਸੀ ਜਾਂ ਕੋਈ ਡਰਾਮਾ? ਇਹ ਹੈਰਾਨੀ ਵਾਲੀ ਗਲ ਹੈ ਕਿ ਨਾਰੇ ਲਿਖਣ ਵਾਲੇ ਪੁਲਿਸ ਨਾਲ ਮੁਕਾਬਲਾ ਕਰਨ ਲਗ ਜਾਣ।



### ਘਟਨਾ ਦਾ ਵੇਰਵਾ: ਪੁਲੀਸ ’ਤੇ ਫਾਇਰਿੰਗ ਅਤੇ ਜਵਾਬੀ ਕਾਰਵਾਈ

ਅੰਮ੍ਰਿਤਸਰ ਦੇ ਏਅਰਪੋਰਟ ਰੋਡ ’ਤੇ ਸਥਿਤ ਇੱਕ ਨਾਲੇ ਕੋਲ ਪੁਲੀਸ ਮੁਲਜ਼ਮ ਜਸ਼ਨਪ੍ਰੀਤ ਸਿੰਘ ਨੂੰ ਲੈ ਕੇ ਗਈ ਸੀ, ਜਿਸ ਨੂੰ ਸ਼ਹਿਰ ਵਿੱਚ ਵੱਖ-ਵੱਖ ਥਾਵਾਂ ’ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਡਿਪਟੀ ਕਮਿਸ਼ਨਰ ਆਫ ਪੁਲੀਸ (ਅੰਮ੍ਰਿਤਸਰ ਸ਼ਹਿਰੀ) ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ, ਜੋ ਪਿੰਡ ਦਰਗਾਬਾਦ, ਥਾਣਾ ਕੋਟਲੀ ਸੂਰਤ ਮੱਲੀਆਂ, ਬਟਾਲਾ ਦਾ ਵਸਨੀਕ ਹੈ, ਨੇ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਉਸ ਨੇ 9 ਐਮਐਮ ਦਾ ਗਲੋਕ ਪਿਸਤੌਲ ਨਾਲੇ ਕੋਲ ਲੁਕਾਇਆ ਹੋਇਆ ਸੀ। ਜਦੋਂ ਪੁਲੀਸ ਉਸ ਨੂੰ ਹਥਿਆਰ ਬਰਾਮਦ ਕਰਨ ਲਈ ਮੌਕੇ ’ਤੇ ਲੈ ਕੇ ਗਈ, ਤਾਂ ਜਸ਼ਨਪ੍ਰੀਤ ਨੇ ਬਰਾਮਦ ਕੀਤੇ ਪਿਸਤੌਲ ਨਾਲ ਪੁਲੀਸ ’ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਅਚਾਨਕ ਹਮਲੇ ਨਾਲ ਮੌਕੇ ’ਤੇ ਹੜਕੰਪ ਮਚ ਗਿਆ। ਥਾਣਾ ਛਾਉਣੀ ਦੇ ਐਸਐਚਓ ਇੰਸਪੈਕਟਰ ਮੋਹਿਤ ਕੁਮਾਰ ਨੇ ਮੁਲਜ਼ਮ ਨੂੰ ਰੋਕਣ ਲਈ ਪਹਿਲਾਂ ਹਵਾਈ ਫਾਇਰ ਕੀਤਾ ਅਤੇ ਚੇਤਾਵਨੀ ਦਿੱਤੀ। ਪਰ ਜਸ਼ਨਪ੍ਰੀਤ ਨੇ ਮੁੜ ਗੋਲੀ ਚਲਾਈ, ਜਿਸ ਦੇ ਜਵਾਬ ਵਿੱਚ ਇੰਸਪੈਕਟਰ ਮੋਹਿਤ ਨੇ ਸਵੈ-ਰੱਖਿਆ ਅਤੇ ਪੁਲੀਸ ਪਾਰਟੀ ਦੀ ਸੁਰੱਖਿਆ ਲਈ ਗੋਲੀ ਚਲਾਈ। ਇਹ ਗੋਲੀ ਜਸ਼ਨਪ੍ਰੀਤ ਦੀ ਲੱਤ ਵਿੱਚ ਲੱਗੀ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਪੁਲੀਸ ਨੇ ਮੁਲਜ਼ਮ ਦੇ ਖਿਲਾਫ ਅਸਲਾ ਐਕਟ ਦੀਆਂ ਧਾਰਾਵਾਂ ਅਧੀਨ ਥਾਣਾ ਏਅਰਪੋਰਟ ਵਿਖੇ ਵੱਖਰਾ ਕੇਸ ਦਰਜ ਕਰ ਲਿਆ ਹੈ।

### ਕੀ ਸੀ ਅਸਲ ਮਾਮਲਾ: ਮੁਕਾਬਲਾ ਜਾਂ ਡਰਾਮਾ?

ਇਸ ਘਟਨਾ ਨੇ ਸਥਾਨਕ ਲੋਕਾਂ ਅਤੇ ਸੋਸ਼ਲ ਮੀਡੀਆ ’ਤੇ ਭਾਰੀ ਚਰਚਾ ਛੇੜ ਦਿੱਤੀ ਹੈ। ਕਈਆਂ ਦਾ ਕਹਿਣਾ ਹੈ ਕਿ ਇਹ ਸਾਰਾ ਮਾਮਲਾ ਸ਼ੱਕੀ ਹੈ। ਸੋਸ਼ਲ ਮੀਡੀਆ ’ਤੇ ਕੁਝ ਲੋਕਾਂ ਨੇ ਸਵਾਲ ਉਠਾਇਆ ਕਿ ਜੇਕਰ ਮੁਲਜ਼ਮ ਗ੍ਰਿਫਤਾਰ ਸੀ, ਤਾਂ ਉਸ ਨੂੰ ਹਥਿਆਰ ਕਿਵੇਂ ਮਿਲਿਆ ਅਤੇ ਉਸ ਨੇ ਪੁਲੀਸ ’ਤੇ ਗੋਲੀਬਾਰੀ ਕਿਵੇਂ ਕਰ ਦਿੱਤੀ? ਇੱਕ ਐਕਸ ਯੂਜ਼ਰ ਨੇ ਲਿਖਿਆ, “ਇਹ ਸਾਰਾ ਕੁਝ ਸਕ੍ਰਿਪਟਡ ਜਾਪਦਾ ਹੈ। ਪੁਲੀਸ ਨੂੰ ਪਤਾ ਸੀ ਕਿ ਮੁਲਜ਼ਮ ਨੇ ਹਥਿਆਰ ਲੁਕਾਇਆ ਹੈ, ਫਿਰ ਵੀ ਉਸ ਨੂੰ ਗੋਲੀ ਚਲਾਉਣ ਦਾ ਮੌਕਾ ਮਿਲ ਗਿਆ?”

### ਖਾਲਿਸਤਾਨੀ ਨਾਅਰੇਬਾਜ਼ੀ ਅਤੇ ਵਿਦੇਸ਼ੀ ਸੰਪਰਕ

ਡੀਸੀਪੀ ਰਵਿੰਦਰ ਪਾਲ ਸਿੰਘ ਅਨੁਸਾਰ, ਜਸ਼ਨਪ੍ਰੀਤ ਸਿੰਘ ਨੂੰ ਸ਼ਹਿਰ ਵਿੱਚ ਮੰਦਰਾਂ ਅਤੇ ਹੋਰ ਜਨਤਕ ਥਾਵਾਂ ’ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਉਹ ਵਿਦੇਸ਼ ਵਿੱਚ ਬੈਠੇ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਿਹਾ ਸੀ। ਪੁਲੀਸ ਨੇ ਜਾਣਕਾਰੀ ਦਿੱਤੀ ਕਿ ਜਸ਼ਨਪ੍ਰੀਤ ਨੇ “ਸਿੱਖਸ ਫਾਰ ਜਸਟਿਸ” ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਇਸ਼ਾਰੇ ’ਤੇ ਇਹ ਨਾਅਰੇ ਲਿਖੇ ਸਨ। ਇਸ ਤੋਂ ਇਲਾਵਾ, ਉਸ ਦੇ ਨਾਲ ਇੱਕ ਨਾਬਾਲਗ ਸਾਥੀ ਵੀ ਸੀ, ਜਿਸ ਨੂੰ ਪੁਲੀਸ ਨੇ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਸੀ। ਜਸ਼ਨਪ੍ਰੀਤ ਦੀ ਨਿਸ਼ਾਨਦੇਹੀ ’ਤੇ ਹੀ ਪੁਲੀਸ ਹਥਿਆਰ ਬਰਾਮਦ ਕਰਨ ਲਈ ਏਅਰਪੋਰਟ ਰੋਡ ’ਤੇ ਗਈ ਸੀ। ਇਸ ਘਟਨਾ ਨੇ ਸੁਰੱਖਿਆ ਏਜੰਸੀਆਂ ਨੂੰ ਵੀ ਸੁਚੇਤ ਕਰ ਦਿੱਤਾ ਹੈ, ਅਤੇ ਮੁਲਜ਼ਮ ਦੇ ਵਿਦੇਸ਼ੀ ਸੰਪਰਕਾਂ ਦੀ ਜਾਂਚ ਜਾਰੀ ਹੈ।

### ਪੁਲੀਸ ਦੀ ਜਾਂਚ ਅਤੇ ਅਗਲੇਰੀ ਕਾਰਵਾਈ

ਡੀਸੀਪੀ ਨੇ ਦੱਸਿਆ ਕਿ ਜਸ਼ਨਪ੍ਰੀਤ ਦੇ ਵਿਦੇਸ਼ੀ ਸੰਪਰਕਾਂ ਦੀ ਪੜਤਾਲ ਕੀਤੀ ਜਾ ਰਹੀ ਹੈ, ਅਤੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਸ ਦੇ ਕੋਲ ਗਲੋਕ ਪਿਸਤੌਲ ਕਿੱਥੋਂ ਅਤੇ ਕਿਵੇਂ ਆਇਆ। ਪੁਲੀਸ ਨੇ ਇਹ ਵੀ ਪੁਸ਼ਟੀ ਕੀਤੀ ਕਿ ਮੁਕਾਬਲੇ ਦੌਰਾਨ ਕੋਈ ਪੁਲੀਸ ਮੁਲਾਜ਼ਮ ਜ਼ਖ਼ਮੀ ਨਹੀਂ ਹੋਇਆ। ਇਸ ਤੋਂ ਇਲਾਵਾ, ਮੁਲਜ਼ਮ ਦੇ ਖਿਲਾਫ ਅਸਲਾ ਐਕਟ ਦੀਆਂ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲੀਸ ਦਾ ਕਹਿਣਾ ਹੈ ਕਿ ਜਸ਼ਨਪ੍ਰੀਤ ਦੇ ਸਾਥੀਆਂ ਅਤੇ ਵਿਦੇਸ਼ੀ ਹੈਂਡਲਰਾਂ ਤੱਕ ਪਹੁੰਚਣ ਲਈ ਜਾਂਚ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਇਸ ਦੇ ਨਾਲ ਹੀ, ਸੋਸ਼ਲ ਮੀਡੀਆ ’ਤੇ ਕਈ ਲੋਕਾਂ ਨੇ ਮੰਗ ਕੀਤੀ ਹੈ ਕਿ ਅਜਿਹੀਆਂ ਘਟਨਾਵਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

# ਬੀਐੱਸਐੱਫ ਤੇ ਐੱਨਸੀਬੀ ਵਲੋਂ ਛਾਪਾ, ਰੈਸਟੋਰੈਂਟ ਤੋਂ 8 ਹੁੱਕੇ ਫੜੇ

ਅੰਮ੍ਰਿਤਸਰ-ਸੀਮਾ ਸੁਰੱਖਿਆ ਬਲ (ਬੀਐੱਸਐੱਫ) ਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਬੀਤੇ ਦਿਨੀਂ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੇੜੇ ਚੱਲ ਰਹੇ ‘ਦਿ ਥਸਟਰ’ ਨਾਮਕ ਇਕ ਰੈਸਟੋਰੈਂਟ ’ਤੇ ਛਾਪਾ ਮਾਰਿਆ। ਜਾਣਕਾਰੀ ਮਿਲੀ ਸੀ ਕਿ ਰੈਸਟੋਰੈਂਟ ਦਾ ਮਾਲਕ ਆਪਣੇ ਕੰਪਲੈਕਸ ’ਚ ਗੈਰ-ਕਾਨੂੰਨੀ ਤੌਰ ’ਤੇ ਹੁੱਕਾ ਪਰੋਸ ਰਿਹਾ ਸੀ। ਬੀਐੱਸਐੱਫ ਤੇ ਐੱਨਸੀਬੀ ਦੇ ਸਾਂਝੇ ਆਪ੍ਰੇਸ਼ਨ ਦੌਰਾਨ ਰੈਸਟੋਰੈਂਟ ਤੋਂ 8 ਹੁੱਕੇ ਬਰਾਮਦ ਕੀਤੇ ਗਏ ਹਨ, ਜੋ ਲੋਕਾਂ ਨੂੰ ਖਾਸ ਕਰ ਕੇ ਨੌਜਵਾਨਾਂ ਨੂੰ ਵੱਡੀ ਰਕਮ ਵਸੂਲ ਕੇ ਪਰੋਸਿਆ ਜਾ ਰਿਹਾ ਸੀ। ਪਤਾ ਲੱਗਾ ਹੈ ਕਿ ਹੁੱਕਿਆਂ ਵੱਲ ਆਕਰਸ਼ਿਤ ਹੁੰਦੇ ਸਕੂਲ-ਕਾਲਜ ਦੇ ਮੁੰਡੇ-ਕੁੜੀਆਂ ਅਕਸਰ ਇੱਥੇ ਹੁੱਕਾ ਪੀਣ ਲਈ ਆਉਂਦੇ ਹਨ। ਸਾਰੇ ਹੁੱਕੇ ਆਪਣੇ ਕਬਜ਼ੇ ’ਚ ਲੈਣ ਤੋਂ ਬਾਅਦ ਦੋਵਾਂ ਕੇਂਦਰੀ ਏਜੰਸੀਆਂ ਨੇ ਸਾਰਾ ਸਾਮਾਨ ਸਬੰਧਤ ਪੁਲਿਸ ਥਾਣਾ ਹਵਾਈ ਅੱਡੇ ਨੂੰ ਸੌਂਪ ਦਿੱਤਾ ਹੈ। ਮੁਲਜ਼ਮਾਂ ਵਿਰੁੱਧ ਐੱਫਆਈਆਰ ਦਰਜ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਦੂਜੇ ਪਾਸੇ ਇੰਸਪੈਕਟਰ ਬਲਜੀਤ ਕੌਰ ਨੇ ਕਿਹਾ ਕਿ ਦਿ ਥਸਟਰ ਰੈਸਟੋਰੈਂਟ ਦੇ ਮਾਲਕ ਸੁਭਾਸ਼ ਬਜਾਜ ਉਰਫ਼ ਵਾਸੂ ਵਾਸੀ ਨਿਵਾਸੀ 429, ਮੈਡੀਕਲ ਇਨਕਲੇਵ, ਅੰਮ੍ਰਿਤਸਰ ਵਿਰੁੱਧ ਤੰਬਾਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪਿਛਲੇ ਹਫ਼ਤੇ ਵੀ ਇਸ ਰੈਸਟੋਰੈਂਟ ਦੇ ਦੂਜੇ ਭਾਈਵਾਲ ਰਾਹੁਲ ਨੰਦਵਾਨੀ, ਨਿਵਾਸੀ 2-ਏ, ਬਿਊਟੀ ਐਵੀਨਿਊ, ਫੇਜ਼-5, ਰੇਸ ਕੋਰਸ ਰੋਡ, ਅੰਮ੍ਰਿਤਸਰ ਵਿਰੁੱਧ ਹੁੱਕਾ ਪਰੋਸਣ ਲਈ ਮਾਮਲਾ ਦਰਜ ਕੀਤਾ ਗਿਆ ਸੀ।



ਦਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਨਸ਼ਿਆਂ ਵਿਰੁੱਧ ਹੈ, ਜਿੱਥੇ ਪੁਲਿਸ ਤੇ ਹੋਰ ਏਜੰਸੀਆਂ ਨਸ਼ਾ ਤਸਕਰਾਂ ਨੂੰ ਕਾਬੂ ਕਰ ਰਹੀਆਂ ਹਨ। ਦੂਜੇ ਪਾਸੇ ਅਜਿਹੇ ਗੈਰ-ਕਾਨੂੰਨੀ ਹੁੱਕਾ ਬਾਰ ਨੌਜਵਾਨਾਂ ਨੂੰ ਨਸ਼ੇ ਦੀ ਪਹਿਲੀ ਪੌੜੀ ਵੱਲ ਧੱਕ ਰਹੇ ਹਨ। ਬੀਐੱਸਐੱਫ ਅਤੇ ਐੱਨਸੀਬੀ ਵੱਲੋਂ ਕੀਤੀ ਜਾ ਰਹੀ ਅਜਿਹੀ ਕਾਰਵਾਈ ਨੇ ਪੰਜਾਬ ਪੁਲਿਸ ਦੀ ਕਾਰਜਸ਼ੈਲੀ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

# ਰੱਖੜੀ ਦੇ ਤਿਉਹਾਰ ’ਤੇ ਤੀਹਰਾ ਕਤਲ

## ✪ ਪਤੀ ਨੇ ਪਤਨੀ ਅਤੇ ਬੱਚਿਆਂ ਨੂੰ ਮਾਰਿਆ

ਦਿੱਲੀ-ਦਿੱਲੀ ਦੇ ਕਰਾਵਲ ਨਗਰ ਤੋਂ ਇੱਕ ਦਰਦਨਾਕ ਘਟਨਾ ਸਾਹਮਣੇ ਆਈ ਹੈ। ਰੱਖੜੀ ਦੇ ਤਿਉਹਾਰ ਵਾਲੇ ਦਿਨ, ਇੱਕ ਵਿਅਕਤੀ ਨੇ ਕਥਿਤ ਤੌਰ ’ਤੇ ਆਪਣੀ ਪਤਨੀ ਅਤੇ ਦੋ ਨਾਬਾਲਗ ਬੱਚਿਆਂ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਦੋਸ਼ੀ ਦੀ ਪਛਾਣ ਪ੍ਰਦੀਪ ਵਜੋਂ ਹੋਈ ਹੈ ਅਤੇ ਉਹ ਘਟਨਾ ਤੋਂ ਬਾਅਦ ਫਰਾਰ ਹੈ।

ਸ਼ੁਰੂਆਤੀ ਜਾਂਚ ਵਿੱਚ ਸ਼ੱਕ ਜਤਾਇਆ ਗਿਆ ਹੈ ਕਿ ਉਸਨੇ ਇਹ ਕਦਮ ਭਾਰੀ ਕਰਜ਼ੇ ਅਤੇ ਵਿੱਤੀ ਸੰਕਟ ਕਾਰਨ ਚੁੱਕਿਆ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਐਫਬੀਆਈ ਅਨੁਸਾਰ ਅਮਰੀਕਾ ਵਿੱਚ ਸਿੱਖ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਨ ਵਾਲਾ ਧਾਰਮਿਕ ਗਰੁੱਪ

**✪ ਸਿੱਖਾਂ 'ਤੇ ਨਫ਼ਰਤ ਅਪਰਾਧ 2024 ਵਿੱਚ 5.3% ਘਟੇ, ਪਰ ਚਿੰਤਾ ਬਰਕਰਾਰ ✪ ਕੁਦਰਤੀ ਪ੍ਰਕੋਪਾਂ ਵਿੱਚ ਸਿੱਖਾਂ ਦੀ ਸੇਵਾ ਕਾਰਣ ਪਛਾਣ ਉਭਰੀ, ਨਫ਼ਰਤੀ ਹਮਲੇ ਅਜੇ ਵੀ ਸਮੱਸਿਆ-ਖਾਲਸਾ ✪ ਸਿੱਖ ਕੋਐਲੀਸ਼ਨ ਦੀ ਮੰਗ ਕਿ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਲਾਜ਼ਮੀ ਕਰੋ ਅਤੇ ਦੋਸ਼ੀਆਂ ਉਪਰ ਸਖ਼ਤੀ ਕਰੋ**






## ਨਿਊਜ਼ ਵਿਸ਼ਲੇਸ਼ਣ

ਅਮਰੀਕਾ ਵਿੱਚ ਸਿੱਖ ਭਾਈਚਾਰਾ ਧਾਰਮਿਕ ਨਫ਼ਰਤ ਅਧਾਰਤ ਅਪਰਾਧਾਂ ਦਾ ਤੀਜਾ ਸਭ ਤੋਂ ਵੱਡਾ ਨਿਸ਼ਾਨਾ ਬਣਿਆ ਹੋਇਆ ਹੈ, ਜਿਹੜੇ ਯਹੂਦੀਆਂ ਅਤੇ ਮੁਸਲਮਾਨਾਂ ਤੋਂ ਬਾਅਦ ਆਉਂਦੇ ਹਨ। ਇਹ ਖੁਲਾਸਾ ਅਮਰੀਕੀ ਜਾਂਚ ਏਜੰਸੀ ਐਫਬੀਆਈ ਦੀ ਸਾਲਾਨਾ ਨਫ਼ਰਤ ਅਪਰਾਧ ਰਿਪੋਰਟ ਵਿੱਚ ਸਾਹਮਣੇ ਆਇਆ ਹੈ। ਸਿੱਖ ਕੋਐਲੀਸ਼ਨ ਵਰਗੇ ਸਿੱਖ ਅਡਵੋਕੇਸੀ ਜਥੇਬੰਦੀਆਂ ਮੁਤਾਬਕ, ਸਿੱਖ ਲੋਕ ਅਮਰੀਕਾ ਵਿੱਚ ਨਸਲੀ ਅਤੇ ਧਾਰਮਿਕ ਨਫ਼ਰਤ ਦੇ ਅਪਰਾਧਾਂ ਦਾ ਅਨੁਪਾਤਕ ਤੌਰ 'ਤੇ ਵੱਧ ਸ਼ਿਕਾਰ ਹਨ। ਐਫਬੀਆਈ ਦੀ 5 ਅਗਸਤ 2024 ਨੂੰ ਜਾਰੀ ਸਾਲਾਨਾ ਨਫ਼ਰਤ ਅਪਰਾਧ ਰਿਪੋਰਟ ਮੁਤਾਬਕ, ਅਮਰੀਕਾ ਵਿੱਚ ਸਿੱਖਾਂ ਵਿਰੁੱਧ 2024 ਵਿੱਚ 142 ਧਾਰਮਿਕ ਨਫ਼ਰਤ ਵਾਲੇ ਅਪਰਾਧ ਦਰਜ ਕੀਤੇ ਗਏ ਸਨ। ਇਹ ਅੰਕੜਾ 2023 ਵਿੱਚ 150 ਅਤੇ 2022 ਵਿੱਚ 198 ਸੀ। ਇਸ ਦਾ ਮਤਲਬ ਹੈ ਕਿ 2023 ਦੇ ਮੁਕਾਬਲੇ 2024 ਵਿੱਚ ਸਿੱਖਾਂ 'ਤੇ ਹਮਲਿਆਂ ਵਿੱਚ 5.3% ਦੀ ਕਮੀ ਆਈ ਸੀ। ਹਾਲਾਂਕਿ, ਇਹ ਅਜੇ ਵੀ ਸਿੱਖ ਭਾਈਚਾਰੇ ਲਈ ਚਿੰਤਾਜਨਕ ਸਥਿਤੀ ਨੂੰ ਦਰਸਾਉਂਦਾ ਹੈ। ਇਸੇ ਰਿਪੋਰਟ ਵਿੱਚ ਯਹੂਦੀਆਂ ਵਿਰੁੱਧ 1,938 (2023 ਵਿੱਚ 1,989) ਅਤੇ ਮੁਸਲਮਾਨਾਂ ਵਿਰੁੱਧ 228 (2023 ਵਿੱਚ 281) ਨਫ਼ਰਤੀ ਅਪਰਾਧ ਦਰਜ ਕੀਤੇ ਗਏ ਸਨ। ਹਿੰਦੂਆਂ ਵਿਰੁੱਧ 2024 ਵਿੱਚ 25 ਅਪਰਾਧ ਦਰਜ ਹੋਏ ਸਨ, ਜੋ 2023 ਦੇ 32 ਦੇ ਮੁਕਾਬਲੇ ਘੱਟ ਸਨ। ਸਮੁੱਚੇ ਤੌਰ 'ਤੇ, ਨਫ਼ਰਤੀ ਅਪਰਾਧਾਂ ਵਿੱਚ 2% ਦੀ ਕਮੀ ਦਰਜ ਕੀਤੀ ਗਈ, ਪਰ ਸਿੱਖ ਕੋਐਲੀਸ਼ਨ ਦਾ ਮੰਨਣਾ ਹੈ ਕਿ ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ, ਕਿਉਂਕਿ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਪੂਰੇ ਅਮਰੀਕਾ ਵਿੱਚ ਇਕਸਾਰ ਨਹੀਂ ਹੈ।

ਐਫਬੀਆਈ ਨੇ 2015 ਵਿੱਚ ਧਾਰਮਿਕ ਨਫ਼ਰਤੀ ਅਪਰਾਧਾਂ ਦੀਆਂ ਵੱਖ-ਵੱਖ ਸ਼੍ਰੇਣੀਆਂ 'ਤੇ ਅੰਕੜੇ ਇਕੱਠੇ ਕਰਨੇ ਸ਼ੁਰੂ ਕੀਤੇ ਸਨ। ਸਿੱਖ ਕੋਐਲੀਸ਼ਨ ਮੁਤਾਬਕ, ਸਿੱਖ ਅਮਰੀਕੀਆਂ ਦੀ ਅਬਾਦੀ ਦੇ ਅਨੁਪਾਤ ਵਿੱਚ (ਲਗਭਗ 5 ਲੱਖ) ਨਫ਼ਰਤ ਅਪਰਾਧਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਸਿੱਖਾਂ ਦੀ ਵਿਲੱਖਣ ਪਛਾਣ, ਜਿਵੇਂ ਕਿ ਪੱਗ, ਦਾੜ੍ਹੀ, ਅਤੇ ਕੜਾ, ਉਨ੍ਹਾਂ ਨੂੰ ਸੌਖਾ ਨਿਸ਼ਾਨਾ ਬਣਾਉਂਦੀ ਹੈ।

### ਸਿੱਖਾਂ 'ਤੇ ਨਸਲੀ ਹਮਲਿਆਂ ਦੇ ਕਾਰਨ

ਸਿੱਖਾਂ 'ਤੇ ਅਮਰੀਕਾ ਵਿੱਚ ਨਸਲੀ ਅਤੇ ਧਾਰਮਿਕ ਹਮਲਿਆਂ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਸਮਾਜਿਕ, ਸਿਆਸੀ, ਅਤੇ ਸੱਭਿਆਚਾਰਕ ਪਹਿਲੂ ਸ਼ਾਮਲ ਹਨ:

ਸਿੱਖਾਂ ਦੀ ਪੱਗ, ਦਾੜ੍ਹੀ, ਅਤੇ ਹੋਰ ਧਾਰਮਿਕ ਚਿੰਨ੍ਹ ਉਨ੍ਹਾਂ ਨੂੰ ਸੌਖੇ ਨਿਸ਼ਾਨੇ ਵਜੋਂ ਪੇਸ਼ ਕਰਦੇ ਹਨ। 9/11 ਦੇ ਹਮਲਿਆਂ ਤੋਂ ਬਾਅਦ, ਸਿੱਖਾਂ ਨੂੰ ਅਕਸਰ ਮੁਸਲਮਾਨ ਸਮਝਣ ਦੀ ਗਲਤਫਹਿਮੀ ਕਾਰਨ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਨੇ ਸਿੱਖਾਂ ਵਿਰੁੱਧ ਹਮਲਿਆਂ ਦੀ ਮਾਨਸਿਕਤਾ ਨੂੰ ਹੋਰ ਵਧਾਇਆ ਹੈ। ਇਸ ਨਸਲਵਾਦ ਕਾਰਨ ਇਸਲਾਮੋਫੋਬੀਆ ਦੇ ਸ਼ਿਕਾਰ ਸਿੱਖ ਵੀ ਹੁੰਦੇ ਹਨ। 2022 ਤੋਂ 2025 ਦਰਮਿਆਨ, ਅਮਰੀਕਾ ਵਿੱਚ ਵਧਦੀ ਧਰਮ-ਅਧਾਰਿਤ ਨਫ਼ਰਤ ਨੇ ਸਿੱਖਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ (2025) ਦੌਰਾਨ, ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਨੀਤੀਆਂ ਨੇ ਸਿੱਖ ਪ੍ਰਵਾਸੀਆਂ, ਖਾਸਕਰ ਪੰਜਾਬੀ ਸਿੱਖਾਂ, 'ਤੇ ਵੀ ਅਸਰ ਪਾਇਆ। ਅੰਮ੍ਰਿਤਸਰ ਵਿੱਚ ਡਿਪੋਰਟੇਸ਼ਨ ਫਲਾਈਟਾਂ ਦੀ ਲੈਂਡਿੰਗ ਨੇ ਸਿੱਖਾਂ ਨੂੰ ਨਕਾਰਾਤਮਕ ਤੌਰ 'ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੇ ਸਮਾਜ ਵਿੱਚ ਨਫ਼ਰਤ ਨੂੰ ਹੋਰ ਵਧਾਇਆ ਹੈ। ਅਮਰੀਕੀ ਸਮਾਜ ਵਿੱਚ ਸਿੱਖ ਧਰਮ ਅਤੇ ਸੱਭਿਆਚਾਰ ਬਾਰੇ ਜਾਗਰੂਕਤਾ ਦੀ ਘਾਟ ਵੀ ਇੱਕ ਵੱਡਾ ਕਾਰਨ ਹੈ। ਸਿੱਖਾਂ ਨੂੰ ਅਕਸਰ ਅੱਤਵਾਦੀ ਜਾਂ ਵਿਦੇਸ਼ੀ ਸਮਝਣ ਦੀ ਗਲਤਫਹਿਮੀ ਨਫ਼ਰਤ ਅਪਰਾਧਾਂ ਨੂੰ ਵਧਾਉਂਦੀ ਹੈ।

## ਕੁਦਰਤੀ ਪ੍ਰਕੋਪਾਂ ਵਿੱਚ ਚੈਰਿਟੀ ਨੇ ਸਿੱਖ ਪਛਾਣ ਵਧਾਈ

ਸਿੱਖ ਭਾਈਚਾਰਾ ਅਮਰੀਕਾ ਵਿੱਚ ਕੁਦਰਤੀ ਪ੍ਰਕੋਪਾਂ ਦੌਰਾਨ ਚੈਰਿਟੀ ਅਤੇ ਸੇਵਾ ਦੇ ਕੰਮਾਂ ਵਿੱਚ ਅਹਿਮ ਯੋਗਦਾਨ ਪਾਉਂਦਾ ਰਿਹਾ ਹੈ। ਸਿੱਖ ਗੁਰਦੁਆਰਿਆਂ ਅਤੇ ਸੰਗਠਨਾਂ, ਜਿਵੇਂ ਸਿੱਖ ਕੋਐਲੀਸ਼ਨ ਅਤੇ ਯੂਨਾਈਟਿਡ ਸਿੱਖਸ, ਨੇ ਹਰੀਕੇਨ, ਹੜ੍ਹ, ਅਤੇ ਹੋਰ ਕੁਦਰਤੀ ਆਫ਼ਤਾਂ ਦੌਰਾਨ ਲੰਗਰ, ਮੈਡੀਕਲ ਸਹਾਇਤਾ, ਅਤੇ ਰਾਹਤ ਸਮੱਗਰੀ ਪ੍ਰਦਾਨ ਕੀਤੀ ਸੀ। ਉਦਾਹਰਣ ਵਜੋਂ, 2022 ਦੇ ਹਰੀਕੇਨ ਇਆਨ ਅਤੇ 2023 ਦੇ ਕੈਲੀਫੋਰਨੀਆ ਹੜ੍ਹਾਂ ਦੌਰਾਨ ਸਿੱਖ ਸੰਗਠਨਾਂ ਨੇ ਹਜ਼ਾਰਾਂ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਮੁਹੱਈਆ ਕਰਵਾਈ ਸੀ।

ਇਸ ਸੇਵਾ ਨੇ ਸਿੱਖਾਂ ਦੀ ਪਛਾਣ ਨੂੰ ਸਕਾਰਾਤਮਕ ਰੂਪ ਵਿੱਚ ਉਜਾਗਰ ਕੀਤਾ ਸੀ। ਸਿੱਖ ਧਰਮ ਦਾ ਸਿਧਾਂਤ "ਸਰਬੱਤ ਦਾ ਭਲਾ" ਅਤੇ "ਸੇਵਾ" ਅਮਰੀਕੀ ਸਮਾਜ ਵਿੱਚ ਸਿੱਖਾਂ ਦੀ ਸਦਭਾਵਨਾ ਨੂੰ ਵਧਾਉਂਦਾ ਹੈ। ਹਾਲਾਂਕਿ, ਇਹ ਸੇਵਾਵਾਂ ਸਿੱਖਾਂ ਨੂੰ ਨਫ਼ਰਤ ਅਪਰਾਧਾਂ ਤੋਂ ਪੂਰੀ ਤਰ੍ਹਾਂ ਬਚਾਉਣ ਵਿੱਚ ਸਫਲ ਨਹੀਂ ਹੋਈਆਂ। ਸਿੱਖ ਕੋਐਲੀਸ਼ਨ ਮੁਤਾਬਕ, ਸਕਾਰਾਤਮਕ ਪਛਾਣ ਦੇ ਬਾਵਜੂਦ, ਨਫ਼ਰਤ ਅਪਰਾਧਾਂ ਦੀ ਗਿਣਤੀ ਅਜੇ ਵੀ ਉੱਚੀ ਹੈ, ਕਿਉਂਕਿ ਸਮਾਜ ਦਾ ਇੱਕ ਹਿੱਸਾ ਅਜੇ ਵੀ ਸਿੱਖਾਂ ਨੂੰ ਵਿਦੇਸ਼ੀ ਜਾਂ "ਖਤਰਨਾਕ" ਸਮਝਦਾ ਹੈ।

ਕੁਦਰਤੀ ਪ੍ਰਕੋਪਾਂ ਵਿੱਚ ਸਿੱਖਾਂ ਦੀ ਸੇਵਾ ਨੇ ਸਥਾਨਕ ਅਮਰੀਕੀਆਂ ਵਿੱਚ ਜਾਗਰੂਕਤਾ ਵਧਾਉਣ ਵਿੱਚ ਮਦਦ ਕੀਤੀ, ਪਰ ਇਸ ਦਾ ਨਫ਼ਰਤ ਅਪਰਾਧਾਂ 'ਤੇ ਸਿੱਧਾ ਪ੍ਰਭਾਵ ਸੀਮਤ ਰਿਹਾ। 2022 ਤੋਂ 2024 ਦਰਮਿਆਨ ਅਪਰਾਧਾਂ ਵਿੱਚ 5.3% ਦੀ ਕਮੀ ਨੂੰ ਸਿੱਖ ਸੰਗਠਨਾਂ ਦੀ ਸੇਵਾ ਅਤੇ ਜਾਗਰੂਕਤਾ ਮੁਹਿੰਮਾਂ ਨਾਲ ਜੋੜਿਆ ਜਾ ਸਕਦਾ ਹੈ, ਪਰ ਸਮੁੱਚੀ ਸਮੱਸਿਆ ਹੱਲ ਨਹੀਂ ਹੋਈ।

### ਨਸਲੀ ਹਮਲੇ ਰੋਕਣ ਲਈ ਸਿੱਖ ਕੀ ਕਰਨ

ਸਿੱਖ ਧਰਮ ਅਤੇ ਸੱਭਿਆਚਾਰ ਬਾਰੇ ਅਮਰੀਕੀ ਸਕੂਲਾਂ, ਕਮਿਊਨਿਟੀ ਸੈਂਟਰਾਂ, ਅਤੇ ਮੀਡੀਆ ਵਿੱਚ ਜਾਗਰੂਕਤਾ ਵਧਾਉਣ ਦੀ ਲੋੜ ਹੈ। ਸਿੱਖ ਕੋਐਲੀਸ਼ਨ ਵਰਗੇ ਸੰਗਠਨ ਸਕੂਲੀ ਪਾਠਕ੍ਰਮ ਵਿੱਚ ਸਿੱਖੀ ਨਾਲ ਜੁੜੀ ਜਾਣਕਾਰੀ ਸ਼ਾਮਲ ਕਰਨ ਦੀ ਵਕਾਲਤ ਕਰਦੇ ਹਨ।

ਅਮਰੀਕਾ ਦੇ ਸਿੱਖ ਆਗੂ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਨੂੰ ਲਾਜ਼ਮੀ ਅਤੇ ਇਕਸਾਰ ਕਰਨ ਦੀ ਜ਼ਰੂਰਤ ਹੈ। ਸਥਾਨਕ ਪੁਲਿਸ ਅਤੇ ਐਫਬੀਆਈ ਨੂੰ ਅਜਿਹੇ ਅਪਰਾਧਾਂ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਸਿੱਖ ਗੁਰਦੁਆਰਿਆਂ ਨੂੰ ਹੋਰ ਧਾਰਮਿਕ ਅਤੇ ਸਮਾਜਿਕ ਸਮੂਹਾਂ ਨਾਲ ਮਿਲ ਕੇ ਸਾਂਝੇ ਪ੍ਰੋਗਰਾਮ ਕਰਨੇ ਚਾਹੀਦੇ, ਜਿਵੇਂ ਕਿ ਇੰਟਰਫੇਥ ਡਾਇਲਾਗ ਅਤੇ ਸੇਵਾ ਪ੍ਰੋਜੈਕਟ। ਇਹ ਸਾਂਝ ਸਮਾਜ ਵਿੱਚ ਸਿੱਖਾਂ ਪ੍ਰਤੀ ਸਕਾਰਾਤਮਕ ਸੋਚ ਵਧਾਏਗੀ।

ਮੀਡੀਆ ਨੂੰ ਸਿੱਖਾਂ ਨੂੰ ਸਕਾਰਾਤਮਕ ਤਰੀਕੇ ਨਾਲ ਪੇਸ਼ ਕਰਨ 'ਤੇ ਜ਼ੋਰ ਦੇਣਾ ਚਾਹੀਦਾ। ਸਿੱਖੀ ਸਫਲਤਾ ਦੀਆਂ ਸਾਖੀਆਂ ਅਤੇ ਸੇਵਾ ਦੇ ਕੰਮਾਂ ਨੂੰ ਉਜਾਗਰ ਕਰਨ ਨਾਲ ਨਫ਼ਰਤ ਨੂੰ ਘਟਾਇਆ ਜਾ ਸਕਦਾ ਹੈ।

ਸਵਰਨਜੀਤ ਸਿੰਘ ਖਾਲਸਾ ਨੇ ਮੰਗ ਕੀਤੀ ਹੈ ਕਿ ਅਮਰੀਕੀ ਸਰਕਾਰ ਨੂੰ ਸਿੱਖਾਂ ਸਮੇਤ ਘੱਟ-ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਲਈ ਵਿਸ਼ੇਸ਼ ਫੰਡ ਅਤੇ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ। ਨਫ਼ਰਤੀ ਅਪਰਾਧਾਂ ਦੀ ਜਾਂਚ ਲਈ ਵਧੇਰੇ ਸਰੋਤ ਅਲਾਟ ਕੀਤੇ ਜਾਣ।

ਸਵਰਨਜੀਤ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਸਿੱਖ ਭਾਈਚਾਰਾ ਧਾਰਮਿਕ ਅਤੇ ਨਸਲੀ ਨਫ਼ਰਤ ਦਾ ਸ਼ਿਕਾਰ ਰਿਹਾ ਹੈ, ਪਰ 2022 ਤੋਂ 2024 ਦਰਮਿਆਨ ਨਫ਼ਰਤ ਅਪਰਾਧਾਂ ਵਿੱਚ 5.3% ਦੀ ਕਮੀ ਇੱਕ ਸਕਾਰਾਤਮਕ ਸੰਕੇਤ ਹੈ। ਸਿੱਖਾਂ ਦੀ ਵਿਲੱਖਣ ਪਛਾਣ, ਸਮਾਜਿਕ ਅਗਿਆਨਤਾ, ਅਤੇ ਸਿਆਸੀ ਮਾਹੌਲ ਨੇ ਇਹਨਾਂ ਹਮਲਿਆਂ ਨੂੰ ਵਧਾਇਆ, ਪਰ ਸਿੱਖ ਸੰਗਠਨਾਂ ਦੀ ਸੇਵਾ ਅਤੇ ਜਾਗਰੂਕਤਾ ਮੁਹਿੰਮਾਂ ਨੇ ਸਥਿਤੀ ਨੂੰ ਸੁਧਾਰਨ ਵਿੱਚ ਮਦਦ ਕੀਤੀ। ਫਿਰ ਵੀ, ਨਫ਼ਰਤ ਅਪਰਾਧ ਅਜੇ ਵੀ ਇੱਕ ਵੱਡੀ ਸਮੱਸਿਆ ਹਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਈਡੀ-ਸੀਬੀਆਈ ਦੀ ਦੁਰਵਰਤੋਂ ਬਾਰੇ ਮੋਦੀ ਸਰਕਾਰ ਵਿਰੁੱਧ ਵਿਰੋਧੀ ਕਿਉਂ ਦੋਸ਼ ਲਗਾ ਰਹੇ ਨੇ ?

## ✪ ਸੁਪਰੀਮ ਕੋਰਟ ਨੇ ਨੋਟਿਸ ਲਿਆ ਪਰ ਹੱਲ ਹਾਲੇ ਤਕ ਨਾ ਨਿਕਲਿਆ ਹੱਲ ? ✪ ਕੋਰਟਾਂ ਭਾਰਤੀ ਜਮਹੂਰੀਅਤ ਦੇ ਹਿਤ ਵਿਚ ਕਿਉਂ ਨਹੀਂ ਕਰ ਰਹੀਆਂ ਕਾਰਵਾਈ ?




ਭਾਰਤੀ ਰਾਜਨੀਤੀ ਵਿੱਚ ਇੱਕ ਵੱਡਾ ਵਿਵਾਦ ਚੱਲ ਰਿਹਾ ਏ ਕਿ ਮੋਦੀ ਸਰਕਾਰ ਕੇਂਦਰੀ ਏਜੰਸੀਆਂ ਜਿਵੇਂ ਸੀਬੀਆਈ ਅਤੇ ਈਡੀ ਨੂੰ ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤ ਰਹੀ ਏ। ਵਿਰੋਧੀ ਪਾਰਟੀਆਂ ਚੀਕਦੀਆਂ ਫਿਰਦੀਆਂ ਨੇ ਕਿ ਇਹ ਏਜੰਸੀਆਂ ਹੁਣ ਸਰਕਾਰ ਦੇ ਇਸ਼ਾਰੇ 'ਤੇ ਨੱਚ ਰਹੀਆਂ ਨੇ। 2014 ਤੋਂ ਪਹਿਲਾਂ ਜਦੋਂ ਮਨਮੋਹਨ ਸਿੰਘ ਦੀ ਸਰਕਾਰ ਸੀ ਤਾਂ ਭਾਜਪਾ ਵੀ ਅਜਿਹੇ ਦੋਸ਼ ਲਾਉਂਦੀ ਸੀ ਕਿ ਸੀਬੀਆਈ ਨੂੰ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਲਈ ਵਰਤਿਆ ਜਾ ਰਿਹਾ ਏ। ਹੁਣ ਮੋਦੀ ਸਰਕਾਰ ਵੇਲੇ ਈਡੀ ਦੀ ਵਾਰੀ ਏ, ਜਿਸ ਨੂੰ ਸੁਪਰੀਮ ਕੋਰਟ ਨੇ ਵੀ ਕਈ ਵਾਰ ਝਿੜਕਾਂ ਦਿੱਤੀਆਂ ਨੇ। ਪਰ ਸਵਾਲ ਇਹ ਏ ਕਿ ਇਹ ਦੋਸ਼ ਕਿਉਂ ਲੱਗ ਰਹੇ ਨੇ ?

ਯਾਦ ਰਹੇ 2014 ਵਿੱਚ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਵਿਰੋਧੀ ਪਾਰਟੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਕੇਸਾਂ ਵਿੱਚ ਵਾਧਾ ਹੋਇਆ ਸੀ। ਤ੍ਰਿਣਮੂਲ ਕਾਂਗਰਸ ਦੇ ਆਗੂ ਸਾਕੇਤ ਗੋਖਲੇ ਨੇ ਮਈ 2025 ਵਿੱਚ ਅੰਕੜੇ ਪੇਸ਼ ਕੀਤੇ ਕਿ ਈਡੀ ਨੇ ਜੋ ਕੇਸ ਰਾਜਨੀਤਕ ਨੇਤਾਵਾਂ ਵਿਰੁੱਧ ਦਰਜ ਕੀਤੇ ਨੇ, ਉਹਨਾਂ ਵਿੱਚੋਂ 98% ਵਿਰੋਧੀ ਨੇਤਾਵਾਂ ਵਿਰੁੱਧ ਨੇ। ਲੱਗਦਾ ਏ ਕਿ ਇਹ ਏਜੰਸੀਆਂ ਹੁਣ ਭਾਜਪਾ ਦੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤੀਆਂ ਜਾ ਰਹੀਆਂ ਨੇ। ਉਦਾਹਰਨ ਵਜੋਂ, ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਹੇਮੰਤ ਸੋਰੇਨ ਅਤੇ ਹੋਰ ਵਿਰੋਧੀ ਨੇਤਾਵਾਂ ਨੂੰ ਈਡੀ ਨੇ ਗ੍ਰਿਫ਼ਤਾਰ ਕੀਤਾ ਸੀ, ਪਰ ਅਦਾਨੀ-ਅੰਬਾਨੀ ਵਰਗੇ ਵੱਡੇ ਵਪਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ। ਵਿਰੋਧੀ ਕਹਿੰਦੇ ਨੇ ਕਿ ਇਹ ਸਿਆਸੀ ਬਦਲਾ ਏ, ਜਿਸ ਨਾਲ ਚੋਣਾਂ ਤੋਂ ਪਹਿਲਾਂ ਵਿਰੋਧੀਆਂ ਨੂੰ ਕਮਜ਼ੋਰ ਕੀਤਾ ਜਾ ਰਿਹਾ।

ਮੋਦੀ ਸਰਕਾਰ ਨੇ 2019 ਵਿੱਚ ਮਨੀ ਲਾਂਡਰਿੰਗ ਰੋਕੂ ਕਾਨੂੰਨ ਵਿੱਚ ਬਦਲਾਅ ਕੀਤੇ, ਜਿਸ ਨਾਲ ਈਡੀ ਨੂੰ ਵੱਡੀਆਂ ਤਾਕਤਾਂ ਮਿਲ ਗਈਆਂ। ਪਹਿਲਾਂ ਈਡੀ ਚਾਰਜਸ਼ੀਟ ਤੋਂ ਬਾਅਦ ਜਾਂਚ ਸ਼ੁਰੂ ਕਰਦੀ ਸੀ, ਪਰ ਹੁਣ ਉਹ ਖੁਦ ਐਫਆਈਆਰ ਦਰਜ ਕਰਕੇ ਗ੍ਰਿਫ਼ਤਾਰ ਕਰ ਸਕਦੀ ਏ ਅਤੇ ਜਾਇਦਾਦ ਜ਼ਬਤ ਕਰ ਸਕਦੀ ਏ। ਇਹ ਬਦਲਾਅ ਵਿਰੋਧੀਆਂ ਨੂੰ ਜੇਲ੍ਹਾਂ ਵਿੱਚ ਰੱਖਣ ਵਿੱਚ ਮੱਦਦ ਕਰਦੇ ਨੇ, ਭਾਵੇਂ ਅੰਤ ਵਿੱਚ ਦੋਸ਼ ਸਾਬਤ ਨਾ ਵੀ ਹੋਣ। ਰਿਪੋਰਟਾਂ ਮੁਤਾਬਕ, ਈਡੀ ਨੇ ਪੰਜ ਹਜ਼ਾਰ ਕੇਸਾਂ ਵਿੱਚੋਂ ਸਿਰਫ਼ 10% ਵਿੱਚ ਦੋਸ਼ ਸਿੱਧ ਕੀਤੇ ਨੇ। ਕਾਂਗਰਸ ਨੇ ਕਿਹਾ ਕਿ ਈਡੀ, ਸੀਬੀਆਈ ਅਤੇ ਆਈਟੀ ਵਿਭਾਗ ਭਾਜਪਾ ਦੇ "ਯੋਧੇ" ਬਣ ਗਏ ਨੇ। ਭਾਜਪਾ ਵਿਰੋਧੀ ਨੇਤਾ ਜਾਂ ਪਾਰਟੀਆਂ ਨੂੰ ਨਿਸ਼ਾਨਾ ਬਣਾਉਂਦੀ ਏ, ਜਿਵੇਂ ਅਸਾਮ ਵਿਚ ਹਿਮੰਤ ਬਿਸਵਾ ਸਰਮਾ ਨੂੰ ਸੀਬੀਆਈ-ਈਡੀ ਨੇ ਘੇਰਿਆ ਸੀ ਜਦੋਂ ਉਹ ਕਾਂਗਰਸ ਵਿੱਚ ਸਨ, ਪਰ ਭਾਜਪਾ ਵਿੱਚ ਆਉਣ ਤੋਂ ਬਾਅਦ ਕੇਸ ਬੰਦ ਹੋ ਗਏ। ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਮੁਤਾਬਕ, 2014 ਤੋਂ ਬਾਅਦ 25 ਨੇਤਾ ਜੋ ਵਿਰੋਧੀ ਪਾਰਟੀਆਂ ਵਿੱਚ ਸਨ ਅਤੇ ਏਜੰਸੀਆਂ ਦੇ ਨਿਸ਼ਾਨੇ 'ਤੇ ਸਨ, ਭਾਜਪਾ ਵਿੱਚ ਆਉਣ ਤੋਂ ਬਾਅਦ 23 ਨੂੰ ਰਾਹਤ ਮਿਲੀ ਸੀ।

ਪ੍ਰਧਾਨ ਮੰਤਰੀ ਮੋਦੀ ਦਾ ਕਹਿਣਾ ਸੀ ਕਿ ਏਜੰਸੀਆਂ ਆਜ਼ਾਦ ਨੇ ਅਤੇ ਸਰਕਾਰ ਉਹਨਾਂ ਵਿਚ ਦਖਲ ਨਹੀਂ ਦਿੰਦੀ। ਉਹਨਾਂ ਨੇ ਕਿਹਾ ਕਿ 2014 ਤੋਂ ਪਹਿਲਾਂ ਭ੍ਰਿਸ਼ਟਾਚਾਰ ਦੇ ਕੇਸ ਘੱਟ ਸਨ, ਪਰ ਹੁਣ ਏਜੰਸੀਆਂ ਨੂੰ ਖੁੱਲ੍ਹੀ ਛੋਟ ਮਿਲੀ ਏ ਅਤੇ ਉਹ ਭ੍ਰਿਸ਼ਟਾਚਾਰ ਵਿਰੁੱਧ ਕੰਮ ਕਰ ਰਹੀਆਂ ਨੇ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਜੇਕਰ ਭ੍ਰਿਸ਼ਟ ਨੇ ਤਾਂ ਕਾਰਵਾਈ ਹੋਵੇਗੀ।

ਸੁਪਰੀਮ ਕੋਰਟ ਨੇ ਇਸ ਮਸਲੇ ਨੂੰ ਨੋਟਿਸ ਵੀ ਲਿਆ ਏ। ਬੀਤੇ ਦਿਨੀਂ ਜਸਟਿਸ ਸੂਰਿਆ ਕਾਂਤ ਦੀ ਬੈਂਚ ਨੇ ਈਡੀ ਨੂੰ ਝਿੜਕ ਕੇ ਕਿਹਾ ਸੀ ਕਿ ਉਹ ਬਦਮਾਸ਼ਾਂ ਵਾਂਗ ਕੰਮ ਨਹੀਂ ਕਰ ਸਕਦੀ ਅਤੇ ਕਾਨੂੰਨ ਦੇ ਅੰਦਰ ਰਹਿਣਾ ਚਾਹੀਦਾ। ਬੈਂਚ ਨੇ ਕਿਹਾ ਕਿ ਈਡੀ ਦੀ ਇਮੇਜ ਨੂੰ ਲੈ ਕੇ ਚਿੰਤਾ ਏ ਅਤੇ ਉਹ ਪੰਜ ਹਜ਼ਾਰ ਕੇਸਾਂ ਵਿੱਚੋਂ 10% ਤੋਂ ਘੱਟ ਵਿੱਚ ਦੋਸ਼ ਸਿੱਧ ਕਰ ਪਾਈ ਏ, ਪਰ ਲੋਕਾਂ ਨੂੰ ਵਰ੍ਹਿਆਂ ਤੱਕ ਜੇਲ੍ਹਾਂ ਵਿੱਚ ਰੱਖਦੀ ਏ। ਇਸ ਤੋਂ ਪਹਿਲਾਂ ਚੀਫ਼ ਜਸਟਿਸ ਬੀ ਆਰ ਗਵਈ ਨੇ ਕਰਨਾਟਕ ਮੁੱਖ ਮੰਤਰੀ ਸਿੱਧਾਰਮਈਆ ਦੇ ਕੇਸ ਵਿੱਚ ਕਿਹਾ ਸੀ ਕਿ ਸਿਆਸੀ ਲੜਾਈ ਵੋਟਰਾਂ ਨਾਲ ਲੜੋ, ਈਡੀ ਨੂੰ ਵਰਤ ਕਿਉਂ ਰਹੇ ਹੋ ? ਮਈ 2024 ਵਿੱਚ ਤਾਮਿਲਨਾਡੂ ਦੇ ਟੀਏਐੱਸਐੱਮਏਸੀ ਕੇਸ ਵਿੱਚ ਕੋਰਟ ਨੇ ਈਡੀ ਨੂੰ ਕਿਹਾ ਸੀ ਕਿ ਉਹ ਹੱਦਾਂ ਟੱਪ ਰਹੀ ਏ ਅਤੇ ਫੈਡਰਲ ਢਾਂਚੇ ਨੂੰ ਢਾਹ ਰਹੀ ਏ। ਜੁਲਾਈ 2024 ਵਿੱਚ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦਿੰਦਿਆਂ ਕੋਰਟ ਨੇ ਕਿਹਾ ਸੀ ਕਿ ਪੀਐੱਮਐੱਲਏ ਦੀ ਧਾਰਾ ਦੀ ਵਰਤੋਂ ਅਧਿਕਾਰੀ ਦੀ ਮਰਜ਼ੀ ਮੁਤਾਬਕ ਨਹੀਂ ਹੋ ਸਕਦੀ। ਕੋਰਟ ਨੇ ਕਈ ਵਾਰ ਈਡੀ ਵਿਰੁੱਧ ਨੋਟਿਸ ਲਿਆ ਅਤੇ ਆਲੋਚਨਾ ਕੀਤੀ, ਪਰ ਵਿਰੋਧੀ ਕਹਿੰਦੇ ਨੇ ਕਿ ਕੋਰਟ ਨੇ ਅਜੇ ਤੱਕ ਵੱਡਾ ਫੈਸਲਾ ਨਹੀਂ ਲਿਆ। ਅਪ੍ਰੈਲ 2023 ਵਿੱਚ ਸੁਪਰੀਮ ਕੋਰਟ ਨੇ 14 ਵਿਰੋਧੀ ਪਾਰਟੀਆਂ ਦੀ ਪਟੀਸ਼ਨ ਖਾਰਜ ਕਰ ਕੇ ਕਿਹਾ ਸੀ ਕਿ ਰਾਜਨੇਤਾਵਾਂ ਨੂੰ ਵੱਧ ਸੁਰੱਖਿਆ ਨਹੀਂ ਮਿਲ ਸਕਦੀ।

ਮਾਰਚ 2023 ਵਿੱਚ 14 ਵਿਰੋਧੀ ਪਾਰਟੀਆਂ (ਕਾਂਗਰਸ, ਟੀਐੱਮਸੀ, ਆਪ, ਐੱਨਸੀਪੀ ਆਦਿ) ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਸੀ ਅਤੇ ਕਿਹਾ ਸੀ ਕਿ ਮੋਦੀ ਸਰਕਾਰ ਏਜੰਸੀਆਂ ਨੂੰ ਵਿਰੋਧੀਆਂ ਵਿਰੁੱਧ ਵਰਤ ਰਹੀ ਹੈ। ਉਹਨਾਂ ਨੇ ਕਿਹਾ ਕਿ 2014 ਤੋਂ ਬਾਅਦ ਏਜੰਸੀਆਂ ਦੇ ਕੇਸ ਵਧ ਗਏ ਨੇ ਅਤੇ ਜ਼ਿਆਦਾਤਰ ਵਿਰੋਧੀ ਨੇਤਾਵਾਂ ਵਿਰੁੱਧ ਨੇ। ਮਾਰਚ 2023 ਵਿੱਚ ਹੀ 9 ਨੇਤਾਵਾਂ (ਕੇਜਰੀਵਾਲ, ਮਮਤਾ ਬੈਨਰਜੀ, ਕੇਸੀਆਰ ਆਦਿ) ਨੇ ਪੀਐੱਮ ਨੂੰ ਚਿੱਠੀ ਲਿਖ ਕੇ ਏਜੰਸੀਆਂ ਦੀ ਦੁਰਵਰਤੋਂ ਬੰਦ ਕਰਨ ਦੀ ਮੰਗ ਕੀਤੀ ਸੀ। ਇੰਡੀਆ ਬਲਾਕ ਨੇ ਮਾਰਚ 2024 ਵਿੱਚ ਚੋਣ ਕਮਿਸ਼ਨ ਨੂੰ ਮਿਲ ਕੇ ਕਿਹਾ ਸੀ ਕਿ ਈਡੀ-ਸੀਬੀਆਈ ਨੂੰ ਵਿਰੋਧੀਆਂ ਵਿਰੁੱਧ ਵਰਤ ਕੇ ਚੋਣਾਂ ਨੂੰ ਅਸਰ ਪਾਇਆ ਜਾ ਰਿਹਾ। ਅਪ੍ਰੈਲ 2024 ਵਿੱਚ ਚੋਣ ਕਮਿਸ਼ਨ ਨੇ ਵਿਰੋਧੀਆਂ ਦੀ ਮੰਗ ਨੂੰ ਖਾਰਜ ਕਰ ਕੇ ਕਿਹਾ ਕਿ ਉਹ ਏਜੰਸੀਆਂ ਦੇ ਕੰਮ ਵਿੱਚ ਦਖਲ ਨਹੀਂ ਦੇਵੇਗਾ। ਵਿਰੋਧੀ ਨੇਤਾ ਜਿਵੇਂ ਮਮਤਾ ਬੈਨਰਜੀ ਨੇ ਕਿਹਾ ਸੀ ਕਿ ਈਡੀ-ਸੀਬੀਆਈ ਭਾਜਪਾ ਦੇ ਏਜੰਟ ਬਣ ਗਏ ਨੇ। ਮਾਹਿਰ ਅਤੇ ਵਿਰੋਧੀ ਕਹਿੰਦੇ ਨੇ ਕਿ ਏਜੰਸੀਆਂ ਨੂੰ ਆਜ਼ਾਦ ਬਣਾਉਣ ਲਈ ਨਿਯਮ ਬਦਲੋ। ਸੀਬੀਆਈ ਅਤੇ ਈਡੀ ਨੂੰ ਸਰਕਾਰ ਤੋਂ ਵੱਖ ਕਰੋ, ਜਿਵੇਂ ਅਮਰੀਕਾ ਵਿੱਚ ਐੱਫਬੀਆਈ ਏ। ਸੁਪਰੀਮ ਕੋਰਟ ਨੇ ਪਹਿਲਾਂ ਵੀ ਕਿਹਾ ਕਿ ਏਜੰਸੀਆਂ ਨੂੰ ਨਿਰਪਖ ਬਣਾਓ।

ਪੰਜਾਬ ਟਾਈਮਜ ਅਨੁਸਾਰ ਇਹ ਮਸਲਾ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰ ਰਿਹਾ ਏ। ਜੇਕਰ ਏਜੰਸੀਆਂ ਨਿਰਪੱਖ ਨਾ ਰਹਿਣ ਤਾਂ ਵਿਰੋਧੀ ਪਾਰਟੀਆਂ ਕਮਜ਼ੋਰ ਹੋ ਜਾਂਦੀਆਂ ਨੇ ਅਤੇ ਚੋਣਾਂ ਉਪਰ ਅਸਰ ਪੈਂਦਾ ਹੈ। ਸੁਪਰੀਮ ਕੋਰਟ ਨੇ ਕਈ ਵਾਰ ਨੋਟਿਸ ਲਿਆ, ਪਰ ਵੱਡਾ ਫੈਸਲਾ ਅਜੇ ਬਾਕੀ ਏ। ਵਿਰੋਧੀ ਪਾਰਟੀਆਂ ਨੂੰ ਚਾਹੀਦਾ ਕਿ ਇੱਕਜੁੱਟ ਹੋ ਕੇ ਲੜਨ ਅਤੇ ਲੋਕਾਂ ਨੂੰ ਜਗਾਉਣ। ਹੱਲ ਏਜੰਸੀਆਂ ਨੂੰ ਆਜ਼ਾਦ ਬਣਾਉਣ ਵਿੱਚ ਏ, ਨਹੀਂ ਤਾਂ ਇਹ ਵਿਵਾਦ ਚੱਲਦੇ ਰਹਿਣਗੇ।

# ਪਹਿਲੀ ਸਿੱਖ ਔਰਤ ਪੁਲਿਸ ਪ੍ਰੀਸਿੰਕਟ ਕਮਾਂਡਰ ਪ੍ਰਤਿਮਾ ਭੁੱਲਰ ਮਾਲਡੋਨਾਡੋ ਸਨਮਾਨਿਤ

## ✪ ਨਿਊਯਾਰਕ ਸਿਟੀ ਪੁਲਿਸ ਵਿਭਾਗ ਵਿਚ ਸਿੱਖ ਔਰਤ ਇਤਿਹਾਸਕ ਪ੍ਰਾਪਤੀ



ਨਿਊਯਾਰਕ ਸਟੇਟ ਦੀ ਵਿਧਾਇਕ ਜੈਨੀਫਰ ਰਾਜਕੁਮਾਰ ਨੇ ਨਿਊਯਾਰਕ ਸਿਟੀ ਪੁਲਿਸ ਵਿਭਾਗ ਦੇ 102ਵੇਂ ਪ੍ਰੀਸਿੰਕਟ ਦੀ ਕਮਾਂਡਿੰਗ ਅਫਸਰ ਕੈਪਟਨ ਪ੍ਰਤਿਮਾ ਭੁੱਲਰ ਮਾਲਡੋਨਾਡੋ ਨੂੰ ਸਨਮਾਨਿਤ ਕੀਤਾ ਗਿਆ। ਪ੍ਰਤਿਮਾ ਨੇ ਇਸ ਸਾਲ ਫਰਵਰੀ ਵਿਚ ਪਹਿਲੀ ਸਿੱਖ ਔਰਤ ਅਤੇ ਪਹਿਲੀ ਦੱਖਣੀ ਏਸ਼ੀਆਈ ਮਹਿਲਾ ਵਜੋਂ ਪ੍ਰੀਸਿੰਕਟ ਕਮਾਂਡਰ ਬਣ ਕੇ ਇਤਿਹਾਸ ਰਚਿਆ। ਉਹ ਬੀਤੇ ਦਿਨੀਂ ਕੁਈਨਜ਼ ਦੇ ਸਾਊਥ ਰਿਚਮੰਡ ਹਿੱਲ ਵਿਚ 102ਵੇਂ ਪ੍ਰੀਸਿੰਕਟ ਦੀ ਅਗਵਾਈ ਕਰ ਰਹੀ ਸੀ, ਜੋ ਸ਼ਹਿਰ ਦੇ ਸਭ ਤੋਂ ਵਿਭਿੰਨ ਇਲਾਕਿਆਂ 'ਚੋਂ ਇੱਕ ਹੈ। ਜੈਨੀਫਰ ਰਾਜਕੁਮਾਰ ਨੇ ਪ੍ਰਤਿਮਾ ਨੂੰ "ਪੰਜਾਬੀ ਯੋਧਾ" ਕਹਿ ਕੇ ਸ਼ਲਾਘਾ ਕੀਤੀ। ਐਕਸ 'ਤੇ ਇੱਕ ਪੋਸਟ ਵਿਚ ਉਨ੍ਹਾਂ ਕਿਹਾ ਕਿ ਪ੍ਰਤਿਮਾ ਨੇ ਵੁੱਡਹੇਵਨ ਅਤੇ ਰਿਚਮੰਡ ਹਿੱਲ ਨੂੰ ਸੁਰੱਖਿਅਤ ਰੱਖਣ, ਲੋਕਾਂ ਅਤੇ ਪੁਲਿਸ ਵਿਚਕਾਰ ਵਿਸ਼ਵਾਸ ਵਧਾਉਣ ਅਤੇ ਔਰਤਾਂ ਤੇ ਘੱਟ-ਗਿਣਤੀਆਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਪੰਜਾਬ ਦੇ ਇੱਕ ਪਿੰਡ ਵਿਚ ਜਨਮੀ ਪ੍ਰਤਿਮਾ 9 ਸਾਲ ਦੀ ਉਮਰ ਵਿਚ ਪਰਿਵਾਰ ਨਾਲ ਅਮਰੀਕਾ ਆਈ ਸੀ। ਕੁਈਨਜ਼ ਵਿਚ ਵੱਡੀ ਹੋਈ, ਉਸ ਨੇ ਹਮੇਸ਼ਾ ਭਾਈਚਾਰੇ ਦੀ ਸੇਵਾ ਦਾ ਸੁਪਨਾ ਵੇਖਿਆ। ਉਹ ਪੁਲਿਸ ਵਿਭਾਗ ਵਿਚ ਪਹਿਲੀ ਸਿੱਖ ਮਹਿਲਾ ਸਾਰਜੈਂਟ, ਪਹਿਲੀ ਭਾਰਤੀ ਮਹਿਲਾ ਲੈਫਟੀਨੈਂਟ ਅਤੇ ਪਹਿਲੀ ਦੱਖਣੀ ਏਸ਼ੀਆਈ ਮਹਿਲਾ ਵਰਦੀਧਾਰੀ ਐਗਜ਼ਿਕਿਊਟਿਵ ਬਣੀ। 2023 ਵਿਚ ਉਸ ਨੂੰ ਕੈਪਟਨ ਦਾ ਰੈਂਕ ਮਿਲਿਆ ਅਤੇ 2025 ਵਿਚ ਉਸ ਨੇ 102ਵੇਂ ਪ੍ਰੀਸਿੰਕਟ ਦੀ ਕਮਾਨ ਸੰਭਾਲੀ। ਚਾਰ ਬੱਚਿਆਂ ਦੀ ਮਾਂ ਪ੍ਰਤਿਮਾ ਸ਼ਹਿਰ ਦੀਆਂ ਮੁਸ਼ਕਲ ਜ਼ਿੰਮੇਵਾਰੀਆਂ ਨੂੰ ਸੰਭਾਲਦੀ ਹੈ। ਉਹ ਮੰਨਦੀ ਹੈ ਕਿ ਵਿਭਿੰਨ ਪੁਲਿਸ ਫੋਰਸ ਹੀ ਭਾਈਚਾਰਿਆਂ ਨਾਲ ਮਜ਼ਬੂਤ ਸਬੰਧ ਬਣਾ ਸਕਦੀ ਹੈ। ਉਸ ਦੀ ਨਿਯੁਕਤੀ ਨੂੰ ਪੁਲਿਸ 'ਵਿਚ ਨੁਮਾਇੰਦਗੀ ਦੀ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਰਾਜਕੁਮਾਰ, ਜੋ ਪਹਿਲੀ ਭਾਰਤੀ-ਅਮਰੀਕੀ ਮਹਿਲਾ ਵਿਧਾਇਕ ਹੈ, ਨੇ ਕਿਹਾ ਕਿ ਪ੍ਰਤਿਮਾ ਨੌਜਵਾਨਾਂ ਨੂੰ ਜਨਤਕ ਸੇਵਾ ਵਿਚ ਕਰੀਅਰ ਲਈ ਪ੍ਰੇਰਿਤ ਕਰਦੀ ਹੈ ਅਤੇ ਅੰਡਰ-ਰਿਪ੍ਰਜ਼ੈਂਟਿਡ ਗਰੁੱਪਾਂ ਲਈ ਮੈਂਟਰਸ਼ਿਪ ਨੂੰ ਉਤਸ਼ਾਹਿਤ ਕਰਦੀ ਹੈ। ਪ੍ਰਤਿਮਾ ਦੀ ਅਗਵਾਈ ਸੁਨੇਹਾ ਦਿੰਦੀ ਹੈ ਕਿ ਸਮਝ ਅਤੇ ਸ਼ਮੂਲੀਅਤ ਨਾਲ ਭਾਈਚਾਰੇ ਸੁਰੱਖਿਅਤ ਅਤੇ ਮਜ਼ਬੂਤ ਹੋ ਸਕਦੇ ਹਨ।

# ਅਮਰੀਕਾ ਤੇ ਕੈਨੇਡਾ ਨਾਲ ਤਣਾਅ ਦਾ ਭਾਰਤ ਉੱਤੇ ਕੀ ਪੈ ਰਿਹਾ ਅਸਰ ?

## ✪ ਭਾਰਤ ਨੇ ਅਮਰੀਕਾ ਤੋਂ ਹਥਿਆਰ ਖਰੀਦਣੇ ਕਿਉਂ ਰੋਕੇ ? ✪ ਭਾਰਤ ਦੀ ਰੂਸ ਤੇ ਚੀਨ ਨਾਲ ਨਵੀਂ ਦੋਸਤੀ ਦੇ ਪਿੱਛੇ ਕੀ ਰਾਜ਼ ਹੈ ?

ਅੱਜ ਦੀ ਵਿਸ਼ਵ ਰਾਜਨੀਤੀ ਵਿੱਚ ਭਾਰਤ ਨੂੰ ਇੱਕ ਅਜਿਹੇ ਮੋੜ ਤੇ ਖੜ੍ਹਾ ਵੇਖ ਕੇ ਸਾਰੇ ਨੂੰ ਹੈਰਾਨੀ ਹੋ ਰਹੀ ਏ ਜਿੱਥੇ ਪੱਛਮੀ ਮੁਲਕਾਂ ਨਾਲ ਤਣਾਅ ਵਧ ਰਿਹਾ ਏ ਤੇ ਪੂਰਬੀ ਮਿੱਤਰਾਂ ਨਾਲ ਨਵੀਆਂ ਦੋਸਤੀਆਂ ਗੰਢੀਆਂ ਜਾ ਰਹੀਆਂ ਨੇ। ਅਮਰੀਕਾ ਤੇ ਕੈਨੇਡਾ ਨਾਲ ਵਧ ਰਹੇ ਤਣਾਅ ਨੇ ਭਾਰਤ ਦੀ ਅਰਥਵਿਵਸਥਾ, ਸੁਰੱਖਿਆ ਤੇ ਵਿਦੇਸ਼ ਨੀਤੀ ਨੂੰ ਡੂੰਘਾ ਅਸਰ ਪਾਇਆ ਏ। ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਉੱਤੇ 50 ਫੀਸਦੀ ਟੈਰਿਫ ਲਾ ਕੇ ਵਪਾਰ ਨੂੰ ਝਟਕਾ ਦਿੱਤਾ ਏ, ਦੂਜੇ ਪਾਸੇ ਭਾਰਤੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਮੁਲਾਕਾਤ ਕਰ ਕੇ ਅਮਰੀਕਾ ਨੂੰ ਮਿਰਚਾਂ ਲਾ ਦਿੱਤੀਆਂ ਨੇ। ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਭਾਰਤੀ ਏਜੰਸੀਆਂ ਉਪਰ ਦੋਸ਼ ਲਗਣ ਬਾਅਦ ਕੈਨੇਡਾ ਨਾਲ ਵੀ ਰਿਸ਼ਤਿਆਂ ਵਿਚ ਸੁਧਾਰ ਨਹੀਂ ਆਇਆ। ਇਸ ਤਣਾਅ ਕਾਰਣ ਵੀਜ਼ਾ ਨੀਤੀਆਂ ਵਿੱਚ ਕਰੜਾਈ ਨੇ ਭਾਰਤੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਨੂੰ ਪ੍ਰੇਸ਼ਾਨ ਕੀਤਾ ਏ।

ਭਾਰਤ ਤੇ ਅਮਰੀਕਾ ਦੇ ਰਿਸ਼ਤੇ ਪਿਛਲੇ ਕਈ ਦਹਾਕਿਆਂ ਵਿੱਚ ਬਹੁਤ ਮਜ਼ਬੂਤ ਹੋਏ ਸਨ। ਪੀਵੀ ਨਰਸਿਮਹਾ ਰਾਓ ਦੀ ਸਰਕਾਰ ਤੋਂ ਬਾਅਦ ਅਮਰੀਕਾ ਨੇ ਭਾਰਤੀਆਂ ਨੂੰ ਸਭ ਤੋਂ ਵੱਧ ਰੁਜ਼ਗਾਰ ਤੇ ਨਾਗਰਿਕਤਾ ਦਿੱਤੀ ਸੀ। 2002 ਤੋਂ 2023 ਤੱਕ ਅਮਰੀਕਾ ਵਿੱਚ 13 ਲੱਖ ਭਾਰਤੀਆਂ ਨੂੰ ਨਾਗਰਿਕਤਾ ਮਿਲੀ ਸੀ ਤੇ ਹੁਣ ਮੈਕਸੀਕੋ ਤੋਂ ਬਾਅਦ ਸਭ ਤੋਂ ਵੱਧ ਪ੍ਰਵਾਸੀ ਭਾਰਤੀ ਅਮਰੀਕਾ ਵਿੱਚ ਵੱਸੇ ਨੇ। ਬਿੱਲ ਕਲਿੰਟਨ, ਜਾਰਜ ਬੁਸ਼ ਤੇ ਬਰਾਕ ਓਬਾਮਾ ਵਰਗੇ ਰਾਸ਼ਟਰਪਤੀਆਂ ਨੇ ਭਾਰਤ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ ਸੀ। ਪਰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨਾਲ ਅਮਰੀਕਾ ਦੇ ਰਿਸ਼ਤੇ ਤਣਾਅ ਵਿੱਚ ਆ ਗਏ ਨੇ।

ਇਸ ਦਾ ਮੁੱਖ ਕਾਰਨ ਏ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣਾ ਤੇ ਯੂਕਰੇਨ ਯੁੱਧ ਵਿੱਚ ਰੂਸ ਨਾਲ ਨੇੜਤਾ। ਡੋਨਲਡ ਟਰੰਪ ਨੇ ਭਾਰਤ ਉੱਤੇ 50 ਫੀਸਦੀ ਟੈਰਿਫ ਲਾ ਕੇ ਕਿਹਾ ਏ ਕਿ ਭਾਰਤ ਰੂਸ ਨੂੰ ਆਰਥਿਕ ਮਦਦ ਦੇ ਰਿਹਾ ਏ ਜੋ ਯੂਕਰੇਨ ਯੁੱਧ ਨੂੰ ਲੰਮਾ ਖਿੱਚ ਰਿਹਾ ਏ। ਟਰੰਪ ਨੇ ਕਿਹਾ, "ਭਾਰਤ ਰੂਸ ਤੋਂ ਸਸਤਾ ਤੇਲ ਖਰੀਦ ਕੇ ਉਸ ਨੂੰ ਮੁਨਾਫ਼ੇ ਵਿੱਚ ਵੇਚ ਰਿਹਾ ਏ ਤੇ ਇਹ ਪੈਸਾ ਰੂਸੀ ਯੁੱਧ ਮਸ਼ੀਨ ਨੂੰ ਚਲਾ ਰਿਹਾ ਏ।"

ਇਸ ਟੈਰਿਫ ਨੇ ਭਾਰਤੀ ਅਰਥ - ਵਿਵਸਥਾ ਨੂੰ ਵੱਡਾ ਝਟਕਾ ਦਿੱਤਾ ਏ। ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਸਾਥੀ ਏ ਤੇ ਇਸ ਨਾਲ ਨਿਰਯਾਤ ਘਟੇਗਾ, ਨੌਕਰੀਆਂ ਖਤਰੇ ਵਿੱਚ ਪੈ ਜਾਣਗੀਆਂ ਤੇ ਮਹਿੰਗਾਈ ਵਧੇਗੀ। ਭਾਰਤੀ ਕਿਸਾਨਾਂ, ਮੱਛੀ ਪਾਲਕਾਂ ਤੇ ਡੇਅਰੀ ਉਦਯੋਗ ਨੂੰ ਵੀ ਅਸਰ ਪਵੇਗਾ ਕਿਉਂਕਿ ਅਮਰੀਕਾ ਨੇ ਇਨ੍ਹਾਂ



> ਪੰਜਾਬ ਟਾਈਮਜ ਅਨੁਸਾਰ ਇਸ ਤਣਾਅ ਕਾਰਣ ਆਰਥਿਕ ਤੌਰ ਤੇ ਭਾਰਤ ਨੂੰ ਨੁਕਸਾਨ ਹੋਵੇਗਾ, ਕਿਉਂਕਿ ਅਮਰੀਕਾ ਤੇ ਕੈਨੇਡਾ ਨਾਲ ਵਪਾਰ ਘਟੇਗਾ। ਰਣਨੀਤਕ ਤੌਰ ਤੇ ਭਾਰਤ ਨੂੰ ਕਵਾਡ ਗਠਜੋੜ ਵਿੱਚ ਮੁਸ਼ਕਲ ਆਵੇਗੀ ਤੇ ਪਾਕਿਸਤਾਨ ਨਾਲ ਤਣਾਅ ਵਧੇਗਾ ਕਿਉਂਕਿ ਪਾਕਿ ਜਨਰਲ ਅਸੀਮ ਮੁਨੀਰ ਅਮਰੀਕਾ ਜਾ ਰਹੇ ਨੇ ਤੇ ਨਵਾਂ ਗਠਜੋੜ ਬਣ ਸਕਦਾ ਏ। ਭਾਰਤ ਨੂੰ ਆਪਣੀ ਵਿਦੇਸ਼ ਨੀਤੀ ਵਿੱਚ ਸੰਤੁਲਨ ਬਣਾਉਣਾ ਪਵੇਗਾ ਤੇ ਰੂਸ-ਚੀਨ ਨਾਲ ਨੇੜਤਾ ਵਧਾਉਣ ਨਾਲ ਪੱਛਮ ਨੂੰ ਜਵਾਬ ਦਿੱਤਾ ਜਾ ਰਿਹਾ ਏ। ਪਰ ਇਹ ਖਤਰਨਾਕ ਖੇਡ ਏ ਜਿੱਥੇ ਭਾਰਤ ਨੂੰ ਨਾ ਇੱਧਰ ਦਾ ਰਹਿਣਾ ਤੇ ਨਾ ਉੱਧਰ ਦਾ। ਇਹ ਤਣਾਅ ਭਾਰਤ ਲਈ ਚੁਣੌਤੀ ਏ ਪਰ ਮੌਕਾ ਵੀ। ਰੂਸ ਤੇ ਚੀਨ ਨਾਲ ਨੇੜਤਾ ਨਾਲ ਭਾਰਤ ਆਪਣੀ ਸੁਤੰਤਰ ਨੀਤੀ ਦਿਖਾ ਰਿਹਾ ਏ ਤੇ ਨਵੇਂ ਗਠਜੋੜ ਬਣਾ ਰਿਹਾ ਏ। ਪਰ ਅਮਰੀਕਾ ਤੇ ਕੈਨੇਡਾ ਨਾਲ ਰਿਸ਼ਤੇ ਸੁਧਾਰਨ ਲਈ ਗੱਲਬਾਤ ਜ਼ਰੂਰੀ ਏ ਤਾਂ ਜੋ ਅਰਥਵਿਵਸਥਾ ਤੇ ਸੁਰੱਖਿਆ ਨੂੰ ਨੁਕਸਾਨ ਨਾ ਪਹੁੰਚੇ।

ਉਤਪਾਦਾਂ ਉੱਤੇ ਵੀ ਟੈਕਸ ਵਧਾਏ ਨੇ। ਪੀਐੱਮ ਮੋਦੀ ਨੇ ਜਵਾਬ ਵਿੱਚ ਕਿਹਾ ਏ ਕਿ ਭਾਰਤ ਆਪਣੇ ਕਿਸਾਨਾਂ ਦੇ ਹਿੱਤਾਂ ਤੋਂ ਪਿੱਛੇ ਨਹੀਂ ਹਟੇਗਾ, ਭਾਵੇਂ ਵੱਡੀ ਕੀਮਤ ਵੀ ਚੁਕਾਉਣੀ ਪਵੇ। ਪਰ ਇਸ ਨਾਲ ਭਾਰਤ ਨੂੰ ਨਵੇਂ ਬਾਜ਼ਾਰ ਲੱਭਣੇ ਪੈਣਗੇ ਤੇ ਯੂਰਪੀਅਨ ਯੂਨੀਅਨ, ਬ੍ਰਿਟੇਨ, ਜਾਪਾਨ ਵਰਗੇ ਮੁਲਕਾਂ ਵਿੱਚ ਨਿਰਯਾਤ ਵਧਾਉਣਾ ਮੁਸ਼ਕਲ ਹੋ ਜਾਵੇਗਾ, ਕਿਉਂਕਿ ਉਹ ਵੀ ਰੂਸੀ ਤੇਲ ਵਾਲੇ ਮਾਮਲੇ ਬਾਰੇ ਭਾਰਤ ਨੂੰ ਖਲਨਾਇਕ ਵਾਂਗ ਵੇਖ ਰਹੇ ਨੇ।

ਟਰੰਪ ਦੇ ਨਜ਼ਦੀਕੀ ਸਹਿਯੋਗੀ ਸਟੀਫਨ ਮਿਲਰ ਨੇ ਕਿਹਾ ਏ ਕਿ ਭਾਰਤ ਰੂਸ ਤੋਂ ਚੀਨ ਜਿੰਨਾ ਹੀ ਤੇਲ ਖਰੀਦ ਰਿਹਾ ਏ, ਜੋ ਹੈਰਾਨੀ ਵਾਲੀ ਗੱਲ ਏ। ਇਸ ਨਾਲ ਭਾਰਤ ਦੀ ਵਿਸ਼ਵ ਪੱਧਰੀ ਹੋਂਦ ਖਰਾਬ ਹੋ ਰਹੀ ਏ ਤੇ ਉਹ ਨਾ ਪੱਛਮ ਨਾਲ ਰਹਿੰਦਾ ਤੇ ਨਾ ਪੂਰਬ ਨਾਲ ਪੂਰੀ ਤਰ੍ਹਾਂ ਜੁੜਦਾ ਹੈ।

ਇਸ ਤਣਾਅ ਦੇ ਵਿਚਕਾਰ ਭਾਰਤ ਨੇ ਅਮਰੀਕਾ ਤੋਂ ਹਥਿਆਰ ਖਰੀਦਣੇ ਰੋਕਣ ਵਾਲੀਆਂ ਅਫ਼ਵਾਹਾਂ ਨੂੰ ਖਾਰਜ ਕੀਤਾ ਏ। ਨਿਊਜ਼ ਏਜੰਸੀ ਰਾਇਟਰਜ਼ ਨੇ ਦਾਅਵਾ ਕੀਤਾ ਸੀ ਕਿ ਟੈਰਿਫ ਵਿਵਾਦ ਕਾਰਨ ਭਾਰਤ ਨੇ ਅਮਰੀਕਾ ਤੋਂ ਹਥਿਆਰ ਤੇ ਵਿਮਾਨ ਖਰੀਦਣੇ ਅਸਥਾਈ ਤੌਰ ਤੇ ਰੋਕ ਦਿੱਤੇ ਨੇ। ਰਾਇਟਰਜ਼ ਨੇ ਕਿਹਾ ਕਿ ਤਿੰਨ ਭਾਰਤੀ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਏ ਤੇ ਇਹ ਟਰੰਪ ਦੇ 50 ਫੀਸਦੀ ਟੈਰਿਫ ਨਾਲ ਜੁੜਿਆ ਏ। ਪਰ ਭਾਰਤੀ ਰੱਖਿਆ ਮੰਤਰਾਲੇ ਨੇ ਇਸ ਨੂੰ ਝੂਠਾ ਤੇ ਮਨਘੜੰਤ ਕਰਾਰ ਦਿੱਤਾ ਏ। ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨਾਲ ਰੱਖਿਆ ਖਰੀਦ ਵਾਰਤਾਵਾਂ ਵਿੱਚ ਕੋਈ ਰੁਕਾਵਟ ਨਹੀਂ ਆਈ ਤੇ ਪ੍ਰੋਜੈਕਟ ਨਿਰਧਾਰਤ ਅਨੁਸਾਰ ਅੱਗੇ ਵਧ ਰਹੇ ਨੇ। ਇਸ ਨਾਲ ਸਾਫ਼ ਏ ਕਿ ਭਾਰਤ ਅਮਰੀਕਾ ਨੂੰ ਰੱਖਿਆ ਸਹਿਯੋਗ ਵਿੱਚ ਅਜੇ ਵੀ ਮਹੱਤਵ ਦੇ ਰਿਹਾ ਏ ਪਰ ਤਣਾਅ ਨੇ ਅਫ਼ਵਾਹਾਂ ਨੂੰ ਜਨਮ ਦਿੱਤਾ ਏ। ਭਾਰਤ ਨੂੰ ਅਮਰੀਕੀ ਹਥਿਆਰਾਂ ਦੀ ਲੋੜ ਏ, ਕਿਉਂਕਿ ਉਹ ਆਧੁਨਿਕ ਤੇ ਵਿਸ਼ਵਾਸ ਯੋਗ ਨੇ ਪਰ ਰੂਸ ਨਾਲ ਪੁਰਾਣੇ ਰਿਸ਼ਤੇ ਕਾਰਨ ਭਾਰਤ ਨੂੰ ਸੰਤੁਲਨ ਬਣਾਉਣਾ ਪੈ ਰਿਹਾ ਏ।

ਹੁਣ ਸਵਾਲ ਏ ਕਿ ਭਾਰਤ ਰੂਸ ਤੇ ਚੀਨ ਨਾਲ ਦੋਸਤੀ ਕਿਉਂ ਵਧਾ ਰਿਹਾ ਏ ? ਇਸ ਦਾ ਜਵਾਬ ਏ ਰਣਨੀਤਕ ਲੋੜ। ਅਜੀਤ ਡੋਭਾਲ ਨੇ 7 ਅਗਸਤ ਨੂੰ ਪੂਤਿਨ ਨਾਲ ਮੁਲਾਕਾਤ ਕੀਤੀ ਸੀ ਤੇ ਪੂਤਿਨ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਸੀ। ਇਹ ਮੁਲਾਕਾਤ ਅਮਰੀਕਾ ਲਈ ਸਿਰਦਰਦ ਬਣੀ ਏ, ਕਿਉਂਕਿ ਅਮਰੀਕਾ ਨੂੰ ਭਾਰਤ-ਰੂਸ ਨੇੜਤਾ ਤੇ ਇਤਰਾਜ਼ ਏ।

ਪੂਤਿਨ ਨੇ ਡੋਭਾਲ ਨੂੰ ਵੇਖ ਕੇ ਮੁਸਕਰਾਹਟ ਨਾਲ ਹੱਥ ਮਿਲਾਇਆ ਤੇ ਇਹ ਸੰਕੇਤ ਏ ਕਿ ਰੂਸ ਭਾਰਤ ਨਾਲ ਰਿਸ਼ਤੇ ਮਜ਼ਬੂਤ ਕਰਨਾ ਚਾਹੁੰਦਾ ਏ। ਭਾਰਤ ਰੂਸ ਤੋਂ ਤੇਲ ਖਰੀਦ ਕੇ ਆਪਣੀ ਊਰਜਾ ਲੋੜ ਪੂਰੀ ਕਰ ਰਿਹਾ ਏ ਤੇ ਇਹ ਅਮਰੀਕੀ ਟੈਰਿਫ ਨੂੰ ਨਜ਼ਰਅੰਦਾਜ਼ ਕਰਨ ਵਾਲੀ ਨੀਤੀ ਏ।

ਚੀਨ ਨਾਲ ਵੀ ਭਾਰਤ ਨੇ ਰਿਸ਼ਤੇ ਸੁਧਾਰੇ ਨੇ। ਐੱਸਸੀਓ ਸੰਮੇਲਨ 2025 ਵਿੱਚ ਪੀਐੱਮ ਮੋਦੀ ਨੂੰ ਚੀਨ ਨੇ ਗਰਮਜੋਸ਼ੀ ਨਾਲ ਸੱਦਾ ਦਿੱਤਾ ਏ। ਇਹ ਸੰਮੇਲਨ 31 ਅਗਸਤ ਤੋਂ 1 ਸਤੰਬਰ ਤੱਕ ਚੀਨ ਦੇ ਤਿਆਨਜਿਨ ਵਿੱਚ ਹੋਵੇਗਾ ਤੇ ਚੀਨੀ ਵਿਦੇਸ਼ ਮੰਤਰਾਲੇ ਨੇ ਇਸ ਨੂੰ 'ਦੋਸਤੀ ਦਾ ਸੰਮੇਲਨ' ਕਿਹਾ ਏ। ਮੋਦੀ ਤੇ ਸ਼ੀ ਜਿਨਪਿੰਗ ਵਿਚਕਾਰ ਦੁਵੱਲੀ ਮੀਟਿੰਗ ਵੀ ਹੋ ਸਕਦੀ ਏ ਜਿੱਥੇ ਐੱਲਏਸੀ ਵਿਵਾਦ, ਵਪਾਰ ਤੇ ਉਡਾਨਾਂ ਬਹਾਲੀ ਤੇ ਗੱਲ ਹੋਵੇਗੀ।

2020 ਵਿੱਚ ਗਲਵਾਨ ਝੜਪ ਨੇ ਰਿਸ਼ਤੇ ਖਰਾਬ ਕੀਤੇ ਸਨ ਪਰ 2024 ਵਿੱਚ ਸਮਝੌਤੇ ਨਾਲ ਸੁਧਾਰ ਹੋਇਆ ਏ। ਮੋਦੀ ਪਹਿਲਾਂ ਵੀ ਚੀਨ ਗਏ ਨੇ ਤੇ ਜਿਨਪਿੰਗ ਭਾਰਤ ਆਏ ਨੇ। ਅਮਰੀਕੀ ਟੈਰਿਫ ਨੇ ਭਾਰਤ ਨੂੰ ਚੀਨ ਨਾਲ ਨੇੜੇ ਲਿਆਂਦਾ ਏ ਕਿਉਂਕਿ ਚੀਨ ਨੇ ਟੈਰਿਫ ਦੀ ਨਿੰਦਾ ਕੀਤੀ ਏ ਤੇ ਨਵੇਂ ਵਪਾਰਕ ਮੌਕੇ ਦੇ ਰਿਹਾ ਏ।

## ਫੌਜ ਕੈਪਟਨ ਨੂੰਹ ਦੀ ਨੌਕਰੀ ਛੁਡਵਾ ਕੇ ਪਤੀ ਗਿਆ ਕੈਨੇਡਾ, ਫਿਰ ਤੋੜਿਆ ਰਿਸ਼ਤਾ

ਲੁਧਿਆਣਾ-ਇਥੇ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਪਰਿਵਾਰ ਨੇ ਆਪਣੀ ਨੂੰਹ ਦੀ ਭਾਰਤੀ ਫੌਜ ਵਿੱਚ ਕੈਪਟਨ (ਮੈਡੀਕਲ ਅਫ਼ਸਰ) ਦੀ ਨੌਕਰੀ ਛੁਡਵਾ ਦਿੱਤੀ। ਇਸ ਪਰਿਵਾਰ ਨੇ ਲਾਲਚ ਵਿੱਚ ਆ ਕੇ ਆਪਣੀ ਪੜ੍ਹੀ-ਲਿਖੀ ਨੂੰਹ ਦੀ ਮਦਦ ਨਾਲ ਪੁੱਤਰ ਨੂੰ ਕੈਨੇਡਾ ਭੇਜਿਆ। ਜਦੋਂ ਪਤੀ ਨੂੰ ਕੈਨੇਡਾ ਦੀ ਪੀਆਰ ਮਿਲ ਗਈ ਤਾਂ ਉਸ ਨੇ ਪਤਨੀ ਨਾਲ ਰਿਸ਼ਤਾ ਤੋੜ ਲਿਆ। ਇਸ ਧੋਖਾਧੜੀ ਵਿੱਚ ਸੱਸ-ਸਹੁਰਾ ਵੀ ਸ਼ਾਮਲ ਸਨ, ਜੋ ਬਾਅਦ ਵਿੱਚ ਖੁਦ ਵੀ ਕੈਨੇਡਾ ਚਲੇ ਗਏ। ਪੀੜਤਾ ਦੇ ਪਿਤਾ ਰਣਜੀਤ ਸਿੰਘ ਦੀ ਸ਼ਿਕਾਇਤ 'ਤੇ ਲੁਧਿਆਣਾ ਦੀ ਪੁਲਿਸ ਨੇ ਪਤੀ ਰੁਪਿੰਦਰ ਸਿੰਘ, ਸਹੁਰਾ ਜਗਤਾਰ ਸਿੰਘ ਅਤੇ ਸੱਸ ਚਰਨਜੀਤ ਕੌਰ ਖਿਲਾਫ ਧੋਖਾਧੜੀ, ਅਪਰਾਧਿਕ ਸਾਜ਼ਿਸ਼ ਅਤੇ ਦਹੇਜ ਉਤਪੀੜਨ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਤੋਂ ਬਾਅਦ ਇਹ ਕਾਰਵਾਈ ਕੀਤੀ ਹੈ ਅਤੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਪਾਣੀ ਵਿਵਾਦ: ਕੇਂਦਰ ਨੇ ਕਿਹਾ ਪੰਜਾਬ ਤੋਂ ਕੋਈ ਇਤਰਾਜ਼ ਨਹੀਂ ਮਿਲਿਆ

## ✪ ਵਿਰੋਧੀ ਬੋਲੇ ਸਰਕਾਰ ਨੇ ਕੇਸ ਕਮਜ਼ੋਰ ਕੀਤਾ

ਚੰਡੀਗੜ੍ਹ-ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐੱਮਬੀ) ਵੱਲੋਂ ਪਾਣੀਆਂ ਦੀ ਵੰਡ ਨੂੰ ਲੈ ਕੇ ਪੰਜਾਬ ਨੂੰ ਵੱਡਾ ਝਟਕਾ ਲੱਗਿਆ ਏ। ਕੇਂਦਰ ਸਰਕਾਰ ਨੇ ਸੰਸਦ ਨੂੰ ਦੱਸਿਆ ਕਿ ਬੀਬੀਐੱਮਬੀ ਦੀ 2 ਮਈ ਵਾਲੀ ਮੀਟਿੰਗ ਵਿੱਚ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਫੈਸਲੇ ਬਾਰੇ ਪੰਜਾਬ ਸਰਕਾਰ ਤੋਂ ਕੋਈ ਇਤਰਾਜ਼ ਜਾਂ ਸ਼ਿਕਾਇਤ ਨਹੀਂ ਮਿਲੀ। ਇਹ ਖੁਲਾਸਾ ਬਠਿੰਡਾ ਤੋਂ ਐੱਮਪੀ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਊਰਜਾ ਰਾਜ ਮੰਤਰੀ ਸ੍ਰੀਪਦ ਨਾਇਕ ਨੇ ਲੋਕ ਸਭਾ ਵਿੱਚ ਕੀਤਾ। ਮੰਤਰੀ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀ ਪਟੀਸ਼ਨ ਖਾਰਜ ਕਰ ਕੇ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਹੁਕਮ ਨੂੰ ਵਾਪਸ ਲੈਣ ਤੋਂ ਇਨਕਾਰ ਕੀਤਾ ਸੀ, ਜੋ 26 ਮਈ ਨੂੰ ਪਾਸ ਹੋਇਆ ਸੀ।

ਹਰਸਿਮਰਤ ਨੇ ਪੁੱਛਿਆ ਸੀ ਕਿ ਕੋਰਟ ਦੇ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਪੰਜਾਬ ਦੀਆਂ ਚਿੰਤਾਵਾਂ ਦੂਰ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਨੇ, ਪਰ ਕੇਂਦਰ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਹੁਣ ਤੱਕ ਕੋਈ ਰਸਮੀ ਇਤਰਾਜ਼ ਨਹੀਂ ਆਇਆ। ਨਾਇਕ ਨੇ ਸਪੱਸ਼ਟ ਕੀਤਾ ਕਿ ਪਾਣੀ ਵੰਡ ਤਕਨੀਕੀ ਕਮੇਟੀ ਵੱਲੋਂ ਕੀਤੀ ਜਾਂਦੀ ਏ, ਜਿਸ ਵਿੱਚ ਬੀਬੀਐੱਮਬੀ ਮੁਖੀ, ਸਹਿਯੋਗੀ ਰਾਜਾਂ ਦੇ ਚੀਫ ਇੰਜੀਨੀਅਰ ਅਤੇ ਕੇਂਦਰੀ ਜਲ ਕਮਿਸ਼ਨ ਦਾ ਨੁਮਾਇੰਦਾ ਸ਼ਾਮਲ ਹੁੰਦਾ ਏ। ਉਹਨਾਂ ਨੇ ਕਿਹਾ ਕਿ ਇਹ ਕਮੇਟੀ ਉਪਲਬਧਤਾ ਤੇ ਲੋੜਾਂ ਮੁਤਾਬਕ ਨਿਰਪੱਖ ਵੰਡ ਯਕੀਨੀ ਬਣਾਉਂਦੀ ਏ ਅਤੇ ਕੇਂਦਰ ਦੀ ਇਸ ਵਿੱਚ ਕੋਈ ਸਿੱਧੀ ਭੂਮਿਕਾ ਨਹੀਂ।

### ਹੁਣ ਸਵਾਲ ਉੱਠ ਰਿਹਾ ਏ ਕਿ ਕੇਂਦਰ ਨੇ ਅਜਿਹਾ ਕਿਉਂ ਕਿਹਾ?

ਰਿਪੋਰਟਾਂ ਮੁਤਾਬਕ, ਬੀਬੀਐੱਮਬੀ ਨੇ 2 ਮਈ ਦੀ ਮੀਟਿੰਗ ਵਿੱਚ ਹਰਿਆਣਾ ਨੂੰ ਵਾਧੂ 4500 ਕਿਊਸੈੱਕ ਪਾਣੀ ਛੱਡਣ ਦਾ ਫੈਸਲਾ ਕੀਤਾ, ਜਿਸ ਨੂੰ ਪੰਜਾਬ ਨੇ ਗੈਰ-ਕਾਨੂੰਨੀ ਕਹਿ ਕੇ ਵਿਰੋਧ ਕੀਤਾ ਸੀ। ਪੰਜਾਬ ਨੇ ਕਿਹਾ ਕਿ ਇਹ ਫੈਸਲਾ ਜੁਰੀਸਡਿਕਸ਼ਨ ਤੋਂ ਬਾਹਰ ਏ ਅਤੇ ਨਿਯਮਾਂ ਦੀ ਉਲੰਘਣਾ ਏ। ਪਰ ਕੇਂਦਰ ਨੂੰ ਪੰਜਾਬ ਤੋਂ ਕੋਈ ਰਸਮੀ ਸ਼ਿਕਾਇਤ ਨਹੀਂ ਮਿਲੀ, ਜਿਸ ਕਾਰਨ ਉਹਨਾਂ ਨੇ ਸੰਸਦ ਵਿੱਚ ਇਹ ਖੁਲਾਸਾ ਕੀਤਾ। ਇਹ ਵੀ ਲੱਗਦਾ ਏ ਕਿ ਪੰਜਾਬ ਸਰਕਾਰ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਰਸਮੀ ਇਤਰਾਜ਼ ਨਹੀਂ ਭੇਜਿਆ, ਜਿਸ ਨਾਲ ਕੇਂਦਰ ਨੂੰ ਇਹ ਕਹਿਣ ਦਾ ਮੌਕਾ ਮਿਲਿਆ।

ਵਿਰੋਧੀ ਪਾਰਟੀਆਂ ਮੰਨਦੀਆਂ ਨੇ ਕਿ ਪੰਜਾਬ ਸਰਕਾਰ ਇਸ ਢਿਲ ਨਾਲ ਪਾਣੀਆਂ ਦਾ ਕੇਸ ਕਮਜ਼ੋਰ ਕਰ ਰਹੀ ਏ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਵਿੱਚ ਰਸਮੀ ਇਤਰਾਜ਼ ਨਾ ਭੇਜ ਕੇ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ।

ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਾਣੀ ਵਿਵਾਦ ਵਿੱਚ ਨਰਮੀ ਵਿਖਾ ਕੇ ਕੇਸ ਨੂੰ ਕਮਜ਼ੋਰ ਕਰ ਰਹੀ ਏ ਅਤੇ ਇਹ ਪੰਜਾਬ ਦੇ ਕਿਸਾਨਾਂ ਨਾਲ ਧੋਖਾ ਏ। ਕਾਂਗਰਸ ਨੇ ਵੀ ਆਪ ਸਰਕਾਰ ਨੂੰ ਨਿਸ਼ਾਨੇ ਤੇ ਲਿਆ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਣੀ ਵੰਡ ਬਾਰੇ ਕੇਂਦਰ ਨੂੰ ਰਸਮੀ ਸ਼ਿਕਾਇਤ ਨਾ ਭੇਜ ਕੇ ਪੰਜਾਬ ਨਾਲ ਧੋਖਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਆਪ ਸਰਕਾਰ ਦੀ ਇਹ ਢਿਲ ਪੰਜਾਬ ਨੂੰ ਪਾਣੀ ਵਿਵਾਦ ਵਿੱਚ ਹੋਰ ਪਿੱਛੇ ਧੱਕ ਰਹੀ ਏ ਅਤੇ ਇਹ ਹਰਿਆਣਾ ਨੂੰ ਫਾਇਦਾ ਪਹੁੰਚਾ ਰਹੀ ਏ। ਭਾਜਪਾ ਨੇ ਵੀ ਵਿਰੋਧ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਹੱਕਾਂ ਉਪਰ ਪਹਿਰਾ ਨਹੀਂ ਦਿਤਾ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਪ ਨੇ ਪਾਣੀ ਵੰਡ ਬਾਰੇ ਚੁੱਪ ਵੱਟ ਕੇ ਪੰਜਾਬ ਨੂੰ ਧੋਖਾ ਦਿੱਤਾ। ਕਾਂਗਰਸ ਨੇ ਕਿਹਾ ਕਿ ਮਾਨ ਸਰਕਾਰ ਨੇ ਕੇਂਦਰ ਨੂੰ ਇਤਰਾਜ਼ ਨਾ ਭੇਜ ਕੇ ਹਰਿਆਣਾ ਨੂੰ ਵਾਧੂ ਪਾਣੀ ਮਿਲਣ ਦਾ ਰਾਹ ਖੋਲ੍ਹਿਆ। ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਫੌਰੀ ਤੌਰ ਤੇ ਰਸਮੀ ਇਤਰਾਜ਼ ਭੇਜੇ ਅਤੇ ਸੁਪਰੀਮ ਕੋਰਟ ਜਾਵੇ।

### ਪੰਜਾਬ ਵਾਰ ਵਾਰ ਪਾਣੀਆਂ ਦੇ ਕੇਸ ਕਿਉਂ ਹਾਰਦਾ ਏ?

ਇਹ ਵਿਵਾਦ ਪੁਰਾਣਾ ਏ ਅਤੇ ਪੰਜਾਬ ਨੂੰ ਅਕਸਰ ਅਦਾਲਤਾਂ ਵਿੱਚ ਝਟਕੇ ਲੱਗਦੇ ਨੇ। ਮੁੱਖ ਕਾਰਨ ਰਿਪੇਰੀਅਨ ਪ੍ਰਿੰਸੀਪਲ ਏ, ਜਿਸ ਮੁਤਾਬਕ ਪੰਜਾਬ ਨਦੀਆਂ ਦੇ ਪਾਣੀਆਂ 'ਤੇ ਪੂਰਾ ਹੱਕ ਜਤਾਉਂਦਾ ਏ, ਪਰ ਹਰਿਆਣਾ ਅੰਤਰਰਾਸ਼ਟਰੀ ਸਮਝੌਤਿਆਂ ਅਤੇ ਕੇਂਦਰੀ ਕਾਨੂੰਨਾਂ ਦਾ ਹਵਾਲਾ ਦਿੰਦਾ ਏ। ਐਸਵਾਈਐਲ ਕੈਨਾਲ ਵਿਵਾਦ ਵਿੱਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਪਾਣੀ ਵੰਡਣ ਦੇ ਹੁਕਮ ਦਿੱਤੇ ਨੇ, ਪਰ ਪੰਜਾਬ ਨੇ ਐਕਟ ਬਣਾ ਕੇ ਵਾਪਸ ਲੈ ਲਿਆ, ਜਿਸ ਨੂੰ ਕੋਰਟ ਨੇ ਖਾਰਜ ਕੀਤਾ।

ਭਾਖੜਾ ਡੈਮ ਵਿੱਚ ਵੀ ਪੰਜਾਬ ਨੇ ਵਾਧੂ ਪਾਣੀ ਛੱਡਣ ਵਿਰੁੱਧ ਪਟੀਸ਼ਨ ਪਾਈ, ਪਰ ਹਾਈ ਕੋਰਟ ਨੇ ਖਾਰਜ ਕੀਤੀ ਅਤੇ ਕਿਹਾ ਕਿ ਕੇਂਦਰ ਨੂੰ ਅਪੀਲ ਕਰੋ।



### ਪੰਜਾਬ ਕੋਲ ਕੀ ਹੱਲ ਏ?

ਵਿਰੋਧੀ ਪਾਰਟੀਆਂ ਕਹਿੰਦੀਆਂ ਨੇ ਕਿ ਪੰਜਾਬ ਨੂੰ ਏਕਤਾ ਨਾਲ ਲੜਨਾ ਚਾਹੀਦਾ ਏ ਅਤੇ ਕੇਂਦਰ ਨੂੰ ਰਸਮੀ ਇਤਰਾਜ਼ ਭੇਜ ਕੇ ਅਦਾਲਤਾਂ ਵਿੱਚ ਮਜ਼ਬੂਤੀ ਨਾਲ ਲੜੋ। ਅਕਾਲੀ ਦਲ ਨੇ ਮੰਗ ਕੀਤੀ ਕਿ ਬੀਬੀਐੱਮਬੀ ਨੂੰ ਰੀਸਟ੍ਰਕਚਰ ਕਰੋ ਅਤੇ ਡੈਮ ਐਕਟ ਰੱਦ ਕਰੋ। ਕਾਂਗਰਸ ਨੇ ਕਿਹਾ ਕਿ ਪੰਜਾਬ ਨੂੰ ਸੁਪਰੀਮ ਕੋਰਟ ਜਾ ਕੇ ਰਿਪੇਰੀਅਨ ਅਸੂਲ ਨੂੰ ਮਜ਼ਬੂਤੀ ਨਾਲ ਰੱਖੋ। ਹੱਲ ਵਜੋਂ ਪੰਜਾਬ ਨੂੰ ਪਾਣੀ ਸੰਭਾਲ ਪ੍ਰੋਗਰਾਮ ਵਧਾਉਣੇ ਚਾਹੀਦੇ ਨੇ, ਜਿਵੇਂ ਗੰਨੇ ਤੇ ਝੋਨੇ ਵਰਗੀਆਂ ਫਸਲਾਂ ਘੱਟ ਕਰ ਕੇ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰੋ। ਰਾਜਨੀਤਕ ਏਕਤਾ ਅਤੇ ਕਾਨੂੰਨੀ ਲੜਾਈ ਨਾਲ ਹੀ ਪੰਜਾਬ ਆਪਣੇ ਪਾਣੀ ਹੱਕ ਬਚਾ ਸਕਦਾ ਏ। ਇਹ ਵਿਵਾਦ ਪੰਜਾਬ ਦੇ ਕਿਸਾਨਾਂ ਲਈ ਵੱਡੀ ਚਿੰਤਾ ਏ, ਜਿੱਥੇ ਪਾਣੀ ਦੀ ਘਾਟ ਨੇ ਖੇਤੀ ਨੂੰ ਪ੍ਰਭਾਵਿਤ ਕੀਤਾ। ਪੰਜਾਬ ਸਰਕਾਰ ਨੂੰ ਫੌਰੀ ਕਦਮ ਚੁੱਕਣੇ ਚਾਹੀਦੇ ਨੇ।

# ਜਾਅਲੀ ਦਸਤਾਵੇਜ਼ਾਂ 'ਤੇ ਪੰਜਾਬ ਪੁਲਸ 'ਚ ਭਰਤੀ ਹੋਇਆ ਛੋਟਾ ਥਾਣੇਦਾਰ

## ✪ ਰਿਟਾਇਰਡ ਹੋਣ ਮਗਰੋਂ ਹੋਇਆ ਪਰਦਾਫਾਸ਼

ਤਰਨਤਾਰਨ-ਪੰਜਾਬ ਪੁਲਸ 'ਚ ਭਰਤੀ ਹੋਣ ਸਮੇਂ ਕਥਿਤ ਤੌਰ 'ਤੇ ਆਪਣੀ ਗਲਤ ਉਮਰ ਦੱਸ ਕੇ ਨੌਕਰੀ ਹਾਸਲ ਕਰਨ ਦੇ ਮਾਮਲੇ ਵਿਚ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਰਿਟਾਇਰਡ ਏ.ਐੱਸ.ਆਈ. ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਕਰਨੈਲ ਸਿੰਘ ਵਾਸੀ ਧਾਰੜ ਨੇ ਦੱਸਿਆ ਕਿ ਏ.ਐੱਸ.ਆਈ. ਅਨੋਖ ਸਿੰਘ ਵਾਸੀ ਧਾਰੜ ਨੇ ਸਾਲ 1980-81 ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ (ਜਲੰਧਰ) ਤੋਂ ਦਸਵੀਂ ਦੀ ਪੜ੍ਹਾਈ ਕੀਤੀ ਹੈ।

ਜਿਸ ਦੇ ਸਕੂਲ ਰਿਕਾਰਡ ਵਿਚ ਉਸਦੀ ਜਨਮ ਮਿਤੀ 20-05-1962 ਹੈ, ਜਦਕਿ ਅਨੋਖ ਸਿੰਘ ਨੇ ਪੰਜਾਬ ਪੁਲਸ ਵਿਚ ਭਰਤੀ ਹੋਣ ਲਈ ਆਪਣੀ ਉਮਰ 20-ਮਈ-1965 ਦਰਸਾ ਕੇ ਨੌਕਰੀ ਹਾਸਲ ਕਰ ਲਈ। ਜਿਸ ਨੇ ਅਜਿਹਾ ਕਰਕੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਨਾਲ ਧੋਖਾਧੜੀ ਕੀਤੀ ਹੈ। ਅਨੋਖ ਸਿੰਘ 2022 ਵਿਚ ਸੇਵਾਮੁਕਤ ਹੋਇਆ ਹੈ।

ਇਸ ਦੀ ਸ਼ਿਕਾਇਤ ਉਸ ਨੇ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਕਰ ਦਿੱਤੀ। ਇਸ ਸਬੰਧੀ ਏ.ਐੱਸ.ਆਈ. ਗੁਰਭੇਜ ਸਿੰਘ ਨੇ ਦੱਸਿਆ ਕਿ ਜਾਂਚ ਤੋਂ ਬਾਅਦ ਏ.ਐੱਸ.ਆਈ. ਅਨੋਖ ਸਿੰਘ ਦੇ ਖ਼ਿਲਾਫ਼ ਮੁਕੱਦਮਾ ਨੰਬਰ 182 ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਸ਼ਿਕਾਇਤਕਰਤਾ ਨੇ ਸਾਰੇ ਸਬੂਤ ਇਕੱਠੇ ਕਰ ਐੱਸਐੱਸਪੀ ਤਰਨਤਾਰਨ ਨੂੰ ਦਿੱਤੇ ਹਨ।

# ਦੇਹ ਵਪਾਰ ਦੇ ਧੰਦੇ ਸਬੰਧੀ ਪੁਲਸ ਨੇ ਹੋਟਲਾਂ 'ਤੇ ਛਾਪਾ ਮਾਰਕੇ ਅੱਧਾ ਦਰਜਨ ਲੋਕ ਕੀਤੇ ਗ੍ਰਿਫ਼ਤਾਰ



ਬਠਿੰਡਾ-ਸ਼ਹਿਰ ਦੇ ਹੋਟਲਾਂ 'ਚ ਚੱਲ ਰਹੇ ਦੇਹ ਵਪਾਰ ਦੇ ਧੰਦੇ ਸਬੰਧੀ ਪੁਲਸ ਪ੍ਰਸ਼ਾਸਨ ਵੱਲੋਂ ਸਖ਼ਤ ਕਦਮ ਚੁੱਕੇ ਜਾ ਰਹੇ ਹਨ। ਪੁਲਸ ਨੇ ਵੱਖ-ਵੱਖ ਹੋਟਲਾਂ 'ਚ ਛਾਪੇਮਾਰੀ ਕਰ ਕੇ ਅੱਧਾ ਦਰਜਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਪੁਲਸ ਨੇ 10-12 ਲੋਕਾਂ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਸ ਨੇ ਸ਼ਹਿਰ 'ਚ ਚੱਲ ਰਹੇ ਪਾਮ ਹੋਟਲ ਅਤੇ ਪੈਰਿਸ ਹਿਲਟਨ ਹੋਟਲ 'ਤੇ ਛਾਪਾ ਮਾਰਿਆ। ਪਾਮ ਹੋਟਲ ਤੋਂ ਪੁਲਸ ਨੇ ਗੁਰਤੇਜ ਸਿੰਘ ਵਾਸੀ ਬਠਿੰਡਾ, ਸੁਖਵਿੰਦਰ ਸਿੰਘ ਵਾਸੀ ਕੱਲੋ ਅਤੇ ਲਖਵੀਰ ਸਿੰਘ ਵਾਸੀ ਕਾਲਝਰਾਣੀ ਨੂੰ ਦੇਹ ਵਪਾਰ ਦਾ ਧੰਦਾ ਚਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਪੈਰਿਸ ਹਿਲਟਨ ਹੋਟਲ ਤੋਂ ਪੁਲਸ ਨੇ ਮੁਲਜ਼ਮ ਸੰਦੀਪ ਸਿੰਘ ਵਾਸੀ ਰਾਮਾਂ ਮੰਡੀ, ਪੰਕਜ ਵਾਸੀ ਸੰਗਤ ਅਤੇ ਹੈਪੀ ਵਾਸੀ ਬਠਿੰਡਾ ਦੇ ਨਾਲ-ਨਾਲ ਕੁੱਝ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ, ਜਦੋਂ ਕਿ ਪੁਲਸ ਨੇ ਇਕ ਮੁਲਜ਼ਮ ਸੰਦੀਪ ਸਿੰਘ ਨੂੰ ਮੌਕੇ 'ਤੇ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਥਾਣਾ ਕੋਤਵਾਲੀ 'ਚ ਕੇਸ ਦਰਜ ਕੀਤਾ ਹੈ।


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-13

# 1699 ਦੀ ਵੈਸਾਖੀ ਇੱਕ ਅਲੌਕਿਕ ਸ਼ਫ਼ਰ
## ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ

ਡਾ: ਕਿਰਨਪ੍ਰੀਤ ਕੌਰ ਬਾਠ



**ਅਸੀਂ ਭੁੱਲ ਇਹ ਕੀਤੀ ਕਿ ਆਪਣੇ ਇਤਿਹਾਸ ਨੂੰ ਆਪਣੇ ਦਾਰਸ਼ਨਿਕਾਂ ਅਤੇ ਬੁਧੀਜੀਵੀਆਂ, ਜਿਵੇਂ ਕਿ ਹਰਿੰਦਰ ਸਿੰਘ ਮਹਿਬੂਬ, ਸਿਰਦਾਰ ਕਪੂਰ ਸਿੰਘ, ਗਿਆਨੀ ਦਿੱਤ ਸਿੰਘ ਦੇ ਅਨੁਭਵ ਰਾਹੀਂ ਨਾ ਸਮਝ, ਕੇਵਲ ਪੱਛਮੀ ਵਿਦਵਾਨਾਂ ਦੇ ਵਿਹਾਰਿਕ ਤਜ਼ਰਬੇ ਅਤੇ ਅਨੁਭਵਹੀਨ ਵਿਸ਼ਲੇਸ਼ਣ ਨੂੰ ਹੀ ਠੀਕ ਸਮਝੀ ਗਏ। ਏਹੀ ਕਾਰਨ ਹੈ ਕਿ ਜਦੋਂ 'ਅਰਨਸਟ ਟਰੰਪ' ਵਰਗਿਆਂ ਨੇ ਇਹ ਲਿਖਿਆ ਕਿ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਇੱਕ 'ਟਰਨਿੰਗ ਪੁਆਇੰਟ' ਸੀ ਅਤੇ ਉਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੀ ਸਿੱਖੀ ਨਾਲੋਂ ਸਿੱਖੀ ਵੱਖਰੇ ਰਾਹ ਤੁਰ ਪਾਈ ਤਾਂ ਸਾਡੇ ਆਪਣੇ ਪੱਛਮੀ ਮੁਲਕਾਂ ਵਿੱਚ ਆਪਣੇ ਲਈ ਜ਼ਮੀਨ ਲੱਭ ਰਹੇ ਸਕਾਲਰਾਂ ਨੇ ਵੀ ਏਹੀ ਤੋਤਾ ਰਟਨ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਇਹ ਗੱਲ ਸਾਡੀਆਂ ਪੰਥਕ ਹਸਤੀਆਂ ਨੇ ਵੀ ਇੰਝ ਹੀ ਕਰਨੀ ਸ਼ੁਰੂ ਕਰ ਦਿੱਤੀ।**




ਇੱਥੇ ਖ਼ਾਸ ਗੌਰ ਕਰਨਯੋਗ ਇਹ ਵੀ ਹੈ ਕਿ ਗੁਰੂ ਸਾਹਿਬ ਨੇ ਜਦੋਂ ਆਦਿ ਗ੍ਰੰਥ ਦੀ ਸੰਪਾਦਨਾ ਸ਼ੁਰੂ ਕੀਤੀ ਤਾਂ ਨਾਲ਼ ਹੀ ਦਰਬਾਰ ਸਾਹਿਬ ਦੀ ਉਸਾਰੀ ਵੀ ਚੱਲ ਰਹੀ ਹੈ। ਜਿਸ ਦਿਨ ਅਗਸਤ 1604 ਨੂੰ ਆਦਿ ਗ੍ਰੰਥ ਦੀ ਬੀੜ ਦਾ ਪ੍ਰਕਾਸ਼ ਹੋਣਾ ਸੀ ਤਾਂ ਉਸ ਤੋਂ ਪਹਿਲਾਂ ਦਰਬਾਰ ਸਾਹਿਬ ਵਿੱਚ ਚੰਦੋਆ ਲਾ ਕੇ ਤਿਆਰੀ ਕੀਤੀ ਗਈ ਸੀ। ਇਹ ਸੱਚ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ ਪਰ ਬਾਕੀ ਸਭ ਘਟਨਾਵਾਂ ਵਾਂਗ ਇਹ ਵੀ ਕੋਈ ਗੁਰੂ ਨਾਨਕ ਸਾਹਿਬ ਤੋਂ ਵੱਖਰਾ ਫ਼ੈਸਲਾ ਨਹੀਂ ਸੀ। ਆਦਿ ਗ੍ਰੰਥ ਨੂੰ ਚਵਰ, ਛਤਰ ਅਤੇ ਤਖ਼ਤ ਦੇ ਮਾਲਿਕ ਤਾਂ ਪੰਜਵੇ ਨਾਨਕ ਹੀ ਬਣਾ ਗਏ ਸੀ। ਸ਼ਬਦ-ਗੁਰੂ ਦੇ ਲੜ ਲੱਗਣ ਜੋਗੀ ਸੁਰਤ ਜਦੋਂ ਸਿੱਖਾਂ ਨੇ ਗੁਰੂ ਦੇ ਪਾਏ ਪਰਚਿਆਂ ਵਿੱਚੋ ਸਫ਼ਲ ਹੋ ਕੇ ਸਿੱਧ ਕਰ ਦਿੱਤੀ ਤਾਂ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਕਰ ਸ਼ਬਦ ਨੂੰ ਤਖ਼ਤ ਉੱਤੇ ਸੁਭਾਇਮਾਨ ਕਰ ਦਿੱਤਾ।

ਇਹ ਸਭ ਵਰਤਾਰਾ ਬਹੁਤ ਖ਼ਾਸ ਹੈ। ਆਪਣੀ ਕਲਪਨਾ ਨੂੰ ਜ਼ਰਾ ਓਥੇ ਲੈ ਕੇ ਜਾਓ ਜਿੱਥੇ ਗੁਰੂ ਨਾਨਕ ਸਾਹਿਬ, ਭਾਈ ਮਰਦਾਨੇ ਅਤੇ ਬਾਬੇ ਬੁੱਢੇ ਨਾਲ਼ ਇੱਕ ਜੰਗਲ਼ ਵਿੱਚ ਬੈਠੇ ਹਨ ਅਤੇ ਇੱਕ ਤਲਾਬ ਤੋਂ ਪਾਣੀ ਪੀਂਦੇ ਹਨ; ਓਸੇ ਜਗ੍ਹਾ ਫਿਰ ਗੁਰੂ ਸਾਹਿਬ ਦੁਬਾਰਾ ਭਾਈ ਲਹਿਣੇ ਨੂੰ ਲੈ ਕੇ ਆਉਂਦੇ ਹਨ; ਭਾਈ ਲਹਿਣਾ ਗੁਰੂ ਅੰਗਦ ਹੋ, ਅਮਰਦਾਸ ਨੂੰ ਉਸ ਜਗ੍ਹਾ ਦੀ ਨਿਸ਼ਾਨਦੇਹੀ ਕਰਦੇ ਹਨ; ਗੁਰੂ ਅਮਰਦਾਸ ਓਥੇ ਇੱਕ ਨਗਰ ਵਸਾਉਣ ਦੀ ਤਿਆਰੀ ਕਰਦੇ ਹੋਏ ਗੁਰੂ ਕੇ ਮਹਿਲ ਉਸਾਰਦੇ ਹਨ; ਗੁਰੂ ਰਾਮਦਾਸ ਨਗਰ ਪੂਰਾ ਕਰਦੇ ਹਨ; ਗੁਰੂ ਅਰਜਨ ਸਾਹਿਬ ਦਰਬਾਰ ਸਾਹਿਬ ਦੀ ਉਸਾਰੀ ਪੂਰੀ ਕਰਵਾ ਗੁਰੂ ਨਾਨਕ ਸਾਹਿਬ ਦੀ ਧੁਰ ਕੀ ਬਾਣੀ ਨੂੰ ਇਕੱਠੀ ਕਰ ਆਦਿ ਗ੍ਰੰਥ ਤਿਆਰ ਕਰਵਾ ਓਸੇ ਦਰਬਾਰ (ਜੋ ਕਿ ਤਖ਼ਤ ਦਾ ਪ੍ਰਤੀਕ ਹੈ, ਦਰਬਾਰ ਰਾਜਿਆਂ ਦੇ ਹੀ ਲੱਗਦੇ ਹਨ) ਵਿੱਚ ਚੰਦੋਏ ਲਾ ਛਤਰ ਝੁਲਾ ਆਪ ਚੌਰ ਕਰਦੇ ਹੋਏ ਬਾਣੀ ਦਾ ਪ੍ਰਕਾਸ਼ ਕਰਦੇ ਹਨ ; ਇਸੇ ਨੂੰ ਦਸਵੇਂ ਜਾਮੇ ਵਿੱਚ ਗੁਰੂ ਪਦਵੀ ਦੇ ਕੇ ਸਿੱਖਾਂ ਨੂੰ ਯੁਗੋ-ਯੁੱਗ

Principal Teja Singh. Growth of Responsibility in Sikhism. Amritsar: Shiromani Gurdwara Parbandhak Committee, n.d. page 3

ਅਟੱਲ ਸ਼ਬਦ-ਗੁਰੂ ਦੇ ਲੜ ਲਾ ਦਿੰਦੇ ਹਨ। ਜੇ ਅਜੇ ਵੀ ਸਾਨੂੰ ਇਹ ਭੁਲੇਖਾ ਰਹੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋ ਕੀਤਾ ਉਹ ਗੁਰੂ ਨਾਨਕ ਸਾਹਿਬ ਤੋਂ ਵੱਖ ਸੀ, ਤਾਂ ਸਾਡੀ ਮੱਤ ਦਾ ਫਿਰ ਇਸ ਤੋਂ ਵੱਧ ਦਿਵਾਲੀਆਪਣ ਨਹੀਂ ਨਿਕਲ ਸਕਦਾ।

ਗੌਰ ਕਰਿਓ ਕਿ ਜਦ ਸਿੱਖ ਪੰਥ ਪੂਰੀ ਜ਼ਿੰਮੇਵਾਰੀ ਚੁੱਕਣਯੋਗ ਹੋ ਗਿਆ ਤਾਂ ਇੱਸੇ ਗ੍ਰੰਥ ਨੂੰ ਗੁਰੂ ਦਾ ਦਰਜਾ ਦੇ ਸਿੱਖਾਂ ਨੂੰ ਸ਼ਬਦ-ਗੁਰੂ ਦੇ ਲੜ ਲਾ ਦਿੱਤਾ। ਹਲੇਮੀ ਰਾਜ ਦਾ ਇਹੀ ਵਿਧਾਨ ਹੈ ਅਤੇ ਇਹ ਹੀ ਅਧਿਆਤਮਿਕ ਗੁਰੂ। ਅਸੀਂ ਖ਼ਬਰਦਾਰ ਰਹੀਏ ਕਿਉਂਕਿ ਜਿਸ ਹਿਸਾਬ ਨਾਲ਼ ਆਪਾਂ ਗੁਰੂ ਨੂੰ ਪਿੱਠ ਦੇ ਕੇ ਖੜ੍ਹੇ ਹਾਂ, ਕਿਤੇ ਜੇ ਪਾਤਸ਼ਾਹ ਨੇ ਫ਼ੈਸਲਾ ਕਰ ਲਿਆ ਕਿ ਇਹ ਹੁਣ ਇਸ ਵਿਧਾਨ ਦੀ ਜ਼ਿੰਮੇਵਾਰੀ ਸੰਭਾਲਣ ਲਾਇਕ ਨਹੀਂ ਤਾਂ ਯਾਦ ਰੱਖੀਏ ਕਿ ਸਾਡੀ ਹੋਂਦ ਹਸਤੀ ਸਿਰਫ਼ ਗੁਰੂ ਗ੍ਰੰਥ ਸਾਹਿਬ ਨਾਲ਼ ਹੀ ਹੈ, ਗੁਰੂ ਦਾ ਵਿਧਾਨ ਨਹੀਂ ਤਾਂ ਗੁਰੂ ਦਾ ਸਿੱਖ ਵੀ ਨਹੀਂ ਅਤੇ ਜੇ ਗੁਰੂ ਦਾ ਸਿੱਖ ਨਹੀਂ ਤਾਂ ਪਾਤਸ਼ਾਹੀ ਦਾਅਵਾ ਵੀ ਨਹੀਂ। ਫਿਰ ਅਸੀਂ ਓਥੇ ਹੀ ਜਾ ਖਲੋਵਾਂਗੇ ਜਿੱਥੋਂ ਗੁਰੂ ਸਾਹਿਬ ਨੇ ਸਾਨੂੰ ਕੱਢਿਆ ਸੀ।

### ਮੀਰੀ ਪੀਰੀ ਦੇ ਮਾਲਿਕ ਸੰਤ ਸਿਪਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ

ਜਿਵੇਂ ਮੈਂ ਪਹਿਲਾਂ ਲਿਖਿਆ ਹੈ ਕਿ ਸਾਡੇ ਕੋਲ਼ ਗੁਨਾਹ ਹੀ ਇਹ ਹੋਇਆ ਕਿ ਅਸੀਂ ਦਸ ਗੁਰੂਆਂ ਨੂੰ ਇੱਕ ਜੋਤ ਜਾਨਣ ਦੀ ਬਜਾਏ ਉਹਨਾਂ ਨੂੰ ਵੱਖ-ਵੱਖ ਕਰ ਵੇਖਣਾ ਸ਼ੁਰੂ ਕਰ ਦਿੱਤਾ। ਏਹੀ ਕਾਰਨ ਹੈ ਕਿ ਜਦੋਂ ਮੀਰੀ-ਪੀਰੀ ਦੇ ਮਾਲਿਕ ਦੀ ਗੱਲ ਕਰਦੇ ਹਾਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਯਾਦ ਕਰਦੇ ਇਹ ਭੁੱਲ ਹੀ ਜਾਂਦੇ ਹਾਂ ਕਿ ਮੀਰੀ-ਪੀਰੀ ਦਾ ਮੁੜ੍ਹ ਕਦੋਂ ਤੇ ਕਿਵੇਂ ਬੱਝਾ। ਜਿਵੇਂ ਗੁਰੂ ਅਰਜਨ ਸਾਹਿਬ ਬਾਰੇ ਗੱਲ ਕਰਦੇ ਦਸ ਆਈ ਹਾਂ ਕਿ ਉਹਨਾਂ ਨੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰ-ਤਖ਼ਤ ਸੌਂਪਦੇ ਹੋਏ ਹੁਕਮ ਕੀਤਾ ਸੀ ਕਿ ਸ਼ਸਤਰਧਾਰੀ ਹੋਣਾ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਨੂੰ ਸ਼ਸਤਰ ਚਲਾਉਣੇ ਆਉਂਦੇ ਹੀ ਨਾ ਹੋਣਗੇ ਉਹ ਸ਼ਸਤਰਧਾਰੀ ਹੋ ਕਿ ਕਰੂਗਾ ਵੀ ਕੀ ? ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਮੀਰੀ-ਪੀਰੀ ਧਾਰਨ ਕਰ ਜੰਗਾਂ ਜਿੱਤਣਾ ਆਪਣੇ ਆਪ ਵਿੱਚ ਹੀ ਸਿੱਧ ਕਰਦਾ ਹੈ ਕਿ ਉਹ ਸ਼ਸਤਰ ਵਿੱਦਿਆ ਦੇ ਮਾਹਰ ਸਨ। ਇਹ ਸ਼ਸ਼ਤਰ ਵਿੱਦਿਆ ਉਹਨਾਂ ਨੇ ਆਪਣੇ ਪਿਤਾ ਗੁਰੂ ਅਰਜਨ ਸਾਹਿਬ ਦੀ ਛਾਂ ਹੇਠ ਹੀ ਪ੍ਰਾਪਤ ਕੀਤੀ ਸੀ। ਬਾਬਾ ਬੁੱਢਾ ਜੀ ਦੀ ਦੇਖ ਰੇਖ ਹੇਠ ਉਹਨਾਂ ਨੇ ਸ਼ਾਸਤਰ, ਖੇਤੀਬਾੜੀ ਤੇ ਨੀਤੀ, ਘੋੜ ਸਵਾਰੀ, ਨੇਜ਼ਾਬੰਦੀ, ਤੀਰ ਅੰਦਾਜੀ, ਨਿਸ਼ਾਨੇਬਾਜ਼ੀ, ਅਤੇ ਬੰਦੂਕ ਆਦਿ ਵਰਤਣ ਦੀ ਕਲਾ ਸਿੱਖੀ। ਇਹ ਉਹੀ ਬਾਬਾ ਬੁੱਢਾ ਹੈ ਜੋ ਗੁਰੂ ਨਾਨਕ ਸਾਹਿਬ ਦੇ ਨਾਲ਼ ਰਹੇ। ਆਪਣਾ ਇਹ ਮੰਨਣਾ ਕਿ ਗੁਰੂ ਨਾਨਕ ਦਾ ਸ਼ਸਤਰਾਂ ਨਾਲ਼ ਕੋਈ ਸੰਬੰਧ ਨਹੀਂ ਇਸੇ ਗੱਲ ਤੋਂ ਗ਼ਲਤ ਸਿੱਧ ਹੋ ਜਾਂਦਾ ਹੈ ਕਿ ਜੇਕਰ ਇਹ ਗੁਰੂ ਨਾਨਕ ਦੇ ਸਿਧਾਂਤ ਤੋਂ ਥੋੜ੍ਹਾ ਵੀ ਉਲ਼ਟ ਹੁੰਦਾ ਤਾਂ ਬਾਬਾ ਬੁੱਢਾ ਸਾਹਿਬ ਆਪ ਬਾਲ ਹਰਿਗੋਬਿੰਦ ਸਾਹਿਬ ਦੀ ਇਸ ਵਿੱਦਿਆ ਦੀ ਦੇਖ-ਰੇਖ ਨਾ ਕਰ ਰਹੇ ਹੁੰਦੇ। ਬਾਲ ਹਰਿਗੋਬਿੰਦ ਸਾਹਿਬ ਨੇ ਯੁੱਧ ਵਿੱਦਿਆ ਭਾਈ ਜੇਠਾ ਜੀ ਪਾਸੋਂ ਸਿੱਖੀ, ਭਾਈ ਪਰਾਗਾ ਜੀ ਤੋਂ ਸ਼ਸਤਰ ਵਿੱਦਿਆ ਅਤੇ ਗੰਗਾ ਸਹਿਗਲ ਜੀ ਨੇ ਘੋੜਸਵਾਰੀ ਦੇ ਦਾਅ ਦੱਸੇ। ਇੱਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਕੇ ਸਿੱਖ, ਇਹਨਾਂ ਸਭ ਕਲਾਵਾਂ ਵਿੱਚ ਨਿਪੁਨ ਹੋ ਚੁੱਕੇ ਸਨ ਤਾਂ ਹੀ ਤਾਂ ਉਹ ਅੱਗੇ ਸਿੱਖਿਆ ਦੇਣ ਦੇ ਯੋਗ ਹੋਏ।

ਹੁਣ ਜ਼ਰਾ ਇਹ ਸੋਚੋ ਕਿ ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਗੁਰੂ ਰਾਮਦਾਸ, ਗੁਰੂ ਅਮਰਦਾਸ , ਗੁਰੂ ਅੰਗਦ ਸਾਹਿਬ ਅਤੇ ਗੁਰੂ ਨਾਨਕ ਪਾਤਸ਼ਾਹ ਹੀ ਹਨ, ਜਿਨ੍ਹਾਂ ਨੂੰ ਸਾਡੇ ਸਿੱਖ ਇਹ ਮੰਨਦੇ ਹਨ ਕਿ ਸ਼ਸਤਰਾਂ ਨਾਲ਼ ਕੋਈ ਲੈਣ-ਦੇਣ ਨਹੀਂ ਸੀ। ਫਿਰ ਇਹ ਗੁਰਸਿੱਖ ਕਦੋਂ ਤੇ ਕਿੱਥੇ ਮਾਹਰ ਬਣ ਗਏ ? ਹੁਣ ਚੇਤਨਾ ਨੂੰ ਮੱਲ ਅਖਾੜਿਆਂ ਵਿੱਚ ਲੈ ਕਿ ਜਾਓ, ਗੁਰਮੁਖੀ ਦੀ ਪਾਠਸ਼ਾਲਾ ਵਿੱਚ ਲੈ ਕਿ ਜਾਓ ਅਤੇ ਮੰਜੀ ਢਾਂਚੇ ਦੀ ਪ੍ਰਸ਼ਾਸਨ ਕਲਾ ਤਕ ਲੈ ਕੇ ਜਾਓ, ਸਾਨੂੰ ਇਹ ਸਮਝ ਆਵੇਗੀ ਕਿ ਮੀਰੀ-ਪੀਰੀ ਦੀ ਤਿਆਰੀ ਗੁਰੂ ਨਾਨਕ ਦੇ ਦਿਸ਼ਾ-ਨਿਰਦੇਸ਼ ਉੱਤੇ ਦੂਜੇ ਜਾਮੇ ਤੋਂ ਹੀ ਸ਼ੁਰੂ ਹੋ ਗਈ ਸੀ।

ਅਸੀਂ ਭੁੱਲ ਇਹ ਕੀਤੀ ਕਿ ਆਪਣੇ ਇਤਿਹਾਸ ਨੂੰ ਆਪਣੇ ਦਾਰਸ਼ਨਿਕਾਂ ਅਤੇ ਬੁਧੀਜੀਵੀਆਂ, ਜਿਵੇਂ ਕਿ ਹਰਿੰਦਰ ਸਿੰਘ ਮਹਿਬੂਬ, ਸਿਰਦਾਰ ਕਪੂਰ ਸਿੰਘ, ਗਿਆਨੀ ਦਿੱਤ ਸਿੰਘ ਦੇ ਅਨੁਭਵ ਰਾਹੀਂ ਨਾ ਸਮਝ, ਕੇਵਲ ਪੱਛਮੀ ਵਿਦਵਾਨਾਂ ਦੇ ਵਿਹਾਰਿਕ ਤਜ਼ਰਬੇ ਅਤੇ ਅਨੁਭਵਹੀਨ ਵਿਸ਼ਲੇਸ਼ਣ ਨੂੰ ਹੀ ਠੀਕ ਸਮਝੀ ਗਏ। ਏਹੀ ਕਾਰਨ ਹੈ ਕਿ ਜਦੋਂ 'ਅਰਨਸਟ ਟਰੰਪ' ਵਰਗਿਆਂ ਨੇ ਇਹ ਲਿਖਿਆ ਕਿ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਇੱਕ 'ਟਰਨਿੰਗ ਪੁਆਇੰਟ' ਸੀ ਅਤੇ ਉਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੀ ਸਿੱਖੀ ਨਾਲ਼ੋਂ ਸਿੱਖੀ ਵੱਖਰੇ ਰਾਹ ਤੁਰ ਪਾਈ ਤਾਂ ਸਾਡੇ ਆਪਣੇ ਪੱਛਮੀ ਮੁਲਕਾਂ ਵਿੱਚ ਆਪਣੇ ਲਈ ਜ਼ਮੀਨ ਲੱਭ ਰਹੇ ਸਕਾਲਰਾਂ ਨੇ ਵੀ ਏਹੀ ਤੋਤਾ ਰਟਨ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਇਹ ਗੱਲ ਸਾਡੀਆਂ ਪੰਥਕ ਹਸਤੀਆਂ ਨੇ ਵੀ ਇੰਝ ਹੀ ਕਰਨੀ ਸ਼ੁਰੂ ਕਰ ਦਿੱਤੀ। ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਗੁਰੂ ਆਸ਼ੇ ਨੂੰ ਗੁਰਮੁਖ ਹੋ ਕੇ ਹੀ ਸਮਝਿਆ ਜਾ ਸਕਦਾ ਹੈ, ਘੱਟੋ-ਘੱਟ ਸਿੱਖ ਤਾਂ ਇਹ ਗੱਲ ਸਮਝ ਲੈਣ ਕਿ ਇਸ ਤੋਂ ਬਿਨਾ ਸਭ ਖਵਾਰੀ ਤੋਂ ਵੱਧ ਹੋਰ ਕੁਝ ਵੀ ਨਹੀਂ ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਸਿੱਖਾਂ ਨੂੰ ਗੁਰੂ ਨਾਨਕ ਦੇ ਘਰ ਨੂੰ ਜਾਂਦੇ ਹੱਕ-ਸੱਚ ਦੇ ਰਾਹ ਉੱਤੇ ਚੱਲਣ ਦੀ ਕੀਮਤ ਸਿਰ ਦੇ ਕੇ ਚੁਕਾਉਣ ਦਾ ਹੁਨਰ ਸਿਖਾ ਦਿੱਤਾ ਸੀ। ਸਿੱਖਾਂ ਨੇ ਆਪਣੇ ਗੁਰੂ ਨੂੰ ਸ਼ਹੀਦ ਹੁੰਦੇ ਵੇਖਿਆ ਸੀ, ਉਹਨਾਂ ਜਾਣਿਆ ਸੀ ਕਿ ਕਿਵੇਂ ਤੱਤੀ ਤਵੀ ਉੱਤੇ ਬੈਠ ਵੀ ਸ਼ੀਤਲ ਅਤੇ ਨਿਰਮਲ ਰਿਹਾ ਜਾ ਸਕਦਾ ਹੈ, ਉਹਨਾਂ ਸੁਣੀ ਸੀ ਆਪਣੇ ਗੁਰੂ ਨੂੰ ਦਿੱਤੇ ਤਸੀਹਿਆਂ ਦੀ ਕਹਾਣੀ ਅਤੇ ਇਹ ਵੀ ਵੇਖਿਆ ਸੀ ਕਿ ਤਸੀਹੇ 'ਸ਼ਬਦ' ਅੱਗੇ ਹਾਰ ਗਏ ਸਨ। ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਪ੍ਰਤੱਖ ਸਮਝਾ ਦਿੱਤਾ ਸੀ ਕਿ:

**ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥**
**ਮੁਖ ਉਜਲ ਸਦਾ ਸੁਖੀ ਨਾਨਕ ਸਿਮਰਤ ਏਕ॥2॥**
(ਅੰਗ 320)

ਸਿੱਖਾਂ ਨੂੰ ਇਹ ਤਾਂ ਸਮਝਾ ਦਿੱਤਾ ਸੀ ਕਿ ਜਨਮ-ਮਰਨ ਦੀ ਟੇਕ ਸਿਰਫ਼ ਸ਼ਬਦ ਹੀ ਹੈ, ਪਰ ਇਸ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮਨੁੱਖੀ ਸੋਚ ਵਿੱਚ ਮੌਤ ਹੀ ਸਭ ਤੋਂ ਵੱਡਾ ਭੈਅ ਹੈ। ਸੋ ਆਪਣੇ ਗੁਰੂ ਨੂੰ ਸ਼ਹੀਦ ਹੁੰਦਾ ਵੇਖ ਜੋ ਨਵਚੇਤਨਾ ਨੇ ਸਿੱਖਾਂ ਦੇ ਮਨਾਂ ਵਿੱਚ ਜਨਮ ਲਿਆ ਸੀ ਉਹ ਕੋਈ ਵੀ ਦਿਸ਼ਾ ਲੈ ਸਕਦੀ ਸੀ। ਭਾਵ ਜ਼ੁਲਮ ਦਾ ਐਸਾ ਕਰੂਪ ਚਿਹਰਾ ਵੇਖ ਓਹਨਾਂ ਦਾ ਭਰੋਸਾ, ਕਿ ਜ਼ੁਲਮ ਉੱਤੇ ਸੱਚਾਈ ਜਿੱਤ ਸਕਦੀ ਹੈ, ਟੁੱਟ ਸਕਦਾ ਸੀ; ਹਲੂਣੇ ਹੋਏ ਹਿਰਦੇ ਉਦਾਸੀ ਵੱਲ ਜਾਂਦੇ ਇਸ ਦੁਨਿਆਵੀ ਮਾਇਆ ਨੂੰ ਛੱਡ ਬੈਰਾਗੀ ਵੀ ਹੋ ਸਕਦੇ ਸਨ; ਗੁਰੂ ਨਾਨਕ ਸਾਹਿਬ ਦੇ ਸਮੇਂ ਵਿੱਚ ਗ਼ੈਬੀ-ਸ਼ਕਤੀਆਂ ਦੇ ਇੰਤਜ਼ਾਰ ਵਿੱਚ ਏਹੀ ਲੋਕ ਤਾਂ ਕੁੱਟ ਖਾ ਰਹੇ ਸੀ, ਉਹ ਮੁੜ ਓਸੇ ਖੂਹ ਵਿੱਚ ਡਿੱਗ ਸਕਦੇ ਸਨ। ਸੋ ਇਸ ਚੇਤਨਾ ਨੂੰ ਸਹੀ ਦਿਸ਼ਾ ਦੇਣਾ ਜ਼ਰੂਰੀ ਸੀ।

ਚਲਦਾ.....

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 32 'ਤੇ ਪੜ੍ਹੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?**

**ਗੁਰਬਾਣੀ ਨੂੰ ਗਾਉਣ ਦਾ ਵੀ ਹੁਕਮ ਹੈ:**

ਨਿਮਰਤਾ ਸਰੂਪ ਸਤਿਗੁਰੂ ਜੀ ਬੇਨਤੀ ਫੁਰਮਾਉਂਦੇ ਹਨ ਕਿ ਪਵਿਤ੍ਰ ਤੇ ਅੰਮ੍ਰਿਤ ਬਾਣੀ ਨੂੰ ਸਦਾ ਗਾਓ। "ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ॥3॥ ਅੰਗ 545"। ਹੇ ਭਾਈ! ਗੁਰਬਾਣੀ ਗਾਵੋ ਜੋ ਕਿ ਸ੍ਰੇਸ਼ਟ ਫਲ ਤੇ ਸਦਾ ਸੁਖ ਦੇਣ ਵਾਲ਼ੀ ਹੈ। "ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥ ਅੰਗ 628"। ਗੁਰੂ ਦਾ ਹੁਕਮ ਮੰਨੋ ਤੇ ਸਦਾ ਥਿਰ ਬਾਣੀ ਨੂੰ ਗਾਓ। "ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਅੰਗ 918"। ਸਤਿਗੁਰੂ ਅਮਰ ਦਾਸ ਜੀ ਅੱਗੇ ਫੁਰਮਾਉਂਦੇ ਹਨ ਕਿ ਆਵੋ ਸਤਿਗੁਰੂ ਦੇ ਪਿਆਰੇ ਸਿੱਖੋ! ਸਦਾ-ਥਿਰ ਰਹਿਣ ਵਾਲ਼ੀ ਬਾਣੀ ਨੂੰ ਗਾਵੋ। ਆਪਣੇ ਗੁਰੂ ਦੀ ਬਾਣੀ ਗਾਵੋ, ਜੋ ਕਿ ਸਭ ਬਾਣੀਆਂ ਵਿਚੋਂ ਸ਼ਿਰੋਮਣੀ ਹੈ। ਜਿਨ੍ਹਾਂ ਬੰਦਿਆਂ ਉਤੇ ਪ੍ਰਭੂ ਦੀ ਦਇਆ ਦ੍ਰਿਸ਼ਟੀ ਹੋਵੇ, ਬਖ਼ਸ਼ਿਸ਼ ਹੋਵੇ, ਬਾਣੀ ਉਹਨਾਂ ਦੇ ਹਿਰਦੇ ਵਿਚ ਸਮਾ ਜਾਂਦੀ ਹੈ। ਪ੍ਰਭੂ ਦਾ ਨਾਮ ਅੰਮ੍ਰਿਤ ਪੀਓ (ਭਾਵ ਰਸਨਾ ਨਾਲ਼ ਸਿਮਰੋ), ਸਦਾ ਪ੍ਰਭੂ ਦੇ ਪਿਆਰ ਵਿਚ ਰਹੋ ਤੇ ਧਰਤੀ ਦੇ ਆਸਰੇ ਪ੍ਰਭੂ ਨੂੰ ਜਪਦੇ ਰਹੋ। ਸਤਿਗੁਰੂ ਜੀ ਸਾਨੂੰ ਪਰਪੱਕ ਕਰਦੇ ਹਨ ਕਿ ਇਸ ਸੱਚੀ ਬਾਣੀ ਨੂੰ ਸਦਾ ਗਾਵੋ।

**"ਆਵਹੁ ਸਿਖ ਸਤਿਗੁਰੂ ਕੇ**
**ਪਿਆਰਿਹੋ ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ**
**ਸਿਰਿ ਬਾਣੀ ॥**
**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ**
**ਤਿਨਾ ਸਮਾਣੀ ॥**
**ਪੀਵਹੁ ਅੰਮ੍ਰਿਤੁ ਸਦਾ ਰਹਹੁ**
**ਹਰਿ ਰੰਗਿ ਜਪਿਹੁ ਸਾਰਿਗਪਾਣੀ ॥**

ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥23॥ ਅੰਗ 920"। ਅੰਗ 305 ਤੇ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ... ਵਾਲ਼ੇ ਸਲੋਕ ਵਿਚ ਸਤਿਗੁਰੂ ਰਾਮ ਦਾਸ ਜੀ ਸਿੱਖ ਦੇ ਗੁਣ ਦੱਸਦਿਆਂ ਇਕ ਗੁਣ ਇਹ ਵੀ ਦੱਸਦੇ ਹਨ ਕਿ ਸਿੱਖ ਉਹ ਹੈ ਜੋ ਦਿਨ ਚੜ੍ਹੇ ਗੁਰਬਾਣੀ ਗਾਵੇ ਤੇ ਬਹਿੰਦਿਆਂ ਉਠਦਿਆਂ (ਭਾਵ ਹਰ ਵਕਤ) ਹਰੀ ਨਾਮ ਨੂੰ ਧਿਆਉਂਦਾ ਹੈ। "ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥"। ਪੰਚਮ ਪਾਤਿਸ਼ਾਹ ਦਾ ਹੁਕਮ ਹੈ ਕਿ ਹਰ ਰੋਜ਼ ਸੁਤੇ ਉੱਠ ਕੇ ਪ੍ਰਭੂ ਦੀ ਬਾਣੀ ਗਾਓ ਅਤੇ ਹਰ ਵਕਤ ਪ੍ਰਭੂ ਦਾ ਸਿਮਰਨ ਕਰੋ। "ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮ-ਰਹੁ ਪ੍ਰਾਣੀ ।2॥ ਅੰਗ 1340"। ਜੋ ਮਨੁੱਖ ਰਾਤ ਦਿਨ ਗੁਰੂ ਦੀ ਬਾਣੀ ਗਾਉਂਦਾ ਰਹਿੰਦਾ ਹੈ, ਉਹ ਆਤਮਿਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੀ ਭਗਤੀ ਕਰਦਾ ਰਹਿੰਦਾ ਹੈ। "ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥2॥ ਅੰਗ 109"। ਸਤਿਗੁਰੂ ਜੀ ਬਚਨ ਕਰਦੇ ਹਨ ਕਿ ਹੇ ਪ੍ਰਭੂ ! ਜੇ ਤੈਨੂੰ ਭਾਵੇ ਤਾਂ ਹੀ ਮੈਂ ਬਾਣੀ ਗਾ ਸਕਦਾ ਹਾਂ। "ਤੁਧੁ ਭਾਵੈ ਤਾ ਗਾਵਾ ਬਾਣੀ ॥ ਅੰਗ 180"। ਸਤਿਗੁਰੂ ਜੀ ਬਚਨ ਕਰਦੇ ਹਨ ਕਿ ਮੈਂ ਪ੍ਰਭੂ ਦੇ ਗੁਣ ਗਾਉਂਦਾ ਹਾਂ, ਪ੍ਰਭੂ ਦੇ ਗੁਣ ਸੰਯੁਕਤ ਬਾਣੀ ਉਚਾਰਦਾ ਹਾਂ। ਗੁਰੂ ਅਨੁਸਾਰੀ ਨੇ ਹਰੀ ਦੇ ਗੁਣਾਂ ਵਾਲ਼ੀ ਬਾਣੀ ਨੂੰ ਆਖ ਕੇ ਉਚਾਰਨ ਕੀਤਾ ਹੈ। "ਗੁਣ ਗਾਵਾ ਗੁਣ ਬੋਲੀ ਬਾਣੀ॥ ਗੁਰਮੁਖਿ ਹਰਿ ਗੁਣ ਆਖਿ ਵਖਾਣੀ ॥1॥ ਅੰਗ 367"। ਜਿਹੜੀ ਸਤ-ਸੰਗਣ ਸਹੇਲੀ ਗੁਰੂ ਦੀ ਆਨੰਦ ਮਈ ਬਾਣੀ ਗਾਉਂਦੀ ਹੈ ਉਹ ਸਦਾ-ਥਿਰ ਸ਼੍ਰੋਮਣੀ ਪ੍ਰਭੂ ਦੇ ਮਨ ਨੂੰ ਚੰਗੀ ਲੱਗਦੀ ਹੈ। "ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥2॥ ਅੰਗ 396" ਸਤਿਗੁਰੂ ਦੀ ਬਾਣੀ ਗਾਉਣ ਨਾਲ਼ ਨਿਤ (ਅੰਦਰ) ਅਨਹਦ (ਬਿਨਾ ਵਜਾਏ) ਧੁਨੀ ਗੂੰਜਦੀ ਹੈ। ਹੇ ਨਾਨਕ! ਦਾਤਾਰ ਪ੍ਰਭੂ ਨੇ ਇਹ ਦਾਤ ਦਿੱਤੀ ਤੇ ਮੇਰੀ ਜੋਤਿ (ਆਤਮਾ) ਜੋਤੀ ਪ੍ਰਭੂ 'ਚ ਸਮਾ ਗਈ। "ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥ ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥1॥ ਅੰਗ 442"। ਹੇ ਭਾਈ ਗੁਰਬਾਣੀ ਨੂੰ ਗਾਓ। ਉਹ ਸ੍ਰੇਸ਼ਟ ਫਲ (ਮਨੁੱਖਾ ਜਨਮ ਨੂੰ ਸਫਲ ਕਰਨ ਵਾਲ਼ੀ) ਤੇ ਸੁਖ ਦੇਣ ਵਾਲ਼ੀ ਹੈ। "ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥ ਅੰਗ 628"। ਪੂਰੇ ਗੁਰੂ ਦੀ ਬਾਣੀ ਇਸ ਕਰਕੇ ਵੀ ਗਾਉਣੀ ਹੈ ਕਿਉਂਕਿ ਇਹ ਪਾਰਬ੍ਰਹਮ ਦੇ ਮਨ ਨੂੰ ਭਾਉਂਦੀ ਹੈ। ਦਾਸ ਨਾਨਕ ਨੇ ਇਹ ਪਵਿਤ੍ਰ ਤੇ ਨਾ ਕਥੇ ਜਾਣ ਵਾਲ਼ੀ ਕਹਾਣੀ ਉਚਾਰਨ ਕੀਤੀ ਹੈ। "ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥ ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ॥2॥18॥82॥ ਅੰਗ 629"। ਜਿਨਾਂ ਨੂੰ ਪ੍ਰਭੂ ਨੇ ਸਾਧਸੰਗਤਿ ਨਾਲ਼ ਮੇਲ ਕਰਾ ਕੇ ਗੁਰਬਾਣੀ ਗਾਵਾਈ, ਉਹਨਾਂ ਨੇ ਗੁਰਬਾਣੀ ਗਾ ਕੇ ਸਭ ਤੋਂ ਉੱਚੀ ਆਤਮਿਕ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ) ਅਵਸਥਾ ਪ੍ਰਾਪਤ ਕਰ ਲਈ ਤੇ ਸੰਤਾਂ ਨੂੰ ਮਿਲ ਕੇ ਸੋਹਣੇ ਲੱਗਣ ਲੱਗ ਪਏ। ਉਹਨਾਂ ਦੇ ਸਰੀਰ ਅੰਦਰੋਂ ਕ੍ਰੋਧ ਤੇ ਮਮਤਾ ਦੂਰ ਹੋ ਗਈ, ਪਖੰਡ ਤੇ ਮਾਇਆ ਦਾ ਭਰਮ ਦੂਰ ਹੋ ਗਿਆ; ਅੰਦਰੋਂ ਹਉਮੈ ਦੀ ਪੀੜ ਚਲੀ ਗਈ, ਪਰਮ ਆਨੰਦ ਪ੍ਰਾਪਤ ਹੋ ਗਿਆ ਤੇ ਸਰੀਰ ਰੋਗ ਰਹਿਤ ਹੋ ਗਿਆ। "ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥ ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥ ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥ ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥2॥ ਅੰਗ 773"। ਹੇ ਨਾਨਕ! ਗੁਰੂ ਦੀ ਕਿਰਪਾ ਨਾਲ਼ ਉਹਨਾਂ ਨੇ ਗੁਣਾਂ ਦੇ ਮਾਲਕ ਡੂੰਘੇ ਜਿਗਰੇ ਵਾਲ਼ੇ ਪ੍ਰਭੂ ਨੂੰ ਪਛਾਣ ਲਿਆ। ਪ੍ਰਭੂ ਦੇ ਗੁਣ ਗਾ ਕੇ, ਮੂੰਹੋਂ ਪ੍ਰਭੂ ਦੀ ਬਾਣੀ ਉਚਾਰ ਕੇ ਨਿਰਮਲ ਪ੍ਰਭੂ ਦੀ ਪ੍ਰਾਪਤੀ ਕਰ ਲਈ। "ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਅੰਗ 774"। ਇਸ ਜਨਮ ਦਾ ਇਹੀ ਲਾਭ ਹੈ ਕਿ ਬੰਦਾ ਸਦਾ ਥਿਰ ਬਾਣੀ ਰਾਹੀਂ ਹਰ ਵੇਲੇ ਪ੍ਰਭੂ ਦੇ ਗੁਣ ਗਾਵੇ। "ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥3॥ ਅੰਗ 1053"। (ਭਗਤ ਜਨ) ਸੱਚੀ ਬਾਣੀ ਰਾਤ ਦਿਨ ਗਾਉਂਦੇ ਹਨ; ਪ੍ਰਭੂ ਦਾ ਨਾਮ ਗਰੀਬਾਂ ਲਈ ਸਰਮਾਇਆ ਹੈ। "ਸਾਚੀ ਬਾਣੀ ਅਨਦਿਨੁ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ ॥12॥ ਅੰਗ 1053"।

**ਬਾਣੀ ਨੂੰ ਸੱਚ ਕਰਕੇ ਮੰਨਣ ਦਾ ਹੁਕਮ ਹੈ:**

ਪ੍ਰਭੂ/ਗੁਰੂ ਦੀ ਬਾਣੀ ਸੱਚੀ ਹੈ ਤੇ ਇਸਨੂੰ ਸੱਚ ਕਰਕੇ ਮੰਨਣ ਦਾ ਹੁਕਮ ਹੈ। ਪ੍ਰਭੂ ਦੇ ਕੰਮ ਸੱਚੇ (ਅਟੱਲ) ਹਨ ਤੇ ਉਸਦੀ ਬਾਣੀ ਵੀ ਸੱਚੀ ਹੈ। "ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਅੰਗ 284"। ਸਤਿਗੁਰੂ ਦੀ ਬਾਣੀ ਸੱਚੇ ਪ੍ਰਭੂ ਦਾ ਸਰੂਪ ਹੈ ਤੇ ਸਤਿਗੁਰੂ ਦੀ ਬਾਣੀ ਰਾਹੀਂ (ਸਤਿ ਸਰੂਪ) ਬਣ ਜਾਈਦਾ ਹੈ, ਭਾਵ ਪ੍ਰਭੂ ਦਾ ਰੂਪ ਹੋ ਜਾਈਦਾ ਹੈ। "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ ਅੰਗ 304"। ਸਤਿ ਸਰੂਪ ਕਿਉਂ ਹੈ? ਕਿਉਂਕਿ ਬਾਣੀ ਨਿਰੰਕਾਰ (ਰੂਪ) ਹੈ ਤੇ ਬਾਣੀ ਜਿੱਡਾ ਹੋਰ ਕੋਈ ਨਹੀਂ ਹੈ। "ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ ਅੰਗ 515"। ਗੁਰਸਿਖੋ ਸਤਿਗੁਰੂ ਦੀ ਬਾਣੀ ਨੂੰ ਸਤਿ ਕਰਕੇ ਜਾਣੋ; ਕਰਤਾ ਪੁਰਖ ਆਪ ਸਤਿਗੁਰੂ ਦੇ ਮੁਖਾਰਵਿੰਦ 'ਚੋਂ ਇਹ ਬਾਣੀ ਕਢਾਉਂਦਾ ਹੈ। ਗੁਰਬਾਣੀ ਨੂੰ ਸਤਿ ਕਰਕੇ ਜਾਨਣ ਨਾਲ਼ ਆਤਮਾ ਪ੍ਰਭੂ 'ਚ ਲੀਨ ਹੋ ਜਾਂਦੀ ਹੈ।

**ਬਾਕੀ ਹਿਸਾ ਅਗਲੇ ਹਫ਼ਤੇ**

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £105
1 YEAR ---- £205

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME........................................................................
ADDRESS..................................................................
..............................................POST CODE.......................
TEL...........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85


*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

## ਸੈਂਟ ਜੋਹਨ ਚ 'ਕੈਨੇਡਾ ਗੇਮਜ' ਦਾ ਧੂਮ ਧੜੱਕੇ ਨਾਲ ਆਗਾਜ਼ ਉਦਘਾਟਨੀ ਰਸਮਾਂ ਮੌਕੇ ਬਣਿਆ ਜਸ਼ਨ ਵਾਲਾ ਮਾਹੌਲ



ਵੈਨਕੂਵਰ-(ਮਲਕੀਤ ਸਿੰਘ)- ਕੈਨੇਡਾ ਦੇ ਪੂਰਬੀ ਹਿੱਸੇ ਦੇ ਸਮੁੰਦਰੀ ਕਿਨਾਰੇ ਤੇ ਸਥਿਤ ਕੁਦਰਤੀ ਖੂਬਸੂਰਤੀ ਨਾਲ ਸ਼ਿੰਗਾਰੇ ਸੈਂਟ ਜੋਹਨ ਸ਼ਹਿਰ ਚ ਕਰਵਾਈਆਂ ਜਾਣ ਵਾਲੀਆਂ ਕੈਨੇਡਾ ਗੇਮਜ ਦਾ ਰਸਮੀ ਤੌਰ ਤੇ ਧੂਮ ਧੜੱਕੇ ਨਾਲ ਸ਼ਾਨਦਾਰ ਆਗਾਜ਼ ਕੀਤਾ ਗਿਆ। ਇਸ ਮੌਕੇ ਤੇ ਜਸ਼ਨ ਵਾਲਾ ਮਾਹੌਲ ਸਿਰਜਿਆ ਨਜਰੀ ਆਇਆ। 17 ਦਿਨ ਲਗਾਤਾਰ ਚੱਲਣ ਵਾਲੇ ਖੇਡਾਂ ਦੇ ਇਸ ਮਹਾਨ ਕੁੰਭ ਚ ਸ਼ਹਿਰ ਦੇ ਵੱਖ-ਵੱਖ ਸਟੇਡੀਅਮਾਂ, ਗਰਾਊਂਡਾਂ ਅਤੇ ਸਵਿਮਿੰਗ ਪੂਲਾਂ ਤੇ ਅਧਾਰਤ ਕੁੱਲ 7 ਜੋਨ ਬਣਾਏ ਗਏ ਹਨ ਜਿੱਥੇ ਵੱਖ-ਵੱਖ ਖੇਡਾਂ ਨਾਲ ਜੁੜੇ ਖਿਡਾਰੀ ਆਪੋ ਆਪਣੇ ਸਰੀਰਕ ਜੌਹਰਾਂ ਦਾ ਪ੍ਰਦਰਸ਼ਨ ਕਰਨਗੇ।

ਲੜੀਵਾਰ ਨਾਵਲ




ਕਮਲ ਗਿੱਲ

Mob : +44 07454 394684

# ਗੰਧਲੇ ਰਿਸ਼ਤੇ

**"ਚਾਚਾ ਜੀ ਨੇ ਵੀ ਬਹੁਤ ਸਾਰੀਆਂ ਗੱਲਾਂ ਤੋਂ ਪਰਦੇ ਚੁੱਕੇ। ਬਹੁਤੀ ਵਾਰ ਮੈਂ ਉਨ੍ਹਾਂ ਗੱਲਾਂ ਬਾਰੇ ਪਰਮ ਤੋਂ ਪੁੱਛਦੀ ਤਾਂ ਭੜਕ ਪੈਂਦਾ ਤੇ ਚਾਚੇ ਹੁਰਾਂ ਨੂੰ ਮੰਦਾ ਚੰਗਾ ਬੋਲਣ ਲੱਗ ਜਾਂਦਾ । ਇੱਕ ਵਾਰ ਤਾਂ ਇੱਥੋਂ ਤੱਕ ਵੀ ਆਖ ਦਿੱਤਾ ਕਿ ਜੇ ਉਨ੍ਹਾਂ ਦੀਆਂ ਗੱਲਾਂ ਸੁਣਨੀਆਂ ਹਨ ਤਾਂ ਮੈਨੂੰ ਛੱਡ ਦੇ। ਪਰ ਮੈਂ ਉਨ੍ਹਾਂ ਦੀਆਂ ਗੱਲਾਂ ਸਾਡੇ ਦੋਹਾਂ ਵਿੱਚ ਲੈ ਕੇ ਨਹੀਂ ਆਂਉਦੀ ਸੀ ਇਹੀ ਸੋਚਦੀ ਕਿ ਉਹ ਤਾਂ ਉਸ ਦਾ ਪਾਸਟ ਸੀ। ਮਾਂ ਵੀ ਇਹੀ ਆਖਦੀ ਪੁਰਾਣੀਆ ਗੱਲਾਂ 'ਤੇ ਨਾ ਜਾਈ ਉਸ ਦਾ ਬਿਹੇਵ ਹੁਣ ਤੇਰੇ ਨਾਲ ਕਿਵੇਂ ਹੈ ਇਹ ਗੱਲ ਮਾਈਨੇ ਰੱਖਦੀ ਹੈ, ਪੰਜ ਸਾਲ ਪਹਿਲਾਂ ਕੀਤੀਆਂ ਗਲਤੀਆਂ ਨਹੀਂ।'' ਇਹੀ ਸੋਚ ਕੇ ਮੈਂ ਅਗਾਂਹ ਵੱਧ ਜਾਂਦੀ ਕਿ ਕੋਈ ਨਾ ਜੋ ਹੋਇਆ ਉਹ ਉਸ ਦਾ ਪਾਸਟ ਸੀ।"**




## ਕਿਸ਼ਤ-37

ਡਵੋਰਸ ਤੋ ਬਾਅਦ ਦੀ ਸੈਟਲਮੈਨਟ ਵਾਲੇ ਤੇ ਮੇਰੇ ਨਾਲ ਫਰਵਰੀ 'ਚ ਕੋਰਟ ਮੈਰਿਜ ਕਰਨ ਦਾ ਵਾਅਦਾ ਉਸ ਨੇ ਕਰ ਲਿਆ। ਉਸ ਦੇ ਇਸ ਵਾਅਦੇ 'ਤੇ ਮੈ ਖੁਸ਼ ਹੋ ਗਈ। ਮੈਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਚਲੋ ਜੇ ਇਸ ਨਾਲ ਹੀ ਜ਼ਿੰਦਗੀ ਕੱਟਣੀ ਹੈ ਤਾਂ ਘੱਟੋ-ਘੱਟ ਆਪਣਾ ਇੱਕ ਵਜੂਦ ਤਾਂ ਹੋਵੇਗਾ, ਇੱਕ ਸਟੇਟਸ ਤਾਂ ਹੋਵੇਗਾ।''

ਖੈਰ ਉਸ ਦੀਆਂ ਕੁੱਝ ਸ਼ਰਤਾਂ ਸਨ ਕੋਰਟ ਮੈਰਿਜ ਦੀਆਂ ਤੇ ਮੈਂ ਬਿਨਾਂ ਕੁਝ ਕਿੰਤੂ-ਪ੍ਰਤੂੰ ਕੀਤਿਆਂ ਉਹ ਵੀ ਮੰਨ ਲਈਆਂ।

"ਹੈਂ! ਸ਼ਰਤਾਂ !!!!'' "ਮੈ ਹੈਰਾਨ ਹੋ ਕੇ ਪੁੱਛਿਆ।

'ਹਾਂ ਉਸ ਨੇ ਕਿਹਾ ਕਿ ਮੈਂ ਕੋਰਟ ਮੈਰਿਜ ਕਰਾਂਗਾ ਪਰ ਪ੍ਰੀਨਪ ਕਰਕੇ, ਭਾਵ ਕਿ ਲਿੱਖ- ਲਿਖਾਇਆ ਕਰਾਂਗਾ ਕਿ ਤੂੰ ਆਹ ਲੈ ਸਕਦੀ ਆਹ ਨਹੀਂ, ਤੇਰੇ ਆਹ-ਆਹ ਹੱਕ ਹੋਣਗੇ, ਆਹ-ਆਹ ਨਹੀਂ ਕੋਰਟ ਮੈਰਿਜ ਤੋਂ ਬਾਅਦ ।''

"ਕਾਂਟ ਬਲੀਵ ਇਟ! ਤੇ ਤੁਸੀਂ ਹਾਂ ਵੀ ਕਰ ਦਿੱਤੀ?'' "ਮੈਂ ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਹੈਰਾਨ ਹੋ ਰਹੀ ਸੀ।

"ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਬੰਦਾ ਪਹਿਲੀ ਜਨਾਨੀ ਤੋਂ ਡਰਿਆ ਹੋਇਆ ਹੈ, ਇਸੇ ਲਈ ਇਹ ਸਭ ਹੁਣ ਕਰਾਉਣਾ ਚਾਹੁੰਦਾ ਹੈ ਸੋ ਮੈਂ ਪਤਾ ਨਹੀਂ ਕਿਉਂ ਇਸ ਗੱਲ 'ਚ ਕੋਈ ਹੈਰਾਨ ਨਹੀਂ ਸੀ। ਉਂਝ ਵੀ ਜੇ ਮੈਂ ਸੱਚ ਦੱਸਾਂ ਤਾਂ ਮੈਨੂੰ ਉਸ ਦੀ ਕਿਸੇ ਚੀਜ਼ ਲਈ ਕੋਈ ਲਾਲਚ ਹੈ ਹੀ ਨਹੀਂ ਸੀ ਮਨ 'ਚ। ਮੈਂ ਤਾਂ ਬਸ ਸਾਥ ਭਾਲ ਰਹੀ ਸੀ। ਇੱਕ ਸੱਚਾ ਸਾਥੀ ਜੋ ਦੁੱਖ-ਸੁੱਖ ਸੁਣੇ, ਨਾਲ ਖੜ੍ਹੇ ਬਸ। ਹੋਰ ਮੈਨੂੰ ਉਸ ਕੋਲੋਂ ਕੁਝ ਨਹੀਂ ਚਾਹੀਦਾ ਸੀ।''

"ਪਰ ਤੁਹਾਨੂੰ ਇਹ ਮਹਿਸੂਸ ਨਹੀਂ ਹੋਇਆ ਕਿ ਉਹ ਤੁਹਾਡੇ ਯਕੀਨ ਨੂੰ ਵੀ ਠੋਕਰ ਮਾਰ ਰਿਹਾ ਸੀ! ਮਾਫ ਕਰਨਾ ਮੈਂ ਇਹ ਸੋਚਦੀ ਹਾਂ ਕਿ ਪਹਿਲਾਂ ਹੀ ਲਿੱਖਤ-ਪੜ੍ਹਤ ਕਰ ਕੇ ਕਰਾਇਆ ਗਿਆ ਰਿਸ਼ਤਾ, ਰਿਸ਼ਤਾ ਨਹੀਂ ਇੱਕ ਸੌਦਾ ਹੁੰਦਾ ਹੈ ਕੈਲਾਸ਼ ਜੀ।''

"ਹਾਂ ਮੈਂ ਤੇਰੀ ਗੱਲ ਨਾਲ ਸਹਿਮਤ ਹਾਂ ਬੀਰਾ। ਇਹ ਰਿਸ਼ਤਾ ਸੌਦੇ ਵਾਂਗ ਹੀ ਬਣਾਇਆ ਜਾ ਰਿਹਾ ਸੀ ਉਸ ਵੱਲੋਂ।''''

'''ਫਿਰ ਤੁਸੀ ਉਸ ਦੀ ਹਾਂ ਵਿੱਚ ਹਾਂ ਕਿਉਂ ਮਿਲਾਈ ਜਾ ਰਹੇ ਸੀ, ਉਸ ਦੀਆਂ ਸਾਰੀਆਂ ਸ਼ਰਤਾਂ ਕਿਉਂ ਮੰਨੀ ਜਾ ਰਹੇ ਸੀ!! ਇਹ ਤਾਂ ਇੱਕ ਕਿਸਮ ਦਾ ਸੌਦਾ ਸੀ ਉਸ ਵਲੋ ਤੇ ਤੁਸੀਂ ਉਸ ਸੌਦੇ ਦੇ ਨਫੇ ਨੁਕਸਾਨ ਬਿਨਾਂ ਸਭ ਹਾਂ ਕਰੀ ਜਾ ਰਹੇ ਸੀ!!''

''ਮੈਂ ਪਹਿਲਾਂ ਹੀ ਕਿਹਾ ਬੀਰਾ, ਮੈਂ ਇੰਨਾ ਬਿਖਰੀ ਹੋਈ ਸੀ ਕਿ ਉਸ ਨੂੰ ਗੁਆਉਣ ਤੋਂ ਡਰ ਰਹੀ ਸੀ। ਉਹ ਖ਼ੁਆਬ ਜੋ ਉਸ ਨੇ ਜਾਗਦੀਆਂ ਅੱਖਾਂ ਨਾਲ ਦਿਖਾਏ ਸੀ। ਮੈਨੂੰ ਪਤਾ ਸੀ ਉਹ ਕਦੇ ਪੂਰੇ ਨਹੀਂ ਹੋਣੇ ਪਤਾ ਨਹੀਂ ਫਿਰ ਵੀ ਕਿਉਂ ਮੇਰਾ ਮਨ ਉਸ 'ਤੇ ਭਰੋਸਾ ਕਰਨ ਨੂੰ ਵਾਰ-ਵਾਰ ਮੈਨੂੰ ਕਹਿੰਦਾ।"

''ਉਹ ਭਰੋਸੇ 'ਤੇ ਖਰ੍ਹਾ ਉਤਰਦਾ ?"

"ਨਹੀਂ ਕਦੇ ਵੀ ਨਹੀ! "ਕੈਲਾਸ਼ ਨੇ ਲੰਬਾਂ ਹੌਕਾ ਲਿਆ ਤੇ ਚੁੱਪ ਹੋ ਗਈ। "ਉਹ ਛੋਟੀ-ਛੋਟੀ ਗੱਲ ਤੇ ਖਿੱਝ ਜਾਂਦਾ।''

''ਸਮਾਂ ਆਪਣੀ ਚਾਲੇ ਚੱਲਦਾ ਜਾ ਰਿਹਾ ਸੀ। ਉਸ ਦੇ ਸੁਭਾਅ 'ਚ ਦਿਨ-ਪ੍ਰਤੀ-ਦਿਨ ਹੋਰ ਗੁੱਸਾ ਆ ਰਿਹਾ ਸੀ। ਸੱਚ ਦੱਸਾਂ ਤਾਂ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਣ ਲੱਗ ਗਿਆ ਸੀ ਕਿ ਇਸ ਰਿਸ਼ਤੇ 'ਚ ਸੈਕਸ ਤੋਂ ਬਿਨਾਂ ਕੁਝ ਬਚਿਆ ਹੀ ਨਹੀਂ। ਮੈਂ ਬਹੁਤ ਵਾਰ ਉਸ ਨੂੰ ਆਖਦੀ ਕਿ ਤੂੰ ਇੰਨਾਂ ਕਿਉਂ ਬਦਲ ਗਿਆ ਹੈ। ਪਹਿਲਾਂ ਕਿੰਨਾਂ ਚੰਗਾ ਸੀ। ਉਸਨੇ ਮੁੜ ਉਹੀ ਪਹਿਲਾਂ ਵਾਲੀ ਗੱਲ ਦੁਹਰਾਈ, ''ਪੰਜ ਸਾਲ ਤੋ ਕੱਲਾ ਸੀ, ਜਨਾਨੀ ਨਹੀਂ ਫਸਾਉਣੀ ਸੀ। ਮੈਨੂੰ ਚੰਗਾ ਤਾਂ ਬਣਨਾ ਹੀ ਪੈਣਾ ਸੀ, ਨਾਲੇ ਜੋ ਮਾਮ ਮੈਨੂੰ ਸਮਝਾਈ ਗਈ ਉਹੀ ਮੈਂ ਕਰਦਾ ਗਿਆ ਤੇ ਤੂੰ ਫਸ ਗਈ।'' ਉਸ ਦੀ ਗੱਲ ਸੁਣ ਮੈਂ ਖਾਮੋਸ਼ ਹੋ ਗਈ।

''ਮੈਂ ਹੈਰਾਨ ਹੋ ਰਹੀ ਹਾਂ ਕੈਲਾਸ਼ ਜੀ ਇਹ ਸਭ ਤਾਂ ਫਿਲਮਾਂ 'ਚ ਹੀ ਦੇਖਿਆ ਸੀ, ਅਸਲ ਜ਼ਿੰਦਗੀ 'ਚ ਨਹੀਂ।''

"ਹਾਂ ਬੀਰਾ, ਬਿਲਕੁੱਲ ਸੱਚ ਕਹਿ ਰਹੀ ਹੈ ਤੂੰ। ਨਾਲੇ ਜਿਸ ਤਰ੍ਹਾਂ ਦੀ ਜ਼ਿੰਦਗੀ ਮੈਂ ਤੇ ਤਾਜ ਇੱਕਲੇ ਰਹਿ ਕੇ ਜੀਅ ਰਹੇ ਸੀ ਸਾਡੀ ਉਸ ਜ਼ਿੰਦਗੀ 'ਚ ਤਾਂ ਦੂਰ-ਦੂਰ ਤੱਕ ਇਹ ਝੂਠ, ਫਰੇਬ, ਧੋਖਾਦੜੀ, ਚਲਾਕੀ ਕਿਤੇ ਨੇੜੇ-ਤੇੜੇ ਵੀ ਨਹੀਂ ਸੀ।''

"ਤੁਹਾਡੇ ਆਪਣੇ ਮਾਤਾ ਜੀ ਨੂੰ ਕੁਝ ਭਿਣਕ ਪਈ ਸੀ ਹੁਣ ਤੱਕ ਇਸ ਖਰਾਬ ਹੋ ਰਹੇ ਰਿਸ਼ਤੇ ਦੀ?''

"ਮੈ ਤੈਨੂੰ ਦੱਸਣਾ ਭੁੱਲ ਗਈ, ਜਿਸ ਦਿਨ ਸਾਡਾ ਗੁਰੂਘਰ ਪ੍ਰੋਗਰਾਮ ਰੱਖਿਆ ਸੀ ਉਸ ਦੇ ਮਾਂ-ਪਿਓ ਨੇ ਗੁਰੂਘਰ 'ਚ ਸਾਰਿਆਂ ਨੂੰ ਮੇਰੇ ਪਿੰਡ ਦਾ ਵੀ ਪਤਾ ਲੱਗਾ ਸੀ ਕਿ ਭੁੱਲਰਾਂ ਦਾ ਵੱਡਾ ਮੁੰਡਾ ਇੰਡਿਆ ਕਿਹੜੇ ਪਿੰਡ ਵਿਆਹਿਆ ਗਿਆ। ਤੇ ਉਸੇ ਦਿਨ ਉੱਥੇ ਮੇਰੇ ਪਿਤਾ ਜੀ ਦੀ ਮਾਸੀ ਦਾ ਬੇਟਾ ਯਾਨੀ ਮੇਰਾ ਚਾਚਾ-ਚਾਚੀ ਵੀ ਮੌਜੂਦ ਸੀ। ਜਦ ਉਨ੍ਹਾਂ ਨੇ ਪਿੰਡ ਦਾ ਨਾਮ ਸੁਣਿਆ ਤਾਂ ਝੱਟ ਇੰਡੀਆਂ ਮੇਰੀ ਮਾਂ ਨੂੰ ਫੂਨ ਲਾ ਲਿਆ ਕਿ ਇੱਦਾਂ-ਇੱਦਾਂ ਇੱਥੇ ਸਾਡੇ ਜਾਣਕਾਰਾਂ ਦੇ ਆਪਣੀ ਕੁੜੀ ਦੀ ਗੱਲ ਹੋਈ ਹੈ। ਮੇਰੀ ਮਾਂ ਨੇ ਦੱਸਿਆ ਕਿ ਹਾਂਜੀ ਆਪਣੀ ਗੁੱਡੀ ਦਾ ਹੀ ਦੂਜੀ ਵਾਰ ਕੀਤਾ ਹੈ। ਉਹ ਸੁਣ ਕੇ ਬਹੁਤ ਹੈਰਾਨ ਹੋਏ, ਤੇ ਉਸੇ ਦਿਨ ਚਾਚਾ ਜੀ ਨੇ ਮਾਂ ਨੂੰ ਕਾਹਲ ਵਿੱਚ ਆਖ ਦਿੱਤਾ। "ਓਹ ਹੋ! ਤੁਸੀਂ ਕਿੱਥੇ ਫਸ ਗਏ ਇੱਕ ਵਾਰ ਸਾਡੇ ਨਾਲ ਗੱਲ ਤਾਂ ਕਰ ਲੈਂਦੇ ਇਹ ਟੱਬਰ ਬਹੁਤ ਗੰਦਾ ਹੈ। ਬੁੜੇ-ਬੁੜੀ ਨੇ ਕਦੇ ਕੁੜੀ ਵਸਣ ਨਹੀਂ ਦੇਣੀ। ਮੁੰਡਾ ਉਨ੍ਹਾਂ ਦੇ ਹੱਥੇ ਦੀ ਕੱਠਪੁਤਲੀ ਆ। ਇਹ ਬਹੁਤ ਗਲਤ ਹੋ ਗਿਆ । ਨਾਲ ਹੀ ਚਾਚੇ ਨੇ ਸਭ ਤੋਂ ਪਹਿਲਾ ਸਵਾਲ ਇਹੀ ਕੀਤਾ ਕੁੜੀ ਨੇ ਕੋਰਟ ਮੈਰਿਜ ਤਾਂ ਨਹੀਂ ਕੀਤੀ। ਮਾਂ ਨੇ ਕਿਹਾ ਨਹੀਂ ਹਾਲੇ ਨਹੀਂ।ਤਾਂ ਚਾਚੇ ਨੇ ਮਾਣੋ ਸੁੱਖ ਦਾ ਸਾਹ ਲਿਆ। ਸ਼ੁੱਕਰ ਹੈ ਰੱਬ ਦਾ ਬਚ ਗਈ, ਕਰਾਵੇ ਵੀ ਨਾ।

"ਓਹ ਹੋ! ਤੇ ਤੁਹਾਨੂੰ ਪਹਿਲਾਂ ਇੰਨਾਂ ਰਿਸ਼ਤੇਦਾਰਾਂ ਦਾ ਪਤਾ ਨਹੀ ਸੀ?''

"ਇੰਨਾਂ ਪਤਾ ਸੀ ਕਿ ਇੰਗਲੈਂਡ ਵਿੱਚ ਰਹਿੰਦੇ ਹਨ ਪਰ ਇਹ ਨਹੀਂ ਪਤਾ ਸੀ ਕਿ ਕਿੱਥੇ?'' ''ਇਹ ਜਦ ਇੰਡਿਆ ਜਾਂਦੇ ਮਾਂ ਨੂੰ ਮਿਲਦੇ ਸਨ ਪਰ ਮੇਰੇ ਨਾਲ ਸੰਪਰਕ ਨਹੀਂ ਸੀ। ਪਰ ਉਸ ਦਿਨ ਤੋਂ ਬਾਅਦ ਦੁਬਾਰਾ ਗੁਰੂਘਰ ਚਾਚਾ ਜੀ, ਚਾਚੀ ਜੀ ਮਿਲੇ ਮੈਨੂੰ। ਮਿਲ ਕੇ ਬਹੁਤ ਖੁਸ਼ ਹੋਏ ਮੇਰਾ ਨੰਬਰ ਵੀ ਲਿਆ ਤੇ ਘਰ ਵੀ ਸੱਦਿਆ। ਫਿਰ ਮੈਂ ਕਦੇ ਉਨ੍ਹਾਂ ਦੇ ਘਰ ਜਾ ਨਾ ਸਕੀ।''

"ਕਿਉਂ!''

''ਕਿਉਂਕਿ ਮੇਰਾ ਚਾਚਾ ਪਰਮ ਦੇ ਪਿਓ ਦਾ ਕਿਸੇ ਜ਼ਮਾਨੇ 'ਚ ਬੈਸਟ ਫ੍ਰੈਂਡ ਰਿਹਾ ਸੀ। ਇਨ੍ਹਾਂ ਦੋਹਾਂ ਭਰਾਵਾਂ ਦੇ ਵਿਆਹ 'ਤੇ ਵੀ ਚਾਚਾ ਜੀ ਨਾਲ ਇੰਡੀਆ ਗਏ ਸਨ ਬਹੁਤ ਪਿਆਰ ਸੀ ਦੋਹਾਂ ਪਰਿਵਾਰਾ ਦਾ। ਪਰ ਹੋਲੀ ਹੋਲੀ ਚਾਚਾ ਜੀ ਨੂੰ ਬਹੁਤ ਸਾਰੀਆਂ ਗੱਲਾਂ ਦਾ ਪਤਾ ਲੱਗਾ ਤੇ ਉਨ੍ਹਾਂ ਨੇ ਪੈਰ ਪਿਛਾਂਹ ਕਰ ਲਏ। ਤੇ ਇਨ੍ਹਾਂ ਦੀ ਦੁਸ਼ਮਣੀ ਚਾਚਾ ਜੀ ਨਾਲ ਉਦੋਂ ਜ਼ਿਆਦਾ ਵੱਧ ਗਈ ਜਦ ਪਰਮ ਦੀ ਪਹਿਲੀ ਜਨਾਨੀ ਇਨ੍ਹਾਂ ਦੁਬਾਰਾ ਘਰੋਂ ਕੱਢਣ ਤੋਂ ਬਾਅਦ ਚਾਚੇ-ਚਾਚੀ ਕੋਲ ਮਦਦ ਲਈ ਜਾ ਪਹੁੰਚੀ ਤੇ ਚਾਚਾ ਜੀ ਨੇ ਹੀ ਉਸ ਦੀ ਮਦਦ ਕਰਕੇ ਉਸ ਨੂੰ ਘਰ ਦੁਵਾਇਆ ਸੀ ਤੇ ਡਿਵੋਰਸ ਵਿਚ ਵੀ ਉਨ੍ਹਾਂ ਨੇ ਉਸ ਦੀ ਕਾਫੀ ਮਦਦ ਕੀਤੀ।''

''ਮੈਨੂੰ ਅਕਸਰ ਚਾਚੀ ਦਾ ਫੂਨ ਆਉਂਦਾ ਤੇ ਉਸ ਦੀ ਪਹਿਲੀ ਜਨਾਨੀ ਦੀਆਂ ਬਹੁਤ ਸਿਫਤਾਂ ਕਰਦੀ। ਦੱਸਦੀ ਕਿ ਕਿਸ ਤਰ੍ਹਾਂ ਉਸ ਨੇ ਚਾਚੀ-ਚਾਚੇ ਨੂੰ ਦੱਸਿਆ ਸੀ ਕਿ ਉਹ ਅੱਠ ਮਹੀਨੇ ਦੀ ਪ੍ਰੈਗਨੈਂਟ ਸੀ ਤੇ ਕਿਸੇ ਗੱਲ ਤੋਂ ਲੜਾਈ ਹੋਣ 'ਤੇ ਪਰਮ ਦੀ 'ਰੋਕ' ਯਾਨੀ ਉਸ ਦੀ ਮਾਂ ਨੇ ਉਸ ਦੇ ਚਪੇੜਾਂ ਤੱਕ ਮਾਰੀਆਂ ਸਨ।''''

''ਓ ਮਾਈ ਗੋਡ ਕਾਂਟ ਬਲੀਵ ਇਟ, ਇੰਨਾਂ ਗੰਦਾ ਟੱਬਰ।'' "ਮੈਂ ਹੈਰਾਨ ਹੋ ਰਹੀ ਸਾਂ ਗੱਲਾਂ ਸੁਣ ਸੁਣ।

"ਚਾਚਾ ਜੀ ਨੇ ਵੀ ਬਹੁਤ ਸਾਰੀਆਂ ਗੱਲਾਂ ਤੋਂ ਪਰਦੇ ਚੁੱਕੇ। ਬਹੁਤੀ ਵਾਰ ਮੈਂ ਉਨ੍ਹਾਂ ਗੱਲਾਂ ਬਾਰੇ ਪਰਮ ਤੋਂ ਪੁੱਛਦੀ ਤਾਂ ਭੜਕ ਪੈਂਦਾ ਤੇ ਚਾਚੇ ਹੁਰਾਂ ਨੂੰ ਮੰਦਾ ਚੰਗਾ ਬੋਲਣ ਲੱਗ ਜਾਂਦਾ । ਇੱਕ ਵਾਰ ਤਾਂ ਇੱਥੋਂ ਤੱਕ ਵੀ ਆਖ ਦਿੱਤਾ ਕਿ ਜੇ ਉਨ੍ਹਾਂ ਦੀਆਂ ਗੱਲਾਂ ਸੁਣਨੀਆਂ ਹਨ ਤਾਂ ਮੈਨੂੰ ਛੱਡ ਦੇ। ਪਰ ਮੈਂ ਉਨ੍ਹਾਂ ਦੀਆਂ ਗੱਲਾਂ ਸਾਡੇ ਦੋਹਾਂ ਵਿੱਚ ਲੈ ਕੇ ਨਹੀਂ ਆਂਉਦੀ ਸੀ ਇਹੀ ਸੋਚਦੀ ਕਿ ਉਹ ਤਾਂ ਉਸ ਦਾ ਪਾਸਟ ਸੀ। ਮਾਂ ਵੀ ਇਹੀ ਆਖਦੀ ਪੁਰਾਣੀਆ ਗੱਲਾਂ 'ਤੇ ਨਾ ਜਾਈ ਉਸ ਦਾ ਬਿਹੇਵ ਹੁਣ ਤੇਰੇ ਨਾਲ ਕਿਵੇਂ ਹੈ ਇਹ ਗੱਲ ਮਾਈਨੇ ਰੱਖਦੀ ਹੈ, ਪੰਜ ਸਾਲ ਪਹਿਲਾਂ ਕੀਤੀਆਂ ਗਲਤੀਆਂ ਨਹੀਂ।'' ਇਹੀ ਸੋਚ ਕੇ ਮੈਂ ਅਗਾਂਹ ਵੱਧ ਜਾਂਦੀ ਕਿ ਕੋਈ ਨਾ ਜੋ ਹੋਇਆ ਉਹ ਉਸ ਦਾ ਪਾਸਟ ਸੀ।"

"ਫਿਰ ਅਗਾਂਹ ਕੀ ਹੋਇਆ ਕੈਲਾਸ਼ ਜੀ?''

"ਜਨਵਰੀ ਆਈ ਤਾਂ ਮੈਂ ਬਹੁਤ ਸਾਰੇ ਗਿਫਟ ਲੈ ਕੇ ਉਸ ਦੇ ਘਰ ਦੋ ਰਾਤਾਂ ਰਹਿਣ ਲਈ ਪਹੁੰਚ ਗਈ। ਘਰ ਜਾਂਦਿਆ ਮਾਮੀ-ਮਾਮਾ ਆਏ ਹੋਏ ਸਨ। ਹੁਣ ਮੈਂ ਕਾਫੀ ਗੈਪ ਪਾ ਕੇ ਜਾਣ ਲੱਗ ਗਈ ਸੀ। ਮਾਤਾ ਦਾ ਬਦਲਦਾ ਰਵੱਈਆ ਮੈਨੂੰ ਅਨਕੰਫਰਟੇਬਲ ਕਰ ਦਿੰਦਾ ਸੀ।''

''ਖ਼ੈਰ ਉਹ ਖੁਸ਼ ਹੋ ਕੇ ਮੈਨੂੰ ਮਿਲਿਆ, ਮਾਮੀ-ਮਾਮੇ ਨਾਲ ਗੱਲਬਾਤ ਹੋਈ। ਮੇਰਾ ਸਾਮਾਨ ਕਾਰ ਵਿੱਚ ਹੀ ਸੀ ਹਾਲੇ। ਮੇਰੀ ਮਾਂ ਹੁਣ ਦੁਬਾਰਾ ਇੰਡਿਆ ਤੋਂ ਆ ਗਈ ਸੀ ਕੁਝ ਹਫਤੇ ਪਹਿਲਾਂ। ਸੋ ਮਾਂ ਵੀ ਭੁੱਲਰਾਂ ਦੇ ਸਾਰੇ ਟੱਬਰ ਲਈ ਗਿਫਟ ਲੈ ਕੇ ਆਈ ਸੀ।

**ਚਲਦਾ....**

# ਖੋਜੀ ਇਤਿਹਾਸਕਾਰ – ਪ੍ਰਿੰਸੀਪਲ ਸਤਿਬੀਰ ਸਿੰਘ ਨੂੰ ਯਾਦ ਕਰਦਿਆਂ

18 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਬੀਤੀ ਸਦੀ ਦੇ ਦੂਜੇ ਅੱਧ ਵਿੱਚ ਸਿੱਖ ਵਿਦਵਾਨ ਅਤੇ ਸਿੱਖ ਇਤਿਹਾਸ ਦੀ ਰਚਨਾ ਲਈ ਇਕ ਖੋਜੀ ਵਿਦਵਾਨ ਵਜੋਂ ਆਪਣੀ ਪਛਾਣ ਬਨਾਉਣ ਲਈ ਜਾਣੇ ਜਾਂਦੇ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰਮਤਿ ਸਾਹਿਤ ਦੇ ਖੇਤਰ ਵਿੱਚ ਜਿਹੜਾ ਮਾਣ-ਮੱਤਾ ਕਾਰਜ ਕੀਤਾ, ਉਸ ਨੂੰ ਕਦਾਚਿੱਤ ਵੀ ਭੁਲਾਇਆ ਨਹੀਂ ਜਾ ਸਕਦਾ। ਧਰਮ ਦੇ ਖੇਤਰ ਵਿੱਚ ਇਕ ਸ਼ਰਧਾਲੂ ਸਿੱਖ ਵਜੋਂ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਇਤਿਹਸਕ ਖੋਜ ਲਈ ਜਿਹੜੀ ਮਾਣ-ਵਡਿਆਈ ਮਿਲੀ, ਇਹ ਗੁਣ ਅਜੋਕੇ ਇਤਿਹਾਸਕਾਰਾਂ ਵਿੱਚੋਂ ਕਿਸੇ ਵਿਰਲੇ ਕੋਲ ਹੀ ਹੋਵੇਗਾ। ਅਸਲ ਵਿੱਚ ਉਨ੍ਹਾਂ ਇਕ ਸ਼ਰਧਾਵਾਨ ਸਿੱਖ ਵਜੋਂ ਸਿੱਖ ਇਤਿਹਾਸ ਨੂੰ ਵਾਚਿਆ, ਜਦੋਂ ਉਨ੍ਹਾਂ ਇਤਿਹਾਸ ਨੂੰ ਲਿਖਣ ਲਈ ਕਲਮ ਚੁੱਕੀ ਤਾਂ ਉਨ੍ਹਾਂ ਦੀ ਲੇਖਣੀ ਵਿੱਚੋਂ ਵੀ ਇਸ ਗੁਣ ਦੀ ਪ੍ਰਤੱਖ ਝਲਕ ਨਜ਼ਰ ਆਉਂਦੀ ਹੈ। ਸ਼ਾਇਦ ਇਸੇ ਕਰਕੇ ਪੰਥ ਰਤਨ ਸਚਖੰਡਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਿੰਸੀਪਲ ਸਾਹਿਬ ਨੂੰ ਅਥਾਹ ਪਿਆਰ ਕਰਦੇ ਸਨ। ਜਦੋਂ ਪ੍ਰਿੰਸੀਪਲ ਸਾਹਿਬ ਨੇ ਵੱਖ-ਵੱਖ ਸਿਰਲੇਖਾਂ ਅਧੀਨ ਦੱਸ ਪੁਸਤਕਾਂ, ਦੱਸ ਗੁਰੂ ਸਾਹਿਬਾਨਾਂ ਦੀ ਜੀਵਨ ਯਾਤਰਾ ਸਬੰਧੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਹਰਿ ਕੀ ਪੌੜੀ ਤੋਂ ਸਿੱਖ ਜਗਤ ਲਈ ਜਾਰੀ ਕੀਤੀਆਂ ਤਾਂ ਉਨ੍ਹਾਂ ਦੇ ਇਸ ਵਿਲੱਖਣ ਕਾਰਜ ਦੀ ਹਰ ਵਿਚਾਰਵਾਨ ਸਿੱਖ ਨੇ ਭਰਪੂਰ ਪ੍ਰਸ਼ੰਸਾ ਕੀਤੀ।

ਇਸ ਆਧੁਨਿਕ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਦਾ ਜਨਮ ਪਹਿਲੀ ਮਾਰਚ, 1932 ਈ: ਨੂੰ ਭਾਈ ਹਰਨਾਮ ਸਿੰਘ ਦੇ ਘਰ ਬੀਬੀ ਰਣਜੀਤ ਕੌਰ ਦੀ ਕੁੱਖ ਤੋਂ ਜ਼ਿਲ੍ਹਾ ਜਿਹਲਮ (ਪੱਛਮੀ ਪੰਜਾਬ) ਪਾਕਿਸਤਾਨ ਵਿਖੇ ਹੋਇਆ। ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਉਨ੍ਹਾਂ ਦਾ ਪਰਿਵਾਰ ਕਾਨਪੁਰ (ਉੱਤਰ ਪ੍ਰਦੇਸ਼) ਵਿੱਚ ਆ ਵਸਿਆ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਤੋਂ ਐਮ. ਏ. (ਹਿਸਟਰੀ) ਕਰਕੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬਤੌਰ ਲੈਕਚਰਾਰ ਨਿਯੁਕਤੀ ਪ੍ਰਾਪਤ ਕੀਤੀ। ਉਨ੍ਹਾਂ ਦੀ ਰੁਚੀ ਗੁਰਮਤਿ ਸਾਹਿਤ ਅਤੇ ਸਿੱਖ ਇਤਿਹਾਸ ਦੀ ਪੇਸ਼ਕਾਰੀ ਨੂੰ ਨਿਵੇਕਲੇ ਪ੍ਰੀਪੇਖ ਵਿੱਚ ਕਰਨ ਵਿੱਚ ਸੀ। ਇਨ੍ਹਾਂ ਦੋਵਾਂ ਵਿਸ਼ਿਆਂ ਵਿੱਚ ਉਨ੍ਹਾਂ ਡੂੰਘਾ ਅਧਿਐਨ ਕੀਤਾ। ਸਭ ਤੋਂ ਪਹਿਲਾਂ 1957 ਈ: ਵਿੱਚ ਉਨ੍ਹਾਂ ਸਾਡਾ ਇਤਿਹਾਸ ਪਹਿਲਾ ਭਾਗ (ਦੱਸ ਗੁਰੂ ਸਾਹਿਬਾਨ ਤੱਕ) ਅਤੇ 1962 ਈ: ਵਿੱਚ ਦੂਜਾ ਭਾਗ (ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿੱਛੋਂ) ਪ੍ਰਕਾਸ਼ਿਤ ਕੀਤੇ। ਇਸ ਤੋਂ ਪਿੱਛੋਂ ਗੁਰਮਤਿ ਸਾਹਿਤ ਤੇ ਹੋਰ ਅਨੇਕਾਂ ਰਚਨਾਵਾਂ ਦਾ ਦੌਰ ਸ਼ੁਰੂ ਹੋਇਆ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ 62 ਵਰ੍ਹਿਆਂ ਦੀ ਉਮਰ ਤੱਕ ਪੰਜਾਬੀ ਅਤੇ ਅੰਗ੍ਰੇਜ਼ੀ ਪੁਸਤਕਾਂ, ਜਿਨ੍ਹਾਂ ਦੀ ਗਿਣਤੀ ਛੇ ਦਰਜਨਾਂ ਤੋਂ ਵੱਧ ਬਣਦੀ ਹੈ, ਆਪਣੇ ਸੁਹਿਰਦ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਸਾਰੀਆਂ ਪੁਸਤਕਾਂ ਦੇ ਵਿਸ਼ੇ ਗੁਰਬਾਣੀ ਦੀ ਵਿਆਖਿਆ, ਗੁਰ ਇਤਿਹਾਸ, ਸਿੱਖ ਰਹਿਤ ਮਰਿਯਾਦਾ ਅਤੇ ਸ਼੍ਰੋਮਣੀ ਸਿੱਖ ਸ਼ਖ਼ਸੀਅਤਾਂ ਦੇ ਜੀਵਨ ਹਨ। ਪ੍ਰਿੰਸੀਪਲ ਸਾਹਿਬ ਦਾ ਵੱਡਾ ਗੁਰਮਤਿ ਸਾਹਿਤ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਵੱਖ-ਵੱਖ ਪੁਸਤਕਾਂ ਅਲੱਗ-ਅਲੱਗ ਸਿਰਲੇਖਾਂ ਅਧੀਨ ਪੇਸ਼ ਕਰਨਾ ਹੈ।

ਇਸ ਇਤਿਹਾਸਕ ਕਾਰਜ ਦੇ ਨਾਲ-ਨਾਲ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰਮਤਿ ਕਾਲਜ ਪਟਿਆਲਾ ਵਿੱਚ ਬਤੌਰ ਪ੍ਰਿੰਸੀਪਲ ਸੇਵਾ ਬਾਖ਼ੂਬੀ ਨਿਭਾਈ। ਅੱਜ ਗੁਰਮਤਿ ਕਾਲਜ ਪਟਿਆਲਾ ਦੇ ਵਿਦਿਆਰਥੀ ਸਿੱਖ ਧਰਮ ਦੀਆਂ ਵੱਖ-ਵੱਖ ਸੰਸਥਾਵਾਂ ਵਿੱਚ ਸਫ਼ਲਤਾ ਨਾਲ ਕਾਰਜ ਨਿਭਾ ਰਹੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵਜੋਂ ਵੀ ਲੰਬਾ ਸਮਾਂ ਅਹਿਮ ਸੇਵਾ ਨਿਭਾਈ। ਪ੍ਰਿੰਸੀਪਲ ਸਤਿਬੀਰ ਸਿੰਘ ਕਰਨਾਲ ਅਤੇ ਯਮੁਨਾਨਗਰ ਵਿਖੇ ਖ਼ਾਲਸਾ ਕਾਲਜਾਂ ਵਿੱਚ ਵੀ ਬਤੌਰ ਪ੍ਰਿੰਸੀਪਲ ਕਾਰਜਸ਼ੀਲ ਰਹੇ। ਭਾਸ਼ਾ ਵਿਭਾਗ ਪੰਜਾਬ ਵੱਲੋਂ ਇਤਿਹਾਸਕ ਪੁਸਤਕਾਂ ਦੇ ਯੋਗਦਾਨ ਵਜੋਂ ਉਨ੍ਹਾਂ ਨੂੰ 1991 ਈ: ਵਿੱਚ ਸ਼੍ਰੋਮਣੀ ਪੰਜਾਬੀ ਲੇਖਕ ਵਜੋਂ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਇਕ ਅਜਿਹਾ ਨਿਸ਼ਠਾਵਾਨ ਲੇਖਕ ਸੀ, ਜਿੰਨਾ ਸਮਾਂ ਉਹ ਜੀਇਆ, ਉਸ ਨੇ ਗੁਰਮਤਿ ਸਾਹਿਤ ਦੇ



ਰਚੇਤਾ ਵਜੋਂ ਗੁਰੂ ਪੰਥ ਪ੍ਰਤੀ ਸਮਰਪਿਤ ਭਾਵਨਾ ਨਾਲ ਸੇਵਾ ਨਿਭਾਈ। ਆਪਣੇ ਸਮਕਾਲੀ ਸਾਹਿਤਕਾਰਾਂ ਵਿੱਚ ਉਨ੍ਹਾਂ ਨੂੰ ਗੁਰੂ ਘਰ ਦੇ ਸ਼ਰਧਾਵਾਨ ਗੁਰ-ਸਿੱਖ ਲੇਖਕ ਅਤੇ ਵਿਚਾਰਵਾਨ ਵਜੋਂ ਜਿਹੜਾ ਮਾਣ-ਸਨਮਾਨ ਮਿਲਿਆ, ਉਸ ਨੂੰ ਅੱਜ ਵੀ ਬੜੀ ਸ਼ਿਦਤ ਤੇ ਪਿਆਰ ਨਾਲ ਯਾਦ ਕੀਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਡੀਆਂ ਹੋਰ ਅਨੇਕਾਂ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਉਨ੍ਹਾਂ ਵੱਲੋਂ ਦਿੱਤੀਆਂ ਸੇਧਾਂ, ਸਲਾਹਾਂ ਕਰਕੇ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕਰਦੀਆਂ ਹਨ।

ਆਖਰ ਪ੍ਰਿੰਸੀਪਲ ਸਾਹਿਬ 18 ਅਗਸਤ, 1994 ਈ: ਨੂੰ ਦਿਲ ਦੀ ਹਰਕਤ ਬੰਦ ਹੋਣ ਨਾਲ ਪਟਿਆਲਾ ਵਿਖੇ ਇਸ ਫਾਨੀ ਸੰਸਾਰ ਨੂੰ ਛੱਡ ਕੇ ਹਮੇਸ਼ਾਂ ਲਈ ਵਿਦਾ ਹੋ ਗਏ। ਪੰਥਕ ਸਫ਼ਾਂ ਵਿੱਚ ਸੇਵਾ ਨਿਭਾਉਣ ਵਾਲਿਆਂ ਲਈ ਉਨ੍ਹਾਂ ਦਾ ਜੀਵਨ ਪ੍ਰੇਰਨਾ ਸਰੋਤ ਹੈ।

## ਬੇਘਰੇ ਲੋਕ ਤੁਰੰਤ ਰਾਜਧਾਨੀ ਛੱਡ ਕੇ ਚਲੇ ਜਾਣ-ਡੋਨਾਲਡ ਟਰੰਪ ਬੇਘਰਿਆਂ ਨੂੰ ਰਾਜਧਾਨੀ ਤੋਂ ਦੂਰ ਦਿੱਤੀ ਜਾਵੇਗੀ ਜਗਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਰੀ ਇੱਕ ਬਿਆਨ ਵਿੱਚ ਬੇਘਰੇ ਲੋਕਾਂ ਨੂੰ ਕਿਹਾ ਹੈ ਕਿ ਉਹ ਤੁਰੰਤ ਵਾਸ਼ਿੰਗਟਨ, ਡੀ ਸੀ ਛੱਡ ਕੇ ਚਲੇ ਜਾਣ। ਹਾਲਾਂ ਕਿ ਪਿੱਛਲੇ ਸਾਲ ਵਾਸ਼ਿੰਗਟਨ ਡੀ ਸੀ ਵਿੱਚ ਹਿੰਸਕ ਅਪਰਾਧ ਘਟਿਆ ਹੈ ਪਰੰਤੂ ਰਾਸ਼ਟਰਪਤੀ ਨੇ ਸ਼ਹਿਰ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਇੱਕ ਯੋਜਨਾ ਉਪਰ ਕੰਮ ਕਰ ਰਹੇ ਹਨ ਜਿਸ ਤਹਿਤ ਬੇਘਰੇ ਲੋਕਾਂ ਦੀ ਸਮੱਸਿਆ ਨਾਲ ਨਜਿੱਠਿਆ ਜਾਵੇਗਾ। ਉਨਾਂ ਨੇ ਟਰੁੱਥ ਸੋਸ਼ਲ ਮੀਡੀਆ ਉੱਪਰ ਲਿੱਖਿਆ ਹੈ '' ਬੇਘਰੇ ਲੋਕਾਂ ਨੂੰ ਤੁਰੰਤ ਸ਼ਹਿਰ ਛੱਡ ਕੇ ਜਾਣਾ ਪਵੇਗਾ, ਅਸੀਂ ਤੁਹਾਨੂੰ ਰਹਿਣ ਲਈ ਜਗਾ ਦੇਵਾਂਗੇ ਪਰੰਤੂ ਉਹ ਜਗਾ ਰਾਜਧਾਨੀ ਤੋਂ ਦੂਰ ਹੋਵੇਗੀ।''

ਟਰੰਪ ਨੇ ਕਿਹਾ '' ਉਹ ਛੇਤੀ ਇਕ ਯੋਜਨਾ ਦਾ ਐਲਾਨ ਕਰਨ ਵਾਲੇ ਹਨ, ਜਿਸ ਨਾਲ ਸ਼ਹਿਰ ਵਿੱਚ ਅਪਰਾਧ ਤੇ ਗੰਦਗੀ ਦੀ ਸਮੱਸਿਆ ਹੱਲ ਹੋ ਜਾਵੇਗੀ। ਸ਼ਹਿਰ ਦਾ ਆਮ ਨਵੀਨੀਕਰਣ ਹੋਵੇਗਾ ਤੇ ਸ਼ਹਿਰ ਵਿਚਲੇ ਹਾਲਾਤ ਬਦਲ ਜਾਣਗੇ ਜੋ ਕਦੇ ਸਾਡੇ ਸੁੰਦਰ ਤੇ ਵਧੀਆ ਰੱਖ ਰਖਾਵ ਵਾਲੇ ਸ਼ਹਿਰ ਵਿੱਚ ਹੁੰਦੇ ਸਨ।'' ਇਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਨੇ ਬੀਤੇ ਦਿਨ ਅਪਰਾਧ ਬਾਰੇ ਸ਼ਿਕਾਇਤ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਵਾਸ਼ਿੰਗਟਨ ਡੀ ਸੀ ਦੇ ਨਿਯੰਤਰਣ ਨੂੰ ਸੰਘੀ ਪ੍ਰਸਾਸ਼ਨ ਆਪਣੇ ਹੱਥ ਵਿੱਚ ਲੈ ਲਵੇਗਾ। ਉਨਾਂ ਕਿਹਾ ਸੀ '' ਵਾਸ਼ਿੰਗਟਨ ਡੀ ਸੀ ਵਿੱਚ ਅਪਰਾਧ ਮੁਕੰਮਲ ਤੌਰ 'ਤੇ ਕੰਟਰੋਲ ਤੋਂ ਬਾਹਰ ਹੋ ਗਿਆ ਹੈ,ਜੇਕਰ ਇਸੇ ਤਰਾਂ ਹੀ ਜਾਰੀ ਰਿਹਾ ਤਾਂ ਉਹ ਆਪਣੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਸ਼ਹਿਰ ਦਾ ਸੰਘੀਕਰਣ ਕਰ ਦੇਣਗੇ।'' ਇਸ ਤੋਂ ਬਾਅਦ ਟਰੰਪ ਨੇ ਸ਼ਹਿਰ ਵਿੱਚ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਦੀ ਹਾਜਰੀ ਵਧਾਉਣ ਦਾ ਆਦੇਸ਼ ਦਿੱਤਾ ਸੀ।


## ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਇੱਕ ਗ੍ਰੰਥੀ ਸਿੰਘ ਦੀ ਲੋੜ ਹੈ, ਜਿਹੜਾ ਕਥਾ ਕੀਰਤਨ ਕਰ ਸਕਦਾ ਹੋਵੇ, ਤਬਲਾ ਵਜਾਉਣ ਜਾਣਦਾ ਹੋਵੇ ਅਤੇ ਗੁਰੂ ਘਰ ਵਿਖੇ ਹੋਰ ਸੇਵਾਵਾਂ ਦੌਰਾਨ ਹੈਡ ਗ੍ਰੰਥੀ ਦੀ ਮਦਦ ਕਰ ਸਕਦਾ ਹੋਵੇ। ਉਹ ਸਿੱਖ ਮਰਿਯਾਦਾ ਵਿਚ ਪੂਰਾ ਅਤੇ ਨਿਤਨੇਮੀ ਹੋਵੇ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਚਾਹਵਾਨ ਪ੍ਰਚਾਰਕ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰਨ ਜਾਂ ਆਪਣੀਆਂ ਅਰਜ਼ੀਆਂ ਲਿਖ ਕੇ ਭੇਜਣ ਦੀ ਮਿਹਰਬਾਨੀ ਕਰਨ ਜੀ। ਅਰਜ਼ੀਆਂ ਭੇਜਣ ਦੀ ਆਖਰੀ ਤਾਰੀਕ 23 ਅਗਸਤ 2025 ਹੈ।

**1 VACANCY- Job Title: Religious Worker- Tier-5- Full Time**

**Duration**: Contract (1 Year)

**Job Purpose:** To carry out the non-pastoral duties and to assist the Minister of Religion and to meet the service needs of Sikh community.

**Duties & Responsibilities:-** Performing Kirtan, Akhand path, Sehaj path and Kitchen sewa. Be honest, reliable, collect, manage and ensure administration of Ardas money. Must pay the highest respect to the Guru Maharaj ji as well as public (Guru Ki Sadh Sangat) is essential; be present in main hall Saturday/Sunday until the Diwan Samapthy, unless you are required/agreed via Temple elsewhere on duty. Undertake any other reasonable duties/activities in pursuing the Organization's religious programs. On occasions the candidate maybe required to carry out Kirtan for family functions at the homes of the devotees.
- Benefits include full board and lodges. Salary: National Minimum Wage for 30 hours a week.

**Personnel Specification:**
The post holder will need to display the following: 1. Previous experience holding a similar role is essential. 2. Knowledge and understanding of the Sikh Religion and Guru Granth Sahib. 3. Strong motivation and empathy towards the aims and objectives of the organisation. 4. Strong organizational skills. 5. Good communication and interpersonal skills. 6. Ability to work off own initiative as well as within a team. 7. Willingness to work unsocia! hours. Knowledge of musical instruments vastly used in Sikh Faith.

**Other details:** Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.


**Closing Date: 23rd August 2025**

**Apply/ Contact: via Phone 01384 238936, or Email:sdevsingh56@googlemail.com**

**GURDWARA GURU TEG BAHADHUR SAHIB JI**
**7 VICAR STREET, DUDLEY, WEST MIDLANDS, DY2 8RQ**

# ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਤੁਲਨਾ ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਹੱਟਾ ਨਾਲ ਨਹੀਂ ਕੀਤੀ ਜਾ ਸਕਦੀ


ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477

**ਆਰ. ਐੱਸ. ਐੱਸ. ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਖ਼ਾਲਸਾ ਪੰਥ ਤਾਂ ਹਿੰਦੂ ਧਰਮ ਦੀ ਰੱਖਿਆ ਲਈ ਹੀ ਸਾਜਿਆ ਗਿਆ ਸੀ । ਇਹ ਪ੍ਰਚਾਰ ਵੀ ਜ਼ੋਰਾਂ ਸ਼ੋਰਾਂ ਨਾਲ ਕੀਤਾ ਜਾਣ ਲੱਗਾ ਕਿ ਗੁਰੂ ਗੋਬਿੰਦ ਸਿੰਘ ਦੁਰਗਾ ਦੇ ਪੁਜਾਰੀ ਸਨ ਅਤੇ ਉਹ ਗੁਰੂ ਨਾਨਕ ਸਾਹਿਬ ਦੇ ਮਾਰਗ ਤੋਂ ਦੂਰ ਚਲੇ ਗਏ ਸਨ । ਆਰ. ਐੱਸ. ਐੱਸ. ਲਗਾਤਾਰ ਇਸ ਤਰਕ ਉੱਤੇ ਜ਼ੋਰ ਦਿੰਦੀ ਆ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਰਾਸ਼ਟਰੀ ਨਾਇਕ ਹਨ ਜਿਨ੍ਹਾਂ ਨੂੰ ਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਵਰਗੇ ਹਿੰਦੂ ਨਾਇਕਾਂ ਦੇ ਬਰਾਬਰ ਰੱਖਿਆ ਜਾ ਸਕਦਾ ਹੈ ।**



ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ, ਮਹਾਰਾਣਾ ਪ੍ਰਤਾਪ ਤੇ ਸ਼ਿਵਾ ਜੀ ਨਾ ਹੁੰਦੇ ਤਾਂ ਭਾਰਤ ਨਾ ਹੁੰਦਾ, ਪੰਜਾਬ ਦੇ ਰਾਜਪਾਲ (ਤਤਕਾਲੀਨ) ਬਦਨੌਰ ਨੇ ਸੈਮੀਨਾਰ ਦੌਰਾਨ ਵਿਚਾਰ ਪੇਸ਼ ਕੀਤੇ। ਪੰਜਾਬ ਦੇ ਰਾਜਪਾਲ ਵੀ. ਪੀ. ਸਿੰਘ ਬਦਨੌਰ ਨੇ ਆਖਿਆ ਕਿ ਜੇਕਰ ਗੁਰੂ ਗੋਬਿੰਦ ਸਿੰਘ, ਮਹਾਰਾਣਾ ਪ੍ਰਤਾਪ ਤੇ ਸ਼ਿਵਾ ਜੀ ਨਾ ਹੁੰਦੇ ਤਾਂ ਭਾਰਤ ਤੇ ਹਿੰਦੂ ਧਰਮ ‘ਤੇ ਪ੍ਰਸ਼ਨ ਚਿੰਨ੍ਹ ਵਾਲੀ ਗੱਲ ਹੋਣੀ ਸੀ। ਰਾਜਪਾਲ ਨੇ ਕਿਹਾ ਕਿ ਮੱਧ ਏਸ਼ੀਆ ਵਿੱਚ ਚੱਲਣ ਵਾਲੀਆਂ ਤਾਕਤਾਂ ਨੇ ਸਾਰੇ ਇਲਾਕੇ ਨੂੰ ਇਸਲਾਮ ਧਰਮ ਅਪਨਾਉਣ ਲਈ ਮਜਬੂਰ ਕਰ ਦਿੱਤਾ। ਪਰ ਇਸ ਦਾ ਰਾਹ ਇਨ੍ਹਾਂ ਮਹਾਂਪੁਰਸ਼ਾਂ ਨੇ ਰੋਕਿਆ। ਉਨ੍ਹਾਂ ਇਹ ਗੱਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਤਿਹਾਸ ਵਿਭਾਗ ਵਿੱਚ ਕਾਇਮ ਮਹਾਰਾਣਾ ਪ੍ਰਤਾਪ ਚੇਅਰ ਵੱਲੋਂ ਮਹਾਰਾਣਾ ਪ੍ਰਤਾਪ ਦੇ ਜੀਵਨ, ਸਮੇਂ ਤੇ ਵਿਰਾਸਤ ਬਾਰੇ ਕਰਾਏ ਸੈਮੀਨਾਰ ਦੌਰਾਨ ਕਹੀ। (3–5–2018, ਪੰਜਾਬ ਟਾਈਮਜ਼ ਯੂ.ਕੇ. ਦੇ ਸਫ਼ਾ 22 ਉੱਤੇ ਛਪੀ ਇਕ ਖ਼ਬਰ) ਐੱਲ.ਕੇ. ਅਡਵਾਨੀ ਨੇ ਮਾਈ ਕੰਟਰੀ ਮਾਈ ਲਾਈਫ (ਇਹ ਕਿਤਾਬ ਅੰਗ੍ਰੇਜ਼ੀ ਵਿੱਚ ਹੈ) ਦੇ ਸਫ਼ਾ 424–425 ਵਿੱਚ ਕਿਹਾ ਸੀ ਕਿ ਦਸਾਂ ਗੁਰੂਆਂ ਵਿੱਚੋਂ ਅਖੀਰਲੇ ਗੁਰੂ, ਗੁਰੂ ਗੋਬਿੰਦ ਸਿੰਘ ਨੇ ਹਿੰਦੂ ਧਰਮ ਨੂੰ ਕੱਟੜ ਮੁਸਲਮਾਨ ਹਾਕਮਾਂ ਤੋਂ ਬਚਾਉਣ ਲਈ 300 ਸਾਲ ਪਹਿਲਾਂ ਖ਼ਾਲਸਾ ਪੰਥ ਪੈਦਾ ਕੀਤਾ ਸੀ। ਅਪ੍ਰੈਲ 2014 ਵਿੱਚ ਚਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਦੇ ਮਹੂਰਤ ਸਮੇਂ ਉਸ ਵੇਲੇ ਦੇ ਭਾਜਪਾ ਪ੍ਰਧਾਨ ਤੇ ਹੁਣ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਜੇ ਅੱਜ ਹਿੰਦੂ ਧਰਮ ਆਪਣੇ ਸ਼ੁੱਧ ਰੂਪ ਵਿੱਚ ਦਿਖਾਈ ਦਿੰਦਾ ਹੈ ਤਾਂ ਇਹ ਸਿੱਖ ਪੰਥ ਦੇ ਕਾਰਨ ਹੈ। ਖ਼ਾਲਸੇ ਦੇ 300 ਸਾਲਾ ਸਮਾਗਮ ਮਨਾਉਣ ਸਮੇਂ ਆਰ. ਐੱਸ. ਐੱਸ. ਬੜੀ ਧੂਮਧਾਮ ਨਾਲ ਸ਼ਾਮਿਲ ਹੋਈ ਸੀ। ਆਰ. ਐੱਸ. ਐੱਸ. ਨੇ ਇਸ ਪ੍ਰੋਗਰਾਮ ਤਹਿਤ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਜਬ ਲਗ ਖ਼ਾਲਸਾ ਰਹੇ ਨਿਆਰਾ ਤਬ ਲਗ ਭੇਜ ਦੀਊਂ ਮੈਂ ਸਾਰਾ। ਜਬ ਇਹ ਗਹੇਂ ਬਿਪਰਨ ਰੀਤ ਮੈਂ ਨਾ ਕਰੂੰ ਇਨ ਕੀ ਪਰਤੀਤ ਦੇ ਪੈਗ਼ਾਮ ਨੂੰ ਕਿਸੇ ਹੋਰ ਹੀ ਪਾਸੇ ਵੱਲ ਮੋੜ ਦਿੱਤਾ। ਆਰ. ਐੱਸ. ਐੱਸ. ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਖ਼ਾਲਸਾ ਪੰਥ ਤਾਂ ਹਿੰਦੂ ਧਰਮ ਦੀ ਰੱਖਿਆ ਲਈ ਹੀ ਸਾਜਿਆ ਗਿਆ ਸੀ। ਇਹ ਪ੍ਰਚਾਰ ਵੀ ਜ਼ੋਰਾਂ ਸ਼ੋਰਾਂ ਨਾਲ ਕੀਤਾ ਜਾਣ ਲੱਗਾ ਕਿ ਗੁਰੂ ਗੋਬਿੰਦ ਸਿੰਘ ਦੁਰਗਾ ਦੇ ਪੁਜਾਰੀ ਸਨ ਅਤੇ ਉਹ ਗੁਰੂ ਨਾਨਕ ਸਾਹਿਬ ਦੇ ਮਾਰਗ ਤੋਂ ਦੂਰ ਚਲੇ ਗਏ ਸਨ। ਆਰ.ਐੱਸ.ਐੱਸ. ਲਗਾਤਾਰ ਇਸ ਤਰਕ ਉੱਤੇ ਜ਼ੋਰ ਦਿੰਦੀ ਆ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਰਾਸ਼ਟਰੀ ਨਾਇਕ ਹਨ ਜਿਨ੍ਹਾਂ ਨੂੰ ਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਵਰਗੇ ਹਿੰਦੂ ਨਾਇਕਾਂ ਦੇ ਬਰਾਬਰ ਰੱਖਿਆ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਆਰ.ਐੱਸ.ਐੱਸ. ਦੀ ਸ਼ਾਖਾਵਾਂ ਅਤੇ ਕਾਨਫਰੰਸਾਂ ਵਿੱਚ ਇਨ੍ਹਾਂ ਹਿੰਦੂ ਨਾਇਕਾਂ ਦੇ ਬਰਾਬਰ ਗੁਰੂ ਗੋਬਿੰਦ ਸਿੰਘ ਜੀ (ਕਾਲਪਨਿਕ) ਤਸਵੀਰ ਵੀ ਲੱਗੀ ਹੁੰਦੀ ਹੈ। ਪਰ ਉਹ ਇਹ ਨਹੀਂ ਜਾਣਦੇ ਕਿ ਝੂਠ ਦੀਆਂ ਬਾਹਵਾਂ ਬਹੁਤ ਹੁੰਦੀਆਂ ਹਨ ਪਰ ਪੈਰ ਨਹੀਂ ਹੁੰਦੇ। ਆਰ.ਐੱਸ.ਐੱਸ. ਦੀ ਇਹ ਸੋਚੀ–ਸਮਝੀ ਚਾਲ ਹੈ, ਪਹਿਲਾਂ ਉਹ ਇਹ ਦੱਸਣਾ ਚਾਹੁੰਦੇ ਹਨ ਕਿ ਦੱਸ ਗੁਰੂ ਸਾਹਿਬਾਨ ਦਾ ਰੁਤਬਾ ਪੈਗੰਬਰ ਦੇ ਬਰਾਬਰ ਨਹੀਂ ਹੋ ਸਕਦਾ ਅਤੇ ਦੂਸਰਾ ਕਾਰਨ ਹੁਣ ਹਿੰਦੂਤਵੀ ਆਪਣਾ ਨਮੋਸ਼ੀ ਭਰਿਆ ਇਤਿਹਾਸ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਬੁੱਕਲ ਵਿੱਚ ਲੁਕਾਉਣਾ ਚਾਹੁੰਦੇ ਹਨ। ਕਿਉਂਕਿ ਹਿੰਦੂ ਇਤਿਹਾਸਕਾਰਾਂ ਨੂੰ ਸੱਚ ਝੂਠ ਦਾ ਸਭ ਗਿਆਨ ਹੈ ਅਤੇ ਮਿੱਥਹਾਸ ਅਤੇ ਇਤਿਹਾਸ ਦੇ ਵਿੱਚਲੇ ਅੰਤਰ ਨੂੰ ਖ਼ੂਬ ਸਮਝਦੇ ਹਨ। ਹਿੰਦੂ ਇਤਿਹਾਸਕਾਰ ਡਾ. ਸੁਰਿੰਦਰ ਕੁਮਾਰ, ਪੁਸਤਕ, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ ਦੇ ਪੰਨਾ 49 ਉੱਤੇ ਲਿਖਦੇ ਹਨ: ਇਹ ਉਹ ਲੋਕ ਹਨ (ਹਿੰਦੂ) ਜਿਹੜੇ ਇਤਿਹਾਸ ਤੋਂ ਸਬਕ ਸਿੱਖਣ ਦੀ ਥਾਂ ਉਸ ਨੂੰ (ਰਾਜ ਸਤਾ ਦੇ ਬਲਬੂਤੇ ਭਾਵ– The present rules the past) ਆਪਣੇ ਮਨ ਮੁਤਾਬਕ ਚਿੱਤਰਨਾ ਚਾਹੁੰਦੇ ਹਨ, ਦਰਅਸਲ ਇਹੀ ਪਲਾਇਨ ਪਰਵਿਰਤੀ ਪਿਛਲੀਆਂ ਹਾਰਾਂ ਅਤੇ ਗੁਲਾਮੀ ਦੇ ਮੁੱਖ ਕਾਰਨਾਂ ਵਿੱਚੋਂ ਇਕ ਵਧੇਰੇ ਮੁੱਖ ਕਾਰਨ ਹੈ.....ਇਹ ਪਲਾਇਨਵਾਦੀ ਵਰਗ ਬਿਨਾਂ ਕਿਸੇ ਪ੍ਰਾਪ–ਤੀ ਦੇ ਉਸ ਦਾ ਝੂਠਾ ਅਹਿਸਾਸ ਦੇਣਾ ਚਾਹੁੰਦਾ ਹੈ। ਜੁੱਤੀਆਂ ਖਾਂਦੇ ਰਹਿਣ ਦੇ ਇਤਿਹਾਸ ਨੂੰ ਵੀ ਫੁੱਲਮਾਲਾਵਾਂ ਨਾਲ ਸਨਮਾਨਿਤ ਹੋਣ ਦੇ ਇਤਿਹਾਸ ਦੇ ਰੂਪ ਵਿੱਚ ਪ੍ਰਸਤੁੱਤ ਕਰਕੇ ਇਹ ਲੋਕ ਅਤੀਤ ਦੀ ਨਿਪੁੰਸਕਤਾ ਨਾਲ ਭਵਿੱਖ ਦੀਆਂ ਪੀੜੀਆਂ ਨੂੰ ਵੀ ਨਾਮਰਦ ਬਣਾਉਣਾ ਚਾਹੁੰਦੇ ਹਨ ਤਾਂ ਜੋ ਮੱਧ (ਵਰਤਮਾਨ) ਵਿੱਚ ਰਹਿਣ ਵਾਲੇ ਉਹ ਖ਼ੁਦ ਆਪਣਾ ਜੀਵਨ ਜਹਾਲਤ, ਵਿਹਲੜਪੁਣੇ ਅਤੇ ਗ਼ੈਰ ਜ਼ਿੰਮੇਦਾਰੀ ਦੀ ਪੀਨਕ ਵਿੱਚ ਬੇਰੋਕ ਟੋਕ ਗੁਜ਼ਾਰ ਸਕਣ (ਭੀੜਾਂ ਦੀ ਸ਼ਕਲ ਵਿੱਚ ਹਿੰਸਕ ਕਾਰਵਾਈਆਂ) ਹਿੰਦੂ ਇਤਿਹਾਸਕਾਰ ਡਾ. ਸੁਰਿੰਦਰ ਕੁਮਾਰ ਸ਼ਰਮਾ ਇਸੇ ਹੀ ਪੰਨਾ 49 ‘ਤੇ ਹੋਰ ਲਿਖਦੇ ਹਨ ਕਿ: ਇਹ ਲੋਕ (ਹਿੰਦੂ) ਨਹੀਂ ਚਾਹੁੰਦੇ ਕਿ ਸੱਚ ਨੂੰ ਸੱਚ ਕਿਹਾ ਜਾਵੇ, ਕਿਉਂਕਿ ਇਨ੍ਹਾਂ ਨੂੰ ਇਵੇਂ ਲੱਗਦਾ ਹੈ ਕਿ ਅਜਿਹਾ ਕਰਨ ਨਾਲ ਹਿੰਦੂਆਂ ਦੇ ਬੀਤੇ ਦੀਆਂ ਸ਼ੇਖੀਆਂ ਝੂਠੀਆਂ ਸਾਬਤ ਹੋ ਜਾਣਗੀਆਂ ਅਤੇ ਰਮਾਇਣ ਅਤੇ ਮਹਾਂਭਾਰਤ ਦੇ ਬੀਤੇ ਚਰਿੱਤਰ ਕਾਲਪਨਿਕ ਸਿੱਧ ਹੋ ਜਾਣਗੇ। ਰਾਜਪੂਤਾਂ ਦੀ ਬਹਾਦਰੀ ਦੇ ਪੇਸ਼ੇਵਰ ਚਮਚਿਆਂ ਅਤੇ ਭੱਟਾਂ ਰਾਹੀਂ ਰਚੀਆਂ ਗਈਆਂ ਅਤਿਕਥਨੀਪੂਰਣ ਗਾਥਾਵਾਂ ਦੀ ਕਲਈ ਪੋਲ ਖੁੱਲ੍ਹ ਜਾਵੇਗੀ ਅਤੇ ਹਿੰਦੂ ਧਰਮ ਦਾ ਨਾਕਾਰਾਤਮਕ ਰੂਪ ਸਾਹਮਣੇ ਆ ਜਾਣ ਨਾਲ ਲੋਕਾਂ ਨੂੰ ਧਰਮ ਦੇ ਨਾਂ ‘ਤੇ ਭੜਕਾਅ ਜਾਂ ਗੁੰਮਰਾਹ ਕਰਕੇ ਨੇਤਾਗਿਰੀ ਕਰਨ ਦਾ ਮੌਕਾ ਸਦਾ ਲਈ ਹੱਥੋਂ ਖੁਸ ਜਾਵੇਗਾ। (ਹਵਾਲਾ ਪੁਸਤਕ ਹਿੰਦੂ ਇਤਿਹਾਸ: ਹਾਰਾਂ ਦੀ ਦਾਸਤਾਨ ਪੰਨਾ 49, ਲੇਖਕ ਡਾ. ਸੁਰਿੰਦਰ ਕੁਮਾਰ ਸ਼ਰਮਾ ਅਜਨਾਤ) ਅਦਿਤਿਆ ਨਾਥ ਯੋਗੀ, ਨਰਿੰਦਰ ਮੋਦੀ ਤੇ ਹੋਰ ਕੱਟੜਵਾਦੀ ਹਿੰਦੂਤਵੀ ਮਨੂੰਸਿਮਰਤੀ ਦੇ ਵਿਧਾਨ ਨੂੰ ਈਸ਼ਵਰੀ ਵਿਧਾਨ ਮੰਨਦੇ ਹਨ ਤੇ ਭਾਰਤੀ ਸੰਵਿਧਾਨ ਨੂੰ ਬੰਦਿਆਂ ਦਾ ਲਿਖਿਆ ਹੋਣ ਕਰਕੇ ਨਿਕਾਰਦੇ ਹਨ। ਭਾਰਤੀ ਇਤਿਹਾਸ ਨੂੰ ਭਗਵੇਂ ਰੰਗ ਵਿੱਚ ਰੰਗਿਆ ਗਿਆ ਹੈ। ਅੱਜ ਜਦੋਂ ਵਿੱਦਿਆਰਥੀਆਂ ਨੂੰ ਭਾਰਤ ਵਿੱਚ ਲੜੀ ਗਈ ਗੁਰੀਲਾ ਜੰਗ ਬਾਰੇ ਪੜ੍ਹਾਇਆ ਜਾਂਦਾ ਹੈ ਜਾਂ ਖੋਜ ਕਰਨ ਵਾਲਿਆਂ ਨੂੰ ਜੋ ਪਰੋਸਿਆ ਜਾਂਦਾ ਹੈ, ਉਸ ਦੇ ਵਿੱਚ ਸਿਰਫ਼ ਇਹ ਦੱਸਿਆ ਜਾਂਦਾ ਹੈ ਭਾਰਤ ਵਿੱਚ ਮੁਗ਼ਲ ਸਾਮਰਾਜ ਦੇ ਵਿਰੁੱਧ ਪਹਿਲਾ ਮਹਾਰਾਣਾ ਪ੍ਰਤਾਪ ਤੇ ਫਿਰ ਸ਼ਿਵਾ ਜੀ ਮਰਾਠਾ ਨੇ ਗੁਰੀਲਾ ਯੁੱਧ ਲੜਿਆ ਤੇ ਮੁਗ਼ਲ ਸਾਮਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ ਜੋ ਕਿ ਕੋਰਾ ਝੂਠ ਹੈ। ਮੁਗ਼ਲ ਸਾਮਰਾਜ ਦੀਆਂ ਨੀਹਾਂ ਬੰਦਾ ਸਿੰਘ ਬਹਾਦਰ ਨੇ ਹਿਲਾਈਆਂ ਤੇ ਅਜਿੱਤ ਹੋਣ ਦਾ ਮੁਗ਼ਲਾਂ ਦਾ ਭਰਮ ਤੋੜਿਆ। ਸਿੱਖਾਂ ਵਰਗੀ ਜੁਝਾਰੂ ਕੌਮ ਅਤੇ ਅਣਖੀਲੀ ਕੌਮ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜੰਗਲਾਂ ਵਿੱਚ ਰਹਿ ਕੇ ਜਿਹੜੀ ਅੱਧੀ ਸਦੀ ਤੋਂ ਵੱਧ ਜਿਹੜੀ ਗੁਰੀਲਾ ਲੜਾਈ ਲੜੀ ਉਸ ਦਾ ਇਤਿਹਾਸ ਵਿੱਚ ਕਿਤੇ ਨਿਸ਼ਾਨ ਹੀ ਨਹੀਂ ਹੈ। ਜਦਕਿ ਹਕੀਕਤ ਇਹ ਹੈ ਕਿ ਮੁਗ਼ਲ ਅਤੇ ਅਫ਼ਗਾਨ ਸਾਮਰਾਜ ਨੂੰ ਜੋ ਚੁਣੌਤੀ ਖ਼ਾਲਸੇ ਦੀ ਗੁਰੀਲਾ ਜੰਗ ਤੋਂ ਮਿਲੀ ਉਸ ਤਰ੍ਹਾਂ ਦੀ ਚੁਣੌਤੀ ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਹੱਟਾ ਵੱਲੋਂ ਨਹੀਂ ਮਿਲੀ। ਨਿਹੱਥੇ ਸਿੰਘ ਨੰਗੇ ਪਿੰਡੇ ਲੜਦੇ ਰਹੇ। ਸਾਰੀ ਸਮੁੱਚੀ ਕੌਮ ਵਹੀਰ ਬਣਕੇ ਜੰਗਲੋ ਜੰਗਲ, ਥਲੋਂ ਥਲੋਂ ਫਿਰਦੀ ਰਹੀ। ਘੋੜਿਆਂ ਦੀਆਂ ਕਾਠੀਆਂ ‘ਤੇ ਰਾਤਾਂ ਗੁਜ਼ਾਰਦੀ ਰਹੀ। ਜੰਗਲਾਂ ਬੇਲਿਆਂ ਵਿੱਚ ਵਿਸ਼ਵਾਸ ਸਾਹਿਤ ਰੁਲਦੀ ਰਹੀ ਕਿ ਉਨ੍ਹਾਂ ਨੇ ਖ਼ਾਲਸੇ ਦੀ ਪਾਤਸ਼ਾਹੀ ਸਥਾਪਤ ਕਰਨੀ ਹੈ ਅਤੇ ਰਾਜ ਕਰੇਗਾ ਖ਼ਾਲਸਾ ਦਸ਼ਮੇਸ਼ ਪਿਤਾ ਦੇ ਬਚਨ ਸਕਾਰ ਹੋਣੇ ਹਨ ਤੇ ਅੰਤ ਦਸ਼ਮੇਸ਼ ਪਿਤਾ ਦੇ ਰਾਜ ਕਰੇਗਾ ਖ਼ਾਲਸਾ ਦੇ ਬਚਨ ਸਕਾਰ ਹੋਏ ਅਤੇ ਖ਼ਾਲਸੇ ਨੇ ਮੁਗ਼ਲਾਂ ਤੇ ਪਠਾਣਾਂ ਦੀਆਂ ਦੋ ਸ਼ਹਿਨਸ਼ਾਈਆਂ ਦੀਆਂ ਗੋਡਣੀਆਂ ਲੁਆ ਕੇ ਸਿੱਖ ਰਾਜ ਸਥਾਪਤ ਕਰ ਲਿਆ। ਏਸ਼ੀਆ ਦਾ ਜੇਤੂ ਜਰਨੈਲ ਅਹਿਮਦਸ਼ਾਹ ਅਬਦਾਲੀ ਅੰਤਲੀ ਵਾਰ ਖ਼ਾਲਸੇ ਹੱਥੋਂ ਮਸਾਂ ਜਾਨ ਬਚਾਕੇ ਕਾਬਲ ਵੱਲ ਪਰਤਦਿਆਂ ਕਹਿ ਉੱਠਿਆ ਸੀ ਕਿ ਸਿੱਖਾਂ ਦੀ ਮਦਦ ਆਪ ਖ਼ੁਦਾ ਕਰਦਾ ਹੈ ਇਨ੍ਹਾਂ ਨੂੰ ਜਿੱਤਣਾ ਮੇਰੇ ਵੱਸ ਦਾ ਰੋਗ ਨਹੀਂ ਹੈ। ਰਤਨ ਸਿੰਘ ਭੰਗੂ ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ: ਸਾਹਿ ਮੁੜਯੋ ਬਡ ਨਮੋਸ਼ੀ ਪਾਇ। ਇਸ ਆਵਨ ਕੋ ਬਹੁਤ ਪਛਤਾਇ। ਇਨ ਕੀ ਮਦਦ ਆਪ ਖ਼ੁਦਾਇ। ਪੁਜਯੋ ਨ ਬਲ ਹਮ ਇਨ ਪਰ ਕਾਇ। ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਹੱਟਾ ਦੀ ਤੁਲਨਾ ਦੀਨ ਦੁਨੀ ਦੇ ਮਾਲਿਕ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨਾਲ ਕਰਨਾਂ ਤਾਂ ਦੂਰ ਦੀ ਗੱਲ ਉਨ੍ਹਾਂ ਦੀਆਂ ਪ੍ਰਾਪਤੀਆਂ ਤਾਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਥਾਪੇ ਖ਼ਾਲਸਾ ਪੰਥ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰੂ ਸਾਹਿਬ ਦੇ ਸਾਜੇ ਨਿਵਾਜੇ ਖ਼ਾਲਸੇ ਦੇ ਬਰਾਬਰ ਪਾ ਪਾਸਕ ਵੀ ਨਹੀਂ ਹਨ। ਮਈ 1710 ਨੂੰ ਸਰਹਿੰਦ ਫਤਹਿ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਵੱਲੋਂ ਥਾਪੇ ਖ਼ਾਲਸਾ ਪੰਥ ਦੇ ਜਰਨੈਲ ਬੰਦਾ ਸਿੰਘ ਬਹਾਦਰ ਨੇ ਜੂਨ 1710 ਨੂੰ ਸਰਕਾਰ–ਏ–ਖ਼ਾਲਸਾ ਦਾ ਸੁਤੰਤਰ ਰਾਜ ਸਥਾਪਤ ਕੀਤਾ, ਸਿੱਕਾ ਤੇ ਮੋਹਰਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ‘ਤੇ ਚਾਲੂ ਕੀਤੀਆਂ।

ਬਾਕੀ ਹਿਸਾ ਅਗਲੇ ਸਫ਼ੇ 32 ਤੇ ਪੜ੍ਹੋ

31 ਸਫ਼ੇ ਦੀ ਬਾਕੀ

ਦਿੱਲੀ ਦਾ ਬਹਾਦਰ ਸ਼ਾਹ ਬਾਦਸ਼ਾਹ ਬੰਦਾ ਸਿੰਘ ਬਹਾਦਰ ਦੀ ਇਹ ਚੜ੍ਹਤ ਵੇਖਕੇ ਪਾਗਲ ਹੋ ਕੇ ਮਰ ਗਿਆ ਸੀ। ਦੂਜੇ ਪਾਸੇ ਸ਼ਿਵਾ ਜੀ ਮਰਹੱਟਾ ਨੇ ਅਪ੍ਰੈਲ 1667 ਦੇ ਅਰੰਭ ਵਿੱਚ ਸ਼ਹਿਨਸ਼ਾਹ ਨੂੰ ਚਿੱਠੀ ਲਿਖੀ ਸੀ, ਜਿਸ ਰਾਹੀਂ ਉਸ ਨੇ ਦੁਬਾਰਾ ਹਥਿਆਰ ਸੁੱਟਣ ਦੀ ਪੇਸ਼ਕਸ਼ ਕੀਤੀ ਅਤੇ ਆਪਣੇ ਪੁੱਤਰ ਸਮੇਤ 400 ਆਦਮੀਆਂ ਦੇ ਦਸਤੇ ਨੂੰ ਮੁਗ਼ਲ ਝੰਡਿਆਂ ਹੇਠ ਲੜਨ ਲਈ ਭੇਜਣ ਸੰਬੰਧੀ ਇਰਾਦਾ ਪ੍ਰਗਟ ਕੀਤਾ। ਪਰ ਔਰੰਗਜ਼ੇਬ ਨੇ ਇਸ ਚਿੱਠੀ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। (ਹਵਾਲਾ- ਸ਼ਿਵਾ ਜੀ ਅਤੇ ਉਸ ਦਾ ਸਮਾਂ - ਲੇਖਕ- ਸਰ ਜਾਦੂ ਨਾਥ ਸਰਕਾਰ ਅਨੁਵਾਦਕ ਅਰਮਵੰਤ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਫ਼ਾ 166) ਮਹਾਰਾਣਾ ਪ੍ਰਤਾਪ ਨੇ ਮੁਗ਼ਲ ਬਾਦਸ਼ਾਹ ਅਕਬਰ ਦੀ ਈਨ ਨਾਂ ਮੰਨਦੇ ਹੋਏ ਸਾਰੀ ਉਮਰ ਲੜਾਈ ਜਾਰੀ ਰੱਖੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸ ਦੀ ਗੈਰਤ ਨੇ ਬਾਦਸ਼ਾਹ ਦੀ ਅਧੀਨਗੀ ਮੰਨਣ ਦੀ ਥਾਂ ਲੜਨ ਮਰਨ ਦੇ ਰਸਤੇ ਨੂੰ ਤਰਜੀਹ ਦਿੱਤੀ। ਪਰ ਦੂਜੇ ਪਾਸੇ ਸੱਚ ਇਹ ਵੀ ਹੈ ਕਿ ਹੋਰ ਰਿਆਸਤਾਂ ਦੇ ਹਿੰਦੂ ਰਾਜਪੂਤ ਰਾਜੇ, ਰਜਵਾੜੇ ਨੇ ਮੁਗ਼ਲ ਬਾਦਸ਼ਾਹ ਨੂੰ ਧੀਆਂ ਭੈਣਾਂ ਦੇ ਡੋਲੇ ਦੇ ਕੇ ਮੁਗ਼ਲੀਆ ਹਕੂਮਤ ਵਿੱਚ ਸ਼ਾਮਿਲ ਹੁੰਦੇ ਰਹੇ। ਅਕਬਰ ਬਾਦਸ਼ਾਹ ਨੇ ਮਹਾਰਾਣਾ ਪ੍ਰਤਾਪ ਦੀ ਗ੍ਰਿਫ਼ਤਾਰੀ ਲਈ ਉਸ ਰਾਜਾ ਮਾਨ ਸਿੰਘ ਨੂੰ ਇਸਤੇਮਾਲ ਕੀਤਾ ਸੀ ਜਿਸ ਰਾਜਾ ਮਾਨ ਸਿੰਘ ਹਿੰਦੂ ਰਾਜਪੂਤ ਨੇ ਆਪਣੀ ਭੈਣ ਅਕਬਰ ਬਾਦਸ਼ਾਹ ਨਾਲ ਵਿਆਹੀ ਹੋਈ ਸੀ। ਜਦੋਂ ਆਪਣੀ ਹੀ ਇਕ ਧਿਰ ਸ਼ਮਣ ਨਾਲ ਮਿਲ ਜਾਵੇ ਤਾਂ ਹਾਰ ਯਕੀਨੀ ਹੁੰਦੀ ਹੈ। ਇਸੇ ਸਾਜਿਸ਼ ਦਾ ਸ਼ਿਕਾਰ ਮਹਾਰਾਣਾ ਪ੍ਰਤਾਪ ਵੀ ਹੋਇਆ। ਮਹਾਰਾਣਾ ਪ੍ਰਤਾਪ ਦੀ ਲੜਾਈ ਰਿਆਸਤ ਉੱਤੇ ਕਬਜ਼ੇ ਅਤੇ ਮਲਕੀਅਤ ਦੀ ਲੜਾਈ ਸੀ। ਉਸ ਦਾ ਰਾਸ਼ਟਰਵਾਦ ਜਾਂ ਦੇਸ਼ ਭਗਤੀ ਨਾਲ ਕੋਈ ਵਾਹ ਵਾਸਤਾ ਨਹੀਂ ਸੀ। ਗੁਰੂ ਗੋਬਿੰਦ ਸਿੰਘ ਦੀ ਸਿਧਾਂਤਕ ਤੌਰ 'ਤੇ ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਹੱਟਾ ਨਾਲ ਕਿਸੇ ਪੱਖੋਂ ਵੀ ਤੁਲਨਾ ਨਹੀਂ ਕੀਤੀ ਜਾ ਸਕਦੀ। ਮਹਾਰਾਣਾ ਪ੍ਰਤਾਪ ਤੇ ਸ਼ਿਵਾ ਜੀ ਮਰਹੱਟਾ ਦੁਨਿਆਵੀ ਨਾਇਕ ਹਨ ਹਿੰਦੂਆਂ ਦੇ। ਜਦਕਿ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਗੁਰੂ ਨਾਨਕ ਜੋਤਿ ਦੇ ਵਾਰਿਸ ਆਪ ਅਕਾਲ ਰੂਪ ਹਨ।


ਗੁਰੂ ਨਾਨਕ ਜੋਤਿ ਜਿਸ ਇਲਾਹੀ ਜੋਤਿ ਦੀ ਏਕਤਾ ਤੇ ਇਕਸਾਰਤਾ ਗੁਰਬਾਣੀ ਸਪੱਸ਼ਟ ਕਰਦੀ ਹੈ: ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ। ਗੁਰੂ ਜੋਤਿ ਦੀ ਨਿਰੰਤਰਤਾ ਤੇ ਏਕਤਾ ਦੀ ਪਹਿਚਾਣ ਤੋਂ ਬਿਨਾਂ ਦਸਾਂ ਗੁਰੂ ਸਾਹਿਬਾਨਾਂ ਦੀ ਗੁਰੂ ਪਦਵੀ ਤੇ ਗੁਰ ਇਤਿਹਾਸ (ਅੰਗ 966) ਨੂੰ ਸਮਝਿਆ ਨਹੀਂ ਜਾ ਸਕਦਾ।

ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਗੁਰੂ ਘਰ ਸਾਰਿਆਂ ਲਈ ਸਾਂਝਾ ਹੈ ਕੋਈ ਭੀ ਜਾ ਕੇ ਮੱਥਾ ਟੇਕ ਸਕਦਾ ਹੈ

## ਪਾਠਕਾਂ ਦੇ ਪੱਤਰ

ਗੁਰਬਾਣੀ ਦੀ ਬੇਅਦਬੀ ਹੁਣ ਸਿੱਖ ਜਾਂ ਸ਼ਹੀਦਾਂ ਬਾਰੇ ਗੱਲ ਕਰੀਏ। ਅਸੀਂ ਰੋਜ਼ ਪੜ੍ਹਦੇ ਹਾਂ ਕਿ ਗੁਟਕੇ ਦੇ ਪਾੜ-ਧਾੜ ਕਰਨੀ ਹੋਰ ਕਈ ਕੁਝ। ਹੁਣ ਦੇਖੋ ਬੜੀ ਖ਼ੁਸ਼ੀ ਦੀ ਗੱਲ ਹੈ ਜਦੋਂ ਗੁਰੂ ਘਰਾਂ ਦੀ ਇਲੈਕਸ਼ਨ ਹੁੰਦੀ ਹੈ ਅਸੀਂ ਪੰਜਾਬੀ ਦੇ ਪੇਪਰ ਪੰਜਾਬ ਟਾਈਮਜ਼ ਵਿੱਚ ਕਿਸ ਤਰ੍ਹਾਂ ਦੇ ਇਸ਼ਤਿਹਾਰ ਨਿਕਲਦੇ ਹਨ ਦੋ ਸਫ਼ੇ ਕਈ ਵਾਰੀ ਉਸ ਵਿੱਚ ਹੁੰਦਾ ਕੀ ਇਕ ਦੂਸਰੀ ਪਾਰਟੀ ਬਾਰੇ ਦੱਸਣਾ ਫਿਰ ਅਸੀਂ ਆਹ ਕਰਨਾ ਉਹ ਕਰਨਾ ਬਹੁਤ ਚੰਗੀ ਗੱਲ ਹੈ ਕਰਜਾ ਉਤਾਰ ਦਿੱਤਾ ਕਰਜਾ ਲੈ ਲਿਆ ਕੀ ਜਿਹੜੀ ਕਮੇਟੀ ਬਣਦੀ ਹੈ ਉਹ ਪੈਸੇ ਜੇਬ ਵਿੱਚੋਂ ਦੇ ਕੇ ਕਰਜਾ ਉਤਾਰਦੇ ਹਨ ਉਹ ਤਾਂ ਸੰਗਤ ਦਾ ਪੈਸਾ ਹੈ ਚੰਗੀ ਗੱਲ ਸੰਗਤ ਨੇ ਦਿੱਤਾ ਅੱਗੇ ਕਮੇਟੀ ਯੂ.ਕੇ. ਬੈਂਕ ਵਿੱਚ ਜਮਾ ਕਰ ਦਿੱਤਾ। ਫਿਰ ਦੇਖੋ ਇਹ ਸਾਡਾ ਗੁਰੂ ਘਰ ਹੈ। ਜਿਹੜੇ ਪ੍ਰਬੰਧਕ ਹਨ ਉਹ ਇਹ ਕਹਿੰਦੇ ਹਨ ਕਿ ਇਹ ਸਾਡਾ ਗੁਰੂ ਘਰ ਹੈ। ਜਿਵੇਂ ਗੁਰੂ ਘਰ ਦੀ ਮੈਨੇਜਿੰਗ ਕਮੇਟੀ ਦੇ ਮੈਂਬਰ ਨਹੀਂ ਮਾਲਕ ਹੋਣ ਦੱਸੋ ਗੁਰੂ ਘਰ ਦਾ ਮਾਲਕ ਕੌਣ ਹੈ ਇਹ ਸੰਗਤ ਦੱਸ ਸਕਦੀ ਹੈ। ਕਿਤਨਾ ਵੱਡਾ ਸਵਾਲ ਹੈ। ਗੁਰੂ ਘਰ ਸਾਰਿਆਂ ਲਈ ਸਾਂਝਾ ਹੈ ਕੋਈ ਭੀ ਜਾ ਕੇ ਮੱਥਾ ਟੇਕ ਸਕਦਾ ਹੈ। ਖ਼ੈਰ ਅੱਗੇ ਦੇਖੋ ਸਾਡੇ ਸ਼ਹੀਦ ਕਿਤਨੇ ਹਨ ਲਿਖਣਾ ਮੁਸ਼ਕਿਲ ਹੈ ਅਸੀਂ ਜਦੋਂ ਉਨ੍ਹਾਂ ਦੇ ਦਿਨ ਮਨਾਉਂਦੇ ਹਾਂ ਸ਼ਹੀਦੀ ਦਿਨ ਹੈ ਜਾਂ ਹੋਰ ਕੋਈ ਕਿਤਨੇ ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਛੱਪਦੇ ਹਨ ਕਈ ਵਾਰੀ ਤਾਂ ਖਾਨਾਪੂਰੀ ਹੁੰਦੀ ਹੈ। ਕਿ ਅਸੀਂ ਫਲਾਣੇ ਦਿਨ ਅਖੰਡ ਪਾਠ ਰੱਖ ਰਹੇ ਹਾਂ ਸਮਾਪਤੀ ਇਸ ਦਿਨ ਹੈ। ਹੋਰ ਖਰਚ ਕਰਨ ਦੀ ਤਕਲੀਫ ਨਹੀਂ ਕਰਦੇ, ਬਾਬਾ ਬੰਦਾ ਸਿੰਘ ਬਹਾਦਰ ਦਾ ਦਿਨ ਮਨਾਉਣਾ ਹੈ ਉਸ ਬਾਰੇ ਸਾਰਾ ਇਸ਼ਤਿਹਾਰ ਦੇਵੋ ਸਾਰਾ ਕੁਝ ਦੱਸੋ ਜੀਵਨੀ ਦੀ ਝਲਕ ਦੇਵੋ, ਫਿਰ ਦੱਸੋ, ਇਸ ਤਰ੍ਹਾਂ ਹਰ ਸ਼ਹੀਦ ਬਾਰੇ ਕਰੋ। ਸ਼ਹੀਦ ਭਗਤ ਸਿੰਘ ਜਾਂ ਊਧਮ ਸਿੰਘ ਹੈ ਬਾਰੇ ਲਿਖੋ। ਪੰਜਾਬੀ ਵਿੱਚ ਛਪਾ ਦੇਵੋ। ਸਾਰੇ ਪੜ੍ਹਨ ਪੰਜਾਬੀ ਭੀ ਪੜ੍ਹਨ, ਬੱਚੇ ਦੇਖਣ ਸੁਨਣ ਫਿਰ ਜ਼ਿਆਦਾ ਬੱਚੇ ਪੰਜਾਬੀ ਵੱਲ ਧਿਆਨ ਦੇਣਗੇ ਨਾਲੇ ਪੁਣ ਨਾਲ ਹੀ ਫਲੀਆਂ। ਪੰਜਾਬ ਟਾਈਮਜ਼ ਨੂੰ ਭੀ ਫਾਇਦਾ ਹੋਵੇਗਾ। ਪੇਪਰ ਨੂੰ ਪੈਸੇ ਮਿਲਣਗੇ। ਅੱਗੇ ਅੱਗੇ ਜ਼ਿਆਦਾ ਛਾਪ ਸਕਦਾ ਹੈ। ਉਸ ਦਾ ਫਾਇਦਾ ਬਾਕੀ ਪੰਜਾਬੀ ਬੋਲੀ ਦਾ ਫਾਇਦਾ, ਅਸੀਂ ਸਿਰਫ਼ ਤਜਵੀਜ਼ ਦੇ ਸਕਦੇ ਹਾਂ ਪਰ ਕੁਝ ਕਰਨਾ ਹੋਵੇ ਮੋਹਰੇ ਹੋ ਕੇ ਕੁਝ ਕਰਨ ਜੋਗੇ ਨਹੀਂ ਹਾਂ। ਸਪੋਰਟਸ ਕਲਬਾਂ ਮੋਹਰੇ ਬੇਨਤੀ ਹੈ ਕਿ ਆਪਣੇ ਸ਼ਹੀਦਾਂ ਲਈ ਭੀ ਖ਼ਾਸ ਉਪਰਾਲਾ ਕਰਨ-ਇਕ ਦੋ ਇਸ਼ਤਿਹਾਰ ਉਨ੍ਹਾਂ ਦੇ ਨਾਮ 'ਤੇ ਦੇ ਦਿਆ ਕਰਨ, ਇਸ ਬਾਰੇ ਸੋਚਣ ਦੀ ਲੋੜ ਹੈ। ਸਰਕਾਰਾਂ ਦਾ ਕੰਮ ਸਿਰਫ਼ ਵੋਟਾਂ ਲੈਣ ਤੀਕਰ ਹੁੰਦਾ ਹੈ। ਸਰਕਾਰ ਬਣ ਜਾਵੇ। ਉਸ ਲਈ ਠੀਕ ਹੈ ਵਿਰੋਧੀ ਧਿਰ ਨੁਕਸ ਕੱਢਣ ਤੋਂ ਵਗੈਰ ਕੁਝ ਨਹੀਂ ਕਰਦੀ। ਉਨ੍ਹਾਂ ਨੂੰ ਇਕ ਪਾਸੇ ਕਰੋ ਜੋ ਕਰਨਾ ਹੈ ਸਿੱਖ ਕੌਮ ਸਿੱਖਾਂ ਦੇ ਲੀਡਰ ਗਿਆਨੀ-ਭਾਈ ਪ੍ਰਚਾਰਕ ਸਾਰੇ ਇਸ ਪਾਸੇ ਵੱਲ ਧਿਆਨ ਦੇਣ, ਦੇਖੋ ਹਰ ਇਕ ਦਾ ਫਾਇਦਾ ਹੋਵੇਗਾ ਵਧੇ ਫੁੱਲੇਗਾ। ਪੰਜਾਬ ਟਾਈਮਜ਼ ਨੂੰ ਲਿਖਣ ਦੀ ਲੋੜ ਨਹੀਂ ਪਵੇਗੀ ਕਿ ਪੇਪਰ ਦੁਕਾਨ ਤੋਂ ਖਰੀਦ ਕੇ ਪੜ੍ਹੋ, ਤੁਸੀਂ ਆਪਣੇ ਆਪ ਖਰੀਦਣਾ ਇਕ ਫਰਜ ਬਣਾ ਲਵੋਗੇ। ਖਿਮਾਂ ਦਾ ਜਾਚਕ ਹਾਂ।



ਆਪ ਦਾ ਦਾਸ
-ਕੁਲਤਾਰ ਸਿੰਘ ਜੋਗੀ


# ਗੁਰੂ ਨਾਨਕ ਗੁਰਦੁਆਰਾ ਹੋਲੀ ਬੋਨਜ਼, ਲੈਸਟਰ ਵਿਖੇ ਇਕ ਕੀਰਤਨੀ ਸਿੰਘ ਦੀ ਤੁਰੰਤ ਲੋੜ ਹੈ

**ਗੁਰੂ ਨਾਨਕ ਗੁਰਦੁਆਰਾ ਸਾਹਿਬ ਲੈਸਟਰ ਵਿਖੇ ਇੱਕ ਕੀਰਤਨੀ ਸਿੰਘ (ਟੀਅਰ ਪੰਜ) ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ। ਸੇਵਾਦਾਰ ਲਈ ਕੀਰਤਨ ਕਰਨ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਹੋਰ ਸੇਵਾਵਾਂ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸੇਵਾਵਾਂ ਵਿੱਚ ਸ਼ਾਮਿਲ ਹੋਣਾ ਜ਼ਰੂਰੀ ਹੈ। ਉਹਨਾਂ ਦੇ ਕੋਲ ਸਿੱਖ ਧਰਮ ਰਹਿਤ ਮਰਯਾਦਾ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਵਿਆਹ ਤੇ ਜਨਮ ਦਿਨ ਦੀਆਂ ਰਸਮਾਂ ਨਿਭਾ ਸਕਦਾ ਹੋਵੇ। ਕੰਮ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ ।**

**ਨੋਟ:- ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਜ਼ਰੂਰੀ ਹੈ।**

***ਪੂਰੇ ਵੇਰਵੇ ਸਮੇਤ ਅਰਜ਼ੀਆਂ ਹੇਠਾਂ ਦਿੱਤੇ ਪਤੇ 'ਤੇ 5 ਸਤੰਬਰ 2025 ਤੱਕ ਭੇਜੋ***

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਅਜਮੇਰ ਸਿੰਘ ਬਸਰਾ ਨਾਲ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ:**

## 1 VACANCY for Religious Worker (Tier-5)

1 Religious worker (Kirtanee Singh) required at Guru Nanak Gurdwara, Holy Bones, Leicester. He Must have sufficient experience to do the Paath reciting Guru Granth Sahib with good command, and also he must know to do the Kirtan (Singing Holy Hyms) and play Tabla (drums). He will be complimenting an existing team of Gyanis who are currently in Gurdwara. He would be performing all the Gurdwara duties as per our requirements wedding and birthday as well. Accommodation free and minimum wages according to work and uk employment law.

**NOTE:- Must have Right to Work in uk.**

**Please send your applications to president
Mr. Ajmer Singh Basra on address given below.
or to Mr. Gurdip Singh Pabla Gen/Sec 07887 395949
Closing Date: 5th September 2025**

## GURU NANAK GURDWARA

**9 Holy Bones Leicester, LE1 4LJ, U.K. (Tel: 0116 2517460)**

PLEASE CONTACT: **President Mr. Ajmer Singh Basra - 07855 310806**


# ਬਰਤਾਨੀਆ ਦੇ ਸ਼ਾਹੀ ਗਾਰਡ ਆਰਮੀ ਦਾ ਹਿੱਸਾ ਬਣਿਆ ਪੰਜਾਬੀ ਨੌਜਵਾਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਰੋਇਲ ਗਾਰਡ ਵਿੱਚ ਭਾਰਤੀ ਹੋਇਆ ਸਿੱਖ ਨੌਜਵਾਨ ਹੁਣ ਇੱਕ ਵਾਰ ਫਿਰ ਸ਼ਾਹੀ ਮਹਿਲ ਵਿੱਚ ਦਿਖਾਈ ਦੇਵੇਗਾ। ਤਰਨ-ਤਾਰਨ ਜ਼ਿਲ੍ਹੇ ਦੇ ਪਿੰਡ ਲੋਹ ਕੇ ਦਾ ਜੰਮਪਲ ਅਨਮੋਲਦੀਪ ਸਿੰਘ 2019 ਵਿੱਚ ਬਤੌਰ ਵਿਦਿਆਰਥੀ ਯੂ ਕੇ ਆਇਆ ਸੀ। ਲੇਕਨ ਅਨਮੋਲਦੀਪ ਸ਼ੁਰੂ ਤੋਂ ਹੀ ਫੌਜ ਵਿੱਚ ਭਰਤੀ ਹੋਣਾ ਚਾਹੁੰਦਾ ਸੀ। ਉਸ ਦੇ ਪਿਤਾ, ਦਾਦਾ ਅਤੇ ਪੜਦਾਦਾ ਵੀ ਭਾਰਤੀ ਫੌਜ ਵਿੱਚ ਸੇਵਾਵਾਂ ਨਿਭਾਅ ਚੁੱਕੇ ਹਨ। ਬਰਤਾਨੀਆ ਦੀ ਰੋਇਲ ਗਾਰਡ ਦਾ ਹਿੱਸਾ ਹੁੰਦਿਆਂ ਹੁਣ ਉਹ ਦਸਤਾਰ ਪਹਿਨ ਕੇ ਸਿੱਖੀ ਦਿੱਖ ਵਿੱਚ ਬਕਿੰਘਮ ਪੈਲਿਸ ਵਿੱਚ ਆਪਣੀਆਂ ਸੇਵਾਵਾਂ ਨਿਭਾਵੇਗਾ।

# ਗੁਰੂ ਬੈਠਾ ਅਮਰੂ ਸਰੂਪ ਹੋਇ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743






ਗੁਰਦੁਆਰਾ ਸਾਹਿਬ ਜਨਮ ਸਥਾਨ ਗੁਰੂ ਅਮਰ ਦਾਸ ਜੀ ਬਾਸਰਕੇ



ਗੁਰੂ ਅਮਰਦਾਸ ਪਾਤਸ਼ਾਹ ਜੀ

**ਕਿਸ਼ਤ-2**

ਜਾਲੀ ਰੈਨਿ ਜਾਲੁ ਦਿਨੁ ਹੁਆ
ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ
ਫਾਸਹਿ ਛੂਟਸਿ ਮੂੜੇ ਕਵਨ ਗੁਣੀ॥2॥
ਕਾਇਆ ਆਰਣੁ ਮਨੁ ਵਿਚਿ ਲੋਹਾ
ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨੁ ਜਲਿਆ ਸੰਨ੍ਹੀ ਚਿੰਤ ਭਈ॥3॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ
ਨਾਨਕ ਤ੍ਰਿਸਟਸਿ ਦੇਹਾ॥4॥3॥

ਗੁ.ਗ੍ਰੰ.ਸਾ. ਪੰਨਾ 990

ਇਉਂ ਜਾਪਦਾ ਹੈ ਕਿ ਸ਼ਬਦ ਨੇ ਹਿਰਦੇ 'ਤੇ ਗਹਿਰੀ ਚੋਟ ਕੀਤੀ। ਇਨ੍ਹਾਂ ਨੇ ਬੀਬੀ ਜੀ ਨੂੰ ਕਿਹਾ:

ਹੇ ਪੁੱਤਰੀ! ਅਬ ਫੇਰ ਪਢਿ ਮੁਝ ਦੇਹੁ ਸੁਨਾਈ।(ਧੀਏ! ਇਕ ਵਾਰ ਫਿਰ ਪੜ੍ਹ) ਮਰਯੋ ਹੁਤੋ ਮੈਂ ਸੁਧਾ ਕੀ ਬੂੰਦੇ ਮੁਖਿ ਪਾਈ।...8॥15॥ (ਮੇਰੇ ਮਰੇ ਦੇ ਮੂੰਹ ਵਿਚ ਅੰਮ੍ਰਿਤ ਚੋਅ ਦਿੱਤਾ ਹੈ) ਗੁ.ਪ੍ਰ.ਸੂ. ਮਧੁਰ ਗਲੇ ਨਾਲ ਬੀਬੀ ਜੀ ਨੇ ਜਦੋਂ ਫਿਰ ਸੁਣਾਇਆ ਤਾਂ ਬਾਬਾ ਜੀ ਝੂਮ ਉੱਠੇ। ਪੁੱਛਣ ਲੱਗੇ,

'ਇਹ ਬਿਸ਼ਨਪਦਾ ਕਿਸ ਦਾ ਹੈ'? ਬੀਬੀ ਅਮਰੋ ਜੀ ਦੱਸਿਆ,

'ਇਹ ਗੁਰੂ ਬਾਬਾ ਨਾਨਕ ਜੀ ਦਾ ਉਚਾਰਣ ਕੀਤਾ ਹੋਇਆ ਹੈ'।

ਤਬ ਬੀਬੀ ਅਮਰੋ ਕਹਿਯੋ ਸੁਨਾਇ।
ਗੁਰੂ ਨਾਨਕ ਜੀ ਕਾ ਬਿਸਨ ਪਦ ਗਾਇ।
ਮਮ ਪਿਤਾ ਅਗ੍ਰ ਬਲਵੰਡ ਨਿਤ ਗਾਇਆ।
**ਮੈ ਸੁਨਿਓ ਤਹਾ ਤੇ ਹੀਏ ਬਸਾਇਆ। 43॥9॥**

ਮ.ਪ੍ਰ

'ਗੁਰੂ ਨਾਨਕ ਕਰਤਾਰਪੁਰ ਵਾਲੇ'? ਬਾਬਾ ਜੀ ਨੇ ਤਸੱਲੀ ਕਰਨੀ ਚਾਹੀ।

'ਹਾਂ ਜੀ! ਓਹੀ'। ਬੀਬੀ ਜੀ ਨੇ ਉੱਤਰ ਦਿੱਤਾ।

'ਮੈਂ ਉਨ੍ਹਾਂ ਦੇ ਦਰਸ਼ਨ ਕਿਵੇਂ ਕਰ ਸਕਦਾ ਹਾਂ'?

ਇਹ ਪ੍ਰਸ਼ਨ ਹੋਇਆ ਤਾਂ ਬੀਬੀ ਜੀ ਨੇ ਵਿਸਥਾਰ ਨਾਲ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਜੋਤੀ-ਜੋਤਿ ਸਮਾ ਗਏ ਹਨ ਅਰ ਇਸ ਸਮੇਂ ਉਨ੍ਹਾਂ ਦੇ ਪਿਤਾ ਜੀ ਗੁਰੂ ਅੰਗਦ ਸਾਹਿਬ ਦੇ ਰੂਪ ਵਿਚ ਖਡੂਰ ਸਾਹਿਬ ਵਿਖੇ ਸੰਗਤਾਂ ਦੀ ਸੰਭਾਲ ਕਰ ਰਹੇ ਹਨ। ਬਾਬਾ ਜੀ ਨੇ ਜਦੋਂ ਉਨ੍ਹਾਂ ਦੇ ਦਰਸ਼ਨ ਕਰਨ ਦੀ ਤਾਂਘ ਪ੍ਰਗਟ ਕੀਤੀ ਤਾਂ ਬੀਬੀ ਜੀ ਕਿਹਾ,

'ਹੁਣ ਜਦੋਂ ਪਿਤਾ ਜੀ ਨੂੰ ਮਿਲਣ ਗਈ ਤਾਂ ਤੁਹਾਨੂੰ ਵੀ ਨਾਲ ਲੈ ਜਾਵਾਂਗੀ'। ਸੁਣ ਕੇ ਧਰਵਾਸ ਹੋਇਆ ਅਰ ਇਸ ਘਟਨਾ ਤੋਂ ਬਾਦ ਜਲਦੀ ਹੀ ਉਨ੍ਹਾਂ ਨਾਲ ਸ੍ਰੀ ਅਮਰਦਾਸ ਜੀ ਸੰਮਤ 1601 ਬਿ./1544 ਈ. ਨੂੰ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਨ ਖਡੂਰ ਸਾਹਿਬ ਪਹੁੰਚ ਗਏ।

ਬੀਬੀ ਪੜ੍ਹਦੀ ਸਬਦੁ ਅਮਰਦਾਸ ਸੁਣਿਆ।
ਬਚਨਾਂ ਕੇ ਸਰਿ ਲਗੇ ਹਿਰਦਾ ਗਇਆ ਪੁਣਿਆ।19॥
ਸੰਮਤ ਸੋਲਾਂ ਸੈ ਇਕ ਭਇਆ ਮਿਲਾਪ।
ਅਠ ਨਉ ਸਾਲ ਟਹਲ ਕੀਨੀ ਤਜਿਆ ਅਪਨਾ ਆਪਿ।..ਬੰ.ਨਾ.

**ਸ੍ਰੀ ਅਮਰਦਾਸ ਜੀ ਖਡੂਰ ਵਿਚ**

1601 ਬਿ./ 1544 ਈ. ਦਾ ਸਾਲ ਸੀ ਜਦੋਂ ਬਾਬਾ ਅਮਰਦਾਸ ਜੀ ਦੂਜੇ ਪਾਤਸ਼ਾਹ ਜੀ ਦੀ ਬੇਟੀ ਬੀਬੀ ਅਮਰੋ ਜੀ ਦੇ ਸਬੱਬ ਖਡੂਰ ਸਾਹਿਬ ਪਹੁੰਚੇ। ਬੀਬੀ ਨੂੰ ਬਿਨ ਬੁਲਾਏ ਆਇਆਂ ਵੇਖ ਗੁਰੂ ਅੰਗਦ ਸਾਹਿਬ ਨੇ ਪੁੱਛਿਆ,

ਬੇਟੀ! ਜਿਸ ਨੂੰ ਨਾਲ ਲਿਆਏ ਸੀ ਉਸ ਨੂੰ ਬਾਹਰ ਕਿਉਂ ਛੱਡ ਆਏ'? ਸੁਣ ਕੇ ਬੀਬੀ ਜੀ ਸਿਰ ਨਿਵਾ ਕੇ ਕਹਿਣ ਲੱਗੇ,

'ਪਿਤਾ ਜੀ! ਆਪ ਦੀ ਆਗਿਆ ਲੈਣ ਲਈ ਮੈਂ ਉਨ੍ਹਾਂ ਨੂੰ ਬਾਹਰ ਰੋਕ ਆਈ ਸਾਂ, ਹੁਣੇ ਲਿਆਂਦੀ ਹਾਂ'।

ਇਹ ਕਹਿ ਕੇ ਫ਼ੌਰਨ ਬਾਹਰ ਗਏ ਅਰ ਬਾਬਾ ਜੀ ਨੂੰ ਅੰਦਰ ਲੈ ਆਏ ਜਿਥੇ ਪਾਤਸ਼ਾਹ ਜੀ ਬਿਰਾਜਮਾਨ ਸਨ। ਆਪਣੇ ਸਬੰਧੀ ਨੂੰ ਆਉਂਦਿਆਂ ਵੇਖ ਪਾਤਸ਼ਾਹ ਜੀ ਉੱਠ ਖੜੇ ਹੋਏ ਤਾਂ ਕਿ ਗਲਵਕੜੀ ਵਿਚ ਲਿਆ ਜਾ ਸਕੇ। ਇਸ ਤੋਂ ਪਹਿਲਾਂ ਕਿ ਗੁਰੂ ਸਾਹਿਬ ਉਨ੍ਹਾਂ ਨੂੰ ਆਪਣੀਆਂ ਬਾਹਾਂ ਵਿਚ ਲੈ ਲੈਣ, ਬਾਬਾ ਜੀ ਚਰਨੀਂ ਢਹਿ ਪਏ ਅਤੇ ਆਖਿਆ,

'ਮੈਨੂੰ ਆਪਣਾ ਦਾਸ ਜਾਣੋ ਜੀ! ਮੈਂ ਆਪ ਦਾ ਸਿੱਖ ਬਣਨ ਆਇਆ ਹਾਂ'।

ਲਖ ਸੰਸਾਰ ਸਬੰਧ ਕੋ ਹੁਇ ਸਤਿਗੁਰ ਠਾਢੇ। (ਅਪਨੇ ਸਬੰਧੀ ਆਏ ਜਾਣ ਸਤਿਗੁਰ ਉੱਠੇ)

ਗਰ ਮਿਲਬੇ ਕਹੁ ਤਿਆਰ ਭੇ ਪਟ ਤੇ ਕਰ ਕਾਢੇ। (ਬੁੱਕਲ 'ਚੋਂ ਹੱਥ ਬਾਹਰ ਕੱਢੇ ਗਲ਼ ਲਾਉਣ ਲਈ)

ਚਰਨ ਗਹੇ ਸ੍ਰੀ ਅਮਰ ਤਬ ਬੰਦਨ ਕਉ ਠਾਨੀ। (ਬਾਬਾ ਜੀ ਚਰਨੀਂ ਪੈ ਗਏ, ਕਹਿੰਦਿਆਂ)

'ਉਚਿਤ ਨਹੀਂ ਗੁਰ! ਮਿਲਨ ਕੇ ਲੇਹੁ ਦਾਸ ਪਛਾਨੀ'।25॥15॥ ('ਗੁਰਦੇਵ! ਆਪ ਦਾ ਦਾਸ ਗਲ਼ ਮਿਲਨ ਦੇ ਯੋਗ ਨਹੀਂ')

ਏਸ ਲਈ ਅੰਦਰ ਬੁਲਾ ਕੇ ਜਦ ਉੱਠ ਕੇ ਕੁੜਮਾਚਾਰੀ ਗਲ ਮਿਲਣ ਲਗੇ ਤਾਂ ਅਮਰਦਾਸ ਜੀ ਨੇ ਚਰਨ ਫੜ ਲਏ ਤੇ ਆਖਿਓਨੇ, 'ਮੈਨੂੰ ਕੁੜਮ ਨਾ ਸਮਝੋ ਆਪਣਾ ਟਹਲੂਆ ਮੰਨੋ' ਪਰ, ਗੁਰੂ ਜੀ ਨੇ ਆਦਰ ਭਾਉ ਨਾਲ ਬੈਠਾ ਕੇ ਸੁਖਸਾਂਦ ਪੁੱਛੀ।

ਪੰਨਾ 34 ਤ.ਗੁ.ਖ਼ਾ.

ਸਤਿਗੁਰਾਂ ਨੇ ਆਪਣੇ ਕੋਲ ਬਿਠਾ ਲਿਆ ਅਰ ਪਰਵਾਰਿਕ ਸੁਖ ਸਾਂਦ ਪੁੱਛੀ। ਫਿਰ ਗੁਰਮਤ ਬਾਰੇ ਕੁਝ ਵਿਚਾਰਾਂ ਹੋਈਆਂ।

**ਲੰਗਰ ਵਿਚ ਮਾਸ**

ਇਸੇ ਦੌਰਾਨ ਭਾਈ ਜੋਧ ਜੀ ਨੇ ਆ ਕੇ ਦੱਸਿਆ ਕਿ ਲੰਗਰ ਤਿਆਰ ਹੋ ਗਿਆ ਹੈ ਤਾਂ ਸਤਿਗੁਰੂ ਜੀ ਸਭਨਾਂ ਨਾਲ ਪੰਗਤ ਵਿਚ ਆਣ ਸਜੇ। ਉਨ੍ਹਾਂ ਦੇ ਕੋਲ ਹੀ ਪੰਗਤ ਵਿਚ ਸ੍ਰੀ ਅਮਰਦਾਸ ਆਣ ਬੈਠੇ। ਜਦੋਂ ਵਰਤਾਵਾ ਗੁਰੂ ਸਾਹਿਬ ਲਈ ਹੋਰ ਵਸਤੂਆਂ ਨਾਲ ਮਾਸ ਵੀ ਪਰੋਸ ਰਿਹਾ ਸੀ ਤਾਂ ਸਾਹਮਣੇ ਬੈਠਿਆਂ ਬਾਬਾ ਜੀ ਦਾ ਜਿਉਂ ਹੀ ਧਿਆਨ ਪਿਆ ਤਾਂ ਆਪ ਇਕ ਦਮ ਅਸਹਿਜ ਮਹਿਸੂਸ ਕਰਨ ਲੱਗੇ ਕਿ ਇਥੇ ਮਾਸ ਵਰਤਾਇਆ ਜਾ ਰਿਹਾ ਹੈ ਪਰ ਮੈਂ ਤਾਂ ਗੰਗਾ ਇਸ਼ਨਾਨੀ ਵੈਸ਼ਨਵ ਹਾਂ, ਮਾਸ ਖਾਵਾਂ ਤਾਂ ਧਰਮ ਜਾਂਦਾ ਹੈ ਜੇ ਨਾ ਖਾਵਾਂ ਤਾਂ ਗੁਰੂ ਕਿਵੇਂ ਧਾਰਾਂ? ਅੱਛਾ, ਸਤਿਗੁਰੂ ਜਾਣੀ ਜਾਣ ਨੇ। ਇਉਂ ਵਿਚਾਰ ਹੀ ਰਹੇ ਸਨ ਜਦੋਂ ਸਤਿਗੁਰਾਂ ਵਰਤਾਵੇ ਨੂੰ ਆਖਿਆ ਕਿ ਆਹ ਜੋ ਨਵੇਂ ਸੱਜਣ ਆਏ ਹਨ ਉਨ੍ਹਾਂ ਨੂੰ ਮਾਸ ਤੋਂ ਬਿਨਾਂ ਦਾਲ ਚੌਲ ਆਦਿ ਭੋਜਨ ਵਰਤਾਉਣਾ।

ਓ. ਤਬ ਗੁਰੂ ਅਮਰਦਾਸ ਜੀ ਦੇਖੈ ਤੋ ਥਾਲੀ ਕੇ ਵਿਚ ਮਹਾ ਪ੍ਰਸਾਦਿ ਬਕਰੇ ਕਾ ਪਰੋਸਾ ਹੈ। ਤਬ ਮਨ ਮੈ ਬਿਚਾਰ ਕੀਤਾ।..ਜੋ ਗੁਰੁ ਪੂਰਾ ਹੈ ਤੋ ਮਹਾ ਪ੍ਰਸਾਦ ਹਮ ਕੋ ਨਹੀ ਦੇਵੈਗਾ। ਤਬ ਸਤਿਗੁਰ ਅੰਤਰਜਾਮੀ ਰਸੋਈਏ ਨੋ ਆਗਿਆ ਕੀਤੀ ਜੋ ਇਸ ਪੁਰਖ ਕੋ ਦਾਲ ਦੇਨਾ, ਪ੍ਰਸਾਦ ਦੇਨਾ, ਮਹਾ ਪ੍ਰਸਾਦਿ ਨਹੀ ਦੇਨਾ। ਤਬ ਗੁਰੂ ਅਮਰ ਨੇ ਬੀਚਾਰ ਕੀਤੀ ਸਤਿਗੁਰ ਅੰਤਰਜਾਮੀ ਹੈ। 29॥ ਮ.ਪ੍ਰ ਵਾ.

ਅ. ਸੋਰਠਾ॥ ਗੁਰ ਅੰਤਰਜਾਮੀ
ਦਿਆਲ ਬੂਝੀ ਬਿਰਤਿ ਮਨ ਕੀ ਕਹਿਓ।
ਇਸ ਪੁਰਖ ਪਰੋਸੋ ਦਾਲ
ਮਾਸ ਭੋਜਨ ਦੇਣਾ ਨਹੀਂ।56॥
ਚੌਪਈ॥ਆਗਿਆ ਮਾਨ ਰਸੋਈਐ ਕੀਨਾ।
ਸਭ ਕੋ ਮਾਸ, ਦਾਲ ਈਹਾਂ ਦੀਨਾ।
ਸਤਿਗੁਰ ਕੇ ਥਾਲ ਪਰੋਸਾ ਮਾਸ।ਪੁਨ ਦੇਖ
ਮਾਸ, ਮਨ ਕਰਿਓ ਬਿਸਾਸੁ।57॥9॥

ਮ.ਪ੍ਰ.

ਵਰਤਾਵੇ ਨੇ ਉਸੇ ਤਰਹ ਹੀ ਵਰਤਾਇਆ। ਸ੍ਰੀ ਅਮਰਦਾਸ ਜੀ ਸਮਝ ਗਏ ਕਿ ਸਤਿਗੁਰੂ ਮੇਰੀ ਭਾਵਨਾ ਜਾਣ ਗਏ ਹਨ। ਹੁਣ ਪ੍ਰਸੰਨਤਾ ਨਾਲ ਭੋਜਨ ਛਕਿਆ। ਇਸੇ ਤਰਹ ਜਦੋਂ ਦੂਜੇ ਦਿਨ ਪੰਗਤ ਵਿਚ ਆ ਕੇ ਬੈਠੇ ਤਾਂ ਫੁਰਨਾ ਆਇਆ ਕਿ ਸਤਿਗੁਰੂ ਜੇ ਆਪਣਾ ਸੀਤ ਪ੍ਰਸਾਦ ਬਖ਼ਸ਼ ਦੇਣ ਤਾਂ ਤਸੱਲੀ ਹੋ ਜਾਏ। ਭੋਜਨ ਖਾ ਰਹੇ ਅੰਤਰਜਾਮੀ ਪਾਤਸ਼ਾਹ ਜੀ ਨੇ ਵਰਤਾਵੇ ਨੂੰ ਆਖਿਆ ਕਿ ਸਾਡੇ ਵਾਲਾ ਥਾਲ ਸਾਹਮਣੇ ਬੈਠੇ ਨਵੇਂ ਆਏ ਨੂੰ ਦੇ ਦਿਉ ਅਰ ਉਸ ਵਾਲਾ ਸਾਨੂੰ ਦੇ ਦਿਉ। ਵਰਤਾਵੇ ਨੇ ਏਵੇਂ ਹੀ ਕੀਤਾ। ਅੱਜ ਥਾਲ ਵਿਚ ਜੋ ਵੀ ਬਾਕੀ ਮਿਲਿਆ ਸੀ, ਸ਼ਰਧਾ ਨਾਲ ਛਕਿਆ। ਸਾਰਾ ਸੰਸਾ ਦੂਰ ਹੋ ਗਿਆ। ਇਸ ਤੋਂ ਬਾਦ ਫਿਰ ਜਦੋਂ ਵੀ ਪੰਗਤ ਵਿਚ ਬੈਠੇ, ਜੋ ਸੰਗਤ ਵਿਚ ਪਰੋਸਿਆ ਗਿਆ ਉਹ ਸਾਰਿਆਂ ਨਾਲ ਮਿਲ ਕੇ ਛਕਿਆ।

**ੳ. ਜਬ ਮਹਾਂ ਪ੍ਰਸਾਦਿ ਸਤਿਗੁਰ ਕਾ ਖਾਇਆ।**
ਮਹਾਂ ਆਨੰਦ ਪ੍ਰਕਾਸ ਹੋਇ ਆਇਆ।
ਸਤਿਗੁਰ ਪ੍ਰਸਾਦਿ ਮਹਿਮਾ ਕਿਆ ਕਹੈ।
ਜੋ ਪਾਵੈ ਸੋਈ ਸੁਖ ਲਹੈ।62॥
ਪਾਇ ਪ੍ਰਸਾਦਿ ਬਾਹਰ ਪੁਨਿ ਆਏ।ਜਾਇ ਇਕੰਤ ਬੈਠਿ ਸੁਖ ਪਾਏ।..63॥9॥ ਮ.ਪ੍ਰ.

ਅ. ਭਈ ਸ਼ਾਂਤ ਦੁਬਿਧਾ ਨਸੀ ਮਨ ਤਹਾਂ ਟਿਕਾਵਾ।(ਸ਼ਾਂਤਿ ਆ ਗਈ, ਦੁਬਿਧਾ ਨੱਸ ਗਈ, ਮਨ ਟਿਕ ਗਿਆ)

ਪਾਨ ਕਰਯੋ ਜਲ ਧੋਇ ਕਰਿ ਬਾਹਰ ਪੁਨ ਆਵਾ।37॥ (ਪਾਣੀ ਪੀ ਕੇ ਹੱਥ ਧੋਤੇ ਤੇ ਬਹਾਰ ਆ ਗਿਆ)

..ਪੰਕਤਿ ਮਹਿਂ ਬੈਠਹਿ ਤਹਾਂ ਜੋ ਦੇਹਿਂ ਸੋ ਖਾਵੈ।( ਪੰਗਤ ਵਿਚ ਜਦੋਂ ਬੈਠਦਾ ਜੋ ਮਿਲਦਾ ਉਹ ਖਾਂਦਾ)

ਪੁਨਹਿ ਇਕਾਕੀ ਹੋਇ ਕਰਿ ਪ੍ਰਭ ਗੁਨ ਮਨ ਲਾਵੈ॥38॥16॥ (ਫਿਰ ਇਕੱਲੇ ਬੈਠ ਕਰਤਾਰੀ ਗੁਣਾਂ ਨੂੰ ਵਿਚਾਰਦਾ) ਗੁ.ਪ੍ਰ.ਸੂ.

ਭਾਈ ਵੀਰ ਸਿੰਘ ਜੀ ਨੇ ਇਸ ਘਟਨਾ ਨੂੰ ਆਪਣੇ ਲਫ਼ਜ਼ਾਂ ਵਿਚ ਇਉਂ ਬਿਆਨ ਕੀਤਾ ਹੈ:

ੲ. ਜਦ ਅੱਜ ਦਾ ਪਤੀਆ ਵੀ ਪੂਰਾ ਹੋ ਗਿਆ ਤਾਂ ਸ੍ਰੀ ਅਮਰਦਾਸ ਜੀ ਨੇ ਪਰਮ ਸੁਖ ਮੰਨ ਕੇ ਖਾ ਲਿਆ ਜੋ ਸੀਤ ਪ੍ਰਸਾਦ ਬਣ ਕੇ ਆਇਆ ਸੀ, ਕੋਈ ਕਿੰਤੂ ਨ ਫੁਰਿਆ ਤੇ ਨਿਸਚਾ ਅਡੋਲ ਅਹਿੱਲ ਗਡ ਗਿਆ ਥੰਮ ਵਾਂਗੂੰ ਕਿ ਇਹ ਗੁਰੂ ਪੂਰਨ ਹੈ। ਹਾਂ ਜੀ ਸਿਖ ਨੇ ਪਰਤਾਵਾ ਲੀਤਾ ਗੁਰੂ ਦਾ, ਗੁਰੂ ਪੂਰਾ ਉਤਰਿਆ। ਹੁਣ ਸਿਖ ਦਾ ਧਰਮ ਹੈ ਕਿ ਪਰਤਾਵੇ ਵਿਚ ਪੂਰਾ ਉਤਰੇ, ਗੁਰੂ ਨੂੰ ਅਰਪਨ ਕਰੇ ਕੁਛ। ਕੀਹ ਕਰੇ? ਸਿਖ ਪਾਸ ਕੀ ਹੈ? ਆਪਾ! ਸੋ ਸ੍ਰੀ ਅਮਰਦਾਸ ਜੀ ਦੇ ਆਪੇ ਨੇ ਅੱਜ 'ਆਪਾ' ਭੇਟ ਕਰ ਦਿਤਾ, ਆਪਣੇ ਪੂਰੇ ਗੁਰੂ ਨੂੰ, ਸਾਰਾ ਆਪਾ। ਅਸ਼ਟ ਗੁਰ ਚਮਤਕਾਰ

**ਚਲਦਾ.....**


# ਸ੍ਰੀ ਅਕਾਲ ਤਖਤ ਸਾਹਿਬ ਦੇ ਸੰਕਲਪ ਅਤੇ ਪ੍ਰਭੂ ਸੱਤਾ ਸੰਪਨ ਹਸਤੀ ਨੂੰ ਢਹਿ ਢੇਰੀ ਕੌਣ ਕਰ ਰਿਹਾ ਹੈ ?

## ✪ ਕੀ ਅਕਾਲ ਤਖਤ ਸਾਹਿਬ ਜਾ ਇਸ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਉਂਦੇ ਹਨ ? ✪ ਕਿੰਨਾ ਕੁ ਘਾਤਕ ਹੋ ਸਕਦਾ ਹੈ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ "ਸਰਵਿਸ ਨਿਯਮ" ਬਣਾਉਣਾ ?

ਪ੍ਰੋਫੈਸਰ (ਡਾ:) ਦਲਜੀਤ ਸਿੰਘ



ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦਾ ਉਹ ਮਹਾਨ ਵਿਲੱਖਣ ਮੀਰੀ ਪੀਰੀ ਦਾ ਤਖਤ ਹੈ, ਜੋ ਸਿੱਖ ਪੰਥ ਦੀ ਵੱਖਰੀ ਪਹਿਚਾਣ ਅਤੇ ਸੰਪੂਰਨ ਪ੍ਰਭੂ ਸੱਤਾ ਦਾ ਪ੍ਰਤੀਕ ਹੈ। ਭਾਵੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਆਜ਼ਾਦ ਹੋਂਦ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ 20ਵੀਂ ਸ਼ਤਾਬਦੀ ਦੇ ਆਖਰੀ ਦਹਾਕਿਆਂ ਵਿੱਚ ਵੱਡੀ ਪੱਧਰ ਤੇ ਸ਼ੁਰੂ ਹੋ ਗਈਆਂ ਸਨ, ਪਰ 21ਵੀਂ ਸ਼ਤਾਬਦੀ ਦੇ ਸ਼ੁਰੂ ਹੋਣ ਤੋਂ ਬਾਅਦ ਤਾਂ ਸਿੱਖ ਵਿਰੋਧੀ ਤਾਕਤਾਂ ਜਾਂ ਜਥੇਬੰਦੀਆਂ ਵੱਲੋਂ ਸਾਡੇ ਆਪਣੇ ਹੀ ਸਿੱਖ ਰਾਜਨੀਤਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਤੇ ਸੰਸਥਾਵਾਂ ਨੂੰ ਬੜੇ ਹੀ ਲੁਕਵੇਂ ਅਤੇ ਵਿਧੀਵੱਧ ਤਰੀਕੇ ਨਾਲ ਵਰਤ ਕੇ, ਇਸ ਦੀ ਆਜ਼ਾਦ ਅਤੇ ਸੁਤੰਤਰ ਪ੍ਰਭੂ ਸੱਤਾ ਨੂੰ ਖੇਰੂ ਖੇਰੂ ਕਰਨ ਦਾ ਕਾਰਜ ਬੜੇ ਜੋਰਾਂ ਸ਼ੋਰਾਂ ਨਾਲ ਕੀਤਾ ਜਾ ਰਿਹਾ ਹੈ। ਦੋ ਦਸੰਬਰ 2024, ਨੂੰ ਸ਼੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮਿਆਂ ਨੇ ਸਿੱਖ ਕੌਮ ਵਿੱਚ ਇਸ ਮਹਾਨ ਸੰਸਥਾ ਦੀ ਆਜ਼ਾਦ ਅਤੇ ਸੁਤੰਤਰ ਹੋਂਦ ਨੂੰ ਮੁੜ ਸਿਰਜਣ ਦੀ ਉਮੀਦ ਜਗਾ ਦਿੱਤੀ। ਪਰੰਤੂ ਜਿਸ ਤਰੀਕੇ ਦੇ ਨਾਲ ਇਹਨਾਂ ਹੁਕਮਨਾਮਿਆਂ ਨੂੰ ਦਰਕਨਾਰ ਕੀਤਾ ਗਿਆ, ਉਹ ਵੀ ਸ਼ਾਇਦ ਸਿੱਖ ਇਤਿਹਾਸ ਵਿੱਚ ਨਵਾਂ ਕਾਲਾ ਵਰਤਾਰਾ ਹੈ। ਨਿਸ਼ਚੇ ਹੀ ਇਸ ਵਰਤਾਰੇ ਨੇ ਸਿੱਖ ਕੌਮ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਬਾਰੇ ਭੰਬਲ ਭੂਸੇ ਅਤੇ ਬੇ - ਭਰੋਸਗੀ ਦਾ ਆਲਮ ਬਣਾ ਦਿੱਤਾ ਹੈ। ਦੁੱਖ ਦੀ ਗੱਲ ਇਹ ਹੈ, ਕਿ ਇਸ ਘਟਨਾਕ੍ਰਮ ਵਿੱਚ ਜੋ ਕੁਝ ਵਾਪਰਿਆ ਉਸ ਤੋਂ ਸਬਕ ਲੈਣ ਦੀ ਦੀ ਬਜਾਏ, 'ਜਾਣੇ ਅਣਜਾਣੇ' ਵਿੱਚ ਇੱਕ ਹੋਰ ਬਹੁਤ ਵੱਡੀ ਗਲਤੀ ਕੀਤੀ ਜਾ ਰਹੀ ਹੈ। ਉਹ ਇਹ ਹੈ, ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਦੀ ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਸੇਵਾ ਨਿਯਮ ਤਿਆਰ ਕਰਨ ਲਈ ਇਕ 34 ਮੈਂਬਰੀ ਕਮੇਟੀ ਦਾ ਬਣਾਉਣਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕਾਨੂੰਨ ਦੀ ਪੜ੍ਹਾਈ ਅਤੇ ਪੀਐਚ.ਡੀ ਕਰਨ ਤੋਂ ਬਾਅਦ ਆਪਣੇ ਕਾਨੂੰਨ ਦੇ ਅਧਿਆਪਨ ਤਜ਼ਰਬੇ ਅਧਾਰਤ, ਮੈਂ ਸਮੇਂ - ਸਮੇਂ ਸਿੱਖ ਪੰਥ ਬਾਰੇ ਕਾਨੂੰਨੀ ਨੁਕਤਾ ਨਿਗਾਹ ਤੋਂ ਆਪਣੇ ਵਿਚਾਰ ਰੱਖਦਾ ਆਇਆ ਹਾਂ, ,ਉਦਾਹਰਨ ਦੇ ਤੌਰ 'ਤੇ ਆਨੰਦ ਮੈਰਿਜ ਐਕਟ ਜਾਂ ਸਿੱਖ ਮੈਰਿਜ ਐਕਟ, ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਵੀਰ ਬਾਲ ਦਿਵਸ ਕਹਿਣਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀਰ ਬੰਦਾ ਬੈਰਾਗੀ ਕਹਿਣਾ ਆਦਿ।



ਅੱਜ ਮੈਂ ਇਸ ਲੇਖ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ "ਸੇਵਾ ਨਿਯਮ" ਬਣਾਉਣ ਲਈ ਚੁੱਕੇ ਕਦਮਾਂ ਦੀ ਕਾਨੂੰਨਾਤਮਿਕ ਪੱਖ ਤੋਂ ਪੜਚੋਲ ਜਾਂ ਸਮੀਖਿਆ ਕਰਨੀ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਸਵਾਲ ਇਹ ਹੈ ਕਿ, ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ, 1925 ਅਧੀਨ, ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਬਾਰੇ "ਸਰਵਿਸ ਨਿਯਮ" ਬਣਾਉਣ ਦਾ ਕੋਈ ਅਖਤਿਆਰ ਹੈ ? ਕਿਆ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ (ਨੌਕਰ) ਬਣਾਏ ਜਾਣਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਬਰਾਬਰ ਤਾਂ ਨਹੀਂ ਹੋਵੇਗਾ ?

ਸਾਨੂੰ ਸਭ ਨੂੰ ਪਤਾ ਹੀ ਹੈ, ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜੋ ਅੱਜ ਵਜੂਦ ਹੈ, ਉਹ ਸਿੱਖ ਗੁਰਦੁਆਰਾ ਐਕਟ, 1925 ਦੇ ਕਾਨੂੰਨ ਅਧੀਨ ਹੈ। ਇਸ ਐਕਟ ਦੀਆਂ 161 ਧਾਰਾਵਾਂ ਹਨ ਅਤੇ ਇਸ ਐਕਟ ਨੂੰ 12 ਅਧਿਆਇ ਵਿੱਚ ਵੰਡਿਆ ਹੋਇਆ ਹੈ। ਇਸ ਵਿੱਚ ਤਿੰਨ ਸ਼ਡਿਊਲ ਅੰਕਿਤ ਕੀਤੇ ਗਏ ਹਨ। 1925 ਤੋਂ ਬਾਅਦ ਇਸ ਐਕਟ ਵਿੱਚ ਕੁਝ ਤਰਮੀਮਾ, ਕੁਝ ਨਵੇਂ ਨਿਯਮ ਵੀ ਬਣਾਏ ਗਏ ਹਨ। ਇੱਥੇ ਮੈਂ ਖਾਸ ਜਿਕਰ ਕਰਨਾ ਚਾਹਾਂਗਾ, ਕਿ ਸ਼੍ਰੋਮਣੀ ਗੁਰੂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾ ਲਈ ਸਰਵਿਸ ਰੂਲਸ ਇੱਕ ਮਾਰਚ, 1997 ਤੋਂ, ਜੋ ਲਾਗੂ ਕੀਤੇ ਗਏ ਹਨ, ਉਸ ਦੀ ਧਾਰਾ ੧(ਕ) ਵਿੱਚ ਮੁਲਾਜ਼ਮਾਂ ਦੇ ਅਹੁਦਿਆਂ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ ਮੈਨੇਜਰ/ ਮੀਤ /ਖਜ਼ਾਨਚੀ/ ਕਲੈਰੀਕਲ/ ਟੈਕਨੀਕਲ ਸਟਾਫ ਤੇ ਜ/ਰਾਗੀ, ਗ੍ਰੰਥੀ ਸ/ਗ੍ਰੰਥੀ ਸ/ਰਾਗੀ/ ਜੋੜੀ ਵਾਲੇ ਤੇ ਹੈਲਪਰ। ਮਹੱਤਵਪੂਰਨ ਤੱਥ ਇਹ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਜਾਂ 1997 ਵਿੱਚ ਬਣਾਏ ਸਰਵਿਸ ਰੂਲਸ ਵਿੱਚ ਕਿਤੇ ਵੀ "ਜਥੇਦਾਰ" ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ।

ਹੁਣ ਸਵਾਲ ਇਹ ਉੱਠਦਾ ਹੈ ਕਿ, ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ 1925 ਅਧੀਨ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਬਾਰੇ ਸਰਵਿਸ ਨਿਯਮ ਬਣਾਉਣ ਦਾ ਕੋਈ ਅਖਤਿਆਰ ਹੈ ? ਜਦੋਂ ਅਸੀਂ ਸਿੱਖ ਗੁਰਦੁਆਰਾ ਐਕਟ,1925 ਦੀਆਂ ਵੱਖ ਵੱਖ ਧਰਾਵਾਂ ਦਾ ਬਰੀਕੀ ਨਾਲ ਅਧਿਅਨ ਕਰਦੇ ਹਾਂ, ਤਾਂ ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਅਧੀਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੋਚ ਸਮਝ ਕੇ ਸਿੱਖ ਗੁਰਦੁਆਰਾ ਐਕਟ ਦੇ ਘੇਰੇ ਵਿੱਚ ਨਹੀਂ ਲਿਆਂਦਾ ਗਿਆ। ਅੰਗਰੇਜ਼ਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਇਸ ਐਕਟ ਵਿੱਚ ਕਿਤੇ ਵੀ ਜ਼ਿਕਰ ਨਹੀਂ ਕੀਤਾ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਅੰਗਰੇਜ਼ਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਜਾ ਉਸਦੇ ਜਥੇਦਾਰ ਦੀ ਪਦਵੀ ਬਾਰੇ ਪਤਾ ਨਹੀਂ ਸੀ। ਉਹਨਾਂ ਨੇ ਸਭ ਕੁਝ ਜਾਣਦੇ ਹੋਏ ਵੀ ਇਸ ਨੂੰ ਕਾਨੂੰਨ ਦੇ ਘੇਰੇ ਵਿੱਚ ਨਹੀਂ ਲਿਆਂਦਾ, ਕਿਉਂਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਆਜ਼ਾਦ ਹੋਣ ਅਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ। ਇਸ ਐਕਟ ਵਿੱਚ "ਮਨਿਸਟਰ" ਅਤੇ "ਹੈਡ ਮਨਿਸਟਰ" ਦਾ ਸ਼ਬਦ ਵਰਤਿਆ ਗਿਆ ਹੈ। ਹੁਣ ਸਵਾਲ ਇਹ ਹੈ ਕਿ, ਕੀ ਅਸੀਂ ਮਨਿਸਟਰ ਜਾਂ ਹੈਡ ਮਨਿਸਟਰ ਦਾ ਮਤਲਬ "ਜਥੇਦਾਰ," ਕਹਿ ਸਕਦੇ ਹਾਂ। ਬਿਲਕੁਲ ਵੀ ਨਹੀਂ! ਕਾਨੂੰਨੀ ਪੱਖੋਂ ਮੈਂ ਇਸ ਦਾ ਇਕ ਸਬੂਤ ਦਿੰਦਾ ਹਾਂ। ਐਕਟ ਦੀ ਧਾਰਾ 43 ਜਾਂ 43ਏ ਦੇ ਵਿੱਚ "ਬੋਰਡ" (ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੋ ਜਾਣਿਆ ਜਾਂਦਾ ਹੈ) ਦੀ ਬਣਤਰ ਬਾਰੇ ਲਿਖਿਆ ਗਿਆ ਹੈ। ਇਸ ਅਨੁਸਾਰ ਚੁਣੇ ਗਏ 140 ਮੈਂਬਰਾਂ ਤੋਂ ਬਿਨਾਂ "ਹੈਡ ਮਨਿਸਟਰ ਦਰਬਾਰ ਸਾਹਿਬ ਅੰਮ੍ਰਿਤਸਰ" ਅਤੇ ਚਾਰ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ੍ਰੀ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਸ੍ਰੀ ਤਖ਼ਤ ਪਟਨਾ ਸਾਹਿਬ ਪਟਨਾ, ਸ੍ਰੀ ਤਖ਼ਤ ਹਜ਼ੂਰ ਸਾਹਿਬ ਨੰਦੇੜ ਅਤੇ 15 ਹੋਰ ਭਾਰਤੀ ਵਾਸੀਤ। ਹੁਣ ਬਹੁਤ ਹੀ ਮਹੱਤਵਪੂਰਨ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਧਾਰਾ ਵਿੱਚ ਸ਼ਬਦ ਵਰਤੇ ਗਏ ਹਨ "ਹੈਡ ਮਿਨਿਸਟਰ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਚਾਰ ਤਖਤ ਸਾਹਿਬ"। ਕੀ ਦਰਬਾਰ ਸਾਹਿਬ ਦਾ ਕੋਈ ਜਥੇਦਾਰ ਹੋਇਆ ਹੈ ਜਾ ਹੁਣ ਹੈ ? ਇਸ ਦਾ ਉੱਤਰ ਸਾਫ ਹੈ, ਕਿ ਨਹੀਂ! ਕਾਨੂੰਨੀ ਪੱਖੋਂ "ਹੈੱਡ ਮਨਿਸਟਰ" ਸ਼ਬਦ "ਹੈੱਡ ਗ੍ਰੰਥੀ" ਲਈ ਵਰਤਿਆ ਗਿਆ ਹੈ। ਕਾਨੂੰਨ ਦੇ ਸਿਧਾਂਤਾਂ ਅਨੁਸਾਰ ਇੱਕ ਐਕਟ ਵਿੱਚ ਵਰਤੇ ਗਏ ਸ਼ਬਦ ਦੇ ਕਦੇ ਵੀ ਦੋ ਅਰਥ ਜਾਂ ਮਤਲਬ ਨਹੀਂ ਹੋ ਸਕਦੇ। ਜੇ ਹੈੱਡ ਮਨਿਸਟਰ ਸ਼ਬਦ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਤੌਰ ਤੇ ਵਰਤਿਆ ਗਿਆ ਹੈ, ਤਾਂ ਇਹ ਸ਼ਬਦ ਅਕਾਲ ਤਖਤ ਦੇ ਜਥੇਦਾਰਾਂ ਲਈ ਵਰਤਣਾ ਕਾਨੂੰਨਨ ਤੌਰ'ਤੇ ਗ਼ਲਤ ਹੋਵੇਗਾ। ਇਸ ਲਈ ਇਹ ਸਪਸ਼ਟ ਹੈ, ਕਿ ਹੈੱਡ ਮਨਿਸਟਰ ਸ਼ਬਦ ਦਰਬਾਰ ਸਾਹਿਬ ਅਤੇ ਚਾਰ ਤਖਤਾਂ ਦੇ ਮੁੱਖ ਗ੍ਰੰਥੀ ਲਈ ਵਰਤਿਆ ਗਿਆ ਹੈ। ਹੁਣ ਇੱਕ ਬਹੁਤ ਹੀ ਮਹੱਤਵਪੂਰਨ ਸਵਾਲ, ਸਭ ਦੇ ਜ਼ਿਹਨ ਵਿੱਚ ਆਵੇਗਾ ਕਿ, ਕੀ ਅਕਾਲ ਤਖਤ ਗੁਰਦੁਆਰਾ ਹੈ ਜਾਂ ਮੀਰੀ ਪੀਰੀ ਸਿਧਾਂਤਕ ਸੰਸਥਾ ?

ਬਾਕੀ ਹਿਸਾ ਸਫਾ 35 ਤੇ ਪੜ੍ਹੋ

### 34 ਸਫ਼ੇ ਦੀ ਬਾਕੀ

ਇਸ ਦਾ ਜਵਾਬ ਸਿੱਖ ਗੁਰਦੁਆਰਾ ਐਕਟ ਦੀ ਧਾਰਾ 85 ਤੋ ਸਪਸ਼ਟ ਤੌਰ 'ਤੇ ਮਿਲ ਜਾਂਦਾ ਹੈ, ਜਿਸ ਵਿੱਚ ਗੁਰਦੁਆਰਿਆਂ ਦੀ ਪ੍ਰਬੰਧਕ ਪ੍ਰਬੰਧਕੀ ਕਮੇਟੀ ਬਾਰੇ ਲਿਖਿਆ ਗਿਆ ਹੈ। ਇਸ ਵਿੱਚ ਜਿਨਾਂ ਗੁਰਦੁਆਰਿਆਂ ਦੇ ਨਾਂਓ ਦਿੱਤੇ ਗਏ ਹਨ, ਉਹਨਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਅਤੇ ਸ੍ਰੀ ਤਖਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਨੂੰ ਅੰਕਿਤ ਕੀਤਾ ਗਿਆ ਹੈ। ਇਸ ਦਾ ਇੱਕ ਹੋਰ ਸਬੂਤ ਸਿੱਖ ਗੁਰਦੁਆਰਾ ਐਕਟ ਦੀ ਅਨੁਸੂਚੀ 1 (ਸ਼ਚਹਦੁਲਏ ੀ) ਵਿੱਚੋਂ ਵੀ ਮਿਲ ਜਾਂਦਾ ਹੈ, ਅਤੇ ਇਸ ਅਨੁਸੂਚੀ ਵਿੱਚ ਜੋ 415 ਗੁਰੂਦੁਆਰਿਆਂ ਦੇ ਨਾਂਓ ਲਿਖੇ ਗਏ ਸਨ, ਉਸ ਦੇ 26ਵੇਂ ਨੰਬਰ ਤੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦਾ ਨਾਂਓ, 27ਵੇਂ ਨੰਬਰ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗਾ) ਅਤੇ 118 ਨੰਬਰ ਤੇ ਸ਼੍ਰੀ ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਦਰਜ ਕੀਤਾ ਹੋਇਆ ਹੈ।

ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਗੁਰਦੁਆਰਾ ਵੀ ਹਨ, ਜਿਨਾਂ ਵਿੱਚ ਧਾਰਮਿਕ ਰਸਮ ਮਰਿਆਦਾ ਰੱਖਣ ਦੀ ਜਿੰਮੇਵਾਰੀ ਹੈਡ ਮਨਿਸਟਰ ਜਾਂ ਹੈਡ ਗ੍ਰੰਥੀ ਸਾਹਿਬ ਤੇ ਹੈ। ਜਿਵੇਂ ਕਿ ਮੈਂ ਉੱਪਰ ਲਿਖ ਚੁੱਕਿਆ ਹਾਂ, ਇਹਨਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੇਵਾ ਨਿਯਮ 1997 ਤੋਂ ਹੀ ਲਾਗੂ ਕਰ ਦਿੱਤੇ ਗਏ ਹਨ।

ਜਦੋਂ ਅਸੀਂ ਸਿੱਖ ਗੁਰਦੁਆਰਾ ਐਕਟ, 1925 ਦੇ ਬਣਨ ਅਤੇ ਉਸ ਤੋਂ ਪਹਿਲਾਂ ਦੇ ਇਤਿਹਾਸਿਕ ਪਿਛੋਕੜ ਵੱਲ ਝਾਤੀ ਮਾਰਦੇ ਹਾਂ, ਤਾਂ ਇਹ ਗੱਲ ਸਪਸ਼ੱਟ ਹੋ ਜਾਂਦੀ ਹੈ ਕਿ ਸਿੱਖ ਪੰਥ ਵੱਲੋਂ ਮਹੰਤਾ ਜਾਂ ਮਸੰਦਾਂ ਆਦ ਤੋਂ ਕੰਟਰੋਲ ਛੁਡਵਾ ਕੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਪ੍ਰਾਪਤ ਕਰਨ ਲਈ ਹੀ ਇਹ ਕਾਨੂੰਨ ਦੀ ਮੰਗ ਕੀਤੀ ਗਈ ਸੀ ਅਤੇ ਅੰਗਰੇਜ਼ਾਂ ਨੇ 1925 ਵਿੱਚ ਇਹ ਐਕਟ ਬਣਾਉਣ ਸਮੇਂ ਇਸ ਦੇ ਸ਼ੁਰੂ ਵਿੱਚ ਹੀ ਇਹ ਲਿਖ ਦਿੱਤਾ ਸੀ, ਕਿ "ਇਹ ਐਕਟ ਕੁਝ ਸਿੱਖ ਗੁਰਦੁਆਰਿਆਂ ਅਤੇ ਇਸ ਦੇ ਨਾਲ ਜੁੜੇ ਮਾਮਲਿਆਂ ਵਿੱਚ ਇੱਕ ਬਿਹਤਰ ਪ੍ਰਸ਼ਾਸਨ ਦਾ ਪ੍ਰਬੰਧ ਕਰਨ ਲਈ ਹੈ"। ਜਿਵੇਂ ਅਸੀਂ ਉੱਪਰ ਵੇਖ ਆਏ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਦੋ ਵੱਖ-ਵੱਖ ਹਸੀਅਤ ਹਨ, ਇੱਕ ਸਿੱਖ ਗੁਰਦੁਆਰਾ ਐਕਟ ਵੱਲੋਂ ਘੋਸ਼ਿਤ "ਗੁਰਦੁਆਰਾ ਸਾਹਿਬ" ਅਤੇ ਦੂਜੀ ਸਿੱਖ ਧਰਮ ਦੇ ਇਤਿਹਾਸ ਸਿਧਾਂਤਾਂ ਮਰਿਆਦਾ ਤੇ ਅਧਾਰਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਸਥਾਪਿਤ ਮੀਰੀ ਪੀਰੀ ਦਾ "ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ", ਜੋ ਕਿ ਅਲਾਹੀ ਆਦੇਸ਼ ਦਾ ਅਸਥਾਨ ਹੈ। ਇਸ ਲਈ ਜਦੋਂ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਗੁਰਦੁਆਰਾ ਦੀ ਗੱਲ ਕਰਦੇ ਹਾਂ, ਤਾਂ ਇਹ ਨਿਸ਼ਚੇ ਹੀ ਸ਼੍ਰੋਮਣੀ ਗੁਰਦੁਆਰਾ ਐਕਟ ਦੇ ਘੇਰੇ ਵਿੱਚ ਆਉਂਦਾ ਹੈ, ਅਤੇ ਇਸ ਦਾ ਹੈੱਡ ਮਨਿਸਟਰ ਯਾਨੀ ਹੈੱਡ ਗ੍ਰੰਥੀ ਅਤੇ ਮਨਿਸਟਰ ਯਾਨੀ ਗ੍ਰੰਥੀ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ। ਪਰ ਮੀਰੀ ਪੀਰੀ ਦੇ ਸਿਧਾਂਤ ਤੇ ਸਥਾਪਤ ਪ੍ਰਭੂਸਤਾ ਸੰਪਨ ਹਸਤੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਐਕਟ,1925 ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਜਾਂ ਇਸ ਦੇ ਅਧਿਕਾਰ ਖੇਤਰ ਵਿੱਚ ਬਿਲਕੁਲ ਵੀ ਨਹੀਂ ਆਉਂਦੇ।

ਇੱਕ ਹੋਰ ਬਹੁਤ ਹੀ ਮਹੱਤਵਪੂਰਨ ਗੱਲ ਇਹ ਹੈ, ਕਿ ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ, ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਅਲਾਹੀ ਆਦੇਸ਼ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵਸਦੇ ਸਿੱਖਾਂ ਅਤੇ ਸਿੱਖਾਂ ਨਾਲ ਸੰਬੰਧਿਤ ਗੁਰਦੁਆਰਿਆਂ ਤੇ ਲਾਗੂ ਹੁੰਦੇ ਹਨ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸਾਰੀ ਦੁਨੀਆ ਵਿੱਚ ਵੱਸਦੇ ਸਿੱਖਾਂ ਤੇ ਲਾਗੂ ਹੁੰਦਾ ਹੈ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰ ਖੇਤਰ ਸਿਰਫ ਗੁਰਦੁਆਰਿਆਂ ਦੇ ਪ੍ਰਬੰਧਨ ਅਤੇ ਉਹ ਵੀ ਅੱਜ ਦੇ ਪੰਜਾਬ ਜਾਂ ਕੁਝ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਗੁਰਦੁਆਰਿਆਂ ਤੱਕ ਸੀਮਤ ਹੈ। ਭਾਰਤ ਵਿੱਚ ਵੱਖ ਵੱਖ ਰਾਜਾਂ ਵਿੱਚ ਸਿੱਖ ਗੁਰਦੁਆਰਿਆਂ ਦੇ ਲਈ ਵੱਖਰਾ ਵੱਖਰਾ ਕਾਨੂੰਨ ਹੈ, ਜਿਵੇਂ ਕਿ ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ, 2014; ਦਿੱਲੀ ਸਿੱਖ ਗੁਰਦੁਆਰਾ ਐਕਟ, 1971; ਕੋਨਸਟੀਟਿਊਸ਼ਨ ਆਫ ਸ੍ਰੀ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ,1956; ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ,1956 ਅਤੇ ਜੰਮੂ ਐਂਡ ਕਸ਼ਮੀਰ ਸਿੱਖ ਗੁਰਦੁਆਰਾ ਅਤੇ ਇੰਡੋਵਮੈਂਟ ਐਕਟ,1973 ਬਣੇ ਹੋਏ ਹਨ।

ਇੱਥੇ ਮੈਂ ਤੁਹਾਡੇ ਨਾਲ ਇੱਕ ਇਤਿਹਾਸਿਕ ਤੱਤ ਸਾਂਝਾ ਕਰਨਾ ਚਾਹੁੰਦਾ ਹਾਂ :- 1999 ਵਿੱਚ ਜਦੋਂ ਭਾਈ ਰਣਜੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਵਿਵਾਦ ਉੱਠਿਆ ਤਾਂ ਮੇਰਾ ਅਖਬਾਰਾਂ ਵਿੱਚ ਇੱਕ ਆਰਟੀਕਲ ਛਪਿਆ ਜਿਸ ਦਾ ਸਿਰਲੇਖ ਸੀ, "ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਘੇਰੇ ਵਿੱਚ ਨਹੀਂ ਆਉਂਦਾ"। ਜਦੋਂ ਉਸ ਵਕਤ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਲੇਖ ਪੜਿਆ, ਤਾਂ ਉਹਨਾਂ ਨੇ ਮੇਰੇ ਨਾਲ ਮੁਲਾਕਾਤ ਦੀ ਇੱਛਾ ਜਤਾਈ। ਮੇਰੀ ਤੇ ਉਹਨਾਂ ਦੀ ਮੁਲਾਕਾਤ ਉਹਨਾਂ ਦੇ ਜੱਦੀ ਪਿੰਡ ਟੌਹੜਾ ਵਿਖੇ ਉਹਨਾਂ ਦੀ ਰਹਾਇਸ਼ ਤੇ ਹੋਈ। ਜਦੋਂ ਦੋ ਘੰਟਿਆਂ ਦੀ ਇਸ ਮੀਟਿੰਗ ਵਿੱਚ ਮੈਂ ਉੱਪਰ ਦਿੱਤੇ ਸਾਰੇ ਤੱਥ ਉਹਨਾਂ ਨੂੰ ਦੱਸੇ ਤਾਂ ਉਹਨਾਂ ਨੇ ਬਸ ਇਨਾ ਹੀ ਕਿਹਾ, ਕਿ ਸਾਡੇ ਵਕੀਲ ਸਿਰਫ਼ ਸਮਰੀਆਂ ਹੀ ਪੜ੍ਹੀ ਜਾਂਦੇ ਨੇ, ਕਦੇ ਉਹਨਾਂ ਨੇ ਵਿਸਥਾਰ ਪੂਰਵਕ ਇਹ ਸਾਰੀ ਜਾਣਕਾਰੀ ਮੈਨੂੰ ਨਹੀਂ ਦਿੱਤੀ। ਉਸ ਤੋਂ ਬਾਅਦ ਉਹਨਾਂ ਨੇ ਇੱਕ ਮੀਟਿੰਗ ਉਸ ਵਕਤ ਵਰਲਡ ਸਿੱਖ ਕੌਂਸਲ ਦੇ ਚੇਅਰਮੈਨ ਜਸਟਿਸ ਕੁਲਦੀਪ ਸਿੰਘ ਦੇ ਗ੍ਰਹਿ, ਪੰਚਕੁਲਾ ਵਿਖੇ ਰੱਖੀ । ਜਿਸ ਵਿੱਚ ਟੌਹੜਾ ਸਾਹਿਬ ਜਸਟਿਸ ਕੁਲਦੀਪ ਸਿੰਘ ਅਤੇ ਦਾਸ ਸ਼ਾਮਲ ਸੀ। ਜਦੋਂ ਇਹ ਸਾਰਾ ਕੁਝ ਜਸਟਿਸ ਕੁਲਦੀਪ ਸਿੰਘ ਉਹਨਾਂ ਨੂੰ ਮੈਂ ਵਿਸਥਾਰਪੂਰਵਕ ਸਪੱਸ਼ਟ ਕੀਤਾ ਤਾਂ ਉਹਨਾਂ ਨੇ ਟੌਹੜਾ ਸਾਹਿਬ ਤੋਂ ਪੁੱਛਿਆ ਕਿ, ਕੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੈੱਡ ਗ੍ਰੰਥੀ ਦੀ ਪੋਸਟ ਹੈ ? ਤਾਂ ਉਹਨਾਂ ਦਾ ਜਵਾਬ ਸੀ, "ਜੀ ਹਾਂ" ਅਤੇ ਇਸ ਦੇ ਹੈਡ ਗ੍ਰੰਥੀ ਅੱਜ ਕੱਲ ਭਾਈ ਭਗਵਾਨ ਸਿੰਘ ਜੀ ਹਨ। ਜਸਟਿਸ ਕੁਲਦੀਪ ਸਿੰਘ ਨੇ ਸਪਸ਼ੱਟ ਸ਼ਬਦਾਂ ਵਿੱਚ ਕਿਹਾ ਤਾਂ ਫਿਰ ਜੋ ਪ੍ਰੋਫੈਸਰ ਦਲਜੀਤ ਸਿੰਘ ਕਹਿ ਰਹੇ ਹਨ, ਇਹ ਬਿਲਕੁਲ ਠੀਕ ਹੈ। ਜੇ ਪਿਛੋਕੜ ਵੱਲ ਝਾਤੀ ਮਾਰੀਏ ਤਾਂ 1999 ਵਿੱਚ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿੱਚ ਇਸ ਸਬੰਧੀ ਮਤਾ ਵੀ ਪਾਸ ਕੀਤਾ ਸੀ ਅਤੇ ਬਾਅਦ ਵਿੱਚ ਉਹਨਾਂ ਨੇ ਕਈ ਮੰਚਾਂ ਤੇ ਆਪ ਵੀ ਇਸ ਬਾਰੇ ਗੱਲ ਕੀਤੀ ਸੀ।

ਹੁਣ ਸਵਾਲ ਇਹ ਹੈ, ਕਿ ਮੈਂ ਇਹ ਕਿਉਂ ਕਹਿ ਰਿਹਾ ਹਾਂ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਸਰਵਿਸ ਨਿਯਮ ਬਣਾਉਣਾ ਘਾਤਕ ਸਿੱਧ ਹੋਵੇਗਾ। ਭਾਵੇਂ ਕਿ ਮੈਂ ਉੱਪਰ ਇਹ ਸਪਸ਼ੱਟ ਕਰ ਚੁੱਕਿਆ ਹਾਂ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਨਹੀਂ ਆਉਂਦੇ ਅਤੇ ਇਹ ਆਪਣੇ ਆਪ ਵਿੱਚ ਪ੍ਰਭੂ ਸੰਪਨ ਆਜ਼ਾਦ ਹਸਤੀ ਵਾਲਾ ਸੰਕਲਪ ਹੈ, ਪਰ ਅੱਜ ਕੱਲ ਜਿਸ ਤਰੀਕੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਬਜ਼ ਧੜੇ ? ਵੱਲੋਂ ਆਪਣੇ ਰਾਜਸੀ ਆਕਾਵਾਂ ਦੀ ਇੱਛਾ ਪੂਰਤੀ ਜਾਂ ਉਹਨਾਂ ਦੇ ਰਾਜਸੀ ਹਿਤਾਂ ਨੂੰ ਪੂਰਨ ਲਈ ਜੋ ਮਤਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੰਬੋਧਿਤ, ਪੰਜ ਅਗਸਤ 2025 ਨੂੰ "ਹਾਰਦਿਕ ਅਪੀਲ" ਨੁਮਾ ਪਾਸ ਕੀਤਾ ਗਿਆ (ਭਾਵੇਂ ਕਿ ਉਸ ਦੀ ਸ਼ਬਦਾਵਲੀ ਕਿਸੇ ਆਦੇਸ਼ ਤੋਂ ਘੱਟ ਨਹੀਂ ਲੱਗਦੀ), ਅਤੇ ਜਿਸ ਤਰੀਕੇ ਦੇ ਨਾਲ ਪਹਿਲਾਂ ਰਹਿ ਚੁੱਕੇ ਪ੍ਰਚਾਰਕ ਅਤੇ ਹੁਣ ਸ੍ਰੀ ਅਕਾਲ ਤਖਤ ਸਾਹਿਬ ਦੇ ਮੂੰਹ ਹਨੇਰੇ ਬਿਨਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਥਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਣਾਏ ਗਏ ਕਾਰਜਕਾਰੀ ਜਥੇਦਾਰ ਵੱਲੋਂ 6 ਅਗਸਤ 2025 ਨੂੰ ਜੋ ਮਤਾ ਨੰਬਰ ੧, ਪੰਜ ਸਿੰਘ ਸਾਹਿਬਾਨਾਂ (ਭਾਵੇਂ ਕਿ ਉਹਨਾਂ ਵਿੱਚ ਸਿੰਘ ਸਾਹਿਬ ਨਹੀਂ ,ਬਲਕਿ ਇੱਕ 'ਪਿਆਰੇ' ਮੰਗਲ ਸਿੰਘ ਜੀ ਸਨ, ਜੋ ਕਿ ਆਪਣੇ ਆਪ ਵਿੱਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰੋਕਤ ਮਤਾ ਨੰਬਰ 1 ਵਿੱਚ ਦਰਜ 1999 ਦੇ ਮਤੇ ਦੀ ਉਲੰਘਣਾ ਵੀ ਹੈ) ਪਾਸ ਕੀਤਾ ਗਿਆ। ਇਸ ਸਾਰੇ ਵਰਤਾਰੇ ਤੋਂ ਇੰਝ ਲੱਗਦਾ ਹੈ ਕਿ ਵਾੜ ਆਪ ਹੀ ਖੇਤ ਨੂੰ ਖਾਣ ਲੱਗ ਪਈ ਹੈ। ਅੱਜ ਮੇਰਾ ਮਤਿਆਂ ਬਾਰੇ ਵਿਸ਼ਾ ਨਾ ਹੋਣ ਕਰਕੇ, ਮੈਂ ਕੁਝ ਜ਼ਿਆਦਾ ਨਹੀਂ ਲਿਖਣਾ ਚਾਹੁੰਦਾ, ਪਰ ਇਹ ਜਰੂਰ ਕਹਾਂਗਾ ਕਿ ਇਹ ਸ੍ਰੀ ਅਕਾਲ ਤਖਤ ਸਾਹਿਬ ਦੇ ਸੰਕਲਪ ਅਤੇ ਪ੍ਰਭੂਸਤਾ ਸੰਪਨ ਹਸਤੀ ਨੂੰ ਢਹਿ ਢੇਰੀ ਕਰਨ ਵਾਲਾ ਵਰਤਾਰਾ ਹੈ। ਮੈਂ ਇਸ ਵਰਤਾਰੇ ਬਾਰੇ ਇੱਥੇ ਕੁਝ ਹੋਰ ਨਹੀਂ ਕਹਿ ਸਕਦਾ। ਹੋ ਸਕਦਾ ਹੈ ਕਿ ਇਹ ਆਪਣੇ ਰਾਜਨੀਤਿਕ ਆਕਾਵਾਂ ਨੂੰ ਖੁਸ਼ ਕਰਨ ਲਈ ਜਾਂ ਸਿੱਖ ਵਿਰੋਧੀ ਤਾਕਤਾਂ ਜਾ ਸੰਸਥਾਵਾਂ ਵੱਲੋਂ 'ਜਾਣੇ ਅਣਜਾਣੇ' ਕੋਈ ਡੂੰਗੀ ਸਾਜਿਸ਼ ਦੇ ਜਾਲ ਵਿੱਚ ਫਸਣ ਕਰਕੇ ਹੋਵੇ।

ਆਖਰ ਵਿੱਚ ਮੈਂ ਕਾਨੂੰਨ ਪੱਖੋਂ ਇੱਕ ਮਹੱਤਵਪੂਰਨ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ, ਕਿ ਜੇ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਵਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਵਿਸ ਨਿਯਮ ਬਣਾਉਂਦੀ ਹੈ ਤਾਂ ਉਹ ਨਿਸ਼ਚੇ ਹੀ, ਇਸਦੇ ਮੁਲਾਜ਼ਮ (ਨੌਕਰ) ਬਣ ਜਾਣਗੇ। ਮੈਂ ਨੌਕਰ ਸ਼ਬਦ ( ਬਹੁਤ ਹੀ ਭਰੇ ਦਿਲ ਨਾਲ ਲਿਖ ਰਿਹਾ ਹਾਂ) ਸੱਚਾਈ ਇਹ ਹੈ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 69 ਵਿੱਚ "ਬੋਰਡ ਦੇ ਨੌਕਰਾਂ (ਸ਼ਇਰਵਓਨਟਸ) ਦੀ ਨਿਯੁਕਤੀ ਅਤੇ ਸਜ਼ਾ ਬਾਰੇ ਲਿਖਿਆ ਗਿਆ ਹੈ। ਵੇਖਣ ਵਾਲੀ ਗੱਲ ਇਹ ਹੈ, ਕਿ ਇਸ ਧਾਰਾ ਵਿੱਚ ਚਾਰ ਵਾਰ "ਨੌਕਰ" ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਨਾ ਕਿ "ਇਮਪਲੋ" (ਕਰਮਚਾਰੀ ਜਾਂ ਮੁਲਾਜ਼ਮ) ਦੀ। ਜੇ ਜਥੇਦਾਰ ਸਾਹਿਬ ਬਾਰੇ ਇਹ ਸਰਵਿਸ ਨਿਯਮ ਬਣਾਏ ਜਾਂਦੇ ਹਨ ਤਾਂ ਉਹ ਕਾਨੂੰਨ ਦੇ ਘੇਰੇ ਵਿੱਚ ਆ ਜਾਣਗੇ ਅਤੇ ਉਹਨਾਂ ਦੀ ਨਿਯੁਕਤੀ ਜਾਂ ਸਜ਼ਾ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਅਧਿਕਾਰ ਮਿਲ ਹੀ ਜਾਵੇਗਾ, ਪਰ ਇਸ ਦਾ ਬਹੁਤ ਹੀ ਭਿਆਨਕ ਨਤੀਜਾ ਇਹ ਹੋਵੇਗਾ, ਕਿ ਜਥੇਦਾਰ ਬਾਰੇ ਅਦਾਲਤਾਂ ਵਿੱਚ ਮੁਕਦਮੇ ਕਾਨੂੰਨੀ ਤੌਰ ਤੇ ਲੜੇ ਜਾ ਸਕਣਗੇ। ਭਾਰਤ ਦੇ ਕਾਨੂੰਨ ਅਨੁਸਾਰ ਜਥੇਦਾਰ ਸਾਹਿਬ ਕਿਸੇ ਨੂੰ ਧਰਮ ਵਿੱਚੋਂ ਛੇਕ ਨਹੀਂ ਸਕਣਗੇ ਜਾਂ ਕੋਈ ਸਜ਼ਾ ਨਹੀਂ ਦੇ ਸਕਣਗੇ। ਉਹਨਾਂ ਵੱਲੋਂ ਕੀਤੇ ਮਤੇ ਜਾਂ ਹੁਕਮਨਾਮਿਆ ਬਾਰੇ ਜਾਂ ਉਹਨਾਂ ਦੀ ਨਿਯੁਕਤੀ ਬਾਰੇ ਕੋਈ ਵੀ ਅਦਾਲਤਾਂ ਵਿੱਚ ਜਾ ਕੇ ਪਟੀਸ਼ਨ ਕਰ ਸਕੇਗਾ ਜਾਂ ਉਹ ਖੁਦ ਕਰ ਸਕਣਗੇ। ਇਸ ਦੇ ਸਬੂਤ ਵਜੋਂ, ਮੈਂ ਭਾਰਤ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਵੱਲੋਂ ਕੀਤਾ 2011 ਦਾ ਫੈਸਲਾ, ਦਿਲਜੀਤ ਸਿੰਘ ਬੇਦੀ ਬਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੇਣਾ ਚਾਹੁੰਦਾ ਹਾਂ।

ਹੁਣ ਸਭ ਦੇ ਜ਼ਿਹਨ ਵਿੱਚ ਇਹ ਸਵਾਲ ਆਏਗਾ ਕਿ ਜੇ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੈ ਤਾਂ ਉਹਨਾਂ ਨੂੰ ਕਿਸ ਤਰ੍ਹਾਂ ਨਿਯੁਕਤ ਕੀਤਾ ਜਾ ਸਕਦਾ ਹੈ ? ਅਤੇ ਉਨ੍ਹਾਂ ਦੀ ਨਿਯੁਕਤੀ ਕੌਣ ਕਰ ਸਕਦਾ ਹੈ ? ਭਾਵੇਂ ਇਹ ਅੱਜ ਦਾ ਵਿਸ਼ਾ ਨਹੀਂ ਹੈ, ਪਰ ਸੰਖੇਪ ਵਿੱਚ ਮੈਂ ਇਸ ਦਾ ਜਵਾਬ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ। ਜਿਸ ਤਰੀਕੇ ਦੇ ਨਾਲ ਇਸਾਈਆਂ ਦੇ ਵਿੱਚ ਪੋਪ ਨੂੰ ਨਿਯੁਕਤ ਕੀਤਾ ਜਾਂਦਾ ਹੈ, ਉਸੇ ਤਰਜ ਤੇ ਸਿੱਖ ਮਰਿਆਦਾ ਨੂੰ ਮੁੱਖ ਰੱਖਦੇ ਹੋਏ, ਦੁਨੀਆ ਦੇ ਵਿੱਚ ਵਸਦੇ ਵੱਖ-ਵੱਖ ਦੇਸ਼ਾਂ ਵਿੱਚ ਸਿੱਖਾਂ ਦੀ ਆਬਾਦੀ ਅਧਾਰਤ ਪ੍ਰਤੀਨਿਧਤਾ ਨਿਰਧਾਰਿਤ ਕਰਕੇ, ਇੱਕ "ਇਲੈਕਟੋਰਲ ਕਾਲਜ" ਬਣਾਇਆ ਜਾ ਸਕਦਾ ਹੈ, ਜਿਸ ਵੱਲੋਂ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ। ਅਕਾਲ ਤਖਤ ਸਾਹਿਬ ਨੂੰ ਵਿੱਤੀ ਤੌਰ ਅਤੇ ਕਾਰਜ ਸ਼ੀਲਤਾ ਲਈ ਸੰਪੂਰਨ ਤੌਰ ਤੇ ਆਜ਼ਾਦ ਬਣਾਉਣ ਲਈ ਭਾਰਤ ਦੀਆਂ ਸਾਰੀਆਂ ਕਾਨੂੰਨੀ ਸਥਾਪਿਤ ਸਿੱਖ ਕਮੇਟੀਆਂ ਅਤੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਜਾਂ ਗੁਰਦੁਆਰਿਆਂ ਵੱਲੋਂ ਉਦਮ ਕੀਤਾ ਜਾ ਸਕਦਾ ਹੈ। ਇਸ ਬਾਰੇ ਵਿਸਥਾਰ ਪੂਰਵਕ ਚਰਚਾ ਮੈਂ ਆਪਣੇ ਅਗਲੇ ਲੇਖ ਵਿੱਚ ਕਰਨ ਦੀ ਕੋਸ਼ਿਸ਼ ਕਰਾਂਗਾ ਜੀ।

ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ
ਅੰਮ੍ਰਿਤਸਰ; ਪ੍ਰੋਫੈਸਰ ਆਫ ਲਾਅ ਅਤੇ
ਵਾਈਸ ਚਾਂਸਲਰ ਰਿਆਤ ਬਾਹਰਾ
ਯੂਨੀਵਰਸਿਟੀ, ਮੋਹਾਲੀ

* * * **

# • ਪੰਜਾਬੀ ਫ਼ਿਲਮ ਦਰਪਣ •

## ਜਰਨੈਲ ਘੁਮਾਣ ਦੀ ਕਲਮ ਦੀ ਗੂੜ੍ਹੀ ਸ਼ਿਆਹੀ ਸੁੱਖ ਘੁਮਾਣ



ਲੱਖ ਆਖੇ ਬੰਦਾ ਓਹਨੂੰ ਇਹ ਦਾਤ ਇੰਜ ਮਿਲੀ, ਉਂਜ ਮਿਲੀ ਪਰ ਆਪਣੇ ਜਰਨੈਲ ਘੁਮਾਣ ਸਾਬ ਦੀ ਗੱਲ ਸੋਲਾਂ ਆਨੇ ਸੱਚ ਕਿ ਜਿਸ ਵੀ ਕਿੱਤੇ ਵਿੱਚ ਹੋ ਨਾਲ ਦੀ ਸਾਥ ਏ ਤਾਂ ਸਿਕੰਦਰ ਦੀ ਸਲਤਨਤ ਵੀ ਜਿੱਤ ਲਵੋਗੇ। ਜਰਨੈਲ ਘੁਮਾਣ ਗੀਤਕਾਰ ਚੋਟੀ ਦੇ ਤੇ ਗੀਤਕਾਰਾਂ ਦੀ ਭਲਾਈ ਲਈ ਸਰਗਰਮ ਮੰਨਦੇ ਨੇ ਕਿ ਸੁੱਖ ਦੇ ਸਾਥ ਨਾਲ ਓਹ ਸੰਗੀਤ ਦੇ ਹਰ ਖੇਤਰ ਵਿੱਚ ਜੇਤੂ ਹੋ ਨਿੱਕਲੇ ਹਨ। ਜਰਨੈਲ ਘੁਮਾਣ ਜਿਹੜੇ ਰਿਆਲਿਟੀ ਸ਼ੋ "ਪੰਜਾਬੀ ਜ਼ਿੰਦਾਬਾਦ" ਰਹੇ ਨੇ ਪਤੇ ਦੀ ਗੱਲ ਦੱਸੀ ਕਿ ਘਰ ਦੀ ਸਵੇਰੇ ਚਾਹ ਨਾਲ ਪਰੌਂਠਿਆਂ ਨੂੰ ਬੰਨ੍ਹ ਨਾ ਤੋਰੇ ਤਾਂ ਕੰਡਕਟਰ ਕੋਲੋਂ ਸਾਰਾ ਦਿਨ ਸੀਟੀ ਨਹੀਂ ਵੱਜਦੀ, ਡਰਾਈਵਰ ਕੋਲੋ ਬਸ ਨਹੀਂ ਭੱਜਦੀ ਤੇ ਓਹਨਾਂ ਨੂੰ ਸੁੱਖ ਦੇ ਸਾਥ ਨੇ ਇਸ ਵੇਲੇ ਵੀ ਸਤਾਰਵੇਂ ਸਾਲ ਦੇ ਗੱਭਰੂ ਦੀ ਤਰਾਂ ਚੁਸਤ ਦਰੁਸਤ ਕੀਤਾ ਹੈ। ਜਰਨੈਲ ਘੁਮਾਣ,ਇੱਕ ਘਰ ਦੀ ਸੁੱਖ ਤੇ ਦੂਜਾ ਸ਼ਰਮਾ ਬੰਨੀ ਪੰਜਾਬੀ ਮਿਊਜ਼ਿਕ ਖੇਤਰ ਵਿੱਚ ਨੇ ਸਟਾਰ, ਯਾਰਾਂ ਦੇ ਯਾਰ। ਜਰਨੈਲ ਘੁਮਾਣ ਨੇ ਕੰਪਨੀ ਸੰਗੀਤ ਦੀ ਚਲਾਉਣ ਤੋ ਬਾਅਦ ਰਿਆਲਿਟੀ ਸ਼ੋ ਕਰਵਾਏ ਨੇ ਤੇ ਹੁਣ ਅੱਜ ਕੁੱਝ ਹੋਰ ਸਵੇਰੇ ਦੂਜਾ ਕੰਮ ਗੱਲ ਕੀ ਸੰਗੀਤ, ਗਾਇਕੀ ਤੇ ਫ਼ਿਲਮ ਖੇਤਰ ਵਿੱਚ ਨੇ ਚਲ ਸੋ ਚਲ।

## ਰਾਣਾ ਦਰਾਜ ਤੋਂ ਖ਼ੁਸ਼ ਨੇ ਓ ਟੀ ਟੀ ਕਿੰਗ ਭਗਵੰਤ ਕੰਗ



ਚੰਗਾ ਨਾਂਅ ਮੁੰਡਾ ਮਾਡਲਿੰਗ ਖੇਤਰ ਵਿੱਚ ਕਮਾਉਣ ਦੇ ਬਾਅਦ ਐਕਟਿੰਗ ਵੱਲ ਹੈ ਤੇ ਨਾਮ ਹੈ ਰਾਣਾ ਸਿੰਘ ਦਰਾਜ ਤੇ ਇਸ ਨੂੰ ਵੱਡਾ ਥਾਪੜਾ ਭਗਵੰਤ ਕੰਗ ਦਾ ਹੈ।ਕੰਗ ਆਖਣ ਲੱਗੇ ਕਿ ਰਾਣਾ ਦੀ ਪਰਸਨੈਲਿਟੀ ਦੇ ਅਨੁਕੂਲ ਓਹ ਖਾਸ ਕਿਰਦਾਰ ਓਸ ਲਈ ਸਿਰਜਦੇ ਹਨ। ਦਰਾਜ ਨੇ ਗੀਤ ਕਾਫ਼ੀ ਕੀਤੇ ਨੇ ਤੇ ਹੁਣ ਖ਼ੁਸ਼ੀ ਇਸ ਗੱਲ ਦੀ ਹੈ ਕਿ ਐਕਟਿੰਗ ਦੀ ਮਸ਼ੀਨ ਪਰਮਿੰਦਰ ਗਿੱਲ ਨਾਲ ਓਹ ਐਕਟਿੰਗ ਕਰ ਰਹੇ ਹਨ। ਗਿੱਲ ਮੈਡਮ ਨਾਲ ਕੰਮ ਮਤਲਬ ਖ਼ੂਬ ਮਿਹਨਤ ਤੇ ਰਾਣਾ ਦਰਾਜ ਮਿਹਨਤ ਦੇ ਬਲ ਤੇ ਇੰਡਸਟਰੀ ਵਿੱਚ ਨਾਮ ਬਣਾਉਣ ਲਈ ਦ੍ਰਿੜ ਹਨ। ਬਾਕੀ ਸਾਥ ਜਿਸ ਨੂੰ ਭਗਵੰਤ ਕੰਗ ਦਾ ਓਸ ਕੋਲ ਕੰਮ ਤੇ ਕਿਰਦਾਰ ਚੰਗੇ ਦੀ ਕਮੀ ਨਹੀਂ ਹੈ। ਰਾਣਾ ਸਿੰਘ ਦਰਾਜ ਨੂੰ ਪ੍ਰਭਜੋਤ ਰੰਧਾਵਾ, ਜਸਮੀਨ ਬਰਨਾਲਾ ਤੇ ਰਾਜਪੂਤ ਅੱਛਾ ਐਕਟਰ ਤੇ ਇਨਸਾਨ ਆਖਦਿਆਂ ਕਹਿੰਦੀਆਂ ਹਨ ਕਿ ਇਨਸਾਨੀਅਤ ਤੇ ਐਕਟਿੰਗ ਸਮਝੋ ਕਹਾਣੀ ਹਿੱਟ ਹੈ। ਆਸ ਹੈ ਕਿ ਵਾਅਦਿਆਂ ਅਨੁਕੂਲ ਵੱਡੀਆਂ ਫ਼ਿਲਮਾਂ ਵੀ ਰਾਣਾ ਸਿੰਘ ਦਰਾਜ ਕਰਨਗੇ ਤੇ ਇੱਕ ਵੀ ਅੱਛਾ ਰੋਲ ਮਿਲ ਗਿਆ ਤਾਂ ਪਾਲੀਵੁੱਡ ਨੂੰ ਵਧੀਆ ਐਕਟਰ ਮਿਲ ਗਿਆ ਸਮਝੋ ਤੇ ਰਾਣਾ ਸਿੰਘ ਦਰਾਜ ਸਾਲ ਦੇ ਅੰਤ ਤੱਕ ਨਾਮਵਰ ਐਕਟਰ ਬਣਨਾ ਚਾਹੁੰਦੇ ਹਨ।

## "ਫਸਟ ਨਾਈਟ" ਨਮਰਤਾ ਦੀ ਕਿਸ ਤਰਾਂ ਦੀ ਲਾਡੀ ਢਿੱਲੋਂ ਦਿਖਾਉਣਗੇ

ਲਾਡੀ ਢਿੱਲੋਂ ਪੂਰਾ ਵਪਾਰਕ



ਨਿਰਦੇਸ਼ਕ ਬਣ ਗਿਆ,ਇਸ ਵਾਰ ਓਸ ਦੀ ਫ਼ਿਲਮ ਦਾ ਟਾਈਟਲ ਤੇ ਪੋਸਟਰ ਦੇਖ ਲੱਗੇਗਾ ਕਿ ਫ਼ਿਲਮ ਅੱਤ ਦੀ ਕਾਮੁਕ ਹੋਏਗੀ ਤੇ ਨਾਮ ਵੀ "ਫਸਟ ਨਾਈਟ" ਪਰ ਜਦ ਫ਼ਿਲਮ ਦੇਖੋਗੇ ਆਖੋਗੇ ਕਿ ਵਾਹ ਲਾਡੀ ਢਿੱਲੋਂ ਕਮਾਲ ਕਰ ਦਿੱਤਾ ,ਦਰਦ ਦੱਸ ਦਿੱਤੇ ਅੱਲ੍ਹੜ ਅਰਮਾਨਾਂ ਦੇ ਤੇ ਯੁੱਧ ਨਸ਼ਿਆਂ ਵਿਰੁੱਧ ਨੂੰ ਸਮਰਪਿਤ ਇਹ ਮੂਵੀ ਹੋਏਗੀ। ਪਹਿਲੀ ਵਾਰ ਨਮਰਤਾ ਨੂੰ ਚਣੌਤੀ ਵਾਲਾ ਕਿਰਦਾਰ ਤੇ ਓਹ ਛਾ ਗਈ ਹੈ ਨਾਲ ਲਾਡੀ ਢਿੱਲੋਂ ਹੈ। ਫ਼ਿਲਮ ਵਿੱਚ ਪ੍ਰਿਅੰਕਾ ਵੀ ਹੈ ਤੇ ਬਾਕੀ ਹੋਰ ਕਲਾਕਾਰ ਵੀ ਟੈਲੇਟਡ ਹਨ। ਲਾਡੀ ਢਿੱਲੋਂ ਆਖਦੇ ਨੇ ਕਿ ਅਸਲੀ ਡਾਇਰੈਕਸ਼ਨ ਇਹੀ ਹੁੰਦੀ ਹੈ ਕਿ ਪੋਸਟਰ ਤੇ ਟਾਈਟਲ ਐਸਾ ਹੋਏ ਕਿ ਬੰਦਾ ਸੋਚੇ ਤੇ ਫ਼ਿਲਮ ਪੂਰਾ ਮਨੋਰੰਜਨ ਵੀ ਕਰੇ ਤੇ ਨਾਲ ਹੀ ਐਸੀ ਗੱਲ ਕਹਿ ਜਾਏ ਕਿ ਲੋਕ ਆਖਣ ਮੰਨ ਗਏ ਡਾਇਰਕਟਰ ਨੂੰ ਤੇ "ਫਸਟ ਨਾਈਟ" ਇਹੀ ਨਿਯਮ ਤੇ ਅਧਾਰਿਤ ਹੈ। ਲਾਡੀ ਇਸ ਸ਼ੋਰਟ ਫ਼ਿਲਮ ਨੂੰ ਦੁਨੀਆਂ ਭਰ ਦੀ ਨਜ਼ਰ ਸ਼ਾਨ ਨਾਲ ਕਰਨਗੇ ਤੇ ਫ਼ਿਲਮ ਦਾ ਬੈਕ ਗਰਾਊਂਡ ਮਿਊਜ਼ਿਕ ਖਾਸ ਕਰ ਕਿ ਟਾਈਟਲ ਤੇ ਕਹਾਣੀ ਨਾਲ ਨਿਆਂ ਕਰਦਾ ਹੈ। ਵੱਡੀ ਫ਼ਿਲਮ "ਸ਼ਿੰਦਾ ਤੇ ਰਾਣੋ" ਵਾਲੇ ਲਾਡੀ ਢਿੱਲੋਂ ਦੀ ਹਿੱਟ ਸ਼ੋਰਟ ਫ਼ਿਲਮ "ਜ਼ੁਲਮ ਦੀ ਦਾਸਤਾਨ" ਹੈ।

## ਸਤਨਾਮ ਸੇਠ ਬੋਲੇ ਕੋਈ ਪਤਾ ਨਹੀਂ ਕਦ ਫ਼ਿਲਮਾਂ ਕਰੀਏ

ਸਤਨਾਮ ਸੇਠ ਦਾ ਨਾਮ ਡੀ ਡੀ



ਪੰਜਾਬੀ ਦੇ ਇਤਿਹਾਸ ਵਿੱਚ ਡਾਇਆ ਮੰਡ ਜੁਬਲੀ ਮਨੋਰੰਜਕ ਪ੍ਰੋਗਰਾਮ "ਮੇਲਾ" ਡਾਇਰੈਕਟ ਕਰ ਕਿ ਅੰਕਿਤ ਹੈ। ਰੱਜੇ ਪੁੱਜੇ ਪਰਿਵਾਰ ਨਾਲ ਸੰਬੰਧ ਰੱਖਦੇ ਸਤਨਾਮ ਸੇਠ ਨੇ ਇੰਦਰਜੀਤ ਪ੍ਰੀਤ ਨਾਲ ਮਿਲ ਕਿ ਕਈ ਸ਼ੋ ਵੀ ਅੰਮ੍ਰਿਤਸਰ ਕੀਤੇ ਤੇ ਕਮੇਡੀ ਲਘੂ ਫਿਲਮਾਂ ਵੀ ਬਣਾਈਆਂ ਹਨ। ਫਿਰ ਓਹ ਆਸਟ੍ਰੇਲੀਆ ਫਿਲਮੀ ਤਜ਼ਰਬੇ ਲਈ ਗਏ ਤੇ ਕਾਰੋਬਾਰ ਤੌਰ ਤੇ ਮਸ਼ਹੂਰ ਆੜਤੀ ਵੀ ਹਨ। ਓਹ ਆਖਦੇ ਨੇ ਕੁੱਝ ਕੰਮ ਤੇ ਪਰਿਵਾਰਕ ਸਥਿਤੀਆਂ ਕੁੱਝ ਦੇਰ ਤੋਂ ਓਹ ਮਨੋਰੰਜਨ ਸੰਸਾਰ ਤੋਂ ਦੂਰ ਰਹੇ ਹਨ ਪਰ ਹੁਣ ਸ਼ੋਰਟ ਫ਼ਿਲਮਾਂ ਦੀ ਯੋਜਨਾ ਚਲ ਰਹੀ ਹੈ।ਕਲਾਕਾਰੀ ਦਾ ਰੂਪ ਬਦਲਣ ਕਾਰਨ ਓਹ ਹਫਤੇ ਵਾਲਾ ਪ੍ਰੋਗਰਾਮ ਟੀਵੀ ਤੇ ਨਹੀਂ ਕਰਨਗੇ ਪਰ ਨਵੇਂ ਸਾਲ ਤੇ ਹੋ ਸਕਦਾ ਹੈ ਓਹ ਖਾਸ ਰੰਗਾ ਰੰਗ ਪ੍ਰੋਗਰਾਮ ਪੇਸ਼ ਕਰਨ। ਸਤਨਾਮ ਸੇਠ ਦੇ ਪ੍ਰੋਗਰਾਮ ਨੂੰ ਫ਼ਿਲਮ ਐਕਟ੍ਰੈਸ ਸਾਨੀਆ, ਸੰਦੀਪ ਮੱਲ੍ਹੀ ਤੇ ਸੁਦੇਸ਼ ਲਹਿਰੀ ਪੇਸ਼ ਕਰ ਚੁੱਕੇ ਹਨ। ਪਹਿਲਾਂ ਵੀ ਸਾਡੇ ਪ੍ਰੋਗਰਾਮ ਦਾ ਸਟੈਂਡਰਡ ਸੀ ਤੇ ਹੁਣ ਜਦ ਫ਼ਿਲਮ, ਸ਼ੋ ਜਾਂ ਵਰਾਇਟੀ ਪ੍ਰੋਗਰਾਮ ਕੀਤਾ ਤਾਂ ਓਹ ਵੀ ਨਿਰਾਲਾ ਤੇ ਵੱਖਰੀ ਕਿਸਮ ਦਾ ਆਧੁਨਿਕ ਸ਼ੋ ਹੋਏਗਾ।

## ਗੁਰਪ੍ਰੀਤ ਘੁੱਗੀ ਬੋਲੇ ਦੂਰਦਰਸ਼ਨ ਮਾਂ ਹੈ ਮਾਂ ਨੂੰ ਕੌਣ ਭੁੱਲਦਾ

ਗੁਰਪ੍ਰੀਤ ਘੁੱਗੀ ਜਿੰਨੇ ਅੱਛੇ ਐਕਟਰ ਨੇ ਓਸ ਤੋਂ ਵੱਧ ਇਨਸਾਨ ਹਨ। ਕਿਸੇ ਲੋੜਵੰਦ ਦੀ ਤੁਰੰਤ ਮਦਦ ਕਰਨੀ ਓਹਨਾਂ ਦੀ ਖਾਸੀਅਤ ਹੈ। ਘੁੱਗੀ ਤੇ ਕਿਸੇ ਨਿਮਾਣੇ ਮੀਡੀਆ ਵਾਲੇ ਨੂੰ ਵੀ ਲੋੜ ਪੈਣ ਤੇ ਆਰਥਿਕ ਮਦਦ ਕਰਦੇ ਵੀ ਦੇਖਿਆ ਗਿਆ ਹੈ। ਗੁਰਪ੍ਰੀਤ ਘੁੱਗੀ ਡੀ ਡੀ ਪੰਜਾਬੀ ਦੀ ਸਿਲਵਰ ਜੁਬਲੀ ਤੇ ਦੂਰਦਰਸ਼ਨ ਜਲੰਧਰ ਆਏ ਤੇ ਖਾਸ ਸ਼ੋ ਦਾ ਹਿੱਸਾ ਬਣੇ। ਓਹਨਾਂ ਦਿਖਾ ਦਿੱਤਾ ਕਿ ਅੱਜ ਸੁਪਰ ਸਟਾਰ ਹੋਣ ਦੇ ਬਾਵਜ਼ੂਦ ਓਹ ਦੂਰਦਰਸ਼ਨ ਲਈ ਵਕਤ ਕੱਢ ਕਿ ਆਏ ਤੇ ਕਿਹਾ ਕਿ ਦੂਰਦਰਸ਼ਨ ਜਲੰਧਰ ਨੇ ਓਹਨਾਂ ਦਾ ਐਕਟਿੰਗ ਸਫ਼ਰ ਸ਼ੁਰੂ ਕਰਵਾਇਆ ਤੇ ਓਹ ਦੂਰਦਰਸ਼ਨ ਨੂੰ ਆਪਣੀ ਮਾਂ ਸਮਝਦੇ ਹਨ ਤੇ ਮਾਂ ਨੂੰ ਕੌਣ ਭੁੱਲਦਾ ਹੈ ਆਖ ਕਿ ਘੁੱਗੀ ਦੇ ਦੱਸ ਦਿੱਤਾ ਕਿ ਓਹ ਸਟਾਰ ਹੋ ਕਿ ਵੀ ਕਈਆਂ ਦੀ ਤਰਾਂ ਨਖਰਾ ਨਹੀਂ ਦਿਖਾ ਸਕਦੇ ।ਸਦਕੇ ਜਾਵਾਂ ਗੁਰਪ੍ਰੀਤ ਘੁੱਗੀ ਦੇ ਕੁਰਬਾਨ ਜਾਵਾਂ ਘੁੱਗੀ ਦੇ ਜਿਹੜੇ ਦਿਲੋਂ ਟੀਵੀ ਜਲੰਧਰ ਨੂੰ ਪਿਆਰ ਦਿੰਦੇ ਹਨ।

## ਜੀਤ ਕੋਟਲੀ ਨਾਲ ਪ੍ਰੀਤ ਕੋਟਲੀ ਬਣ ਚਲੇ ਨੇ ਸਟਾਰ



ਮਿਹਨਤ ਅੱਜ ਦੀ ਨਹੀਂ ਦੱਸ ਸਾਲ ਤੋਂ ਜੀਤ ਕੋਟਲੀ ਕਰ ਰਿਹਾ ਹੈ ਤੇ ਅੱਜ ਤਿੰਨ ਘੰਟੇ ਲਗਾਤਾਰ ਸਟੇਜ ਅਦਾਇਗੀ ਓਸ ਜਿਹੀ ਫ਼ਿਲਮ ਸਟਾਰ ਹੀ ਦੇ ਸਕਦੇ ਹਨ। ਓਹ ਪ੍ਰੀਤ ਕੋਟਲੀ ਨਾਲ ਐਸੀ ਸਟੇਜ ਬੰਨਦਾ ਹੈ ਕਿ ਤਾੜੀਆਂ ਆਪ ਮੁਹਾਰੇ ਆਉਂਦੀਆਂ ਹਨ। ਜੀਤ ਕੋਟਲੀ ਗਾਇਕੀ ਵਿੱਚ ਅੱਵਲ, ਭੰਗੜਾ ਓਹ ਅਮਰਿੰਦਰ ਗਿੱਲ ਦੀ ਤਰਾਂ ਪਾਏ ਤੇ ਪ੍ਰੀਤ ਮਿੱਠੀ ਆਵਾਜ਼ ਤੇ ਡਾਂਸ ਬਿਲਕੁਲ ਕਰੀਨਾ ਕਪੂਰ ਜਿਹਾ, ਹੇਮਾ ਮਾਲਿਨੀ ਜਿਹਾ ਤੇ ਅੱਜ ਜੀਤ ਤੇ ਪ੍ਰੀਤ ਕੋਟਲੀ ਸਟਾਰ ਬਣ ਰਹੇ ਹਨ। ਓਹਨਾਂ ਦੀਆਂ ਆਵਾਜ਼ਾਂ ਦੇ ਅਸ਼ਕੇ ਓਹਨਾਂ ਦੀ ਸਟੇਜ ਦੇ ਸਦਕੇ ਤੇ ਜਿਸ ਦਿਨ ਕਿਸੇ ਫ਼ਿਲਮ ਵਿੱਚ ਅਖਾੜਾ ਆਇਆ ਦੋਵਾਂ ਦਾ ਬੱਲੇ ਬਲਕਿ ਧੰਨ ਧੰਨ ਹੀ ਹੋ ਜਾਣੀ ਹੈ। ਜੀਤ ਕੋਟਲੀ ਨੇ ਕਿਹਾ ਮਿਹਨਤ ਦਾ ਫਲ ਮਿਲ ਰਿਹਾ ਹੈ ਤੇ ਪ੍ਰੀਤ ਨੇ ਕਿਹਾ ਓਹ ਜੀਤ ਦੀ ਬਦੌਲਤ ਟੋਪ ਵੱਲ ਹੈ। ਦੇਖਦੇ ਜਾਓ ਜਲਦੀ ਹੀ ਪੰਜਾਬੀ ਫ਼ਿਲਮਾਂ ਵਿੱਚ ਪਲੇ ਬੈਕ ਸਿੰਗਰ ਬਣ ਜਾਣਗੇ ਜੀਤ ਕੋਟਲੀ ਤੇ ਪ੍ਰੀਤ ਤੇ ਫ਼ਿਰ ਐਕਟਿੰਗ ਵੀ ਕਰਨਗੇ ਪ੍ਰੀਤ ਕੋਟਲੀ ਤੇ ਜੀਤ ਤੇ ਨਾਲ ਲੱਗਦੀ ਦੀਪਕ ਮੀਰਾਂ ਕੋਟ ਦੀ ਵੀ ਗੱਲ ਓਹਨਾਂ ਬਣਾ ਦੇਣੀ ਹੈ।

-ਅੰਮ੍ਰਿਤ ਪਵਾਰ।



ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 37

# ਇੱਕ ਮੇਰੀ ਅੱਖ ਕਾਸ਼ਣੀ...

"ਜਰਮਨੀ ਦੇ ਕਿਸੇ ਸਾਇੰਸਦਾਨ ਨੇ ਇੱਕ ਵਾਰ ਜਾਨਵਰਾਂ ਦੀ ਅਕਲ ਨੂੰ ਕਸਵੱਟੀ 'ਤੇ ਨਾਪਿਆ ਸੀ, ਕਿ ਉਹ ਕਿੰਨੇ "ਲਫ਼ਜ਼" ਬਣਾ ਸਕਦੇ ਨੇ, ਇਸ ਆਧਾਰ 'ਤੇ ਉਸ ਨੇ ਨਿਰਣਾ ਕੀਤਾ ਕਿ ਪਾਲਤੂ ਬਿੱਲੀ ਸਭ ਤੋਂ "ਕਮ-ਅਕਲ" ਐ, ਕਿਉਂਕਿ ਉਹ ਸਿਰਫ਼ 128 "ਲਫ਼ਜ਼" ਹੀ ਬਣਾ ਸਕਦੀ ਐ, ਪਰ ਸਾਡੇ ਹਿੰਦੋਸਤਾਨੀਆਂ ਦੇ ਮੁਕਾਬਲੇ ਬਿੱਲੀ ਕਿਤੇ ਅਕਲਮੰਦ ਐ...!" ਖਿਝੇ ਕਵੀ ਨੇ ਜ਼ੁਬਾਨ ਖੋਲ੍ਹੀ ਤਾਂ ਉਸ ਦੇ ਕੱਛ 'ਚੋਂ ਕੱਢ ਕੇ ਮਾਰੇ ਮੂੰਗਲ਼ੇ 'ਤੇ ਸਾਰੇ ਦੰਗ ਰਹਿ ਗਏ।
-"ਇਹ ਕੀਹਦੇ 'ਤੇ ਤਵਾ ਠੋਕਤਾ ਲੇਖਕ ਜੀ...?" ਸ਼ਰਮਾਂ ਜੀ ਨੇ ਪੁੱਛਿਆ।
-"ਇਹ ਕੀਹਦੀ ਬੱਖਲ਼ 'ਚ ਮਾਰੀ...?" ਚਾਹਲ ਵੀ ਨਾਲ਼ ਹੀ ਬੋਲ ਉੱਠਿਆ।
-"ਕਿਤੇ ਹਿੰਦੋਸਤਾਨੀ ਥਾਲ਼ੀਆਂ ਖੜਕਾਉਣ ਲੱਗ ਜਾਂਦੇ ਐ, ਤੇ ਕਦੇ ਮੋਮਬੱਤੀਆਂ ਜਗਾਉਣ ਲੱਗ ਜਾਂਦੇ ਐ, ਜਦੋਂ ਨਿਰਦੋਸ਼ ਜਨਤਾ ਦੇ ਦੁਆਈਆਂ ਜਾਂ ਸਹੂਲਤਾਂ ਦੀ ਘਾਟ ਖੁਣੋਂ ਸਿਵੇ ਬਲ਼ਦੇ ਹੋਣ, ਓਦੋਂ ਮੋਮਬੱਤੀਆਂ ਨੀ ਬਾਲ਼ੀਆਂ ਜਾਂਦੀਆਂ..!"

## ਕਾਂਡ 17

-"ਸਾਧ ਲਾਣੇ ਨੇ ਵੀ ਦੁਨੀਆਂ ਦਾ ਵਿਸ਼ਵਾਸ ਗੁਆ ਲਿਆ...! ਹੁਣ ਲੋਕ ਸੁਆਲ ਕਰਿਆ ਕਰਨਗੇ, ਬਈ ਬਾਬਾ ਜੀ, ਤੁਸੀਂ ਕਰੋਨੇ ਵੇਲ਼ੇ ਕਿੱਥੇ ਸੀ...? ਦੱਸੋ ਕੀ ਉੱਤਰ ਦੇਣਗੇ...? ਬਈ ਅਸੀਂ ਕੁਬੇਰ ਪਰਬਤ 'ਤੇ ਤਪੱਸਿਆ ਕਰਨ ਗਏ ਵੇ ਸੀ...?" ਪਰਮਜੀਤ ਰਤਨਪਾਲ ਦੇ ਕਹਿਣ 'ਤੇ ਹਾਸੜ ਪੈ ਗਈ।

-"ਲਓ ਜੀ ਕਵੀ ਸਾਅਬ ਵੀ ਆਗੇ...!" ਕਿਸੇ ਨੇ ਕਵੀ ਨੂੰ ਅੰਦਰ ਆਉਂਦਿਆਂ ਦੇਖ ਕੇ ਕਿਹਾ।

-"ਆਓ ਜੀ ਲੇਖਕ ਜੀ, ਜੀ ਆਇਆਂ ਨੂੰ...!"

-"ਹੁਣ ਇਹਨਾਂ ਦੀ ਕਵਿਤਾ ਦਾ ਰੁੱਖ ਵੀ ਬਦਲ-ਜੂ...!"

-"ਓਹ ਕਿਵੇਂ...?"

-"ਅੱਗੇ ਲਿਖਦੇ ਸੀ, "ਤੇਰੀ ਆਈ ਮੈਂ ਮਰਜਾਂ, ਤੇਰਾ ਵਾਲ਼ ਵਿੰਗਾ ਨਾ ਹੋਵੇ...!" ...ਤੇ ਹੁਣ ਲਿਖਿਆ ਕਰਨਗੇ; "ਮਿਲਣੇ ਨੂੰ ਛੱਡ ਸੋਹਣੀਏਂ, ਕਿਤੇ ਮੈਨੂੰ ਵੀ ਕਰੋਨਾਂ ਨਾ ਕਰਾਦੀਂ...!"

-"ਮਿਲਣੇ ਨੂੰ ਛੱਡ ਬੱਲੀਏ, ਕਿਤੇ ਪੁੜਿਆਂ 'ਚ ਡਾਗਾਂ ਨਾ ਪੁਆਦੀਂ...!" ਹਾਸੜ ਪੈ ਗਈ।

-"ਕਵੀ ਸਾਅਬ, ਮੂੰਹ 'ਤੇ ਨੀਲ ਜੇ ਪਏ ਲੱਗਦੇ ਐ...?"

-"ਘਰਵਾਲ਼ੀ ਨੂੰ ਕਵਿਤਾਵਾਂ ਸੁਣਾਉਂਦਾ ਹੋਊ, ਤੇ ਅਗਲੀ ਨੇ ਅੱਕ ਕੇ ਦੇਤਾ ਹੋਊ ਗੋਲਡ ਮੈਡਲ...?"

-"ਕਵਿਤਾ ਸੁਣਾਉਣੋਂ ਕਿਹੜਾ ਬਾਜ ਆਉਂਦੇ ਐ...? ਪਿੰਡ ਉੱਜੜਿਆ ਜਾਵੇ, ਤੇ ਕਮਲ਼ੀ ਨੂੰ ਕੱਤਣ ਦੀ, ਚਾਹੇ ਦੁਨੀਆਂ ਕਿੱਡੀ ਵੀ ਮੁਸੀਬਤ 'ਚ ਫ਼ਸੀ ਹੋਵੇ, ਇਹ ਆਬਦਾ ਤੂੰਬਾ ਖੜਕਾਉਣ ਲੱਗ ਜਾਂਦੇ ਐ...!"

ਹਾਸਾ ਫ਼ੇਰ ਉਚਾ ਉਠਿਆ।

-"ਲੇਖਕ ਸਾਅਬ, ਮੈਂ ਇੱਕ ਦਿਨ ਥੋਡੇ ਘਰੇ ਗਿਆ ਸੀ, ਤੁਸੀਂ ਮਿਲ਼ੇ ਨੀ...?"

-"ਮੈਂ ਤਾਂ ਕਿਤੇ ਗਿਆ ਈ ਨੀ, ਘਰੇ ਈ ਸੀ...!"

-"ਦਿਸੇ ਤਾਂ ਕਿਤੇ ਹੈਨ੍ਹੀ...?"

-"ਭਾਂਡੇ ਧੋਂਦੇ ਹੋਣੇ ਐਂ...? ਘਰੇ ਬੈਠੇ ਸਾਰੇ ਟੱਬਰ ਦੇ ਬਰਤਨ ਕਿਹੜਾ ਥੋੜ੍ਹੇ ਹੁੰਦੇ ਐ...?" ਵਿੱਲੋਂ "ਖੀ-ਖੀ" ਕਰ ਕੇ ਹੱਸਿਆ, "ਜਾਂ ਰਜਾਈਆਂ ਦੇ ਛਾੜ ਬਦਲਦੇ ਹੋਣੇ ਐਂ...!" ਫ਼ੇਰ ਹਾਸੜ ਪੈ ਗਈ।

-"ਜਰਮਨੀ ਦੇ ਕਿਸੇ ਸਾਇੰਸਦਾਨ ਨੇ ਇੱਕ ਵਾਰ ਜਾਨਵਰਾਂ ਦੀ ਅਕਲ ਨੂੰ ਕਸਵੱਟੀ 'ਤੇ ਨਾਪਿਆ ਸੀ, ਕਿ ਉਹ ਕਿੰਨੇ "ਲਫ਼ਜ਼" ਬਣਾ ਸਕਦੇ ਨੇ, ਇਸ ਆਧਾਰ 'ਤੇ ਉਸ ਨੇ ਨਿਰਣਾ ਕੀਤਾ ਕਿ ਪਾਲਤੂ ਬਿੱਲੀ ਸਭ ਤੋਂ "ਕਮ-ਅਕਲ" ਐ, ਕਿਉਂਕਿ ਉਹ ਸਿਰਫ਼ 128 "ਲਫ਼ਜ਼" ਹੀ ਬਣਾ ਸਕਦੀ ਐ, ਪਰ ਸਾਡੇ ਹਿੰਦੋਸਤਾਨੀਆਂ ਦੇ ਮੁਕਾਬਲੇ ਬਿੱਲੀ ਕਿਤੇ ਅਕਲਮੰਦ ਐ...!" ਖਿਝੇ ਕਵੀ ਨੇ ਜ਼ੁਬਾਨ ਖੋਲ੍ਹੀ ਤਾਂ ਉਸ ਦੇ ਕੱਛ 'ਚੋਂ ਕੱਢ ਕੇ ਮਾਰੇ ਮੂੰਗਲ਼ੇ 'ਤੇ ਸਾਰੇ ਦੰਗ ਰਹਿ ਗਏ।

-"ਇਹ ਕੀਹਦੇ 'ਤੇ ਤਵਾ ਠੋਕਤਾ ਲੇਖਕ ਜੀ...?" ਸ਼ਰਮਾਂ ਜੀ ਨੇ ਪੁੱਛਿਆ।

-"ਇਹ ਕੀਹਦੀ ਬੱਖਲ਼ 'ਚ ਮਾਰੀ...?" ਚਾਹਲ ਵੀ ਨਾਲ਼ ਹੀ ਬੋਲ ਉੱਠਿਆ।

-"ਕਿਤੇ ਹਿੰਦੋਸਤਾਨੀ ਥਾਲ਼ੀਆਂ ਖੜਕਾਉਣ ਲੱਗ ਜਾਂਦੇ ਐ, ਤੇ ਕਦੇ ਮੋਮਬੱਤੀਆਂ ਜਗਾਉਣ ਲੱਗ ਜਾਂਦੇ ਐ, ਜਦੋਂ ਨਿਰਦੋਸ਼ ਜਨਤਾ ਦੇ ਦੁਆਈਆਂ ਜਾਂ ਸਹੂਲਤਾਂ ਦੀ ਘਾਟ ਖੁਣੋਂ ਸਿਵੇ ਬਲ਼ਦੇ ਹੋਣ, ਓਦੋਂ ਮੋਮਬੱਤੀਆਂ ਨੀ ਬਾਲ਼ੀਆਂ ਜਾਂਦੀਆਂ..!"

-"ਓਹ ਤਾਂ ਜਿਵੇਂ ਨਰਿੰਦਰ ਭਾਈ ਮੋਦੀ ਜੀ ਕਹੀ ਜਾਂਦੇ ਐ, ਓਹੀ ਕਰੀ ਜਾਂਦੇ ਐ...!" ਨੰਬਰਦਾਰ ਵਿਅੰਗ ਨਾਲ਼ ਮੁਸਕੁਰਾਇਆ।

-"ਮੋਦੀ ਤਾਂ ਕਹੂਗਾ ਖੂਹ 'ਚ ਛਾਲ਼ ਮਾਰੋ, ਮਾਰੋਂਗੇ...?" ਕਵੀ ਭੱਠ ਵਾਂਗ ਤਪ ਗਿਆ।

-"ਕਵੀ ਜੀ ਨੂੰ ਠੰਢਾ ਪਾਣੀ ਪਿਆਓ, ਇਹ ਤਾਂ ਕੱਚਾ ਧੂੰਆਂ ਮਾਰਨ ਲੱਗਪੇ...!"

-"ਧੂੰਆਂ ਮਾਰਾਂ ਨਾ...? ਕੋਈ ਆਬਦਾ ਦਿਮਾਗ ਤਾਂ ਵਰਤਦਾ ਈ ਨੀ, ਜੋ ਮੋਦੀ ਕਹੀ ਜਾਂਦੈ, ਪਿੱਛਲੱਗ ਜਨਤਾ ਓਹੀ ਮੰਨੀ ਜਾਂਦੀ ਐ...! ਮੈਨੂੰ ਇੱਕ ਗੱਲ ਦੱਸੋ...?"

-"...............!" ਸਾਰੇ ਚੁੱਪ ਸਨ।

-"ਦਮੇਂ, ਸਾਹ ਤੇ ਫ਼ੇਫ਼ੜਿਆਂ ਦੇ ਕੈਂਸਰ ਨਾਲ਼ ਹਿੰਦੋਸਤਾਨ 'ਚ ਅੱਗੇ ਕਿੰਨੇ ਲੋਕ ਮਰਦੇ ਸੀ...?"

-"ਲੱਖਾਂ ਮਰਦੇ ਸੀ....!"

-"....ਤੇ ਹੁਣ ਫ਼ੇਰ ਕਰੋਨਾਂ ਦੀਆਂ ਇੱਕ ਜਿਲ੍ਹੇ 'ਚ ਅੱਜ ਤੱਕ ਹੋਈਆਂ ਇੱਕ ਸੌ ਗਿਆਰਾਂ ਮੌਤਾਂ ਦੀ ਗਿਣਤੀ ਕਰ ਕੇ ਐਨਾਂ ਹੋ-ਹੱਲਾ ਕਿਉਂ...? ਐਦੂੰ ਜ਼ਿਆਦੇ ਤਾਂ ਲੋਕ ਕੈਂਸਰ ਤੇ ਕਾਲ਼ੇ ਪੀਲ਼ੀਏ ਨਾਲ਼ 'ਕੱਲੇ ਬਠਿੰਡੇ ਜਿਲ੍ਹੇ 'ਚ ਮਰ ਜਾਂਦੇ ਐ...! ਓਦੋਂ ਨੀ ਬੋਲਦੇ...!"

-"...............!"

-"ਜੇ ਇੱਕ ਸੌ ਗਿਆਰਾਂ ਮੌਤਾਂ ਹੋਈਐਂ, ਤਾਂ ਤਿੰਨ ਸੌ ਉਨੀ ਠੀਕ ਵੀ ਹੋਏ ਐ...! ਮੋਟਾ ਜਿਆ ਹਿਸਾਬ ਐ; ਜੇ ਹਜ਼ਾਰ ਮੌਤਾਂ ਹੋਈਆਂ ਤਾਂ ਤਿੰਨ ਹਜ਼ਾਰ ਠੀਕ ਵੀ ਹੋਏ ਐ, ਕੀ ਦੁਨੀਆਂ ਨੂੰ ਕੋਈ ਸਬੂਤ ਦਿੱਤਾ ਗਿਆ ਕਿ ਇਹ ਮੌਤਾਂ ਕਰੋਨਾਂ ਨਾਲ਼ ਹੀ ਹੋਈਐਂ...? ਟੀ ਬੀ, ਨਮੂਨੀਏਂ, ਸਾਹ, ਦਮੇਂ ਜਾਂ ਫ਼ੇਫ਼ੜਿਆਂ ਦੇ ਕੈਂਸਰ ਨਾਲ਼ ਵੀ ਹੋ ਸਕਦੀਐਂ...? ਕਿਸੇ ਨੇ ਕੋਈ ਪੋਸਟ ਮਾਰਟਮ ਹੁੰਦਾ ਦੇਖਿਆ...? ਕੋਈ ਰਿਪੋਰਟ ਦੇਖੀ...?? ਇਹ ਤਾਂ ਸਾਰੀ ਦੁਨੀਆਂ ਨੂੰ ਡਰਾਉਣ ਲਈ ਇਹਨਾਂ ਮੌਤਾਂ ਨੂੰ ਕਰੋਨਾਂ ਦੇ ਖਾਤੇ 'ਚ ਪਾ ਕੇ ਹਊਆ ਬਣਾਇਆ ਜਾ ਰਿਹੈ...!"

-"ਪਰ ਜਿਹੜੇ ਠੱਗਾਂ ਨੇ ਲਾਹਾ ਲੈਣੈਂ, ਉਹਨਾਂ ਨੇ ਇਸ ਮੁਸੀਬਤ ਦਾ ਵੀ ਲੈ ਲੈਣੈਂ, ਚਾਹੇ ਠੱਗ ਛੋਟਾ, ਚਾਹੇ ਵੱਡੈ...! ਠੱਗਾਂ ਦਾ ਕੋਈ ਦੀਨ-ਧਰਮ ਜਾਂ ਇਮਾਨ ਥੋੜ੍ਹੋ ਹੁੰਦੈ...? ਠੱਗ ਤਾਂ ਸ਼ੈਤਾਨ ਦੀ ਨਸਲ 'ਚੋਂ ਹੁੰਦੈ..!"

-"ਜੇ ਕਿਸੇ ਅਮੀਰ ਦਾ ਸਕਾ-ਸਬੰਧੀ ਬਿਮਾਰ ਹੁੰਦਾ ਸੀ, ਝੱਟ ਅਮਰੀਕਾ ਲੈ ਵੱਜਦੇ ਸੀ, ਅਮਰੀਕਾ ਸਾਲ਼ਿਆਂ ਨੇ ਬਾਹਰਲਾ ਘਰ ਬਣਾਇਆ ਪਿਆ ਸੀ, ਹੁਣ ਦੱਸੋ ਕਿੱਥੇ ਲੈ ਕੇ ਜਾਣਗੇ..? ਕਰਤੇ ਨਾ ਸਾਰੇ ਰਾਹ ਬੰਦ, ਭੱਜੋ ਕਿੱਧਰ ਭੱਜਦੇ ਐਂ...?"


-"ਹੋਰ ਗੱਲਾਂ ਛੱਡੋ...! ਜਿੰਨਾਂ ਪ੍ਰਦੂਸ਼ਣ ਐਹਨ੍ਹਾਂ ਮਹੀਨਿਆਂ 'ਚ ਖਤਮ ਹੋ ਗਿਆ, ਸਰਕਾਰਾਂ ਅੱਧੀ ਸਦੀ 'ਚ ਖਤਮ ਨੀ ਸੀ ਕਰ ਸਕਦੀਆਂ..! ਹੈ ਨ੍ਹਾਂ ਕੁਦਰਤ ਦਾ ਕ੍ਰਿਸ਼ਮਾਂ..?"

-"ਮੈਂ ਤਾਂ ਕਹਿੰਨੈਂ ਬਈ ਦੁਨੀਆਂ ਭਰ ਦੀਆਂ ਤਮਾਮ ਸਰਕਾਰਾਂ ਨੂੰ ਮਿਲ਼ ਕੇ ਸਾਲ 'ਚ ਦੋ ਹਫ਼ਤੇ "ਲੌਕ-ਡਾਊਨ" ਕਰਨਾ ਚਾਹੀਦੈ, ਤਾਂ ਕਿ ਸੰਸਾਰ ਭਰ ਦੇ ਦੇਸ਼ਾਂ ਦਾ ਵਾਤਾਵਰਣ ਸ਼ੁੱਧ ਰਹੇ...!" ਦਿਲਬਾਗ ਸਿੰਘ ਚਾਹਲ ਨੇ ਕਿਹਾ।

-"ਵਾਤਾਵਰਣ ਇਹਨਾਂ ਨੇ ਸੁਆਹ ਸ਼ੁੱਧ ਰਹਿਣ ਦੇਣੈ...? ਆਹ "ਫ਼ਾਈਵ-ਜੀ" ਦੇ ਨਵੇਂ ਟਾਵਰਾਂ ਕਰ ਕੇ ਲੰਡਨ ਏਰੀਏ 'ਚ ਕਿੰਨੇ ਪੰਛੀ ਮਰੇ ਐ...?"

-"ਅਜੇ ਤਾਂ "ਟੈਸਟਿੰਗ" ਈ ਚੱਲ ਰਹੀ ਐ, ਜਦੋਂ ਟਾਵਰ ਚੱਲ ਪਏ, ਫ਼ੇਰ ਕੀ ਹੋਊ..?"

-"ਫ਼ੇਰ ਅਗਲੀ ਤਬਾਹੀ...! ਇਹ ਨਵੀਆਂ ਤਕਨੀਕਾਂ ਲਿਆ-ਲਿਆ ਕੇ ਨਵੇਂ ਕੰਡੇ ਬੀਜਦੇ ਐ, ਅਗਲੀ ਪੀੜ੍ਹੀ ਨੂੰ ਤਾਂ ਨਿੱਤ ਮੁਹਿੰਮਾਂ ਹੋਣਗੀਆਂ...! ਜੀਹਦੀਆਂ ਤਰੰਗਾਂ ਨਾਲ਼ ਵਿਚਾਰੇ ਪੰਛੀ ਫੁੜਕ-ਫੁੜਕ ਡਿੱਗੀ ਜਾਂਦੇ ਐ, ਕੀ ਗਰੰਟੀ ਐ ਬਈ ਬੰਦੇ ਦਾ ਨੁਕਸਾਨ ਨਹੀਂ ਹੋਊ..?"




-"ਯਾਰ ਕਰੋਨਾਂ ਵਾਇਰਸ ਕਰ ਕੇ ਮੇਰੇ ਦਿਮਾਗ 'ਚ ਇੱਕ ਹੋਰ ਗੱਲ ਆਉਂਦੀ ਐ...!" ਰਣਜੀਤ ਚੱਕ ਤਾਰੇਵਾਲ਼ ਫ਼ੇਰ ਹੀਂਗਣਾਂ ਛੁੱਟਣ ਵਾਂਗ ਬੋਲਿਆ।

-"ਉਹ ਕੀ...?"

-"ਹੋ ਸਕਦੈ ਮੈਂ ਗਲਤ ਹੋਵਾਂ...? ਜਿਹੜਾ ਮੀਡੀਆ ਰੌਲ਼ਾ ਪਾਈ ਜਾਂਦਾ ਸੀ, ਬਈ ਸੱਤਰ ਸਾਲ ਤੋਂ ਉਪਰ ਦੇ ਬਜ਼ੁਰਗਾਂ ਦੀ ਜ਼ਿਆਦਾ ਮੌਤ ਹੋਊਗੀ, ਕਿਉਂਕਿ ਉਹਨਾਂ ਦਾ "ਇਮਿਊਨ ਸਿਸਟਮ" ਕਮਜ਼ੋਰ ਹੋਣ ਕਾਰਨ ਉਹ ਬਿਮਾਰੀ ਨਾਲ਼ ਲੜਨ ਦੇ ਪੂਰੇ ਸਮਰੱਥ ਨੀ, ਪਰ ਕੀ ਇਹ ਸੱਤਰ-ਅੱਸੀ ਸਾਲ ਦੇ ਬੁੜ੍ਹਿਆਂ ਨੂੰ ਗੱਡੀ ਚਾੜ੍ਹਨ ਦਾ ਪ੍ਰੋਗਰਾਮ ਤਾਂ ਨੀ ਸੀ..?"

-"............!" ਸਾਰੇ ਤ੍ਰਹਿ ਕੇ ਉਸ ਵੱਲ ਝਾਕੇ। ਜਿਵੇਂ ਰਣਜੀਤ ਚੱਕ ਤਾਰੇਵਾਲ਼ ਉਹਨਾਂ ਦੀ ਮੌਤ ਦਾ ਵਾਰੰਟ ਫੜੀ ਬੈਠਾ ਸੀ।

-"ਗੌਰਮਿੰਟਾਂ ਨੂੰ ਬਜ਼ੁਰਗਾਂ ਦਾ ਫ਼ਾਇਦਾ ਤਾਂ ਕੋਈ ਹੈਨ੍ਹੀ...! ਉਹ ਸੋਚਦੇ ਹੋਣਗੇ ਬਈ ਇਹ ਬਜ਼ੁਰਗ ਲਾਣਾ ਬੈਠਾ ਪੈਨਸ਼ਨਾਂ ਖਾਈ ਜਾਂਦੈ ਤੇ ਦੁਆਈਆਂ ਲੈ-ਲੈ ਆਰਥਿਕ ਨੁਕਸਾਨ ਕਰੀ ਜਾਂਦੈ...! ਕਈ "ਕੇਅਰ-ਹੋਮ" 'ਚ ਪਤੰਦਰ ਬਣ ਕੇ ਸੇਵਾ ਕਰਵਾਈ ਜਾਂਦੇ ਐ, ਤੇ ਖਜ਼ਾਨੇ 'ਤੇ ਬੋਝ ਬਣੇ ਬੈਠੇ ਐ, ਇਹਨਾਂ ਦਾ ਨੰਬਰ ਲਾ ਕੇ, ਇਹਨਾਂ ਦੇ ਮੰਜੇ ਵਿਹਲੇ ਕਰੋ...!"

-"ਅਸੀਂ ਆਬਦੀ ਪੈਨਸ਼ਨ ਤੇ ਬੀਮਾਂ ਤਨਖਾਹਾਂ 'ਚੋਂ ਕਟਵਾਉਂਦੇ ਰਹੇ ਆਂ, ਇਹ ਤਾਂ ਫ਼ੇਰ ਹਿਟਲਰ ਆਲ਼ੀਆਂ ਗੱਲਾਂ 'ਤੇ ਆਗੇ...?"

-"ਹੋਰ ਘੱਟ ਗੁਜ਼ਾਰਨਗੇ...? ਆਪਣੇ ਆਲ਼ੇ ਕਿਹੜਾ ਘੱਟ ਐ, ਉਹ ਵੀ ਬੁੜ੍ਹੇ ਦਾ ਮੰਜਾ ਪਸ਼ੂਆਂ ਆਲ਼ੇ ਵਾੜੇ 'ਚ ਜਾ ਡਾਹੁੰਦੇ ਐ, ਬਈ ਘਰੇ ਬੈਠਾ ਬੋਲਣੋਂ ਨੀ ਹਟਦਾ ਤੇ ਨਿਘੋਚਾਂ ਕੱਢੀ ਜਾਂਦੈ...!"

-"ਚਲੋ ਛੱਡੋ...! ਸਿਆਣੇ ਕਹਿੰਦੇ ਹੁੰਦੇ ਐ; ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ...!" ਬਚਨ ਸਿੰਘ ਨੇ ਕਿਹਾ।

-"ਕਰਤਾਰੋਂ ਨਹੀਂ, ਹੁਣ ਤਾਂ ਲੋਕ ਸਰਕਾਰੋਂ ਵੱਧ ਡਰਨਗੇ ਜੀ...! ਚਲੋ ਆਪਾਂ ਚੱਲ ਕੇ ਲੰਗਰ ਛਕੀਏ, ਨਾਲ਼ੇ ਲੇਖਕ ਜੀ ਨੂੰ ਲੱਸੀ-ਲੁੱਸੀ ਪਿਆ ਕੇ ਠੰਢਾ ਕਰੀਏ...! ਇਹ ਤਾਂ ਪਤੰਦਰ ਊਂ ਈਂ ਡਰੈਗਨ ਵਾਂਗੂੰ ਅੱਗ ਕੱਢੀ ਜਾਂਦੈ..!" ਵਿੱਲੋਂ ਸਾਹਿਬ ਬੋਲੇ ਤਾਂ ਸਾਰੇ ਉਠ ਕੇ ਲੰਗਰ ਹਾਲ ਵੱਲ ਤੁਰ ਪਏ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਆਓ ਇੱਕ ਇੱਕ ਰੁੱਖ ਲਾਈਏ, ਸਵੱਛ ਵਾਤਾਵਰਨ ਲਿਆਈਏ

ਮੇਜਰ ਸਿੰਘ ਨਾਭਾ
ਮੋ: 9463553962



ਪੰਜਾਬ ਸਰਕਾਰ ਹਰੇਕ ਸਾਲ ਲੱਖਾਂ ਪੌਦੇ ਲਾਉਣ ਦਾ ਟੀਚਾ ਉਲੀਕਦੀ ਹੈ। ਇਸੇ ਲੜੀ ਤਹਿਤ ਸਰਕਾਰੀ ਸਕੂਲਾਂ 'ਚ ਪੌਦੇ ਲਾ ਕੇ ਵਾਤਾਵਰਨ ਨੂੰ ਬਚਾਉਣ ਦੀ ਮੁਹਿੰਮ ਸ਼ੁਰੂ ਕੀਤੀ। ਜਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੀ ਰਹਿਨਮਾਈ ਹੇਠ ਲੱਖਾਂ ਬੂਟੇ ਲਾਉਣ ਦਾ ਪਲਾਨ ਤਿਆਰ ਕੀਤੇ ਗਏ ਹਨ। ਇਹ ਵਾਤਾਵਰਣ ਨੂੰ ਸਵੱਛ ਬਣਾਉਣ ਲਈ ਵਧੀਆ ਸ਼ੁਰੂਆਤ ਹੈ। ਪਿਛਲੇ ਸਾਲਾਂ ਤੋਂ ਵਾਤਾਵਰਣ ਨੂੰ ਸਵੱਛ ਰੱਖਣ ਲਈ ਬਹੁਤ ਸਾਰੀਆਂ ਯੋਜਨਾਵਾਂ ਉਲੀਕੀਆਂ ਜਾ ਰਹੀਆਂ ਹਨ। ਪਰ ਹਰੇਕ ਸਾਲ ਕਿੰਨੇ ਪੌਦੇ ਕਾਮਯਾਬ ਹੋ ਕੇ ਦਰੱਖਤ ਬਣਦੇ ਹਨ ਇਹ ਗੱਲ ਵੀ ਲੋਕਾਂ ਸਾਹਮਣੇ ਸਰਕਾਰ ਵਲੋਂ ਰੱਖੀ ਜਾਣੀ ਬਣਦੀ ਹੈ ਤਾਂ ਕਿ ਲੋਕ ਇਸ ਸਬੰਧੀ ਜਾਗਰੁਕ ਹੋਣ ਤੇ ਬਣਦਾ ਯੋਗਦਾਨ ਵੀ ਪਾਉਣ। ਹਰੇਕ ਸਾਲ 'ਇੱਕ ਰੁੱਖ ਸੌ ਸੁੱਖ' ਦੀ ਗੱਲ ਤਾਂ ਕੀਤੀ ਜਾਂਦੀ ਹੀ ਹੈ ਪਰ ਇਸ ਸਾਲ 'ਇੱਕ ਪੇੜ ਮਾਂ ਦੇ ਨਾਮ' ਨਾਅਰਾ ਦਿੱਤਾ ਗਿਆ ਹੈ। ਬੱਚਿਆਂ ਲਈ ਇਹ ਨਾਅਰਾ ਬੜੀ ਅਹਿਮੀਅਤ ਰੱਖਦਾ ਹੈ, ਉਨ੍ਹਾਂ ਨੂੰ ਜਰੂਰ ਇਸ ਉੱਪਰ ਅਮਲ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਭਾਵੇਂ ਹਰੇਕ ਸਾਲ ਲੱਖਾਂ ਬੂਟੇ ਲੱਗਦੇ ਹਨ, ਪਰ ਸੜਕਾਂ, ਨਹਿਰਾਂ, ਨਾਲਿਆਂ ਆਦਿ ਦੇ ਕੰਢਿਆਂ ਤੇ ਦਰੱਖਤਾਂ ਦੀ ਘਾਟ ਅਜੇ ਵੀ ਮਹਿਸੂਸ ਹੁੰਦੀ ਹੈ। ਕਈ ਵਾਤਾਵਰਣ ਪ੍ਰੇਮੀਆਂ, ਸੰਸਥਾਵਾਂ ਆਦਿ ਵਲੋਂ ਲੋਕਾਂ ਨੂੰ ਆਪਣੇ ਪੁੱਤਰਾਂ, ਧੀਆਂ ਦੇ ਜਨਮ ਦਿਨ, ਵਿਆਹ ਵਰ੍ਹੇ-ਗੰਢ ਮਨਾਉਣ ਸਮੇਂ ਇੱਕ ਇੱਕ ਰੁੱਖ ਲਗਾ ਕੇ ਉਸ ਦੇ ਪਾਲਣ ਪੋਸ਼ਣ ਕਰਨ ਦਾ ਅਪੀਲ ਕੀਤੀ ਜਾ ਰਹੀ ਹੈ। ਇਹੋ ਜਿਹੇ ਮੌਕੇ ਤੇ ਇਹ ਪੰਜਾਬ ਵਿੱਚ ਵਧੀਆ ਸੁਨੇਹਾ ਹੋਵੇਗਾ ਜੋ ਕਿ ਸਮੇਂ ਦੀ ਅਤਿ ਲੋੜ ਹੈ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਬਹੁਤ ਸਾਰੇ ਮਾਪਿਆਂ ਅਤੇ ਸੰਸਥਾਵਾਂ ਨੇ ਇਸ ਸ਼ੰਦੇਸ਼ ਨੂੰ ਅਮਲੀ ਰੂਪ ਦਿੰਦੇ ਹੋਏ ਰੁੱਖ ਲਗਾਉਣੇ ਸ਼ੁਰੂ ਕਰਕੇ ਉਨ੍ਹਾਂ ਨੂੰ ਪਾਲਣ ਪੋਸ਼ਣ ਕਰਨ ਦਾ ਪ੍ਰਣ ਵੀ ਲਿਆ ਹੈ ਜੋ ਕਿ ਪੰਜਾਬ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਸ਼ੁਭ ਸ਼ੰਕੇਤ ਹੈ।

ਕੁਦਰਤ ਵੀ ਮਨੁੱਖ ਨੂੰ ਸਮੇਂ ਸਮੇਂ ਚਿਤਾਵਨੀ ਦਿੰਦੀ ਰਹਿੰਦੀ ਹੈ ਕਿਉਂ ਕਿ ਮਨੁੱਖ ਕੁਦਰਤ ਦੇ ਅਨਮੋਲ ਖਜ਼ਾਨੇ ਨਾਲ ਛੇੜ ਛਾੜ ਕਰਨੋ ਨਹੀਂ ਹਟਦਾ। ਦੂਸਰੇ ਪਾਸੇ ਏਨੇ ਵੱਧ ਰਹੇ ਤਾਪਮਾਨ ਤੋਂ ਰਾਹਤ ਪਾਉਣ ਲਈ ਦਰੱਖਤਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨ ਦੇ ਕੁਝ ਹਿੱਸੇ ਉੱਪਰ ਦਰਖੱਤਾਂ ਦੇ ਲਾਉਣ ਦੀ ਗੱਲ ਜਰੂਰ ਸੋਚਣ ਵਾਲੀ ਹੈ। ਸਮਾਜ ਸੇਵੀ ਸਵ: ਬਾਬਾ ਬਿਸ਼ਨ ਸਿੰਘ ਦੰਦਰਾਲਾ ਢੀਂਡਸਾ ( ਪਟਿਆਲਾ ) ਵਾਲੇ ਨੇ ਅੱਧੀ ਸਦੀ ਪਹਿਲਾਂ ਸਾਮਲਾਟ, ਸਾਂਝੀਆਂ ਥਾਵਾਂ, ਮੰਡੀਆਂ ਆਦਿ 'ਚ ਆਪ ਬੂਟੇ ਤਿਆਰ ਕਰਕੇ ਲਾਉਣੇ ਸ਼ੁਰੂ ਕੀਤੇ ਸਨ। ਇਲਾਕੇ ਦੇ ਪਿੰਡਾਂ, ਸ਼ਹਿਰਾਂ ਆਦਿ ਵਿੱਚ ਉਨ੍ਹਾਂ ਦੇ ਲਾਏ ਬੂਟੇ, ਜਿਨ੍ਹਾਂ 'ਚ ਪਿੱਪਲ, ਬਰੋਟੇ ਵੀ ਬਹੁਤ ਥਾਵਾਂ 'ਤੇ ਲਾਏ ਗਏ ਜਿਹੜੇ ਅੱਜ ਠੰਡੀ ਛਾਂ ਅਤੇ ਹਵਾ ਦੇਣ ਨਾਲ ਵਾਤਾਵਰਣ ਨੂੰ ਸਵੱਛ ਰੱਖਣ ਲਈ ਸਹਾਈ ਹੋ ਰਹੇ ਹਨ। ਸਾਨੂੰ ਵੀ ਉਨ੍ਹਾਂ ਦੀ ਸੋਚ ਅਪਨਾ ਕੇ ਵਾਤਾਵਰਨ ਨੂੰ ਚੰਗੇਰਾ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਕੱਲੇ ਬੂਟੇ ਲਾਉਣ ਨਾਲ ਗੱਲ ਨਹੀਂ ਬਣਦੀ ਸਗੋਂ ਉਨ੍ਹਾਂ ਦੀ ਸੰਭਾਲ ਬਹੁਤ ਜਰੂਰੀ ਹੈ ਕਿਉਂ ਕਿ ਹਰੇਕ ਸਾਲ ਲੱਖਾਂ ਪੌਦੇ ਕਾਗਜ਼ਾਂ ਇੱਕ ਵਾਰ ਲਾ ਦਿੱਤੇ ਜਾਂਦੇ ਹਨ ਪਰ ਉਨ੍ਹਾਂ 'ਚੋਂ ਕਾਮਯਾਬ ਪ੍ਰਤੀਸ਼ਤ ਬਹੁਤ ਘੱਟ ਦਿਖਾਈ ਦਿੰਦੀ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ 'ਚ ਸੜਕਾਂ ਨੂੰ ਚੌੜਾ ਕਰਨ, ਨਵੀਆਂ ਕਾਲੋਨੀਆਂ ਦੇ ਨਿਰਮਾਣ ਆਦਿ ਕਰਨ ਕਰਕੇ ਹਜ਼ਾਰਾਂ ਦਰੱਖਤ ਪੁੱਟੇ ਗਏ ਹਨ ਪਰ ਇਨ੍ਹਾਂ ਦੀ ਥਾਂ ਨਵੇਂ ਬੂਟੇ ਨਹੀਂ ਲੱਗ ਸਕੇ। ਜਾਨਵਰਾਂ ਅਤੇ ਪੰਛੀਆਂ ਦਾ ਰੁੱਖਾਂ ਨਾਲ ਗੂੜ੍ਹਾ ਸੰਬੰਧ ਹੈ ਸੋ ਇੱਧਰ ਧਿਆਨ ਦੇਣ ਦੀ ਲੋੜ ਹੈ।


ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਪੰਜਾਬ ਅੰਦਰ 12 ਬੀੜ ਅਤੇ ਰੱਖਾਂ ਹਨ ਜੋ ਕਿ ਜਾਨਵਰਾਂ ਅਤੇ ਪੰਛੀਆਂ ਲਈ ਘੱਟ ਹਨ। ਰਾਜ ਦੀ ਸਾਢੇ ਤਿੰਨ ਪ੍ਰਤੀਸ਼ਤ ਧਰਤੀ ਜੰਗਲੀ ਖੇਤਰ 'ਚ ਆਉਂਦੀ ਹੈ, ਜੋ ਕਿ ਪ੍ਰਦੂਸ਼ਨ ਬੋਰਡ ਦੀਆਂ ਹਦਾਇਤਾਂ ਅਨੁਸਾਰ ਥੋੜ੍ਹੀ ਹੈ। ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਨ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ। ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ। ਵਾਤਾਵਰਨ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ। ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ ਕਿ ਇਨ੍ਹਾਂ ਜੰਗਲੀ ਜੀਵਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਹੋ ਸਕੇ ਜੇ ਨਵੀਂ ਸਰਕਾਰ ਇਨ੍ਹਾਂ ਜੰਗਲੀ ਜਾਨਵਰਾਂ ਅਤੇ ਪੰਛੀਆਂ ਲਈ ਰਹਿਣ, ਖਾਣ ਪੀਣ ਲਈ ਫਲਾਂ ਵਾਲੇ ਬੂਟੇ ਲਾ ਕੇ, ਕੁਦਰਤੀ ਮਾਹੌਲ ਆਦਿ ਦੇ ਕੇ ਇਹ ਕਰ ਵਿਖਾਉਂਦੀ ਹੈ ਤਾਂ ਇਨ੍ਹਾਂ ਲਈ ਬਹੁਤ ਵੱਡੀ ਰਾਹਤ ਹੋਵੇਗੀ।

ਸ਼ਹਿਰਾਂ, ਪਿੰਡਾਂ ਨੇੜੇ ਲੰਘ ਰਹੇ ਰਜਬਾਹਿਆਂ, ਨਹਿਰਾਂ ਆਦਿ ਨੂੰ ਸਰਕਾਰ ਪੱਕਾ ਕਰ ਰਹੀ ਹੈ, ਇਨ੍ਹਾਂ ਪਿੰਡਾਂ ਅਤੇ ਸ਼ਹਿਰਾਂ ਦੇ ਨੇੜੇ ਦੀ ਪਟੜੀ ਵੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਫੁੱਲਾਂ ਵਾਲੇ ਬੂਟੇ ਲਗਵਾ ਦਿੱਤੇ ਜਾਣ ਜਿਸ ਨਾਲ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੀ ਸ਼ਾਨ ਵੀ ਵੱਧੇਗੀ ਅਤੇ ਇਸ ਤਰ੍ਹਾਂ ਲੋਕਾਂ ਲਈ ਇਹ ਏਰੀਆ ਰਮਣੀਕ ਬਣ ਸਕਦਾ ਹੈ। ਮਹਿਕਮੇ ਵਲੋਂ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਪੁਟਾਈ / ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ। ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸਹੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਤੇ ਵਾਤਾਵਰਨ ਵੀ ਸਵੱਛ ਹੋਵੇਗਾ।

*******

# ਅਮਰੀਕਨ ਘਰ ਵਿਚ 'ਸੱਪ ਸੱਪ' ਦੀ ਖੱਪ !

ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com



ਕੈਲੇਫੋਰਨੀਆਂ ਸਟੇਟ ਦੇ ਸੈਨਹੋਜ਼ੇ ਸ਼ਹਿਰ ਵਿਚ ਇਕ ਦਿਨ ਅਸੀ ਆਪਣੇ ਘਰੇ ਸ਼ਾਮ ਦੀ ਚਾਹ ਪੀ ਰਹੇ ਸਾਂ। ਨਾਲ਼ ਨਾਲ਼ ਫੋਨ 'ਤੇ ਠੂੰਗੇ ਮਾਰਦਾ ਹੋਣ ਕਰਕੇ ਮੇਰੀ ਚਾਹ ਹਾਲੇ ਮੁੱਕੀ ਨਹੀਂ ਸੀ ਪਰ ਬਾਕੀ ਦੇ ਜੀਅ ਚਾਹ ਮੁਕਾ ਕੇ ਇਧਰ ਉਧਰ ਹੋ ਗਏ ਚੁਸਕੀਆਂ ਭਰਦੇ ਦੇ ਅਚਾਨਕ ਆਪਣੀ ਘਰ ਵਾਲ਼ੀ ਦੀ ਘਬਰਾਈ ਜਿਹੀ ਅਵਾਜ਼ ਮੇਰੇ ਕੰਨੀਂ ਪਈ-

"ਹੈਥੇ ਰੱਖ......ਕਿੱਡਾ ਸੱਪ ! ਦੇਖਿਉ ਦੇਖਿਉ...ਭੱਜ ਕੇ ਆਇਉ ਜ਼ਰਾ ?"

ਸੱਪ ਦਿਖਾਈ ਦੇਣ 'ਤੇ ਜਿਵੇਂ ਅਕਸਰ ਹੁੰਦਾ ਹੀ ਹੈ, ਮੈਂ ਵਾਹੋ ਦਾਹੀ ਚਾਹ ਦਾ ਕੱਪ ਛੱਡ ਕੇ ਸੋਫੇ ਤੋਂ ਤ੍ਰਭਕ ਕੇ ਉੱਠਿਆ ! ਬਾਲਕੋਨੀ ਦੀ ਰੇਲਿੰਗ 'ਤੇ ਹੱਥ ਰੱਖ ਕੇ ਹੇਠਾਂ ਵੱਲ੍ਹ ਨਜ਼ਰਾਂ ਗੱਡੀ ਖੜ੍ਹੀ ਪਤਨੀ ਵੱਲ੍ਹ ਦੇਖ ਕੇ ਮੈਂ ਇਹ ਅੰਦਾਜ਼ਾ ਤਾਂ ਲਾ ਲਿਆ ਕਿ ਦੂਸਰੀ ਮੰਜਿਲ 'ਤੇ ਰਹਿੰਦਿਆਂ ਸਾਡੀ ਬਾਲਕੋਨੀ ਵਿਚ ਸਮਾਨ ਤਾਂ ਭਾਵੇਂ ਉਘੜ ਦੁਘੜਾ ਜਿਹਾ ਕਾਫੀ ਪਿਆ ਹੈ ਪਰ 'ਨਾਗ ਦੇਵਤਾ ਜੀ' ਸਾਡੇ ਨਹੀਂ, ਥੱਲੇ ਕਿਸੇ ਦੇ ਘਰ ਵਿਚ ਹੀ ਪ੍ਰਗਟ ਹੋਇਆ ਹੋਵੇਗਾ ! ਫੁਰਤੀ ਨਾਲ਼ ਘਰ ਵਾਲ਼ੀ ਕੋਲ਼ ਖਲੋ ਕੇ ਮੈਂ ਦੇਖਿਆ ਕਿ ਸਾਡੇ ਘਰਾਂ ਦੇ ਮੋਹਰਿਉਂ ਲੰਘਦੀ ਸੋਲ੍ਹਾਂ-ਸਤਾਰਾਂ ਫੁੱਟ ਚੌੜੀ ਸੜ੍ਹਕ ਦੇ ਦੂਸਰੇ ਪਾਸੇ ਘਰਾਂ ਵਾਲ਼ੀ ਲਾਈਨ ਦੇ ਇਕ ਘਰ ਦੇ ਮੋਹਰੇ ਮਧਰੇ ਜਿਹੇ ਦਰਖਤ ਉੱਤੇ ਕਾਫੀ ਲੰਮਾਂ ਤੇ ਮੋਟਾ ਸਾਰਾ ਸੱਪ ਚੜ੍ਹਿਆ ਹੋਇਆ ਸੀ।

'ਚੌਦਾਂ ਸਾਲ ਹੋ ਗਏ ਸਾਨੂੰ ਅਮਰੀਕਾ 'ਚ ਰਹਿੰਦਿਆਂ ਨੂੰ ਅਸੀਂ ਕਦੇ ਵੀ ਕਿਤੇ ਸੱਪ ਨਿਕਲ੍ਹਿਆ ਨਹੀਂ ਦੇਖਿਆ ਸੁਣਿਆਂਤ.. ਆਹ ਪਹਿਲੀ ਵਾਰ ਦੇਖ ਰਹੇ ਆਂ !' ਮੈਂ ਹੈਰਾਨ ਹੋਏ ਨੇ ਆਪਣੀ ਪਤਨੀ ਨਾਲ਼ ਗੱਲ ਕੀਤੀ।ਪਰ ਉਹ ਮੇਰੀ ਗੱਲ ਅਣਸੁਣੀ ਕਰਕੇ ਸਾਹਮਣਲੇ ਘਰ ਵਾਲ਼ੇ ਗੋਰਿਆਂ ਨੂੰ ਭੰਡਣ ਲੱਗ ਪਈ। ਅਖੇ ਕਿੱਡੇ ਆਏ ਆ ਬਾਗਬਾਨੀ ਦੇ ਪ੍ਰੇਮੀ ! ਆਵਾ ਗੌਣ ਥਾਂਹ ਥਾਂਹ ਵੇਲ ਬੂਟੇ ਤੇ ਦੱਭੜ ਜਿਹਾ ਲਾ ਲਾ ਕੇ ਵਿਹੜੇ ਵਿਚ 'ਗੰਦ' ਪਾਇਆ ਹੋਇਆ ਐ ਇਨ੍ਹਾਂ ਨੇ। ਐਹੋ ਜਿਹੇ ਅੱਸਾ-ਰੁੜ ਵਿਚ ਸੱਪ-ਸਲੂਪੀ ਤਾਂ ਨਿਕਲ਼ਨੇ ਹੀ ਹੋਏ ? ਗੋਰਿਆਂ ਦੀ ਨੌਜਵਾਨ ਕੁੜੀ ਕੰਨਾਂ ਨੂੰ ਫੋਨ ਲਾਈ ਕਦੇ ਦਰਖਤ ਦੇ ਟਾਹਣਿਆਂ 'ਤੇ ਹੌਲ਼ੀ ਹੌਲ਼ੀ ਘੁੰਮ ਰਹੇ ਸੱਪ ਵੱਲ੍ਹ ਦੇਖ ਲਵੇ ਅਤੇ ਕਦੇ ਸੜ੍ਹਕ 'ਤੇ ਦੂਰ ਤੱਕ ਨਜ਼ਰ ਦੁੜ੍ਹਾਵੇਤਜਿਵੇਂ ਉਹ ਕਿਸੇ ਨੂੰ ਉਡੀਕ ਰਹੀ ਹੋਵੇ।

'ਜਦ ਤੁਸੀਂ ਹਾਲੇ ਚਾਹ ਪੀ ਰਹੇ ਸੀ ਉਦੋਂ ਦੀ ਇਸਨੇ 'ਨਾਈਨ ਵੰਨ ਵੰਨ' ਨੂੰ ਕਾਲ ਕੀਤੀ ਹੋਈ ਐ।...ਉਹ ਵੀ ਦਾਦਣੇ ਹਾਲੇ ਤੱਕ ਨਹੀਂ ਬਹੁੜੇ !' ਮੇਰੀ ਪਤਨੀ ਹੈਰਾਨੀ ਨਾਲ ਦੱਸ ਰਹੀ ਸੀ-'ਸਾਡੇ ਘਰ ਤਾਂ ਕੋਈ ਲਾਠੀ ਸੋਟਾ ਵੀ ਹੈ ਨ੍ਹੀ !' ਅਸਲ ਵਿਚ ਪੰਜਾਬ ਸਾਡੇ ਘਰ ਸੱਪ ਅਕਸਰ ਨਿਕਲਦੇ ਹੀ ਰਹਿੰਦੇ ਹੁੰਦੇ ਸਨ ਤੇ ਮੇਰੀ ਪਤਨੀ ਨੂੰ ਸੱਪ ਮਾਰਨ ਦਾ ਬਹੁਤ ਤਜ਼ਰਬਾ ਹੈ। ਮੈਂ ਤਾੜਿਆ ਕਿ ਉਹ ਥੱਲੇ ਜਾ ਕੇ ਸੱਪ ਦੀ 'ਸਿਰੀ ਫੇਹਣੀ' ਚਾਹੁੰਦੀ ਐ, ਤਦੇ ਇੱਥੇ ਆਪਣੇ ਘਰੇ ਲਾਠੀ ਨਾ ਹੋਣ ਕਾਰਨ ਪਛਤਾ ਰਹੀ ਹੈ।

ਚਲਦੇ ਮੈਚ ਦੀ ਕਮੈਂਟਰੀ ਸੁਣਾਉਣ ਵਾਲ਼ਿਆਂ ਵਾਂਗ ਉਹ ਸੱਪ ਵੱਲ੍ਹ ਦੇਖ ਦੇਖ ਉਤੇਜਿਤ ਹੋਈ ਕੁੱਝ ਨਾ ਕੁੱਝ ਬੋਲੀ ਜਾ ਰਹੀ ਸੀ। ਸੱਪ ਵਾਲ਼ੇ ਦਰਖਤ ਤੋਂ ਥੋੜ੍ਹੀ ਦੂਰ ਰਹਿ ਕੇ ਕੰਨਾਂ ਨਾਲ਼ ਫੋਨ ਲਾਈ ਘੁੰਮ ਰਹੀ ਗੋਰਿਆਂ ਦੀ ਕੁੜੀ ਵੱਲ੍ਹ ਦੇਖ ਕੇ ਖਿਝੀ ਪਈ ਮੇਰੀ ਪਤਨੀ ਕਹਿੰਦੀ-

'ਪਈ ਦੱਸ ਬੇਵਕੂਫੇ ! ਤੂੰ ਸੱਪ ਦੀ 'ਪਰਿਕਰਮਾਂ' ਕਾਹਨੂੰ ਕਰੀ ਜਾਨੀ ਐਂਤ.. ! !ਕਮਲ਼ੀਏ ਤੂੰ ਆਂਢ ਗੁਆਂਢ ਤੋਂ ਕਿਸੇ ਨੂੰ 'ਵਾਜ ਈ ਮਾਰ ਲੈ ?

ਜਦ ਤੱਕ 'ਨਾਈਨ ਵੰਨ ਵੰਨ' ਵਾਲ਼ੇ ਨਹੀਂ ਆਉਂਦੇ ਤਦ ਤੱਕ ਸੱਪ ਦਾ ਕੋਈ 'ਹੀਲਾ-ਵਸੀਲਾ' ਕਰਲੈ !'

ਪੰਦਰਾਂ ਵੀਹ ਮਿੰਟ ਅਸੀਂ ਬਾਲਕੋਨੀ 'ਚ ਖੜ੍ਹੇ 'ਸੱਪ ਤਮਾਸ਼ਾ' ਦੇਖੀ ਗਏ। ਕਦੇ ਅਸੀਂ ਟਾਹਣਿਆਂ 'ਤੇ ਘੁੰਮਦਾ ਫਿਰਦਾ ਸੱਪ ਦੇਖਦੇ-'ਅਹੁ ਦੇਖ...ਓਧਰ ਦੇਖ' ਕਰਨ ਲਗਦੇ ਅਤੇ ਕਦੇ ਦਰਖਤ ਦੁਆਲੇ ਚੁਕੰਨੀਂ ਜਿਹੀ ਹੋ ਕੇ ਗੇੜੀਆਂ ਮਾਰਦੀ ਕੁੜੀ ਵੱਲ੍ਹ ਦੇਖ ਲੈਂਦੇ। ਇਸੇ ਦੌਰਾਨ ਮੈਨੂੰ ਖਿਆਲ ਆਇਆ ਕਿ ਸਾਡੇ ਚੌਦਾਂ ਸਾਲਾਂ ਦੇ ਇੱਥੇ ਕਿਆਮ ਦੌਰਾਨ ਪਹਿਲੀ ਵਾਰ ਖੁੱਲ੍ਹੇ ਆਮ 'ਗੁੱਗੇ ਜ਼ਾਹਰਪੀਰ' ਨੇ ਦਰਸ਼ਨ ਦਿੱਤੇ ਹਨ। ਕਿਉਂ ਨਾ ਇਹ ਪਲ ਕੈਮਰੇ 'ਚ ਕੈਦ ਕਰ ਲਏ ਜਾਣ ! ਸੋ ਇਹ ਸੋਚ ਕੇ ਮੈਂ ਆਪਣੀ ਨੂੰਹ ਨੂੰ ਕਿਹਾ ਕਿ ਜਾਹ ਪੁੱਤ ਹੇਠਾਂ ਜਾ ਕੇ ਸੱਪ ਦੀਆਂ ਇਕ-ਦੋ ਫੋਟੋ ਹੀ ਲੈ ਆ। ਕਿਸੇ ਨੂੰ 'ਵਟਸ-ਐਪ' 'ਤੇ ਭੇਜ ਕੇ ਦੱਸਾਂ ਗੇ ਕਿ ਹੁਣ ਅਮਰੀਕਾ ਵਿਚ ਵੀ ਸੱਪ ਨਿਕਲਦੇ ਆ ! ਹੇਠਾਂ ਗਈ ਸਾਡੀ ਨੂੰਹ ਨੇ ਪਹਿਲਾਂ ਗੋਰੀ ਕੁੜੀ ਨਾਲ਼ ਗੱਲ ਬਾਤ ਕੀਤੀ ਤੇ ਫਿਰ ਇੱਧਰ ਉੱਧਰ ਹੋ ਕੇ ਸੱਪ ਦੀਆਂ ਫੋਟੋਆਂ ਵੀ ਖਿੱਚ ਲਈਆਂ। ਮੁੜ ਕੇ ਆਉਂਦੀ ਘਰ ਦੀਆਂ ਪੌੜੀਆਂ ਚੜ੍ਹਦੀ ਹੋਈ ਉਹ ਹੱਸ ਹੱਸ ਦੋਹਰੀ ਹੋਈ ਜਾਵੇ !ਬਾਲਕੋਨੀ 'ਚ ਖੜ੍ਹੇ ਅਸੀਂ ਦੋਵੇਂ ਉਹਦੇ ਵੱਲ੍ਹ ਦੇਖ ਕੇ ਹੈਰਾਨ ਹੋ ਰਹੇ ਸਾਂ ਕਿ ਇਹ ਕਿਹੜੀ ਗੱਲੋਂ ਹੱਸੀ ਜਾ ਰਹੀ ਹੋਵੇ ਗੀ ਭਲਾ ?

ਬੜੀ ਮੁਸ਼ਕਿਲ ਨਾਲ਼ ਹਾਸਾ ਰੋਕਦਿਆਂ ਉਸਨੇ ਦੱਸਿਆ ਕਿ ਡੈਡੀ ਜੀ ਉਹ ਕੋਈ ਅਵਾਰਾ ਸੱਪ ਨਹੀਂ ਸਗੋਂ ਕੁੜੀ ਦਾ 'ਪਾਲਤੂ ਸੱਪ' ਹੈ ! ਅੱਜ ਉਹ ਉਸਨੂੰ ਹਵਾ-ਖੋਰੀ ਕਰਵਾ ਰਹੀ ਐ !! ਨੂੰਹ ਮੂੰਹੋਂ ਇਹ ਹੱਦ ਸਿਰੇ ਦੀ ਅਜ਼ੀਬ ਗੱਲ ਸੁਣ ਕੇ ਜਦ ਅਸੀਂ ਮੁੜਕੇ ਹੇਠਾਂ ਵੱਲ੍ਹ ਦੇਖਿਆ ਤਾਂ ਕੁੜੀ ਨੇ ਫੋਨ ਜੇਬ੍ਹ 'ਚ ਪਾ ਲਿਆ ਤੇ ਦਰਖਤ ਤੋਂ ਅਜਗਰ ਜਿਹੇ ਸੱਪ ਨੂੰ ਲਾਹਕੇ ਆਪਣੇ ਗਲ਼ ਵਿਚ ਇਉਂ ਪਾ ਲਿਆ ਜਿਵੇਂ ਦੋਹਾਂ ਪਾਸਿਆਂ ਨੂੰ ਲਮਕਵਾਂ ਸਿਰੋਪਾ ਪਾਇਆ ਹੁੰਦਾ ਹੈ !! ਤੋਤੇ,ਕੁੱਤੇ ਬਿੱਲੀਆਂ ਜਾਂ ਖਰ.ਗੋਸ਼ਾਂ ਬਾਰੇ ਤਾਂ ਪਤਾ ਸੀ ਪਰ ਘਰ ਵਿਚ 'ਪਾਲਤੂ' ਰੱਖੇ ਜਾਣ ਵਾਲ਼ੇ ਜਾਨਵਰਾਂ ਵਿਚ ਸੱਪ ਵੀ ਸ਼ੁਮਾਰ ਹੈ, ਇਹ ਸੁਣ ਕੇ ਸਾਡੇ ਤਾਂ ਮੂੰਹ ਹੀ ਅੱਡੇ ਰਹਿ ਗਏ !!

*******

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ


– ਲੇਖਕ –
ਗਿਆਨੀ
ਗੁਰਦਿੱਤ ਸਿੰਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–6


**ਬ੍ਰਾਹਮਣਾਂ ਦਾ ਆਪਣੀਆਂ ਗਰਜਾਂ ਲਈ ਇਸ ਕਿਸਮ ਦੀ ਦੇਵ-ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਾਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ ਅਰਚਨਾ, ਪ੍ਰੋਹਤ ਅਚਾਰੀਆ ਵਿਧੀ ਅਨੁਸਾਰ, ਜੋ ਬ੍ਰਾਹਮਣ ਕ੍ਰਿਆ ਕਰਾਉਂਦੇ ਸੀ, ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਿਰਾਂ ਦੇ ਆਸ-ਪਾਸ ਮੰਡਲਾਉਂਦੇ ਰਹਿੰਦੇ ਸੀ। ਛੂਤ ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉੱਤੇ ਚੱਲਣ ਸਮੇਂ ਪੈਰਾਂ ਦੇ ਚਿੰਨ੍ਹ ਮਿਟਾਉਣ ਲਈ, ਆਪਣੇ ਪਿੱਛੇ ਝਾਫੇ ਬੰਨ੍ਹਕੇ ਚੱਲਣਾ ਪੈਂਦਾ ਸੀ। ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚੜ੍ਹਾ ਦੇਵੇ।**

ਕ੍ਰਿਸ਼ਨ ਜੀ ਨੂੰ, ਵਿਸ਼ਣੂ ਦਾ ਇਸ ਧਰਤੀ ਉੱਤੇ ਪਰਉਪਾਕਰ ਲਈ, ਭਗਤ ਹੇਤ ਅਵਤਾਰ ਧਾਰ ਕੇ ਆਉਣਾ ਅਤੇ ਕ੍ਰਿਸ਼ਨ ਭਗਤੀ ਨੂੰ ਪ੍ਰਾਪਤੀ ਦਾ ਸਾਧਨ ਪ੍ਰਚਾਰਿਆ ਜਾਣ ਲੱਗਾ। ਕ੍ਰਿਸ਼ਨ ਲੀਲਾ ਨੂੰ ਪ੍ਰਮੇਸ਼ਵਰ ਦੀ ਨਿੱਤ ਲੀਲਾ ਦੀ ਤੁਲਨਾ ਦਿੱਤੀ ਗਈ, ਜਿਵੇਂ ਪਾਣੀ ਦੀਆਂ ਬੂੰਦਾਂ ਤੇ ਅਣੂ-ਪ੍ਰਮਾਣੂਆਂ ਵਿੱਚ ਸਦਾ ਹਰਕਤ ਚੱਲਦੀ ਰਹਿੰਦੀ ਹੈ, ਕਿਹਾ ਜਾਣ ਲੱਗਿਆ ਅਜਿਹੀ ਨ੍ਰਿਤ ਲੀਲਾ ਜਿਹੀ ਹੀ ਕ੍ਰਿਸ਼ਨ ਜੀ ਦੀ ਰਾਸ ਲੀਲਾ ਹੈ, ਜੋ ਇਸ ਸੰਸਾਰ ਅਤੇ ਬੈਕੁੰਠ ਵਿੱਚ ਸਦੀਵੀ ਚੱਲਦੀ ਰਹਿੰਦੀ ਹੈ। ਅਨੇਕ ਤਰ੍ਹਾਂ ਦੀਆਂ ਦੈਵੀ ਸ਼ਕਤੀਆਂ ਕ੍ਰਿਸ਼ਨ ਜੀ ਨਾਲ ਜੋੜ ਕੇ ਤਾਮਲ, ਸੰਸਕ੍ਰਿਤ ਅਤੇ ਹੋਰ ਲੋਕ ਭਾਸ਼ਾਵਾਂ ਵਿੱਚ ਕ੍ਰਿਸ਼ਨ ਜੀ ਦੇ ਵੰਨ ਸੁਵੰਨਿਆਂ ਕਿਸਮਾਂ ਦੇ ਗੁਣਗਾਨ ਕੀਤੇ ਜਾਣ ਲੱਗੇ। ਭਗਤੀ ਦੀਆਂ ਨੌਂ ਅਤੇ ਗਿਆਰਾਂ, ਰੀਤਾਂ ਬਣਾਈਆਂ ਗਈਆਂ, ਪੌਰਾਣਕ ਦੇਵਤਿਆਂ ਦੇ ਨਾਵਾਂ ਉੱਤੇ ਮੰਦਰ ਉਸਾਰੇ ਗਏ। ਉਨ੍ਹਾਂ ਦੇਵਤਿਆਂ ਦੀਆਂ ਭਿੰਨ ਭਿੰਨ ਕਿਸਮਾਂ ਦੀਆਂ ਉਪਾਸ਼ਨਾ-ਵਿਧੀਆਂ ਚਲਾਈਆਂ ਜਾਣ ਲੱਗੀਆਂ। ਦੱਖਣ ਦੇ ਇਕ ਰਾਜੇ ਦਾ ਦੂਜੇ ਨਾਲੋਂ ਵਧੀਆ ਮੰਦਰ ਬਣਾਉਣ ਦਾ ਸ਼ੌਕ, ਪੂਰੇ ਜ਼ੋਰ ਨਾਲ ਚੱਲਿਆ। ਹਰ ਰਾਜ ਘਰਾਣਾ ਜਿਤਨਾ ਚਿਰ ਕਿਸੇ ਮੰਦਰ ਦੀ ਰਚਨਾ ਨਾ ਕਰ ਲੈਂਦਾ, ਆਪਣੇ ਆਪ ਨੂੰ ਅਭਾਗਾ ਸਮਝਦਾ। ਗ੍ਰਹਿ ਨਛੱਤਰਾਂ ਤੋਂ ਲੈ ਕੇ ਪੌਰਾਣਕ ਕਲਪਨਾ ਵਾਲੇ ਦੇਵਤੇ ਦੇਵੀਆਂ ਦੇ ਭਿੰਨ ਭਿੰਨ ਰੂਪਾਂ ਤੇ ਹਾਵ ਭਾਵ ਵਾਲੇ ਬੁੱਤ ਅਤੇ ਕਾਲਮਈ ਮੰਦਰ, ਦੱਖਣ ਭਾਰਤ ਦੀ ਸਭ ਤੋਂ ਵੱਡੀ ਸ਼ਾਨ ਅਤੇ ਕਲਾ ਕਿਰਤੀਆਂ ਦੀ ਵਰਨਣਯੋਗ ਦੇਣ ਹੈ। ਮੀਨਾਖਸ਼ੀ ਜਿਹੇ ਵੱਡੇ ਮੰਦਰਾਂ ਦੇ ਦਰਸ਼ਨ ਕਰੋ ਤਾਂ ਇੰਜ ਜਾਪਦਾ ਹੈ ਸਾਰਾ ਦੇਵ ਲੋਕ ਪਥਰਾਂ ਵਿੱਚ ਤ੍ਰਾਸ਼ ਕੇ ਖੜ੍ਹਾ ਕੀਤਾ ਗਿਆ ਹੈ। ਦੱਖਣ ਦੇ ਚੇਰ, ਚੋਲ, ਪਾਲਵ, ਰਾਜਿਆਂ ਦੇ ਨਾਮ ਖ਼ਾਸ ਤੌਰ 'ਤੇ ਵਰਨਣ ਯੋਗ ਹਨ। ਮਦੁਰਾਈ ਦਾ ਮੀਨਾਖਸ਼ੀ ਮੰਦਰ ਇਕੱਲਾ ਹੀ ਉੱਤਰੀ ਭਾਰਤ ਦੇ ਮੰਦਰਾਂ ਤੋਂ ਵੱਧ ਗੌਰਵਮਈ, ਰਤਨਾ ਤੇ ਸੋਨੇ ਦੀ ਜੜਤ ਕਾਰਨ ਅਪੂਰਵ ਮਹੱਤਤਾ ਰੱਖਦਾ ਹੈ।

ਅੰਧ ਵਿਸ਼ਵਾਸੀ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਜਾਂ ਕੁਕਰਮਾਂ ਵਾਲੀ ਕਰਮਕਾਂਡੀ ਭਗਤੀ ਦੀਆਂ ਅਨੇਕਾਂ ਦੁੱਖ ਭਰੀਆਂ ਰੀਤਾਂ ਚੱਲੀਆਂ। ਜਿਵੇਂ ਸਿਰ ਪਰਨੇ ਚੱਲ ਕੇ ਦੇਵ-ਪੂਜਾ ਕਰਨੀ, ਅੰਸ਼ਟਾਂਗ ਪ੍ਰਣਾਮ ਕਰਦੇ ਹੋਇਆਂ ਲੰਮੇ ਪੈ ਕੇ ਉਠਣਾ ਫਿਰ ਲੇਟ ਕੇ ਯਾਤਰਾ ਕਰਨੀ, ਜੀਭ ਕੱਟਕੇ ਦੇਵਤੇ ਨੂੰ ਚੜ੍ਹਾਉਣੀ, ਬੁੱਲ ਸੀਉਂ ਲੈਣੇ, ਇਕ ਤੋਂ ਵੱਧ ਦੂਜੇ ਸਰੀਰਕ ਕਸ਼ਟਾਂ ਨੂੰ ਭਗਤੀ ਮੰਨਿਆ ਜਾਣ ਲੱਗਾ।

ਮੂਰਤੀਆਂ ਦੀ ਸਿਰਜਨਾ ਦੀ ਰੀਤੀ ਨੇ ਸਾਰੇ ਹੱਦ ਬੰਨੇ ਪਾਰ ਕੀਤੇ। ਇਤਿਹਾਸਕਾਰ ਸ਼ੇਰਿੰਗ ਲਿਖਦਾ ਹੈ, ਭਾਰਤ ਦੇ ਲੋਕਾਂ ਨਾਲੋਂ ਮੂਰਤੀਆਂ, ਵਧੇਰੇ ਸਨ। ਸੱਤਵੀਂ ਅੱਠਵੀਂ ਸਦੀ ਵਿੱਚ ਮੂਰਤੀ ਪੂਜਾ ਸਿਖਰਾਂ 'ਤੇ ਪੁੱਜੀ। ਜਿਸ ਭਗਤ ਅੰਦਰ ਜਿਹੋ ਜਿਹੀ ਭਾਵਨਾ ਉੱਠੀ, ਉਸ ਮੁਤਾਬਕ ਮੂਰਤੀ ਖੜ੍ਹੀ ਕਰ ਲਈ। ਉਸ ਵੇਲੇ ਦੇ ਮੰਦਿਰਾਂ ਬਾਰੇ ਪੁਰਾਣੇ ਯਾਤਰੀਆਂ ਨੇ ਇਕ ਮੰਦਿਰ ਵਿੱਚ 20 ਹਜ਼ਾਰ ਮੂਰਤੀਆਂ ਗਿਣ ਕੇ ਦੱਸੀਆਂ ਹਨ। ਹਰ ਨਗਰ ਵਿੱਚ ਹਜ਼ਾਰਾਂ ਮੰਦਿਰ। ਦੱਖਣ ਤਾਂ ਮੰਦਿਰਾਂ ਦਾ ਘਰ ਹੈ ਹੀ ਸੀ, ਉੱਤਰੀ ਭਾਰਤ ਵਿੱਚ ਭੀ ਮੰਦਿਰਾਂ ਤੇ ਮੂਰਤੀਆਂ ਦੀ ਭਰਪੂਰ ਰਚਨਾ ਹੋਈ ਨਾਲ ਹੀ ਹਰ ਦੇਵਤੇ ਦੀ ਪੂਜਾ-ਵਿਧੀ, ਦੂਜੇ ਨਾਲੋਂ ਵਿਲੱਖਣ। ਮੰਦਿਰ ਵਿੱਚ ਮੂਰਤੀਆਂ ਦੀ ਸਥਾਪਨਾ ਪੂਜਾ ਪਾਠ ਕਰਨ ਕਰਾਉਣ ਦੇ ਅਧਿਕਾਰ ਕੇਵਲ ਬ੍ਰਾਹਮਣਾਂ ਦੇ ਰਾਖਵੇਂ ਹੋਣ ਕਾਰਨ ਦੀਖਿਆ ਅਤੇ ਦਖ਼ਸ਼ਣਾਂ ਉਨ੍ਹਾਂ ਦੇ ਉਪਜੀਵਕਾ ਦੇ ਸਾਧਨ ਸਨ।

ਬ੍ਰਾਹਮਣਾਂ ਦਾ ਆਪਣੀਆਂ ਗਰਜਾਂ ਲਈ ਇਸ ਕਿਸਮ ਦੀ ਦੇਵ-ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਾਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ ਅਰਚਨਾ, ਪ੍ਰੋਹਤ ਅਚਾਰੀਆ ਵਿਧੀ ਅਨੁਸਾਰ, ਜੋ ਬ੍ਰਾਹਮਣ ਕ੍ਰਿਆ ਕਰਾਉਂਦੇ ਸੀ, ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਿਰਾਂ ਦੇ ਆਸ-ਪਾਸ ਮੰਡਲਾਉਂਦੇ ਰਹਿੰਦੇ ਸੀ। ਛੂਤ ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉੱਤੇ ਚੱਲਣ ਸਮੇਂ ਪੈਰਾਂ ਦੇ ਚਿੰਨ੍ਹ ਮਿਟਾਉਣ ਲਈ, ਆਪਣੇ ਪਿੱਛੇ ਝਾਫੇ ਬੰਨ੍ਹਕੇ ਚੱਲਣਾ ਪੈਂਦਾ ਸੀ। ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚੜ੍ਹਾ ਦੇਵੇ। ਸ਼ਾਂਤੀ ਨਿਕੇਤਨ ਦੇ ਅਚਾਰੀਆ, ਛਿਤਿ ਮੋਹਨ ਸੈਨ ਦੇ ਜਾਤੀ ਭੇਦ ਗ੍ਰੰਥ ਵਿੱਚ ਅਜਿਹੀਆਂ ਕਰਤੂਤਾਂ ਦਾ ਖੁੱਲ੍ਹਾ ਵਰਨਣ ਹੈ। ਭਾਵੇਂ ਰਾਮਾਨੁਜ ਨੇ ਇਸ ਪੱਖੋਂ ਉਦਾਰਤਾ ਵਿਖਾਈ ਸੀ, ਸਭਨਾ ਲਈ ਭਗਤੀ ਦੇ ਦੁਆਰ ਖੋਲ੍ਹਣ ਦਾ ਫੁਰਮਾਨ ਕੀਤਾ ਸੀ, ਪ੍ਰੰਤੂ ਬ੍ਰਾਹਮਣ ਪ੍ਰਭਾਵੀ ਸਮਾਜ ਵਿੱਚ ਇਹ ਖੁੱਲ੍ਹ ਨਾ ਕਿਸੇ ਝੱਲਣੀ ਸੀ ਨਾ ਝੱਲੀ। ਬੇਸ਼ੱਕ ਤਰੁਕਰੂਲਮ ਗ੍ਰੰਥ ਜੋ ਗਿਆਨ ਅਤੇ ਨੀਤੀ ਦਾ ਅਦੁੱਤੀ ਨਿਚੋੜ ਹੈ, ਜਿਸ ਨੂੰ ਤਾਮਲ ਵੇਦ ਭੀ ਮੰਨਿਆ ਜਾਂਦਾ ਹੈ, ਇਕ ਪਛੜੀਆਂ ਜਾਤੀਆਂ ਦੇ ਵਿਦਵਾਨ ਦੀ ਰਚਨਾ ਹੈ। ਮੰਦਿਰਾਂ ਵਿੱਚ ਉਸ ਗ੍ਰੰਥ ਦੇ ਵਾਕ ਕੰਧਾਂ ਉੱਤੇ ਉਕਰੇ ਹੋਏ ਹਨ। ਫਿਰ ਭੀ ਭਗਤੀ ਦਾ ਮਧੁਰ ਭਾਵੀ ਸਾਹਿਤ ਲੋਕਾਂ ਵਿੱਚ ਵੱਧ ਪ੍ਰਿਯ ਹੋਇਆ। ਸਾਹਿਤ ਰਸੀਏ, ਕ੍ਰਿਸ਼ਨ ਭਗਤੀ ਦਾ ਇਕ ਵੱਡਾ ਲਾਭ ਇਹ ਮੰਨਦੇ ਹਨ, ਕਿ ਭਗਤੀ ਦੀ ਇਸ ਰੀਤੀ ਕਾਰਨ ਸਾਹਿਬ ਦੇ ਸ਼ਿੰਗਾਰ ਰੱਸ ਵਿੱਚ ਖੂਬ ਵਾਧਾ ਹੋਇਆ। ਲੋਕ ਭਾਸ਼ਾਵਾਂ, ਪ੍ਰੇਮ-ਰੱਸ, ਹਾਵਾਂ ਭਾਵਾਂ ਦੇ ਨਖਰੀਲੇ ਅੰਦਾਜ਼ ਨਾਲ ਸ਼ਿੰਗਾਰੀਆਂ ਗਈਆਂ। ਆਰੰਭ ਵਿੱਚ ਤਾਮਲ ਭਾਸ਼ਾ ਵਿੱਚ ਰਚੇ ਜਾਂਦੇ, ਸ਼ਿੰਗਾਰ ਰਸੀ ਪਦੇ ਭੀ ਗਾਏ ਜਾਂਦੇ, ਨਾਲੋ ਨਾਲ ਸੰਭਾਲੇ ਜਾਂਦੇ ਰਹੇ। ਅਚਾਰੀਆ ਮੁਨੀ ਨੇ ਆਲਵਰਾਂ ਦੇ ਉਨ੍ਹਾਂ ਗੀਤਾਂ ਤੇ ਪਦਿਆਂ ਨੂੰ ਸੰਗ੍ਰਹਿ ਕਰਕੇ ਚਾਰ ਭਾਗਾਂ ਵਿੱਚ, ਦਿਵਯ ਪ੍ਰਬੰਧ




ਤਿਆਰ ਕਰਕੇ ਉਸ ਨੂੰ ਭੀ ਤਾਮਲ ਵੇਦ ਦੀ ਸੰਗਿਆ ਦਿੱਤੀ। ਅਚਾਰੀਆ ਨਾਥਮੁਨੀ ਨੇ ਭਜਨਾਂ, ਪਦਿਆਂ, ਸਲੋਕਾਂ ਦੀ ਚੋਣ ਕਰਕੇ ਨਿਸ਼ਚਿਤ ਪਧਤੀ ਵਿੱਚ ਗਾਉਣ ਦੀਆਂ ਰੀਤਾਂ ਭੀ ਨੀਯਤ ਕੀਤੀਆਂ। ਇਹ ਸੰਗ੍ਰਹਿ ਦਿਵਯ ਪ੍ਰਬੰਧਮ ਜਾਂ ਤਾਮਲ ਪ੍ਰਬੋਧਮ ਦੇ ਨਾਮ ਨਾਲ ਭੀ ਜਾਣਿਆ ਜਾਣ ਲੱਗਾ। **ਤਾਮਲ ਪ੍ਰਬੋਧਮ, ਗ੍ਰੰਥ ਅਨੁਸਾਰ–** ਭਗਤੀ ਦੀ ਵਿਆਖਿਆ ਇਸ ਤਰ੍ਹਾਂ ਹੈ:– ਜੀਵ ਬ੍ਰਹਮ ਸੇ ਪ੍ਰਤਿਬਿੰਬਤ ਹੈ ਔਰ ਬ੍ਰਹਮ ਕੇ ਸਮਾਨ ਹੀ ਮੁਕਤ ਔਰ ਸਰਵ ਪ੍ਰਕਾਸ਼ੀ ਹੈ। ਸ਼ੰਕਰ ਨੇ ਜੀਵ ਕੇ ਬੰਧਨੋਂ ਕਾ ਕਾਰਨ ਅਵਿਦਿਆ ਮਾਨਾ ਹੈ। ਗਿਆਨ ਕਾ ਪ੍ਰਕਾਸ਼ ਅਗਿਆਨ ਕਾ ਵਿਨਾਸ਼ ਹੈ।

*ਬਾਕੀ ਹਿਸਾ ਅਗਲੇ ਹਫਤੇ ਪੜ੍ਹੋ*


## ਰਾਮਗੜ੍ਹੀਆ ਸਿੱਖ ਗੁਰਦੁਆਰਾ, ਫੌਰੈਸਟ ਗੇਟ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ (ਕੀਰਤਨੀ ਜਥੇ) ਦੀ ਤੁਰੰਤ ਲੋੜ ਹੈ

## 3 Vacancies for Religious Workers (Tier 5) at Ramgarhia Sikh Gurdwara, Forest Gate, London E7 9QX

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**
To undertake non-pastoral work and support activities to assist the Minister of Religion (Head Priest) as and when required at all religious duties within the organisation.
Duties include reading of the Sri Guru Granth Sahib Ji, singing hymns, saying prayers, participating in weekly diwans to support the activities of the Gurdwara.
Performing Akhand Path, Sehaj Path, saying daily prayers from Sri Guru Granth Sahib ji.
Perform kirtan using instruments like, tabla and harmonium.
Co-ordinate all religious programs and events in promotion of Sikh way of life.
Assist with the preparation and serving of Langar.
Undertake any other reasonable religious duties/activities in pursuing the organisation's religious programs.

**PS** – This is not a Pastoral role and duties will not include leading a congregation.

**Salary:** According to UK Employment Law and National minimum wage for a minimum of 30 hours a week.

**Employee Benefits:** Free Food and accommodation will be provided by the Gurdwara Sahib.

**Other requirements:** Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.

**Closing date 12th September 2025.**

**For more information,**
please contact the General Secretary (6:30pm - 8:00pm - Mon to Fri)
**on 020 8552 9494.**
**Interested candidates please send your application /CV to the Gen. Secretary on the address below or email to: rsgtemple@yahoo.co.uk**

**RAMGARHIA SIKH GURDWARA**
10-16 Neville Road, Forest Gate, London, E7 9QX. Tel: 020 8552 9494

# ਚੋਣ ਕਮਿਸ਼ਨ ਅਤੇ ਈ.ਡੀ. ਪ੍ਰਤੀ ਤਿੜਕਦਾ ਵਿਸ਼ਵਾਸ਼ ਲੋਕਤੰਤਰ ਲਈ ਖ਼ਤਰੇ ਦੀ ਘੰਟੀ

ਗੁਰਮੀਤ ਸਿੰਘ ਪਲਾਹੀ
-9815802070



ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤੀ ਚੋਣ ਕਮਿਸ਼ਨ ਉੱਤੇ ਗੰਭੀਰ ਦੋਸ਼ ਲਾਏ ਹਨ ਅਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਚੋਣਾਂ ਸਮੇਂ ਮਹਾਂਰਾਸ਼ਟਰ ਅਤੇ ਹਰਿਆਣਾ ਵਿੱਚ ਵੋਟਰ ਸੂਚੀਆਂ ਵਿੱਚ ਵੱਡੇ ਪੱਧਰ 'ਤੇ ਧਾਂਦਲੀ ਕੀਤੀ ਗਈ ਹੈ । ਉਹਨਾਂ ਨੇ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਦਾ ਅੰਕੜਾ ਦੇਸ਼ ਸਾਹਮਣੇ ਰੱਖਦਿਆਂ ਦੋਸ਼ ਲਾਇਆ ਕਿ ਵੋਟਰ ਸੂਚੀ ਵਿੱਚ ਹੇਰਾਫੇਰੀ ਕੀਤੀ ਗਈ ਅਤੇ ਫਰਜ਼ੀ ਵੋਟਰ, ਗਲਤ ਪਤੇ, ਇੱਕ ਪਤੇ ਉੱਤੇ ਕਈ ਵੋਟਰ, ਇੱਕ ਵੋਟਰ ਦਾ ਨਾਂ ਕਈ ਥਾਵਾਂ ਉੱਤੇ ਹੋਣ ਜਿਹੇ ਕਈ ਤਰੀਕਿਆਂ ਨਾਲ ਵੋਟ ਚੋਰੀ ਕੀਤੀ ਗਈ ਅਤੇ ਕਈ ਥਾਵਾਂ ਉੱਤੇ ਇਸ ਮਾਡਲ ਨੂੰ ਕਈ ਅਸੰਬਲੀ, ਲੋਕ ਸਭਾ ਹਲਕਿਆਂ ਵਿੱਚ ਵਰਤਿਆ ਗਿਆ ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਮਿਲ ਸਕੇ।

ਹਾਲਾਂਕਿ ਚੋਣਾਂ ਚ ਗੜਬੜੀਆਂ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਮਿਲਦੀਆਂ ਰਹੀਆਂ ਹਨ, ਲੇਕਿਨ ਆਮ ਤੌਰ 'ਤੇ ਸਬੂਤਾਂ ਦੀ ਕਮੀ ਦੇ ਨਾਂ ਉੱਤੇ ਇਹ ਸ਼ਿਕਾਇਤਾਂ ਰੱਦੀ ਦੀ ਟੋਕਰੀ 'ਚ ਚੋਣ ਕਮਿਸ਼ਨ ਵੱਲੋਂ ਸੁੱਟ ਦਿੱਤੀਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ ਨਿਰਾਧਾਰ ਗਿਣਿਆ ਜਾਂਦਾ ਹੈ। ਪਰ ਇਸ ਵੇਰ ਦੇਸ਼ ਭਰ 'ਚ ਸਬੂਤਾਂ ਦੇ ਅਧਾਰ 'ਤੇ ਪੇਸ਼ ਕੀਤੇ ਅੰਕੜਿਆਂ ਕਾਰਨ ਇੱਕ ਵੱਡੀ ਬਹਿਸ ਛਿੜ ਪਈ ਹੈ ਅਤੇ ਵੇਖਿਆ ਜਾ ਰਿਹਾ ਹੈ ਕਿ ਇਹਨਾਂ ਸ਼ਿਕਾਇਤਾਂ ਦਾ ਆਧਾਰ ਠੋਸ ਹੈ । ਇਸ ਨਾਲ ਦੇਸ਼ ਦੀ ਸਮੁੱਚੀ ਚੋਣ ਪ੍ਰਕਿਰਿਆ ਕਟਹਿਰੇ ਚ ਖੜੀ ਦਿਸਦੀ ਹੈ।

ਕਿਸੇ ਵੀ ਦੇਸ਼ ਦੀ ਲੋਕਤੰਤਰ ਦੀ ਮਜਬੂਤੀ ਅਤੇ ਭਰੋਸੇਯੋਗਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਸ ਵਿੱਚ ਚੁਣੇ ਜਾਣ ਦੀ ਪ੍ਰਕਿਰਿਆ ਕਿੰਨੀ ਸਾਫ਼, ਸੁਤੰਤਰ ਅਤੇ ਪਾਰਦਰਸ਼ੀ ਹੈ। ਇਸ ਲਈ ਚੋਣ ਕਰਾਉਣ ਵਾਲੀ ਸੰਸਥਾ ਨੂੰ ਇਹ ਗੱਲ ਯਕੀਨੀ ਬਣਾਉਣਾ ਹੁੰਦਾ ਹੈ ਕਿ ਕੋਈ ਵੀ ਨਾਗਰਿਕ ਵੋਟ ਦੇਣ ਦੇ ਹੱਕ ਤੋਂ ਵੰਚਿਤ ਨਾ ਹੋਵੇ। ਮਤਦਾਨ ਦੀ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਚੋਣਾਂ 'ਚ ਹਿੱਸੇਦਾਰੀ ਕਰਨ ਵਾਲੇ ਸਾਰੇ ਸਿਆਸੀ ਦਲਾਂ ਲਈ ਭਰੋਸੇਮੰਦ ਹੋਵੇ ਅਤੇ ਨਤੀਜਿਆਂ ਨੂੰ ਲੈ ਕੇ ਸਾਰੇ ਸੰਤੁਸ਼ਟ ਹੋਣ।

ਪਰ ਦੇਸ਼ ਵਿੱਚ ਆਮ ਤੌਰ 'ਤੇ ਹੋਣ ਵਾਲੀ ਹਰ ਚੋਣ ਤੋਂ ਬਾਅਦ ਜਿਸ ਤਰ੍ਹਾਂ ਦੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ ਮਤਦਾਨ ਦੀ ਪ੍ਰਕਿਰਿਆ ਚ ਗੜਬੜੀ ਅਤੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਸਮੁੱਚੇ ਤੰਤਰ ਦੇ ਨਾਲ-ਨਾਲ ਨਤੀਜਿਆਂ ਤੱਕ ਨੂੰ ਲੈ ਕੇ ਸਵਾਲ ਖੜੇ ਹੋ ਰਹੇ ਹਨ. ਉਸ ਨਾਲ ਕਈ ਸ਼ੰਕੇ ਪੈਦਾ ਹੁੰਦੇ ਹਨ।

ਚੋਣਾਂ ਦੀ ਸ਼ੁੱਧਤਾ ਉੱਤੇ ਦੇਸ਼ ਭਰ ਚ ਬਹਿਸ ਛਿੜੀ ਹੋਈ ਹੈ। ਇਸ ਸੰਦਰਭ ਵਿੱਚ ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਦਾ ਇਹ ਬਿਆਨ ਪ੍ਰੇਸ਼ਾਨ ਕਰਨ ਵਾਲਾ ਹੈ ਕਿ 2024 ਵਿੱਚ ਮਹਾਂਰਾਸ਼ਟਰ ਦੀਆਂ ਚੋਣਾਂ ਤੋਂ ਪਹਿਲਾਂ ਉਹਨਾਂ ਨੂੰ ਦੋ ਲੋਕ ਦਿੱਲੀ ਚ ਮਿਲੇ, ਜਿਨਾਂ ਨੇ ਮਹਾਂਰਾਸ਼ਟਰ ਦੀਆਂ 288 ਸੀਟਾਂ ਵਿੱਚੋਂ 160 ਸੀਟਾਂ ਜਿੱਤਣ ਦੀ ਗਰੰਟੀ ਦਿੱਤੀ। ਪਰ ਇਹ ਗੱਲ ਉਹਨਾਂ ਨੇ ਅਣਸੁਣੀ ਕੀਤੀ ।ਭਾਜਪਾ ਇਹਨਾਂ ਵਿਧਾਨ ਸਭਾ ਚੋਣਾਂ ਚ ਜਿੱਤ ਗਈ, ਜਿਸ ਨੂੰ 132, ਸ਼ਿਵ ਸੈਨਾ ਨੂੰ 57 ਅਤੇ ਐਨ.ਸੀ.ਪੀ. ਨੂੰ 41 ਸੀਟਾਂ ਮਿਲ ਗਈਆਂ। ਜਦਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ ਚ ਕਾਂਗਰਸ ਐਨ.ਸੀ.ਪੀ. ਗਠਬੰਧਨ 42 ਲੋਕ ਸਭਾ ਸੀਟਾਂ ਵਿੱਚੋਂ 30 ਲੋਕ ਸਭਾ ਸੀਟਾਂ ਤੇ ਕਾਬਜ਼ ਰਿਹਾ। ਉਹਨਾਂ ਕਿਹਾ ਕਿ ਸਾਨੂੰ ਵੋਟ ਚੋਰੀ ਦਾ ਸ਼ੱਕ ਰਿਹਾ। ਹੁਣ ਰਾਹੁਲ ਗਾਂਧੀ ਨੇ ਤੱਥ ਪੇਸ਼ ਕੀਤੇ ਹਨ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੁਣ ਹੋਣਾ ਹੀ ਚਾਹੀਦਾ ਹੈ।

ਭਾਰਤੀ ਚੋਣ ਆਯੋਗ ਨੇ ਉਪਰੋਕਤ ਤੱਥਾਂ ਸੰਬੰਧੀ ਕੋਈ ਵੀ ਜਵਾਬ ਨਹੀਂ ਦਿੱਤਾ, ਸਗੋਂ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਇਸ ਸੰਬੰਧੀ ਐਫੀਡੇਵਿਟ (ਘੋਸ਼ਣਾ ਪੱਤਰ) ਦੇਣ ਜਾਂ ਫਿਰ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨ ਤੇ ਮੁਆਫ਼ੀ ਮੰਗਣ। ਪਰੰਤੂ ਰਾਹੁਲ ਗਾਂਧੀ ਨੇ ਇਸ ਵੋਟ ਚੋਰੀ ਨੂੰ ਤੱਥਾਂ ਅਧਾਰਿਤ ਕਿਹਾ ਅਤੇ ਇਹ ਵੀ ਕਿਹਾ ਹੈ ਕਿ ਇਹ ਦੋਸ਼ ਸਬੂਤਾਂ ਵਾਲੇ ਹਨ।

ਵੋਟਰਾਂ ਦੇ ਸ਼ੁੱਧੀਕਰਨ ਮਾਮਲੇ 'ਤੇ ਬਿਹਾਰ ਵਿੱਚ ਤਰਥੱਲੀ ਮਚੀ ਹੈ। ਚੋਣ ਕਮਿਸ਼ਨ ਨੇ 65 ਲੱਖ ਵੋਟਰ ਨਵੀਂ ਬਿਹਾਰ ਵਿਧਾਨ ਸਭਾ ਵੋਟਰ ਸੂਚੀ 'ਚੋਂ ਕੱਟੇ ਹਨ। ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤੀ ਚੋਣ ਕਮਿਸ਼ਨ ਨੇ ਬਿਹਾਰ ਦੇ ਵੋਟਰਾਂ ਨੂੰ ਮੌਕਾ ਦਿੰਦਿਆਂ ਕਿਹਾ ਸੀ ਕਿ 1 ਅਗਸਤ ਤੋਂ 1 ਸਤੰਬਰ ਤੱਕ ਵੋਟਰ ਇਸ ਡਰਾਫਟ ਵੋਟਰ ਲਿਸਟ 'ਚ ਸ਼ਾਮਿਲ ਹੋਣ ਦਾ ਦਾਅਵਾ ਪੇਸ਼ ਕਰ ਸਕਦੇ ਹਨ। ਪਰ ਕਿਸੇ ਸਿਆਸੀ ਧਿਰ ਨੇ ਕੋਈ ਦਾਅਵਾ ਜਾਂ ਇਤਰਾਜ਼ ਪੇਸ਼ ਨਹੀਂ ਕੀਤਾ। ਸਿਰਫ਼ 7,252 ਲੋਕਾਂ ਨੇ ਨਿੱਜੀ ਤੌਰ 'ਤੇ ਵੋਟ ਲਈ ਦਾਅਵੇ ਪੇਸ਼ ਕੀਤੇ ਹਨ।

ਅਸਲ ਵਿੱਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੇ ਚੋਣ ਕਮਿਸ਼ਨ, ਈ.ਡੀ. ਅਤੇ ਸੀ.ਬੀ.ਆਈ. ਆਦਿ ਏਜੰਸੀਆਂ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਚੋਣ ਕਮਿਸ਼ਨ ਉੱਤੇ ਪ੍ਰਭਾਵ ਪਾਉਣ ਲਈ ਤਾਂ ਭਾਜਪਾ ਸਰਕਾਰ ਨੇ ਭਾਰਤੀ ਚੋਣ ਕਮਿਸ਼ਨ ਲਈ ਨਵੇਂ ਚੋਣ ਕਮਿਸ਼ਨਰ ਲਗਾਉਣ ਦੇ ਨਿਯਮ ਵੀ ਬਦਲ ਦਿੱਤੇ ਸਨ ਅਤੇ ਸੁਪਰੀਮ ਕੋਰਟ ਦੀ ਨੁਮਾਇੰਦਗੀ ਹੀ ਖ਼ਤਮ ਕਰ ਦਿੱਤੀ ਸੀ। ਉਦੋਂ ਤੋਂ ਲੈ ਕੇ ਚੋਣ ਕਮਿਸ਼ਨ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ, ਜਿਹਨਾ ਵਿੱਚ ਇਲੈਕਟ੍ਰੋਨਿਕ ਮਸ਼ੀਨਾਂ ਰਾਹੀਂ ਵੋਟਾਂ ਦਾ ਮੁੱਦਾ ਅਤੇ ਉਸ ਰਾਹੀਂ ਹੇਰਾਫੇਰੀ ਦਾ ਮੁੱਦਾ ਦੇਸ਼ 'ਚ ਵੱਡੇ ਪੱਧਰ ਉੱਤੇ ਉਠਾਇਆ ਜਾਂਦਾ ਰਿਹਾ ਹੈ। ਹੁਣ ਬਿਹਾਰ ਚੋਣਾਂ ਵੇਲੇ ਵੋਟਰਾਂ ਦੇ ਸ਼ੁੱਧੀਕਰਨ ਦੇ ਨਾਂ ਉੱਤੇ ਆਪਣੀ ਹੱਦੋਂ ਬਾਹਰ ਜਾਂਦਿਆਂ, ਨਾਗਰਿਕਤਾ ਦਾ ਮੁੱਦਾ, ਆਧਾਰ ਕਾਰਡ, ਪਿਛਲੇ ਵੋਟਰ ਕਾਰਡ ਨੂੰ ਪ੍ਰਵਾਨ ਨਾ ਕਰਨ ਦਾ ਮੁੱਦਾ ਭਾਰਤੀ ਚੋਣ ਕਮਿਸ਼ਨ ਲਈ ਗਲੇ ਦੀ ਹੱਡੀ ਬਣਿਆ ਹੈ ।

ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਵੀ ਕਰੜਾ ਰੁੱਖ ਅਖ਼ਤਿਆਰ ਕੀਤਾ ਹੈ ਤੇ ਕਿਹਾ ਹੈ ਕਿ ਨਾਗਰਿਕਤਾ ਦਾ ਮੁੱਦਾ ਉਠਾਉਣਾ ਚੋਣ ਕਮਿਸ਼ਨ ਦੇ ਅਧਿਕਾਰ 'ਚ ਨਹੀਂ ਹੈ। ਭਾਵੇਂ ਕਿ 65 ਲੱਖ ਵੋਟਰਾਂ ਦੇ ਨਾਂ ਕੱਟੇ ਜਾਣ ਸੰਬੰਧੀ ਸੁਪਰੀਮ ਕੋਰਟ 'ਚ ਸੁਣਵਾਈ 12 ਅਗਸਤ ਨੂੰ ਤੈਅ ਹੋਈ ਹੈ ਪਰ ਪਟੀਸ਼ਨ ਵਿੱਚ ਜਿਹੜੇ ਤੱਥ ਪੇਸ਼ ਕੀਤੇ ਗਏ ਹਨ, ਉਹ ਚੋਣ ਕਮਿਸ਼ਨ ਉੱਤੇ ਵੱਡੇ ਸਵਾਲ ਖੜੇ ਕਰਨ ਵਾਲੇ ਹਨ। ਇਹ ਸਵਾਲ ਪੁੱਛੇ ਜਾ ਰਹੇ ਹਨ ਕਿ 65 ਲੱਖ ਲੋਕਾਂ ਵਿੱਚੋਂ ਜਿਹੜੇ 22 ਲੱਖ ਮਰੇ ਕਹੇ ਜਾ ਰਹੇ ਹਨ, ਉਹਨਾਂ ਦਾ ਵੇਰਵਾ ਕਿੱਥੇ ਹੈ? 7 ਲੱਖ ਵੋਟਰ ਜਿਹਨਾ ਬਾਰੇ ਡੁਪਲੀਕੇਟ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਹਨਾਂ ਦੇ ਵੇਰਵੇ ਕੀ ਹਨ? 35 ਲੱਖ ਵੋਟਰ ਜਿਹੜੇ ਬਿਹਾਰ ਛੱਡ ਗਏ ਦੱਸੇ ਜਾ ਰਹੇ ਹਨ, ਉਹ ਕਿਹੜੇ ਹਨ? ਸਿਰਫ਼ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ 1.2 ਲੱਖ ਵੋਟਰਾਂ ਨੇ ਵੋਟਾਂ ਦੇ ਕਲੇਮ ਦੇ ਫਾਰਮ ਜਮ੍ਹਾਂ ਨਹੀਂ ਕਰਵਾਏ।

ਇਹਨਾ ਤੱਥਾਂ ਤੋਂ ਜਾਪਦਾ ਹੈ ਕਿ ਚੋਣ ਕਮਿਸ਼ਨ ਕਿਸੇ ਵਿਸ਼ੇਸ਼ ਸਿਆਸੀ ਧਿਰ ਦੇ ਆਖੇ ਲੱਗ ਕੇ ਕੰਮ ਕਰ ਰਹੀ ਹੈ। ਉਹ ਲਗਾਤਾਰ ਆਪਣੇ ਹੱਕਾਂ ਤੇ ਸੀਮਾ ਦੀ ਉਲੰਘਣਾ ਕਰ ਰਹੀ ਹੈ, ਜਿਹੜੇ ਕਮਿਸ਼ਨ ਕੋਲ ਹੈ ਹੀ ਨਹੀਂ। ਇਹ ਇਸ ਗੱਲ ਤੋਂ ਵੀ ਸਿੱਧ ਹੋ ਰਿਹਾ ਜਾਪਦਾ ਹੈ ਕਿ ਜਿਵੇਂ ਰਾਹੁਲ ਗਾਂਧੀ ਨੇ ਤੱਥਾਂ ਅਧਾਰਤ ਸਬੂਤ ਪੇਸ਼ ਕੀਤੇ ਹਨ, ਉਹਨਾ ਦੀ ਬਕਾਇਦਾ ਪੜਤਾਲ ਕਰਨ ਦਾ ਯਤਨ ਕਰਦਾ, ਕਿਉਂਕਿ ਤਰੁੱਟੀਆਂ, ਤੱਥ ਉਸ ਵੱਲੋਂ ਦਿੱਤੇ ਰਿਕਾਰਡ ਵਿੱਚੋਂ ਹੀ ਦੱਸੇ ਜਾਂ ਲੱਭੇ ਗਏ ਹਨ। ਇਸ ਹਾਲਾਤ ਵਿੱਚ ਚੋਣ ਕਮਿਸ਼ਨ ਤੋਂ ਤਾਂ ਸਪਸ਼ਟਤਾ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਅਸਲ ਵਿੱਚ ਚੋਣ ਪ੍ਰਕਿਰਿਆ ਪੂਰੀ ਕਰਨ, ਨਤੀਜਿਆਂ 'ਚ ਇਮਾਨਦਾਰੀ ਵਰਤਣ ਅਤੇ ਆਮ ਲੋਕਾਂ ਚ ਭਰੋਸਾ ਪੈਦਾ ਕਰਨਾ ਚੋਣ ਕਮਿਸ਼ਨ ਦਾ ਕੰਮ ਹੈ ਅਤੇ ਇਹ ਲੋਕਤੰਤਰੀ ਜੀਵਨ ਲਈ ਜ਼ਰੂਰੀ ਹੈ।

ਹਾਕਮ ਧਿਰ ਭਾਜਪਾ ਵੱਲੋਂ ਦੇਸ਼ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ ਆਪਣੀ ਗੱਦੀ ਸੁਰੱਖਿਅਤ ਕਰਨ ਲਈ ਵਰਤਿਆ ਜਾ ਰਿਹਾ ਹੈ, ਉਸੇ ਦਾ ਸਿੱਟਾ ਹੈ ਕਿ ਭਾਜਪਾ ਤੁਰੰਤ ਚੋਣ ਕਮਿਸ਼ਨ ਦੀ ਪਿੱਠ ਪੂਰਨ ਲਈ ਉਸ ਪਿੱਛੇ ਆ ਖੜਾ ਹੋਇਆ ਹੈ ਅਤੇ ਰਾਹੁਲ ਗਾਂਧੀ ਤੋਂ ਅਸਤੀਫ਼ਾ ਮੰਗਣ ਲੱਗਿਆ ਹੈ। ਜਿਵੇਂ ਦੀ ਕਾਰਜਸ਼ੈਲੀ ਚੋਣ ਕਮਿਸ਼ਨ ਦੀ ਹੈ, ਉਸੇ ਕਿਸਮ ਦੀ ਕਾਰਜਸ਼ੈਲੀ ਦੇਸ਼ 'ਚ ਈ.ਡੀ. ਦੀ ਬਣੀ ਹੋਈ ਹੈ। ਉਸਦੀ ਭੂਮਿਕਾ ਉਸਦੇ ਅਧਿਕਾਰਾਂ ਅਤੇ ਸੀਮਾਵਾਂ 'ਤੇ ਸਵਾਲ ਉੱਠ ਰਹੇ ਹਨ। ਸਿਆਸੀ ਦਲ ਦੋਸ਼ ਲਾਉਂਦੇ ਹਨ ਕਿ ਈ.ਡੀ. ਬਦਲੇ ਦੀ ਭਾਵਨਾ ਨਾਲ ਕੰਮ ਕਰਦੀ ਹੈ। ਇਸ ਸੰਬੰਧੀ ਦੇਸ਼ ਦੀਆਂ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ 'ਚ ਵੀ ਉਸ ਨੂੰ ਕਟਹਿਰੇ 'ਚ ਖੜਾ ਹੋਣਾ ਪੈ ਰਿਹਾ ਹੈ। ਪਰ ਅਫ਼ਸੋਸਨਾਕ ਹੈ ਕਿ ਈ.ਡੀ. ਦੀ ਜਾਂਚ ਵਿੱਚ ਦੋਸ਼ੀ ਬਣਾਏ ਗਏ ਲੋਕ ਦੋਸ਼ੀ ਨਾ ਸਿੱਧ ਹੋਣ ਤੱਕ ਮਹੀਨਿਆਂ ਬੱਧੀ ਵਿਚਾਰਅਧੀਨ ਕੈਦੀਆਂ ਦੇ ਰੂਪ 'ਚ ਜੇਲ੍ਹ 'ਚ ਬੰਦ ਰਹਿੰਦੇ ਹਨ। ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਧੰਨ ਦੀ ਵਰਤੋਂ, ਕਾਨੂੰਨ ਦੀ ਦੁਰਵਰਤੋਂ ਕਿਸ ਦੇ ਇਸ਼ਾਰੇ ਉੱਤੇ 'ਤੇ ਕਿਉਂ ਹੋ ਰਹੀ ਹੈ ? ਇਸ ਸੰਬੰਧੀ ਦੋਸ਼ ਸਿੱਧ ਹੋਣ ਦੀ ਦਰ 'ਤੇ ਵੀ ਸਵਾਲੀਆ ਚਿੰਨ੍ਹ ਹਨ । ਪਿਛਲੇ ਦਿਨੀਂ ਅਦਾਲਤ ਨੇ ਸਖ਼ਤੀ ਨਾਲ ਸਵਾਲ ਕਰਦਿਆਂ ਕਿਹਾ ਕਿ ਈ.ਡੀ. ਗੁੰਡੇ ਦੀ ਤਰ੍ਹਾਂ ਕੰਮ ਨਹੀਂ ਕਰ ਸਕਦੀ ਉਸ ਨੂੰ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਅਦਾਲਤ ਦੀ ਇਹ ਟਿੱਪਣੀ ਉਸਦੀ ਜਾਂਚ ਪ੍ਰਕਿਰਿਆ ਅਤੇ ਕਾਰਜਸ਼ੈਲੀ ਉੱਤੇ ਵੱਡਾ ਸਵਾਲ ਹੈ ਤੇ ਉਸ ਸੰਸਥਾ ਦਾ ਅਕਸ ਲੋਕਾਂ 'ਚ ਨਾਕਾਰਾਤਮਕ ਹੋ ਰਿਹਾ ਹੈ। ਪਿਛਲੇ ਦਿਨੀਂ ਵੀ ਸਰਬ ਉੱਚ ਅਦਾਲਤ ਨੇ ਕਿਹਾ ਸੀ ਕਿ ਈ.ਡੀ. ਸਾਰੀਆਂ ਹੱਦਾਂ ਪਾਰ ਕਰ ਰਹੀ ਹੈ। ਅਦਾਲਤ ਨੇ ਇਹ ਸਵਾਲ ਚੁੱਕਿਆ ਕਿ ਜਿਹੜੇ ਦੋਸ਼ੀ ਬਰੀ ਹੋ ਜਾਂਦੇ ਹਨ ਤਾਂ ਉਸਦਾ ਭੁਗਤਾਨ ਕੌਣ ਕਰੇਗਾ? ਉਸਨੇ ਕਿਹਾ ਕਿ ਦੋਸ਼ ਸਿੱਧੀ ਦਰ 10 ਫ਼ੀਸਦੀ ਤੋਂ ਵੀ ਘੱਟ ਹੈ । ਵਿੱਤ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਦਿੱਤੇ ਅੰਕੜਿਆਂ ਅਨੁਸਾਰ 2015 ਤੋਂ 2025 ਤੱਕ 5,892 ਮੁਕੱਦਮੇ ਦਰਜ਼ ਹੋਏ। ਸਿਰਫ਼ 15 ਲੋਕਾਂ ਨੂੰ ਸਜ਼ਾ ਹੋਈ। ਈ.ਡੀ. ਨੇ 49 ਮਾਮਲਿਆਂ ਤੇ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ। ਦਰਜ਼ ਕੀਤੇ ਮੁਕੱਦਮਿਆਂ ਵਿੱਚੋਂ 95 ਫ਼ੀਸਦੀ ਵਿਰੋਧੀ ਧਿਰਾਂ ਦੇ ਨੇਤਾਵਾਂ ਉਤੇ ਹਨ। ਸਪਸ਼ਟ ਹੈ ਕਿ ਈ.ਡੀ. ਜਿਸ ਢੰਗ ਨਾਲ ਕੰਮ ਕਰ ਰਹੀ ਹੈ, ਉਹ ਬੇਕਸੂਰ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਅਤੇ ਆਜ਼ਾਦੀ ਦਾ ਹਨਨ ਹੈ।

ਭਾਰਤੀ ਸੰਵਿਧਾਨ ਵਿੱਚ ਖ਼ੁਦਮੁਖਤਿਆਰ ਸੰਸਥਾਵਾਂ ਦਾ ਉਦੇਸ਼ ਲੋਕਤੰਤਰ ਦੀ ਰੱਖਿਆ ਦਾ ਹਥਿਆਰ ਨੀਅਤ ਸੀ। ਇਸ ਹਥਿਆਰ ਨੂੰ ਸਿਆਸੀ ਲੋਕਾਂ ਨੇ ਆਪਣੇ ਲਈ ਤਾਕਤ ਹਥਿਆਉਣ ਦੇ ਹਥਿਆਰ ਵਜੋਂ ਜਦੋਂ ਤੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ, ਉਦੋਂ ਤੋਂ ਉਹਨਾ ਦੇ ਕੰਮ ਕਾਰ 'ਚ ਪਾਰਦਰਸ਼ਤਾ ਖ਼ਤਮ ਹੋਣੀ ਸ਼ੁਰੂ ਹੋ ਗਈ ਹੈ। ਜਦੋਂ ਤੋਂ ਉਹਨਾ ਵੱਲੋਂ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਦੀ ਹੱਦ ਤੋੜਨੀ ਆਰੰਭੀ ਹੈ ਸਿਆਸਤਦਾਨਾਂ ਦੇ ਇਸ਼ਾਰੇ ਉਤੇ, ਉਦੋਂ ਤੋਂ ਦੇਸ਼ 'ਚ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਹੋ ਰਹੀਆਂ ਹਨ।

ਭਾਵੇਂ ਕਿ ਪਿਛਲੀਆਂ ਕਾਂਗਰਸੀ ਅਤੇ ਹੋਰ ਸਰਕਾਰਾਂ ਨੇ ਸੀ. ਬੀ. ਆਈ. ਨੂੰ ਪਿੰਜਰੇ ਦਾ ਤੋਤਾ ਬਣਾਇਆ, ਈ. ਡੀ. ਦੀ ਕੁਝ ਹੱਦ ਤੱਕ ਦੁਰਵਰਤੋਂ ਕੀਤੀ, ਚੋਣ ਕਮਿਸ਼ਨ ਰਾਹੀਂ ਸੁਵਿਧਾਜਨਕ ਸਮੇਂ ਵੋਟਾਂ ਕਰਾਉਣਾ ਆਰੰਭਿਆਂ, ਪਰ ਪਿਛਲੇ ਗਿਆਰਾਂ ਸਾਲਾਂ ਤੋਂ ਦੇਸ਼ 'ਤੇ ਸ਼ਾਸਨ ਕਰਦੀ ਸਰਕਾਰ ਨੇ ਤਾਂ ਹੱਦਾਂ ਬੰਨੇ ਹੀ ਤੋੜ ਦਿੱਤੇ ਹਨ। ਚੋਣ ਕਮਿਸ਼ਨ ਰਾਹੀਂ ਚੋਣਾਂ ਦੀਆਂ ਤਾਰੀਖ਼ਾਂ ਦੋ-ਦੋ ਮਹੀਨਿਆਂ ਤੱਕ ਆਪਣੀ ਸੁਵਿਧਾ ਅਨੁਸਾਰ ਸੁਰੱਖਿਆ ਅਤੇ ਕਾਨੂੰਨ ਦੇ ਨਾਂਅ ਤੇ ਕਰਵਾਈਆਂ ਜਾ ਰਹੀਆਂ ਹਨ, ਈ.ਡੀ. ਰਾਹੀਂ ਵਿਰੋਧੀ ਨੇਤਾਵਾਂ ਦੇ ਸਿਰ ਭੰਨਣ, ਉਹਨਾ ਨੂੰ ਲੋੜੋਂ ਵੱਧ ਧੰਨ ਇਕੱਠਾ ਕਰਨ ਦੇ ਨਾਂਅ 'ਤੇ ਬਦਨਾਮ ਕਰਨ ਲਈ ਕੇਸ ਦਰਜ਼ ਹੋ ਰਹੇ ਹਨ, ਪਰ ਆਪਣਿਆਂ ਨੂੰ ਬਖ਼ਸ਼ਿਆ ਜਾ ਰਿਹਾ ਹੈ। ਪਿਛਲੇ ਗਿਆਰਾਂ ਸਾਲਾਂ 'ਚ ਕਿੰਨੇ ਭਾਜਪਾ ਨੇਤਾਵਾਂ ਜਾਂ ਉਹਨਾ ਦੀਆਂ ਸਮਰਥਕ ਪਾਰਟੀਆਂ 'ਤੇ ਈ.ਡੀ. ਦੇ ਛਾਪੇ ਪਏ ਜਾਂ ਕੇਸ ਦਰਜ਼ ਹੋਏ? ਇਹ ਵੀ ਵੇਖਣ ਯੋਗ ਹੈ।

ਖ਼ੁਦਮੁਖ਼ਤਾਰ ਸੰਸਥਾਵਾਂ ਉਤੇ ਕਬਜ਼ੇ ਦੀਆਂ ਵੱਡੇ ਹਾਕਮ ਦੀਆਂ ਕੋਸ਼ਿਸ਼ਾਂ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹਨ। ਜਦੋਂ ਸਾਡੇ ਹਾਕਮਾਂ ਨੂੰ ਦਿਸਦਾ ਹੈ ਕਿ ਉਹਨਾ ਦੇ ਅਨੁਸਾਰ ਅਤੇ ਉਹਨਾ ਦੇ ਨਿੱਜੀ ਲਾਭ ਲਈ ਕੰਮ ਨਹੀਂ ਹੋ ਰਹੇ, ਉਹ ਹਰ ਹੀਲੇ ਇਹਨਾ ਸੰਸਥਾਵਾਂ ਨੂੰ ਸਵਾਰਥੀ ਬਿਊਰੋਕ੍ਰੇਸੀ ਰਾਹੀਂ ਵਰਤਦੇ ਹਨ। ਸਿਆਸਤਦਾਨ ਇਹਨਾ ਅਫ਼ਸਰਾਂ ਉਤੇ 'ਨਜ਼ਰ-ਏ-ਇਨਾਇਤ' ਰੱਖਦੇ ਹਨ ਅਤੇ ਇਵਜ਼ ਇਹ ਅਫ਼ਸਰ ਇਸਦਾ ਮੁੱਲ ਤਾਰਨ ਲਈ ਆਪਣੇ ਅਧਿਕਾਰਾਂ ਅਤੇ ਸੀਮਾਵਾਂ ਨੂੰ ਲੰਘਕੇ ਕੰਮ ਕਰਨ ਲੱਗਦੇ ਹਨ।

ਅੱਜ ਚੋਣ ਕਮਿਸ਼ਨ ਅਤੇ ਈ.ਡੀ. ਦੀ ਭਰੋਸੇਯੋਗਤਾ ਦਾਅ 'ਤੇ ਲੱਗੀ ਹੋਈ ਹੈ। ਚੋਣ ਕਮਿਸ਼ਨ ਦੀ ਪਾਰਦਰਸ਼ਤਾ ਉਤੇ ਸ਼ੰਕਾਵਾਂ ਭਾਰਤੀ ਲੋਕਤੰਤਰ ਦੀ ਨੀਂਹ ਹਿਲਾ ਦੇਣਗੀਆਂ। ਜੇਕਰ ਵੋਟਰ ਦਾ ਵਿਸ਼ਵਾਸ਼ ਚੋਣ ਕਮਿਸ਼ਨ 'ਤੇ ਤਿੜਕਦਾ ਹੈ ਤਾਂ ਇਹ ਦੇਸ਼ ਲਈ ਘਾਤਕ ਸਿੱਧ ਹੋਏਗਾ। ਚੋਣ ਕਮਿਸ਼ਨ ਨੂੰ ਆਪਣੇ ਡਿੱਗਦੇ ਵਕਾਰ, ਉੱਠਦੇ ਸਵਾਲਾਂ ਪ੍ਰਤੀ ਸੁਚੇਤ ਹੋ ਕੇ ਲੋਕ ਹਿੱਤ ਵਿੱਚ ਕੰਮ ਕਰਨਾ ਹੋਏਗਾ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਵਿਸ਼ੇਸ਼ ਸਿਆਸੀ ਧਿਰ ਲਈ।


# ਸਾਧਾਂ ਦੀਆਂ ਦੁਕਾਨਾਂ ਬਨਾਮ ਅੰਧ ਵਿਸ਼ਵਾਸੀ ਜਨਤਾ

**ਲਾਭ ਸਿੰਘ ਸ਼ੇਰਗਿੱਲ**

ਇਹ ਕੋਈ ਢਾਈ ਦਹਾਕੇ ਪਹਿਲਾਂ ਦੀ ਗੱਲ ਹੈ ਜਦੋਂ ਅਸੀਂ ਪਿੰਡ ਢੰਡਿਆਲ ਰਹਿੰਦੇ ਸੀ। ਉਹ ਸਮੇਂ ਅਤੇ ਅੱਜ ਦੇ ਸਮੇਂ ਵਿੱਚ ਬੜਾ ਫਰਕ ਹੈ। ਇਹ ਕੋਈ ਸਦੀਆਂ ਬੀਤਣ ਦੀਆਂ ਗੱਲਾਂ ਨਹੀਂ। ਉਦੋਂ ਖਾਣ-ਪੀਣ? ਐਨਾ ਜ਼ਹਿਰੀਲਾ ਨਹੀਂ ਸੀ ਹੁੰਦਾ, ਜਿੰਨਾ ਅੱਜ ਹੋ ਚੁੱਕਿਆ ਹੈ। ਉਸ ਸਮੇਂ ਲੋਕਾਂ ਨੂੰ ਐਨੀਆਂ ਗੰਭੀਰ ਬਿਮਾਰੀਆਂ ਵੀ ਨਹੀਂ ਸਨ ਚਿੰਬੜੀਆਂ ਹੋਈਆਂ। ਬਲੱਡ-ਪ੍ਰੈਸ਼ਰ, ਸ਼ੂਗਰ, ਹਾਰਟ-ਅਟੈਕ, ਤੇਜ਼ਾਬ ਬਣਨਾ, ਪਲੇਟਲੈੱਟ ਘਟਣਾ, ਡੇਂਗੂ, ਕਾਲਾ ਪੀਲੀਆ ਆਦਿ ਨੂੰ ਪਿੰਡਾਂ ਵਿੱਚ ਬਹੁਤ ਘੱਟ ਲੋਕ ਜਾਣਦੇ ਸਨ। ਜੇ ਕਦੀ ਕਿਸੇ ਦਾ ਬੁਖਾਰ ਨਾ ਉੱਤਰਦਾ ਤਾਂ ਇਹ ਕਿਹਾ ਜਾਂਦਾ ਕਿ ਪਾਣੀ ਝਾਰਾ ਹੈ, ਪਿੰਡ ਵਿੱਚ ਜਾਂ ਕਿਸੇ ਲਾਗਲੇ ਪਿੰਡ ਵਿੱਚੋਂ ਕਿਸੇ ਸਾਧ ਤੋਂ ਤਿੰਨ ਡੰਗ ਪਾਣੀ ਝਾਰੇ ਦਾ ਹਥੌਲਾ (ਫਾਂਡਾ) ਪਵਾ ਲੈਣਾ, ਬੰਦੇ ਨੇ ਠੀਕ ਹੋ ਜਾਣਾ। ਲੋਕਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਵਿੱਚ ਸ਼ਾਇਦ ਯਕੀਨ ਸੀ ਪਰ ਅਸਲ ਵਿੱਚ ਇਹ ਪਾਣੀ ਝਾਰਾ (ਟਾਈਫਾਇਡ) ਕੁਝ ਦਿਨ ਲੈ ਕੇ ਆਪਣੇ ਆਪ ਸਰੀਰਕ ਆਰਾਮ ਨਾਲ ਠੀਕ ਹੋ ਜਾਂਦਾ ਹੈ। ਕੀਤਾ ਹਥੌਲਾ ਕੰਮ ਕਰਦਾ ਸੀ ਜਾਂ ਨਹੀਂ ਪਰ ਬੰਦੇ ਦਾ ਆਪਣਾ ਵਿਸ਼ਵਾਸ ਉਸ ਨੂੰ ਠੀਕ ਕਰ ਦਿੰਦਾ ਸੀ। ਬੱਲੇ ਬੱਲੇ ਫਾਂਡੇ ਵਾਲੇ ਕਿਸੇ ਬਾਬੇ ਦੀ ਹੋ ਜਾਂਦੀ।

ਇਹੋ ਜਿਹੇ ਛੋਟੇ ਸਾਧ ਬਾਬਿਆਂ ਤੋਂ ਇਲਾਵਾ ਕੁਝ ਆਪੇ ਬਣੇ ਵੱਡੇ ਪੱਧਰ ਦੇ ਸਿਆਣੇ (ਮਾਲਵੇ ਵਿੱਚ ਸਿਆਣਾ ਸ਼ਬਦ ਧਾਗੇ-ਤਵੀਤ ਦੇਣ ਵਾਲਾ, ਓਪਰੀਆਂ ਸ਼ੈਆਂ ਕੱਢਣ ਵਾਲੇ ਨੂੰ ਕਿਹਾ ਜਾਂਦਾ ਹੈ) ਵੀ ਹੁੰਦੇ ਹਨ, ਜੋ ਭੋਲੇ-ਭਾਲੇ ਲੋਕਾਂ ਨੂੰ ਆਪਣੀਆਂ ਗੱਲਾਂ ਦੇ ਜਾਲ਼ ਵਿੱਚ ਅਜਿਹਾ ਫਸਾਉਂਦੇ ਹਨ ਕਿ ਅਗਿਆਨ ਵੱਸ ਲੋਕ ਇਹ ਹੀ ਸਮਝਣ ਲੱਗ ਜਾਂਦੇ ਹਨ ਕਿ ਸਾਡੀ ਸਮੱਸਿਆ ਦਾ ਹੱਲ ਇਸੇ ਕੋਲ ਹੈ। ਇਹੋ ਜਿਹੇ ਬਾਬੇ ਦੇ ਚੱਕਰ ਵਿੱਚ ਫਸ ਕੇ ਆਪਣੀ ਆਰਥਿਕ ਲੁੱਟ ਦੀ ਗੱਲ ਮੈਨੂੰ ਮੇਰੇ ਇੱਕ ਰਿਸ਼ਤੇਦਾਰ ਨੇ ਸੁਣਾਈ। ਉਹ ਦੱਸਣ ਲੱਗ, "ਮੇਰੀ ਪਾਚਣ ਕਿਰਿਆ ਗੜਬੜਾ ਜਾਣ ਕਰਕੇ ਚੰਗੀ ਤਰ੍ਹਾਂ ਭੁੱਖ ਨਹੀਂ ਸੀ ਲਗਦੀ। ਕਈ ਡਾਕਟਰਾਂ ਤੋਂ ਦਵਾ ਦਾਰੂ ਕੀਤੀ ਪਰ ਸਮੱਸਿਆ ਉਵੇਂ ਦੀ ਉਵੇਂ ਬਣੀ ਰਹੀ। ਜਦੋਂ ਕਿਸੇ ਤਰ੍ਹਾਂ ਵੀ ਅਰਾਮ ਨਾ ਪਿਆ ਤਾਂ ਰਿਸ਼ਤੇਦਾਰ ਅਤੇ ਜਾਣਕਾਰ ਲੋਕ ਲੱਗੇ ਆਪਣੀਆਂ ਸਲਾਹਾਂ ਦੇਣ ... ਐਂ ਕਰੋ ... ਫਲਾਣੀ ਜਗ੍ਹਾ ਇੱਕ ਸਿਆਣਾ ਐ। ਓਪਰੀਆਂ ਸ਼ੈਆਂ ਦਾ ਪੱਕਾ ਇਲਾਜ ਕਰਦਾ ਐ। ਤੁਸੀਂ ਉਸ ਕੋਲ ਜਾ ਕੇ ਦੇਖੋ।

"ਸਾਡੇ ਘਰਦਿਆਂ ਦੇ ਵੀ ਸ਼ਾਇਦ ਗੱਲ ਮਨ ਲੱਗ ਗਈ ਪਰ ਮੈਨੂੰ ਇਨ੍ਹਾਂ ਗੱਲਾਂ ਵਿੱਚ ਕੋਈ ਬਹੁਤਾ ਯਕੀਨ ਨਹੀਂ ਸੀ। ਮੇਰੇ ਨਾਂਹ ਨਾਂਹ ਕਰਦਿਆਂ ਧੱਕੇ ਨਾਲ ਘਰਦਿਆਂ ਅਤੇ ਰਿਸ਼ਤੇਦਾਰਾਂ ਦੇ ਜ਼ੋਰ ਪਾਉਣ 'ਤੇ ਇੱਕ ਦੱਸੇ ਗਏ ਥਾਂ-ਟਿਕਾਣੇ 'ਤੇ ਕਰਿਆ ਕਰਾਇਆ ਜਾਂ ਖਾਧਾ-ਖਵਾਇਆ ਕੱਢਣ ਵਾਲੇ ਬਾਬੇ ਕੋਲ ਪਹੁੰਚ ਗਏ। ਉਸ ਸਾਧ ਨੇ ਆਪਣਾ ਮੰਤਰ ਪੜ੍ਹ ਕੇ ਦੱਸ ਦਿੱਤਾ ਕਿ ਕਿਸੇ ਨੇ ਕੁਝ ਖਵਾਇਆ ਹੈ, ਤੁਸੀਂ ਮੰਗਲਵਾਰ ਵਾਲੇ ਦਿਨ ਆਹ-ਆਹ



ਮਾਨਸਿਕ ਤੌਰ 'ਤੇ ਕਮਜ਼ੋਰ ਆਦਮੀ ਹੀ ਇਹੋ ਜਿਹੇ ਵਹਿਮ ਦਾ ਸ਼ਿਕਾਰ ਹੁੰਦਾ ਹੈ ਕਿ ਕਿਸੇ ਨੇ ਉਸ ਉੱਤੇ ਕੋਈ ਜਾਦੂ-ਟੂਣਾ ਕਰਵਾ ਦਿੱਤਾ ਹੈ। ਜੇਕਰ ਆਦਮੀ ਅੰਦਰੋਂ ਮਜ਼ਬੂਤ ਹੈ ਤਾਂ ਇਸ ਤਰ੍ਹਾਂ ਦੇ ਵਹਿਮ ਉਸ ਉੱਤੇ ਕੋਈ ਅਸਰ ਨਹੀਂ ਕਰਦੇ। ਵਿਗਿਆਨ ਦੇ ਪਸਾਰੇ ਨਾਲ ਇਹੋ ਜਿਹੇ ਢੌਂਗੀਆਂ ਦੇ ਪਾਜ ਖੁੱਲ੍ਹ ਰਹੇ ਹਨ। ਅੱਜ ਸੋਸ਼ਲ ਮੀਡੀਆ ਦੇ ਰੂਪ ਵਿੱਚ ਸਾਡੇ ਕੋਲ ਇੱਕ ਬਹੁਤ ਵੱਡਾ ਹਥਿਆਰ ਹੈ, ਇਸਦੇ ਮਾਧਿਅਮ ਨਾਲ ਅਸੀਂ ਇਨ੍ਹਾਂ ਮਾੜੀ ਸੋਚ ਵਾਲਿਆਂ ਤੋਂ ਜਨ ਸਧਾਰਨ ਨੂੰ ਚੌਕਸ ਅਤੇ ਜਾਗਰੂਕ ਕਰਕੇ ਉਨ੍ਹਾਂ ਦਾ ਸਮਾਂ ਅਤੇ ਧਨ ਬਚਾਉਣ ਵਿੱਚ ਮਦਦ ਕਰ ਸਕਦੇ ਹਾਂ।

ਚੀਜ਼ਾਂ ਤੇ ਪੰਜ ਬੋਰਾਂ ਦਾ ਪਾਣੀ, ਸੱਤ ਅਲੱਗ-ਅਲੱਗ ਦੁਖਤਾਂ ਦੇ ਪੱਤੇ ਤੇ ਨਾਲ 1100 ਸੌ ਰੁਪਏ ਲੈ ਕੇ ਆ ਜਾਇਓ। ... ਅਸੀਂ ਦੱਸੇ ਦਿਨ ਸਾਰਾ ਸਾਮਾਨ ਲੈ ਕੇ ਸਾਧ ਦੇ ਡੇਰੇ 'ਤੇ ਪਹੁੰਚ ਗਏ। ਡੇਰੇ ਵਿੱਚ ਸਾਧ ਬਾਬਾ ਆਪਣੇ ਇੱਕ ਕਮਰੇ ਵਿੱਚ ਧੂਣੇ ਦੇ ਕੋਲ ਬੈਠਾ ਸੀ। ਕਮਰੇ ਵਿੱਚ ਬੈਠਣ ਲਈ ਬੋਰੀਆਂ ਵਿਛੀਆਂ ਹੋਈਆਂ ਸਨ। ਅਸੀਂ ਜਾ ਕੇ ਨਮਸਕਾਰ ਕਰਕੇ ਬੈਠ ਗਏ। ਥੋੜ੍ਹੇ ਚਿਰ ਬਾਅਦ ਸ਼ੁਰੂ ਹੋਈ ਖਾਧਾ-ਖਵਾਇਆ ਕੱਢਣ ਦੀ ਪ੍ਰਕਿਰਿਆ। ਇਸ ਸਾਰੀ ਪ੍ਰਕਿਰਿਆ ਦੇ ਅਰੰਭ ਤੋਂ ਪਹਿਲਾਂ ਸਾਧ ਉੱਠ ਕੇ ਨਾਲ ਬਾਹਰ ਪੀਰ ਦੀ ਬਣਾਈ ਹੋਈ ਸਮਾਧ ਵਾਲੇ ਕਮਰੇ ਵਿੱਚ ਗਿਆ ਤੇ ਥੋੜ੍ਹੀ ਦੇਰ ਬਾਅਦ ਆਪਣੀ ਚੌਕੀ ਵਾਲੀ ਥਾਂ 'ਤੇ ਆ ਕੇ ਬੈਠ ਗਿਆ। ... ਸਾਧ ਲੱਗ ਪਿਆ ਉੱਚੀ-ਉੱਚੀ ਮੰਤਰ ਪੜ੍ਹਨ। ਸਾਡੇ ਘਰ ਵਾਲੇ ਪਹਿਲਾਂ ਤਾਂ ਮੈਨੂੰ ਇੱਥੇ ਲਿਆਏ ਪਰ ਹੁਣ ਲੱਗ ਪਏ ਡਰਨ ਬਈ ਪਤਾ ਨਹੀਂ ਮੁੰਡੇ ਨੂੰ ਕੀ ਕਰੂਗਾ। ਸਾਧ ਨੇ ਸਾਡੇ ਨਾਲ ਆਏ ਸਾਡੇ ਪ੍ਰਾਹੁਣੇ ਨੂੰ ਕਿਹਾ ਕਿ ਤੂੰ ਇਸ ਕੱਪ ਵੱਲ ਧਿਆਨ ਰੱਖਣੈ, ਇਸਦੇ ਡਿਗਣ 'ਤੇ ਫਟਾਫਟ ਮੈਨੂੰ ਫੜਾਉਣਾ ਐ। ਸਾਡਾ ਪ੍ਰਾਹੁਣਾ ਚੁਕੰਨਾ ਹੋ ਗਿਆ। ਜਿਵੇਂ ਸਾਧ ਨੇ ਕਿਹਾ ਉਸ ਨੇ ਉਵੇਂ ਹੀ ਕੀਤਾ। ਮੇਰਾ ਸਿਰ ਮੋਰ ਪੰਖੀ ਹਥੌਲਾ ਕਰਨ ਵਾਲੇ ਝਾੜੂ ਜਿਹੇ ਨਾਲ ਲੱਗੀ ਸੁਆਹ ਨਾਲ ਭਰ ਦਿੱਤਾ। ਕੋਈ ਪੰਦਰਾਂ ਵੀਹ ਮਿੰਟ ਦੇ ਸਮੇਂ ਵਿੱਚ ਸਾਧ ਨੇ ਵੱਡੇ ਵੱਡੇ ਸਰਜਰੀ ਕਰਨ ਵਾਲੇ ਡਾਕਟਰਾਂ ਨੂੰ ਮਾਤ ਪਾ ਦਿੱਤੀ। ਬਿਨਾਂ ਚੀਰਫਾੜ ਤੋਂ ਮੇਰੇ ਸਰੀਰ ਵਿੱਚੋਂ ਕਿਸੇ ਦੀ ਮੰਤਰ ਕਰਕੇ ਖਵਾਈ ਹੋਈ ਚੀਜ਼ ਕੱਢ ਬਾਹਰ ਮਾਰੀ। ਕੱਢਿਆ ਹੋਇਆ ਇਹ ਹੱਡੀਆਂ ਨੁਮਾ ਚੂਰਾ ਸਾਧ ਨੇ ਇੱਕ ਕਾਗਜ਼ ਵਿੱਚ ਪਾ ਕੇ ਸਾਨੂੰ ਫੜਾਉਂਦਿਆਂ ਕਿਹਾ, "ਦੇਖੋ! ਕਿਸੇ ਦੁਸ਼ਟ ਨੇ ਥੋਡੇ ਮੁੰਡੇ ਨਾਲ ਕੀ ਕੀਤਾ ਸੀ, ਇਹ ਖਵਾਇਆ ਸੀ।"

"ਘਰਦਿਆਂ ਨੂੰ ਸ਼ਾਇਦ ਕੁਝ ਸਕੂਨ ਮਿਲਿਆ ਹੋਵੇ ਪਰ ਮੇਰੇ ਮਨ ਵਿੱਚ ਇਹ ਵਿਚਾਰ ਆਇਆ ਕਿ ਬਿਨਾਂ ਕਿਸੇ ਦਰਦ, ਬਿਨਾਂ ਕਿਸੇ ਚੀਰ ਫਾੜ ਦੇ ਇਵੇਂ ਕੋਈ ਚੀਜ਼ ਮੇਰੇ ਸਰੀਰ ਵਿੱਚੋਂ ਬਾਹਰ ਕਿਵੇਂ ਆ ਗਈ? ਉਸ ਸਮੇਂ ਮੈਂ ਬੋਲ ਤਾਂ ਨਾ ਸਕਿਆ ਪਰ ਮੈਨੂੰ ਲੱਗਿਆ ਕਿ ਸਾਧ ਨੇ ਸਾਨੂੰ ਮੂਰਖ ਬਣਾਇਆ ਹੈ। ਅਸਲ ਵਿੱਚ ਬਾਅਦ ਵਿੱਚ ਰਸਾਇਣਾਂ ਬਾਰੇ ਪੜ੍ਹਨ 'ਤੇ ਪਤਾ ਚੱਲਿਆ ਕਿ ਉਸ ਨੇ ਐਲੂਮੀਨੀਅਮ ਦੇ ਕੱਪ ਨੂੰ ਮਰਕਰੀ ਕਲੋਰਾਈਡ ਕੈਮੀਕਲ ਲਾਇਆ ਹੋਇਆ ਸੀ। ਜਦੋਂ ਇਹ ਮਰਕਰੀ ਕਲੋਰਾਈਡ ਐਲੂਮੀਨੀਅਮ ਨਾਲ ਪ੍ਰਤੀਕਿਰਿਆ ਕਰਦਾ ਹੈ ਤਾਂ ਐਲੂਮੀਨੀਅਮ ਸੁਆਹ ਦੇ ਰੂਪ ਵਿੱਚ ਕੱਪ ਤੋਂ ਪਾਪੜੀਆਂ ਬਣ ਕੇ ਲਹਿਣ ਲਗਦਾ ਹੈ, ਹੋਰ ਕੁਝ ਨਹੀਂ। ਇਹੋ ਜਿਹੇ ਪਖੰਡੀ ਸਾਧ ਆਮ ਲੋਕਾਂ ਨੂੰ ਬੁੱਧੂ ਬਣਾ ਕੇ ਓਪਰੀਆਂ ਸ਼ੈਆਂ ਦਾ ਸਾਇਆ ਦੂਰ ਕਰਨ ਦੇ ਬਹਾਨੇ ਲੋਕਾਂ ਦੀ ਚੰਗੀ ਆਰਥਿਕ ਲੁੱਟ ਕਰਦੇ ਹਨ। ਅਸਲ ਵਿੱਚ ਅਸੀਂ ਇਨ੍ਹਾਂ ਕਰਨ-ਕਰਾਉਣ ਵਾਲੇ ਚੱਕਰਾਂ ਵਿੱਚੋਂ ਅਜੇ ਵੀ ਨਹੀਂ ਨਿਕਲੇ, ਜਿਸਦਾ ਫਾਇਦਾ ਇਹੋ ਜਿਹੇ ਵਿਹਲੜ ਸਾਧ ਉਠਾਉਂਦੇ ਰਹਿੰਦੇ ਹਨ।"

ਮੇਰੇ ਪੁੱਛਣ 'ਤੇ ਕਿ ਉਸ ਦਾ ਇਹ ਸਰੀਰਕ ਮਰਜ਼ ਕਿਵੇਂ ਠੀਕ ਹੋਇਆ? ਰਿਸ਼ਤੇਦਾਰ ਨੇ ਦੱਸਿਆ ਕਿ ਸੰਗਰੂਰ ਸ਼ਹਿਰ ਵਿੱਚ ਸਾਡੇ ਅੱਗੇ ਰਿਸ਼ਤੇਦਾਰਾਂ ਦਾ ਜਾਣਕਾਰ ਇੱਕ ਬਹੁਤ ਹੀ ਸੁਲਝਿਆ ਹੋਇਆ ਤਜਰਬੇਕਾਰ ਵੈਦ, ਜਿਸ ਨੂੰ ਉਹ ਸਾਰੇ ਅੰਕਲ ਸ਼ੇਰ ਮੁਹੰਮਦ ਕਹਿੰਦੇ ਸਨ, ਜੋ ਹੁਣ ਫੌਤ ਹੋ ਚੁੱਕੇ ਹਨ, ਉਹ ਨਬਜ਼ ਪੜ੍ਹਨ ਵਿੱਚ ਮਾਹਿਰ ਸੀ। ਮੈਨੂੰ ਉਸ ਕੋਲ ਭੇਜਿਆ। ਉਸ ਨੇ ਨਬਜ਼ ਦੇਖ ਕੇ ਕਿਹਾ ਕਿ ਮਿਹਦੇ ਨੂੰ ਥੋੜ੍ਹੀ ਗਰਮਾਇਸ਼ ਦੀ ਲੋੜ ਹੈ। ਉਸ ਨੇ ਇੱਕ ਛੋਟਾ ਜਿਹਾ ਨੁਸਖਾ ਦੱਸਿਆ। ਮੈਂ ਅੱਠ-ਦਸ ਦਿਨਾਂ ਵਿੱਚ ਠੀਕ ਹੋ ਗਿਆ।"


ਅਸਲ ਵਿੱਚ ਸਰੀਰ ਨੂੰ ਲੋੜ ਦਵਾ-ਦਾਰੂ ਦੀ ਹੁੰਦੀ ਹੈ, ਅਗਿਆਨ ਵੱਸ ਅਸੀਂ ਲੋਕ ਇਸ ਨੂੰ ਓਪਰੀਆਂ ਸ਼ੈਆਂ ਦਾ ਸਾਇਆ ਮੰਨ ਕੇ ਪਖੰਡੀ ਸਾਧਾਂ ਦੇ ਚੱਕਰਾਂ ਵਿੱਚ ਫਸ ਕੇ ਆਪਣੇ ਰੋਗ ਨੂੰ ਹੋਰ ਵਧਾ ਲੈਂਦੇ ਹਾਂ, ਜੋ ਕਈ ਵਾਰ ਜਾਨਲੇਵਾ ਸਾਬਤ ਹੋ ਜਾਂਦਾ ਹੈ। ਲੋੜ ਹੈ ਸਾਨੂੰ ਇਹੋ ਜਿਹੀਆਂ ਗੱਲਾਂ ਨੂੰ ਤਰਕ ਨਾਲ ਸੋਚਣ ਦੀ ਤੇ ਇਹੋ ਜਿਹੇ ਚੱਕਰਾਂ ਵਿੱਚ ਫਸੇ ਲੋਕਾਂ ਨੂੰ ਸਮਝਾਉਣ ਦੀ ਤਾਂ ਕਿ ਸਾਡੀ ਮਿਹਨਤ ਦੀ ਕਮਾਈ ਨੂੰ ਕੋਈ ਇਸ ਤਰ੍ਹਾਂ ਸਾਨੂੰ ਮੂਰਖ ਬਣਾ ਕੇ ਸਾਡੇ ਤੋਂ ਲੁੱਟ ਨਾ ਸਕੇ। ਅਸਲ ਵਿੱਚ ਇਹ ਕਰਿਆ ਕਰਾਇਆ ਕੁਝ ਨਹੀਂ ਹੁੰਦਾ। ਨਾਲੇ ਆਦਮੀ ਕੋਲ ਐਡੀ ਕਿਹੜੀ ਅਦ੍ਰਿਸ਼ ਤਾਕਤ ਹੈ, ਜੋ ਦੂਰ ਤੋਂ ਹੀ ਦੂਸਰੇ ਕਿਸੇ ਇਨਸਾਨ ਨੂੰ ਨੁਕਸਾਨ ਪਹੁੰਚਾ ਸਕੇ। ਮਾਨਸਿਕ ਤੌਰ 'ਤੇ ਕਮਜ਼ੋਰ ਆਦਮੀ ਹੀ ਇਹੋ ਜਿਹੇ ਵਹਿਮ ਦਾ ਸ਼ਿਕਾਰ ਹੁੰਦਾ ਹੈ ਕਿ ਕਿਸੇ ਨੇ ਉਸ ਉੱਤੇ ਕੋਈ ਜਾਦੂ-ਟੂਣਾ ਕਰਵਾ ਦਿੱਤਾ ਹੈ। ਜੇਕਰ ਆਦਮੀ ਅੰਦਰੋਂ ਮਜ਼ਬੂਤ ਹੈ ਤਾਂ ਇਸ ਤਰ੍ਹਾਂ ਦੇ ਵਹਿਮ ਉਸ ਉੱਤੇ ਕੋਈ ਅਸਰ ਨਹੀਂ ਕਰਦੇ। ਵਿਗਿਆਨ ਦੇ ਪਸਾਰੇ ਨਾਲ ਇਹੋ ਜਿਹੇ ਢੌਂਗੀਆਂ ਦੇ ਪਾਜ ਖੁੱਲ੍ਹ ਰਹੇ ਹਨ। ਅੱਜ ਸੋਸ਼ਲ ਮੀਡੀਆ ਦੇ ਰੂਪ ਵਿੱਚ ਸਾਡੇ ਕੋਲ ਇੱਕ ਬਹੁਤ ਵੱਡਾ ਹਥਿਆਰ ਹੈ, ਇਸਦੇ ਮਾਧਿਅਮ ਨਾਲ ਅਸੀਂ ਇਨ੍ਹਾਂ ਮਾੜੀ ਸੋਚ ਵਾਲਿਆਂ ਤੋਂ ਜਨ ਸਧਾਰਨ ਨੂੰ ਚੌਕਸ ਅਤੇ ਜਾਗਰੂਕ ਕਰਕੇ ਉਨ੍ਹਾਂ ਦਾ ਸਮਾਂ ਅਤੇ ਧਨ ਬਚਾਉਣ ਵਿੱਚ ਮਦਦ ਕਰ ਸਕਦੇ ਹਾਂ।

# ਕੀ ਪੰਜਾਬ ਵਿਚੋਂ ਨਸ਼ੇ ਖਤਮ ਹੋ ਸਕਣਗੇ ?

ਡਾਕਟਰ ਅਮਨਪ੍ਰੀਤ ਸਿੰਘ ਬਰਾੜ



ਲੋਕ ਅਕਸਰ 'ਨਸ਼ਾ' ਸ਼ਬਦ ਦੀ ਵਰਤੋਂ ਕਰਦੇ ਹਨ, ਇਹ ਸ਼ਬਦ ਚੰਗੇ ਤੇ ਬੁਰੇ ਦੋਵੇਂ ਅਰਥਾਂ 'ਚ ਵਰਤਿਆ ਜਾਂਦਾ ਹੈ। ਨਸ਼ਾ ਸ਼ਬਦ ਨੂੰ ਚੰਗੇ ਪਾਸੇ ਲਈ ਵਰਤਦਿਆਂ ਲੋਕ ਆਮ ਹੀ ਕਹਿੰਦੇ ਹਨ ਕਿ ਉਸ ਨੂੰ ਕਿਸੇ ਵੀ ਕੰਮ (ਪੜ੍ਹਾਈ-ਲਿਖਾਈ, ਵਪਾਰ, ਨੌਕਰੀ) ਦੀ ਬੜੀ ਲਗਨ ਜਾਂ ਨਸ਼ਾ ਹੈ, ਕਿਸੇ ਨੂੰ ਸਵੇਰ ਦੀ ਸੈਰ ਅਤੇ ਕਿਸੇ ਨੂੰ ਆਪਣੇ ਕੰਮ-ਧੰਦੇ ਦਾ ਨਸ਼ਾ ਹੈ ।ਲੋਕ ਆਪਣੀ ਮੰਜ਼ਿਲ ਹਾਸਿਲ ਕਰਨ ਲਈ ਦਿਨ-ਰਾਤ ਇਕ ਕਰ ਦਿੰਦੇ ਹਨ, ਕਿਸੇ ਵੀ ਕੰਮ ਧੰਦੇ ਨੂੰ ਕਰਕੇ ਮਨ ਨੂੰ ਜੋ ਅੰਦਰੂਨੀ ਖੁਸ਼ੀ ਜਾਂ ਤਸੱਲੀ ਮਿਲਦੀ ਹੈ। ਉਹ ਕੰਮ ਹੋਰ ਕਰਨ ਨੂੰ ਦਿਲ ਕਰਦਾ ਹੈ, ਜਿਵੇਂ- ਡਾਕਟਰ ਨੂੰ ਮਰੀਜ਼ ਦੇ ਠੀਕ ਹੋਣ, ਮਕੈਨਿਕ ਨੂੰ ਵਿਗੜੀ ਕਾਰ ਠੀਕ ਹੋਣ, ਲਿਖਾਰੀ ਦਾ ਲੇਖ, ਕਹਾਣੀ ਜਾਂ ਨਾਵਲ ਛਪ ਜਾਣ ਤੇ ਕਿਸਾਨ ਦੀ ਪੈਦਾਵਾਰ ਦਾ ਮੁੱਲ ਮਿਲ ਜਾਵੇ, ਉਨ੍ਹਾਂ ਲਈ ਇਸ ਸਭ ਦਾ ਆਪਣਾ ਹੀ ਨਸ਼ਾ ਹੈ। ਪਰ ਇਸ ਨਸ਼ਾ ਸ਼ਬਦ ਦਾ ਦੂਜਾ ਪੱਖ ਇਹ ਹੈ ਕਿ ਜਦੋਂ ਕੋਈ ਵਿਅਕਤੀ ਨਸ਼ੀਲੀ ਦਵਾਈ ਜਾਂ ਸ਼ਰਾਬ ਆਦਿ ਖਾ-ਪੀ ਕੇ ਆਪਣੇ ਸਰੀਰ ਨੂੰ ਆਰਜ਼ੀ ਤਾਕਤ ਦਿੰਦਾ ਹੈ, ਉਸ ਨੂੰ ਵੀ ਨਸ਼ਾ ਕਰਨਾ ਕਹਿੰਦੇ ਹਨ। ਇਸ ਨਸ਼ੇ ਦੇ ਕਈ ਸਰੋਤ ਹਨ ਜਿਵੇਂ ਕਿ ਬਨਸਪਤੀ ਪੌਦਿਆਂ ਤੋਂ ਬਣੇ ਡੋਡੇ, ਅ.ਫੀਮ ਅਤੇ ਭੰਗ ਆਦਿ। ਸਰਕਾਰੀ ਤੌਰ 'ਤੇ ਵੇਚੀ ਜਾਂਦੀ ਸ਼ਰਾਬ, ਜੋ ਸੂਬਿਆਂ ਦੀ ਆਮਦਨੀ ਦਾ ਵੱਡਾ ਸਰੋਤ ਹੈ। ਸਿੰਥੈਟਿਕ ਪਦਾਰਥ ਜੋ ਆਰਜ਼ੀ ਨਸ਼ਾ ਦਿੰਦੇ ਹਨ ਤੇ ਅੰਤ ਇਨਸਾਨ ਨੂੰ ਲੈ ਬੈਠਦੇ ਹਨ। ਇਸੇ ਤਰ੍ਹਾਂ ਸਿਆਸਤ ਵਿਚ, ਦੌਲਤ ਤੇ ਹਕੂਮਤ/ਪਾਵਰ ਦਾ ਵੀ ਆਪਣਾ ਹੀ ਨਸ਼ਾ ਹੁੰਦਾ ਹੈ।



ਬਹੁਤੇ ਨੌਜਵਾਨ ਬੇਰੁਜ਼ਗਾਰੀ ਤੇ ਘਰਦਿਆਂ ਦੇ ਤਾਹਨੇ-ਮਿਹਣਿਆਂ ਤੋਂ ਨਿਰਾਸ਼ ਹੋ ਕੇ ਨਸ਼ਾ ਤਸਕਰਾਂ ਦੇ ਚੁੰਗਲ ਵਿਚ ਜਾ ਫਸਦੇ ਹਨ। ਅਖੌਤੀ ਦੋਸਤਾਂ ਦੇ ਸਾਥ ਤੋਂ ਨਸ਼ਿਆਂ ਦੀ ਹੋਈ ਸ਼ੁਰੂਆਤ ਆਖਰ ਉਨ੍ਹਾਂ ਨੂੰ ਨਸ਼ੇੜੀ ਬਣਾ ਦਿੰਦੀ ਹੈ। ਜਿੰਮ ਵਿਚ ਕਸਰਤ ਕਰਨ ਜਾਂਦੇ ਜਵਾਨ ਮੁੰਡੇ ਐਨਰਜੀ ਡ੍ਰਿੰਕਸ ਤੇ ਪ੍ਰੋਟੀਨ ਪਾਊਡਰ ਲੈਣ ਲੱਗਦੇ ਹਨ, ਜਿਨ੍ਹਾਂ ਦੀ ਵਧੇਰੇ ਵਰਤੋਂ ਦਾ ਸਰੀਰ 'ਤੇ ਕਾਫੀ ਮਾੜਾ ਅਸਰ ਪੈਂਦਾ ਹੈ। ਉਹ ਬੀ.ਪੀ ਵਧਣ, ਹਾਰਟ ਰੇਟ ਵਧਣ, ਚਿੰਤਾ ਨਾਲ ਪੇਟ ਦੀਆਂ ਅੰਤੜੀਆਂ ਦੇ ਰੋਗ, ਘਬਰਾਹਟ ਕਾਰਨ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

### ਅੰਤਰਰਾਸ਼ਟਰੀ ਪੱਧਰ 'ਤੇ ਨਸ਼ੇ

ਸਭ ਤੋਂ ਪਹਿਲਾਂ ਅਸੀਂ ਅੰਤਰਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ (ਆਈ.ਐਨ.ਸੀ.ਬੀ.) ਦੀ ਗੱਲ ਕਰਦੇ ਹਾਂ ਜੋ ਇਕ ਖੁਦਮੁਖਤਿਆਰ ਸੰਸਥਾ ਹੈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਸ਼ਾ ਤਸਕਰੀ ਨੂੰ ਕੰਟਰੋਲ ਕਰਦੀ ਹੈ। ਸਾਲ 1961 ਵਿਚ ਸਥਾਪਿਤ ਹੋਈ ਇਹ ਸੰਸਥਾ ਸੰਯੁਕਤ ਰਾਸ਼ਟਰ ਅਤੇ ਉਸ ਦੀਆਂ ਸੰਸਥਾਵਾਂ ਡਬਲਯੂ.ਐਚ.ਓ, ਇੰਟਰਪੋਲ ਅਤੇ ਡਬਲਯੂ.ਸੀ.ਓ. ਨਾਲ ਮਿਲ ਕੇ ਕੰਮ ਕਰਦੀ ਹੈ। ਮਾਰਚ 2025 ਵਿਚ ਆਈ.ਐਨ.ਸੀ.ਬੀ. ਦੀ ਜਨਤਕ ਹੋਈ ਰਿਪੋਰਟ ਅਨੁਸਾਰ ਦੁਨੀਆ ਦੇ ਸਾਰੇ ਮਹਾਂਦੀਪ ਅਤੇ ਦੇਸ਼ ਨਸ਼ਿਆਂ ਦੀ ਸਮੱਸਿਆ ਦਾ ਸ਼ਿਕਾਰ ਹਨ। ਇਸ ਰਿਪੋਰਟ ਮੁਤਾਬਕ ਸਭ ਤੋਂ ਜ਼ਿਆਦਾ ਨਸ਼ਾ ਅ.ਫਰੀਕੀ ਦੇਸ਼ਾਂ ਅਤੇ ਉਸ ਤੋਂ ਬਾਅਦ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਹੈ, ਖਾਸ ਕਰਕੇ ਜੋ ਦੇਸ਼ ਸਮੁੰਦਰੀ ਤੱਟ ਨਾਲ ਲੱਗਦੇ ਹਨ। ਰਿਪੋਰਟ ਮੁਤਾਬਕ ਆਈ.ਐਨ.ਸੀ.ਬੀ. ਨੇ ਜਦੋਂ 1972 ਵਿਚ ਬਨਸਪਤੀ (ਪਲਾਂਟ ਬੇਸਡ) ਨਸ਼ੇ ਬੰਦ ਕੀਤੇ ਤਾਂ ਸਿੰਥੈਟਿਕ (ਰਸਾਇਣਕ) ਨਸ਼ੇ ਵਧਣੇ ਸ਼ੁਰੂ ਹੋ ਗਏ। ਸਿੰਥੈਟਿਕ ਨਸ਼ੇ ਦਵਾਈਆਂ ਵਾਂਗ ਬਣਾਏ ਜਾਂਦੇ ਹਨ ਤੇ ਦਵਾਈਆਂ ਦੇ ਨਾਲ ਹੀ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਪਹੁੰਚਾਏ ਜਾਂਦੇ ਹਨ। ਭਾਰਤ 'ਚ ਬਹੁਤੇ ਨਸ਼ੇ ਅਫਗਾਨਿਸਤਾਨ, ਅ.ਫਰੀਕਾ ਤੇ ਉੱਤਰੀ ਅਮਰੀਕਾ ਤੋਂ ਆਉਂਦੇ ਹਨ।

### ਰਾਸ਼ਟਰੀ ਪੱਧਰ 'ਤੇ ਨਸ਼ਾ :

ਭਾਰਤ ਦੇ ਸਭ ਸੂਬਿਆਂ ਵਿਚ ਨਸ਼ੇ ਪ੍ਰਚੱਲਿਤ ਹਨ। ਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ (ਐੱਨ.ਸੀ.ਆਰ.ਬੀ.) ਦੇ ਸਾਲ 2024 ਦੇ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਨਸ਼ਿਆਂ ਦੇ ਕੇਸ ਕੇਰਲ ਵਿਚ ਪਾਏ ਗਏ ਹਨ, ਉੱਤਰ ਪ੍ਰਦੇਸ਼ ਵੀ ਪੰਜਾਬ ਦੇ ਨੇੜੇ ਹੀ ਹੈ। ਭਾਵੇਂ 2022-2023 ਵਿਚ ਉੱਤਰ ਪ੍ਰਦੇਸ਼ ਸਰਕਾਰ ਨੇ ਨਸ਼ਿਆਂ ਖਿਲਾ.ਫ ਜੰਗ ਛੇੜਦਿਆਂ ਪਹਿਲੀ ਵਾਰ ਕਈ ਨਸ਼ਾ ਤਸਕਰਾਂ ਦੇ ਘਰ ਢਾਹੇ ਸਨ, ਪਰ ਨਸ਼ੇ ਬੰਦ ਨਹੀਂ ਹੋਏ ਹਾਂ ਘਟੇ ਜ਼ਰੂਰ ਹਨ। ਕੇਂਦਰ ਸਰਕਾਰ ਨੇ 15 ਅਗਸਤ 2020 ਨੂੰ ਨਸ਼ਾ ਮੁਕਤ ਭਾਰਤ ਮੁਹਿੰਮ ਸ਼ੁਰੂ ਕਰਦਿਆਂ ਦੇਸ਼ ਦੇ ਨਸ਼ਾ ਪ੍ਰਭਾਵਿਤ 272 ਜ਼ਿਲ੍ਹਿਆਂ ਨੂੰ ਚੁਣਿਆ ਸੀ। ਇਸ ਤਿੰਨ-ਨੁਕਾਤੀ ਪ੍ਰੋਗਰਾਮ ਤਹਿਤ ਪਹਿਲਾ ਨਸ਼ੇ ਦੀ ਸਪਲਾਈ ਨੂੰ ਨੱਥ ਪਾਉਣਾ, ਦੂਜਾ ਲੋਕਾਂ ਨੂੰ ਨਸ਼ਿਆਂ ਬਾਰੇ ਜਾਗਰੂਕ ਕਰਨਾ ਅਤੇ ਤੀਜਾ ਨਸ਼ੇ ਦੇ ਆਦੀ ਲੋਕਾਂ ਦੇ ਨਸ਼ੇ ਛੁਡਾਉਣ ਲਈ ਮੁ.ਫਤ ਇਲਾਜ ਕਰਵਾਉਣਾ ਸ਼ਾਮਿਲ ਸੀ। ਅੱਜ ਵੀ ਭਾਰਤ ਦੇ ਕਈ ਸੂਬੇ ਨਸ਼ਿਆਂ ਦੇ ਮਾਮਲੇ ਵਿਚ ਪੰਜਾਬ ਤੋਂ ਕਿਤੇ ਅੱਗੇ ਹਨ, ਫਿਰ ਇੰਨੀ ਜ਼ਿਆਦਾ ਚਰਚਾ ਪੰਜਾਬ ਦੀ ਹੀ ਕਿਉਂ ਹੋ ਰਹੀ ਹੈ? ਕੀ ਨਸ਼ੇ ਦੀ ਆੜ ਵਿਚ ਸਿਆਸਤ ਖੇਡਦਿਆਂ ਪੰਜਾਬ ਨੂੰ ਬਦਨਾਮ ਕਰ ਕੇ ਵੱਡੀ ਢਾਹ ਲਾਈ ਜਾ ਰਹੀ ਹੈ? ਸਾਲ 2017 ਵਿਚ ਆਈ ਫਿਲਮ 'ਉੜਤਾ ਪੰਜਾਬ' ਇਸੇ ਦੀ ਮਿਸਾਲ ਹੈ। ਪਿਛਲੇ ਢਾਈ ਦਹਾਕਿਆਂ ਦੌਰਾਨ ਪੰਜਾਬ ਵਿਚ ਤਿੰਨ ਪਾਰਟੀਆਂ ਦੀਆਂ 5 ਸਰਕਾਰਾਂ ਬਣੀਆਂ ਹਨ, ਹਰੇਕ ਪਾਰਟੀ ਨੇ ਨਸ਼ੇ ਖਤਮ ਕਰਨ ਦਾ ਪ੍ਰਚਾਰ ਕਰਦਿਆਂ ਵੋਟਰਾਂ/ਲੋਕਾਂ ਨੂੰ ਗੁਮਰਾਹ ਕਰਕੇ ਆਪਣੀਆਂ ਸਰਕਾਰਾਂ ਬਣਾਈਆਂ, ਪਰ ਨਸ਼ੇ ਬੰਦ ਨਾ ਕਰਵਾ ਸਕੇ। ਮਈ 2025 ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 25-30 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ 'ਚੋਂ ਜ਼ਿਆਦਾਤਰ 25 ਤੋਂ 34 ਸਾਲ ਦੇ ਨੌਜਵਾਨ ਸਨ। ਸਰਕਾਰ ਵਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕਰਨ ਬਾਅਦ ਮਾਮਲੇ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲ ਸਕੀ।

ਲੇਖ ਵਿਚ ਦਿੱਤੀ ਸਾਰਣੀ ਤੋਂ ਸਪੱਸ਼ਟ ਹੈ ਕਿ 2002 ਤੋਂ 2025 ਤੱਕ ਨਸ਼ਿਆਂ ਵਿਰੁੱਧ ਕੀਤੀ ਕਾਰਵਾਈ ਦੌਰਾਨ ਕਿਹੜੀ ਸਰਕਾਰ ਨੇ ਕਿੰਨੇ ਕੇਸ ਦਰਜ ਕੀਤੇ ਅਤੇ ਕਿੰਨੇ ਲੋਕ ਫੜੇ ਗਏ। ਟਾਈਮਜ਼ ਆ.ਫ ਇੰਡੀਆ ਦੀ 20 ਅਪ੍ਰੈਲ 2025 ਦੀ ਖ਼ਬਰ ਮੁਤਾਬਕ ਪਿਛਲੇ 50 ਦਿਨਾਂ ਵਿਚ ਪੰਜਾਬ ਪੁਲਿਸ ਨੇ 6737 ਲੋਕ ਗ੍ਰਿ.ਫਤਾਰ ਕੀਤੇ ਹਨ। ਤ੍ਰਾਸਦੀ ਦੇਖੋ ਕਿ ਇਕ ਪਾਸੇ ਨਸ਼ਾ ਤਸਕਰਾਂ ਦੇ ਘਰ ਢਾਹੇ ਜਾ ਰਹੇ ਸਨ ਤਾਂ ਦੂਜੇ ਪਾਸੇ ਪੰਜਾਬ ਪੁਲਿਸ ਦੀ ਮਹਿਲਾ ਕਾਂਸਟੇਬਲ ਨੂੰ ਕੁਝ ਦਿਨਾਂ ਵਿਚ ਹੀ ਨਸ਼ਾ ਤਸਕਰੀ ਮਾਮਲੇ 'ਚ ਜ਼ਮਾਨਤ ਮਿਲ ਜਾਂਦੀ ਹੈ। ਭਾਵੇਂ ਉਹ ਸਰੋਤਾਂ ਤੋਂ ਵਧੇਰੇ ਆਮਦਨ ਮਾਮਲੇ ਵਿਚ ਮੁੜ ਫੜੀ ਗਈ ਹੈ। ਉਧਰ ਜਦੋਂ 31 ਮਈ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨੇਪਰੇ ਚੜ੍ਹਨੀ ਸੀ ਤਾਂ ਸਰਕਾਰ ਦੇ ਟ੍ਰੇਨਿੰਗ ਸੈਂਟਰ ਵਿਚ 6 ਮੁਲਾਜ਼ਮ ਡੋਪ ਟੈਸਟ ਵਿਚ ਫੇਲ੍ਹ ਹੋ ਜਾਂਦੇ ਹਨ ਤੇ ਫਿਰ ਉਨ੍ਹਾਂ ਨੂੰ ਇਲਾਜ ਲਈ ਛੁੱਟੀ 'ਤੇ ਘਰ ਭੇਜਿਆ ਜਾਂਦਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਡੋਪ ਟੈਸਟ ਫੇਲ੍ਹ ਹੋਣ 'ਤੇ ਅਸਲ੍ਹੇ ਦਾ ਲਾਇਸੰਸ ਤੱਕ ਨਹੀਂ ਦਿੱਤਾ ਜਾਂਦਾ, ਪਰ ਸਰਕਾਰੀ ਨੌਕਰੀ ਵਾਲੇ ਮੁਲਾਜ਼ਮਾਂ ਨੂੰ ਇਲਾਜ ਲਈ ਛੁੱਟੀ 'ਤੇ ਭੇਜਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਨਸ਼ੇ ਉਦੋਂ ਤੱਕ ਖਤਮ ਨਹੀਂ ਹੋ ਸਕਦੇ, ਜਦੋਂ ਤੱਕ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਨਹੀਂ ਮਿਲਦਾ, ਕਿਉਂਕਿ ਬੇਰੁਜ਼ਗਾਰੀ ਕਰਕੇ ਕੁਸੰਗਤ ਵਿਚ ਫਸ ਚੁੱਕੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ 'ਚੋਂ ਬਾਹਰ ਕੱਢਣਾ ਮੁਸ਼ਕਿਲ ਹੀ ਨਹੀਂ ਸਗੋਂ ਨਾਮੁਮਕਿਨ ਹੈ।

ਬਹੁਤੇ ਨੌਜਵਾਨ ਬੇਰੁਜ਼ਗਾਰੀ ਤੇ ਘਰਦਿਆਂ ਦੇ ਤਾਹਨੇ-ਮਿਹਣਿਆਂ ਤੋਂ ਨਿਰਾਸ਼ ਹੋ ਕੇ ਨਸ਼ਾ ਤਸਕਰਾਂ ਦੇ ਚੁੰਗਲ ਵਿਚ ਜਾ ਫਸਦੇ ਹਨ। ਅਖੌਤੀ ਦੋਸਤਾਂ ਦੇ ਸਾਥ ਤੋਂ ਨਸ਼ਿਆਂ ਦੀ ਹੋਈ ਸ਼ੁਰੂਆਤ ਆਖਰ ਉਨ੍ਹਾਂ ਨੂੰ ਨਸ਼ੇੜੀ ਬਣਾ ਦਿੰਦੀ ਹੈ। ਜਿੰਮ ਵਿਚ ਕਸਰਤ ਕਰਨ ਜਾਂਦੇ ਜਵਾਨ ਮੁੰਡੇ ਐਨਰਜੀ ਡ੍ਰਿੰਕਸ ਤੇ ਪ੍ਰੋਟੀਨ ਪਾਊਡਰ ਲੈਣ ਲੱਗਦੇ ਹਨ, ਜਿਨ੍ਹਾਂ ਦੀ ਵਧੇਰੇ ਵਰਤੋਂ ਦਾ ਸਰੀਰ 'ਤੇ ਕਾਫੀ ਮਾੜਾ ਅਸਰ ਪੈਂਦਾ ਹੈ। ਉਹ ਬੀ.ਪੀ ਵਧਣ, ਹਾਰਟ ਰੇਟ ਵਧਣ, ਚਿੰਤਾ ਨਾਲ ਪੇਟ ਦੀਆਂ ਅੰਤੜੀਆਂ ਦੇ ਰੋਗ, ਘਬਰਾਹਟ ਕਾਰਨ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਹਾਰਵਰਡ ਹੈਲਥ ਪਬਲਿਸ਼ਿੰਗ ਦੇ 2022 ਦੇ ਕਲੀਨ ਲੇਬਲ ਪ੍ਰਾਜੈਕਟ ਮੁਤਾਬਕ ਅਜਿਹੇ ਵਰਤੇ ਜਾਂਦੇ 134 ਉਤਪਾਦਾਂ 'ਚੋਂ 130 ਵਿਚ ਹਾਨੀਕਾਰਕ ਤੱਤ-ਲੈਂਡ, ਆਰਸੈਨਿਕ, ਕੈਡਮੀਅਮ ਤੇ ਮਰਕਰੀ, ਬਿਸਫੇਨੋਲ-ਏ ਜਿਸ ਤੋਂ ਪਲਾਸਟਿਕ ਬਣਦਾ ਹੈ ਆਦਿ ਪਾਏ ਗਏ ਹਨ। ਇਹ ਸਾਰੇ ਕੈਂਸਰ ਦਾ ਵੱਡਾ ਕਾਰਨ ਬਣਦੇ ਹਨ।

ਕੀ ਪੀਲਾ ਪੰਜਾ ਨਸ਼ਾ ਬੰਦ ਕਰਵਾ ਸਕੇਗਾ? ਮੇਰੇ ਮੁਤਾਬਕ ਕਿਸੇ ਦਾ ਘਰ ਢਾਹੁਣਾ ਸਮੱਸਿਆ ਦਾ ਕੋਈ ਹੱਲ ਨਹੀਂ, ਸਗੋਂ ਸਰੋਤਾਂ ਦੀ ਬਰਬਾਦੀ ਹੈ। ਸਰਕਾਰ ਨੂੰ ਨਸ਼ਾ ਤਸਕਰਾਂ ਵਲੋਂ ਬਣਾਈ ਅਜਿਹੀ ਸੰਪਤੀ ਨੂੰ ਜ਼ਬਤ ਕਰਕੇ ਸਰਕਾਰੀ ਸੰਪਤੀ ਬਣਾ ਲੈਣੀ ਚਾਹੀਦੀ ਹੈ। ਜੋ ਨਸ਼ਾ ਤਸਕਰਾਂ ਨੂੰ ਹਮੇਸ਼ਾ ਯਾਦ ਦਿਵਾਉਂਦੀ ਰਹੇਗੀ ਕਿ ਇਹ ਜਗ੍ਹਾ ਮੇਰੀ ਸੀ, ਜੋ ਮੈਂ ਬੁਰੇ ਕੰਮਾਂ ਤੋਂ ਬਣਾਈ ਸੀ, ਪਰ ਹੁਣ ਸਰਕਾਰੀ ਸੰਪਤੀ ਬਣ ਗਈ ਹੈ।

# ਕੁੱਕੜ ਵਾਲਾ ਪੱਬ (ਹਾਸਰੰਗ ਰੌਚਕ ਕਹਾਣੀ)


ਧਰਮਪਾਲ ਸਹਿਗਲ
07475386265






ਸ਼ਾਮ ਦੇ 6 ਵੱਜ ਰਹੇ ਸਨ। ਇਕ ਕਾਲੇ ਰੰਗ ਦੀ (ਆਊਡੀ) ਕਾਰ ਘਰ ਦੇ ਅੱਗੇ ਆਕੇ ਰੁਕ ਗਈ। ਲਉ ਜੀ, ਆ ਗਿਆ ਆਪਣਾਂ ਘਰ ਕਹਿਕੇ ਪ੍ਰਦੀਨ ਨੇ ਕਾਰ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ ਤੇ ਬਿਰਧ ਸਰਜੀਤ ਸਿੰਘ ਤੇ ਬਲਬੀਰ ਕੌਰ ਨੂੰ ਸਹਾਰਾ ਦੇ ਕੇ ਕਾਰ ਵਿੱਚੋਂ ਬਾਹਰ ਕੱਢਿਆ ਤੇ ਘਰ ਅੰਦਰ ਲੈ ਆਇਆ। 65 ਸਾਲਾ ਸਰਜੀਤ ਸਿੰਘ ਤੇ 60 ਸਾਲਾ ਪਤਨੀ ਬਲਬੀਰ ਕੌਰ, ਪ੍ਰਦੀਪ ਦੇ ਵੱਡੇ ਭੈਣ ਤੇ ਜੀਜਾ ਜੀ ਸਨ। ਸਰਜੀਤ ਸਿੰਘ ਤੇ ਬਲਬੀਰ ਕੌਰ, 40 ਸਾਲਾਂ ਬਾਅਦ ਅਮਰੀ-ਕਾ ਤੋਂ ਆਪਣੇ ਘਰ ਇੰਗਲੈਂਡ ਆਏ ਸਨ। ਭਰ ਜਵਾਨੀ ਵੇਲੇ ਇਹ ਜੋੜੀ ਇੰਗਲੈਂਡ ਵਿੱਚ ਮਿਡਲੈਂਡ ਦੇ ਸ਼ਹਿਰ (ਵੈਸਟ ਬਰੋਮਵਿੱਚ) ਵਿੱਚ ਰਹਿੰਦੇ ਸਨ। ਪ੍ਰਦੀਪ ਇਨ੍ਹਾਂ ਦੇ ਘਰ ਦਾ (ਕੇਅਰਟੇਕਰ) ਘਰ ਦੀ ਰਾਖੀ ਕਰਦਾ ਸੀ। ਥਕਾਵਟ ਕਰਕੇ ਦੋਨੋਂ ਬਿਰਧ ਜਲਦੀ ਸੌਂ ਗਏ।

ਦੂਸਰੇ ਦਿਨ ਸਵੇਰੇ ਪ੍ਰਦੀਪ ਦੀ ਪਤਨੀ ਸਰਜੀਤ ਸਿੰਘ ਦੇ ਕਮਰੇ ਵਿੱਚ ਆਈ ਨਾਸ਼ਤੇ ਦੀ ਟਰੇ, ਟੇਬਲ 'ਤੇ ਰੱਖਕੇ ਬੋਲੀ, ਲਉ ਭਾਅ ਜੀ! ਨਾਸ਼ਤਾ ਕਰੋ। ਕਹਿਕੇ ਕਮਰੇ ਦੇ ਪਰਦੇ ਇਧਰ ਉਧਰ ਹਟਾਏ ਤੇ ਬਲਬੀਰ ਕੌਰ ਕੋਲ ਰਸੋਈ ਵੱਲ ਚਲੇ ਗਈ। ਨਾਸ਼ਤੇ ਤੋਂ ਬਾਅਦ ਸਰਜੀਤ ਚਾਹ ਦੀਆਂ ਚੁਸਕੀਆਂ ਲੈ ਰਿਹਾ ਸੀ ਕਿ ਅਚਾਨਕ ਉਸ ਦੀ ਨਜ਼ਰ ਘਰ ਤੋਂ ਕੁਝ ਹੀ ਦੂਰੀ 'ਤੇ ਇਕ ਪੱਬ ਉੱਤੇ ਪੈ ਗਈ। ਸਰਜੀਤ ਉਸ ਪੱਬ ਨੂੰ ਕੁਝ ਦੇਰ ਦੇਖਦਾ ਰਿਹਾ। ਕੁਝ ਸੋਚਦਾ ਹੋਇਆ ਸਰਜੀਤ ਉੱਠ ਕੇ ਕਮਰੇ ਦੀ ਤਾਕੀ ਕੋਲ ਆਇਆ। ਜਾਲੀਦਾਰ ਪਰਦੇ ਨੂੰ ਹਟਾ ਕੇ ਉਸ ਪੱਬ ਨੂੰ ਦੇਖਣ ਲੱਗ ਪਿਆ। ਅਚਾਨਕ ਉਸ ਦੇ ਬੁੱਲ ਹਿਲੇ, ਇਹ ਤਾਂ ਕੁੱਕੜ ਵਾਲਾ ਪੱਬ ਏ! ਸੋਚਦਾ ਸੋਚਦਾ ਸਰਜੀਤ ਘਰ ਦਾ ਦਰਵਾਜ਼ਾ ਖੋਲਕੇ ਹੌਲੀ ਹੌਲੀ ਤੁਰਕੇ ਪੱਬ ਦੇ ਸਾਹਮਣੇ ਆਕੇ ਖਲੋ ਗਿਆ। ਪੱਬ ਨੂੰ ਹੇਠਾਂ ਉਪਰ ਦੇਖਿਆ, ਆਲੇ ਦੁਆਲੇ ਦੇਖਿਆ। ਪੱਬ ਦੇ ਚਾਰੇ ਪਾਸੇ ਜੰਗਲੀ ਘਾਹ ਬੂਟੀਆਂ, ਕੂੜਾ ਕਰਕਟ ਖਿਲਰਿਆ ਪਿਆ ਸੀ। ਪੱਬ ਦੇ ਵੱਡੇ ਦਰਵਾਜੇ ਉੱਤੇ ਲੋਹੇ ਦਾ ਫੱਟਾ ਲੱਟਕਿਆ ਹੋਇਆ ਸੀ, ਜਿਸ ਉੱਤੇ ਲਾਲ ਰੰਗ ਦੇ ਕੁੱਕੜ ਦੀ ਤਸਵੀਰ ਸੀ, ਜੋ ਕਈ ਮੀਹਾਂ ਝੱਖੜਾਂ ਨਾਲ ਮਟਮੈਲੀ ਹੋਈ ਪਈ ਸੀ। ਪੱਬ ਦੇ ਸਾਰੇ ਦਰਵਾਜੇ ਤੇ ਤਾਕੀਆਂ ਲੱਕੜੀ ਦੇ ਫੱਟਿਆਂ ਨਾਲ ਢਕੇ ਹੋਏ ਸਨ। ਸਰਜੀਤ ਨੇ ਜਿਵੇਂ ਪੱਬ ਨੂੰ ਪਛਾਣ ਲਿਆ ਹੋਵੇ। ਇਕ ਠੰਡਾ ਹੌਕਾ ਲੈਕੇ ਆਪਣੇ ਆਪ ਨੂੰ ਬੋਲਿਆ, ਹਾਏ ਰੱਬਾ, ਇਹ ਉਹੀ ਪੱਬ ਏ ਜਿਸ ਵਿੱਚ ਮੈਂ ਕੰਮ ਕੀਤਾ ਸੀ। ਏਸ ਪੱਬ ਦੀ ਇਹ ਹਾਲਤ? ਕਿਸ ਨੇ ਕੀਤੀ? ਸਰਜੀਤ ਪੱਬ ਦੇ ਕੋਲ ਆਕੇ, ਵੱਡੇ ਦਰਵਾਜੇ ਕੋਲ ਪਏ ਬਹੁਤ ਖਸਤਾ ਹਾਲਤ ਵਿੱਚ ਹੋਏ ਇਕ ਬੈਂਚ 'ਤੇ ਬੈਠਕੇ ਬੋਲਿਆ, ਉਹ ਦੇਸੀ ਢਾਣੀ ਕਿਥੇ ਗਈ? ਅਚਾਨਕ ਸਰਜੀਤ ਗਰਦਨ ਘੁੰਮਾਕੇ ਪੱਬ ਦੇ ਫੱਟੇ ਲੱਗੇ ਮੇਨ ਦਰਵਾਜੇ ਨੂੰ ਜਿਸ ਰਾਹੀਂ ਸਾਰੇ ਅੰਦਰ ਆਉਂਦੇ ਸਨ, ਦੇਸੀ ਢਾਣੀ ਆਉਂਦੀ ਸੀ, ਨੂੰ ਧਿਆਨ ਲਾਕੇ ਦੇਖਣ ਲੱਗਾ! ਉਸ ਨੂੰ ਇਸ ਤਰ੍ਹਾਂ ਲੱਗਾ, ਜਿਵੇਂ ਪੱਬ ਅੰਦਰ ਹੱਸਣ ਦੀਆਂ ਅਵਾਜ਼ਾਂ ਆ ਰਹੀਆਂ ਹੋਣ। ਸਰਜੀਤ ਨੂੰ ਪੱਬ ਵਿੱਚ ਬਿਤਾਏ ਦਿਨ ਯਾਦ ਆਉਣ ਲੱਗੇ.....

24 ਸਾਲਾਂ ਦਾ ਗੱਭਰੂ ਸਰਜੀਤ, ਹੱਸ-ਮੁੱਖ ਚੇਹਰਾ ਦਵਾਈਆਂ ਬਣਾਉਣ ਵਾਲੀ ਇਕ ਕੰਪਨੀ ਵਿੱਚ ਕੰਮ ਕਰਦਾ ਸੀ। ਮੰਮੀ, ਡੈਡੀ ਤੇ ਛੋਟੀ ਭੈਣ, ਅਮਰੀਕਾ ਰਹਿੰਦੇ ਚਾਚੇ ਦੇ ਬੁਲਾਵੇ 'ਤੇ ਅਮਰੀਕਾ ਚਲੇ ਗਏ। ਸਰਜੀਤ ਦਾ ਕੰਮ ਵਧੀਆ ਸੀ, ਇਸ ਕਰਕੇ ਉਹ ਨਾਲ ਨਹੀਂ ਗਿਆ। ਪਹਿਲਾਂ ਪਹਿਲਾਂ ਸਰਜੀਤ ਦੇ ਘਰ ਤੋਂ ਕੁਝ ਹੀ ਦੂਰੀ 'ਤੇ ਸੜਕ ਦੇ ਕਿਨਾਰੇ 'ਤੇ ਇਕ ਪੱਬ ਸੀ। ਸਰਜੀਤ ਨੇ ਸੋਚਿਆ (ਵੀਕ ਐਂਡ) 'ਤੇ ਵੇਹਲੇ ਰਹਿਣ ਨਾਲੋਂ ਏਸ ਪੱਬ ਵਿੱਚ ਪਾਰਟ ਟਾਈਮ ਕੰਮ ਕੀਤਾ ਜਾਵੇ। ਸਰਜੀਤ ਨੇ ਪੱਬ ਵਿੱਚ ਜਾਕੇ ਪਤਾ ਕੀਤਾ ਤੇ ਕੰਮ ਮਿਲ ਗਿਆ। (ਵੀਕ ਐਂਡ) ਨੂੰ ਸ਼ਾਮ ਦੇ 6 ਵਜੇ ਤੋਂ ਲੈ ਕੇ ਰਾਤ ਦੇ 10 ਵਜੇ ਤੱਕ। ਕੰਮ ਸੀ, ਕਾਊਂਟਰ 'ਤੇ ਆਕੇ ਬੀਅਰ ਸ਼ਰਾਬ ਸਰਵ ਕਰਨੀ। ਸਰਜੀਤ ਪੂਰੀ ਲਗਨ ਨਾਲ ਕੰਮ ਕਰਦਾ।

ਇਹ ਪੱਬ ਅੰਦਰੋਂ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਪੱਬ ਅੰਦਰ ਵੜਦਿਆਂ ਸੱਜੇ ਪਾਸੇ ਸਰਜੀਤ ਦਾ ਕਾਊਂਟਰ ਸੀ। ਸਰਜੀਤ ਦੇ ਕਾਊਂਟਰ ਵੱਲ ਜ਼ਿਆਦਾ ਤਰ ਏਸ਼ੀਅਨ ਤੇ ਪੰਜਾਬੀ ਬੰਦੇ ਆਉਂਦੇ। ਦੋ ਹਿੱਸਿਆਂ ਦੇ ਕਾਊਂਟਰਾਂ 'ਤੇ ਗੋਰੇ ਤੇ ਕਾਲੇ ਮਰਦ, ਔਰਤਾਂ ਆਉਂਦੇ। ਕਦੀ ਕਦੀ ਜਦ ਦੇਸੀ ਬੰਦੇ ਕਾਊਂਟਰ 'ਤੇ ਆ ਕੇ ਇਕ ਦੂਜੇ ਨੂੰ ਪੁੱਛਦੇ, ਬਈ ਕੀ ਪੀਣਾਂ? ਬਈ ਤੂੰ ਕੀ ਪੀਣਾਂ? ਤਾਂ ਸਰਜੀਤ ਜਾਂ ਉਡੀਕਦਾ ਜਾਂ ਕਿਸੇ ਹੋਰ ਨੂੰ ਸਰਵ ਕਰਨ ਲੱਗ ਜਾਂਦਾ। ਇਕ ਸ਼ਾਮ ਨੂੰ ਸਰਜੀਤ ਕਾਊਂਟਰ ਪਿੱਛੇ ਖਲੋਤਾ ਗਲਾਸ ਸਾਫ਼ ਕਰ ਰਿਹਾ ਸੀ ਕਿ ਅਚਾਨਕ 5 ਦੇਸੀ ਬੰਦੇ ਇਕ ਦੂਜੇ ਦੇ ਮਗਰ ਮਗਰ ਗੋਲੀ ਵਾਂਗ ਪੱਬ ਅੰਦਰ ਆਏ। ਇਹ 5 ਬੰਦਿਆਂ ਦੀ ਢਾਣੀ ਪੱਬ ਦੀ ਹਰ ਰੋਜ਼ ਦੀ ਗਾਹਕ ਸੀ। ਪਹਿਲਾਂ ਪਹਿਲਾਂ ਸਰਜੀਤ ਨੂੰ ਇਨ੍ਹਾਂ ਬੰਦਿਆਂ ਦਾ ਉੱਚੀ ਉੱਚੀ ਬੋਲਕੇ ਗੱਲਾਂ ਕਰਨੀਆਂ ਚੰਗਾ ਨਹੀਂ ਸੀ ਲੱਗਦਾ, ਪਰ ਫਿਰ ਬਾਅਦ ਵਿੱਚ ਆਦੀ ਹੋ ਗਿਆ। ਇਹ 5 ਬੰਦਿਆਂ ਦੀ ਢਾਣੀ ਲੋਹਾ ਢਾਲਣ ਵਾਲੀ ਫੌਂਡਰੀ ਵਿੱਚ ਕੰਮ ਕਰਦੇ ਸਨ। ਜੋ ਪੱਬ ਤੋਂ ਥੋੜ੍ਹੀ ਦੂਰੀ 'ਤੇ ਹੀ ਸੀ।

ਹਰ ਸ਼ਾਮ ਦੀ ਤਰ੍ਹਾਂ ਇਹ ਢਾਣੀ ਅੱਜ ਵੀ ਫੌਂਡਰੀ ਤੋਂ ਛੁੱਟੀ ਕਰਕੇ ਤੇ ਹੱਥਾਂ ਵਿੱਚ ਰੋਟੀ ਵਾਲੇ ਝੋਲ੍ਹੇ ਫੜੀ ਦਗੜ ਦਗੜ ਕਰਦੀ ਪੱਬ ਅੰਦਰ ਆ ਗਈ। ਢਾਣੀ ਦਾ ਇਕ ਬੰਦਾ ਸਰਜੀਤ ਦੇ ਕਾਊਂਟਰ 'ਤੇ ਆ ਗਿਆ, ਬਾਕੀ ਚਾਰ ਜਣੇਂ ਆਪਣੀ ਪੱਕੀ ਜਗਾਹ 'ਤੇ ਆ ਬੈਠੇ। ਪੰਜਵਾਂ ਬੰਦਾ ਕਾਊਂਟਰ 'ਤੇ ਆ ਕੇ ਸਰਜੀਤ ਨੂੰ ਬੋਲਿਆ, ਬੜਾ ਚਮਕ ਰਿਆਂ ਏ ਬਈ, ਅੱਜ ਕੇੜੀ ਹੀਰ ਸਲੇਟੀ ਨੇ ਆਉਣਾਂ? ਸਰਜੀਤ ਥੋੜ੍ਹਾ ਹੱਸ ਕੇ ਬੋਲਿਆ, ਹਾਂ ਜੀ ਦੱਸੋ ਕੀ ਪੀਣਾਂ? ਲੈ ਫੇਰ ਕਾਕਾ 4 ਪੈਂਟ ਸੈਲਡ ਦੇ (ਸਾਇਲਡ) ਤੇ ਇਕ ਪੈਂਟ ਗੀਨੱਸ ਦਾ, ਰੱਬ ਤੇਰਾ ਭਲਾ ਕਰੇ, ਸੰਘ ਸੁੱਕੇ ਪਏ ਆ, ਤੱਰ ਕਰੀਏ ਕੇਰਾਂ। ਤੇ ਬਟੂਏ ਨੂੰ ਖੋਲਕੇ ਤੇ ਪਿੱਛੇ ਗਰਦਨ ਘੁਮਾ ਕੇ ਬੈਠੇ ਸਾਥੀਆਂ ਨੂੰ ਉੱਚੀ ਅਵਾਜ਼ ਵਿੱਚ ਬੋਲਿਆ, ਓਏ, ਆਕੇ ਚੁੱਕੋ ਆਪਣੇ ਆਪਣੇ ਪੈਂਟ। ਕੰਜਰ ਦੇ ਜਾਕੇ ਏਂ ਬਹਿ ਗਏ, ਜਿੱਦਾਂ ਕੁੱਕੜੀਆਂ ਆਂਡਿਆਂ 'ਤੇ ਬਹਿ ਗਈਆਂ ਹੋਣ। ਹੱਸਦੇ ਹੋਏ ਸਰਜੀਤ ਨੇ ਮੂੰਹ ਇਕ ਪਾਸੇ ਕਰ ਲਿਆ। ਜਿਉਂ ਜਿਉਂ ਬੀਅਰ ਇਨ੍ਹਾਂ ਦੇ ਢਿੱਡਾਂ ਵਿੱਚ ਜਾਂਦੀ, ਤਿਉਂ ਤਿਉਂ ਇਹ ਚੁਸਤ ਹੁੰਦੇ ਜਾਂਦੇ। ਫਿਰ ਇਨ੍ਹਾਂ ਵਿੱਚ ਰਾਜਨੀਤੀ ਆ ਵੜਦੀ, ਜਦ ਇਨ੍ਹਾਂ ਦੀ ਰਾਜਨੀਤੀ ਦੀ ਬਹਿਸ ਤੱਪ ਜਾਂਦੀ ਤਾਂ ਦੂਸਰੇ ਪਾਸੇ ਬੈਠੇ ਗੋਰਿਆਂ ਵਿੱਚੋਂ ਕੋਈ ਉੱਚੀ ਅਵਾਜ਼ ਨਾਲ ਢਾਣੀ ਵੱਲ ਮੂੰਹ ਕਰਕੇ ਬੋਲਿਆ, ਓ ਪਲੀਜ਼ ਕੁਆਇਟ, ਡੋਂਟ ਫਾਈਟ। ਢਾਣੀ ਥੋੜੀ ਦੇਰ ਤੱਕ ਚੁੱਪ ਹੋ ਜਾਂਦੀ।

ਐਤਵਾਰ ਦੀ ਸ਼ਾਮ ਢਾਣੀ ਆਈ ਆਪਣੇਂ ਆਪਣੇਂ ਗਲਾਸ ਭਰਾ ਲਏ ਤੇ ਆਪਣੀ ਜਗਾਹ 'ਤੇ ਆ ਬੈਠੇ। ਅਚਾਨਕ ਢਾਣੀ ਦਾ ਮੋਹਰੀ ਉਜਾਗਰ, ਗਲਾਸ ਮੇਜ 'ਤੇ ਰੱਖਦਾ ਹੋਇਆ ਨਾਲ ਬੈਠੇ ਸਾਥੀ ਨੂੰ ਬੋਲਿਆ, ਹਾਂ ਬਈ ਮੇਲਿਆ! ਅੱਜ ਸਵੇਰੇ ਫੋਰਮੈਨ ਕੀ ਕਹਿੰਦਾ ਸੀ ਤੈਨੂੰ? ਲੈ ਕਾਮਰੇਡਾ! ਤੂੰ ਵੀ ਸੁਣ ਲੈ, ਸਾਲਾ ਮੇਰਾ ਮੈਨੂੰ ਕਹਿੰਦਾ ਸੀ, ਘਰ ਜਾਣ ਤੋਂ ਪਹਿਲਾਂ ਸੁਆਹ ਦੇ ਸਾਰੇ ਡਰੱਮ ਖਾਲੀ ਕਰਕੇ, ਫਿਰ ਧੋਕੇ ਜਾਂਈਂ। ਨਹੀਂ ਤਾਂ ਫੇ ਸੈਕ। ਬਈ ਬਾਬਿਓ! ਜਦੋਂ ਦਾ ਇਹ ਬੰਦਾ ਫੋਰਮੈਨ ਬਣਿਆਂ ਵਾ, ਸਾਡੇ ਬੰਦਿਆਂ ਦੀ ਹੀ ਛਿੱਲ ਲਾਉਂਦਾ। ਨਸੀਬ ਸਿੰਘ ਵੀ ਦੇਸੀ ਫੋਰਮੈਂਨ ਤੋਂ ਅੱਕਿਆ ਪਿਆ ਸੀ। ਨਾਂ ਉਹ ਸਮਝਦਾ ਕੀ ਆ ਆਪਣੇ ਆਪ ਨੂੰ? ਇੰਡੀਆ ਵਿੱਚ ਖਨੀਂ ਰੇਲਵੇ ਦਾ ਕੁੱਲੀ ਹੋਣਾਂ। ਢਾਣੀ ਵਿੱਚ ਹਾਸਾ ਛਿੜ ਪਿਆ। ਪੱਕੀ ਗੱਲ ਕਹੀ, ਤਰਲੋਚਣਾਂ ਤੈਂ। ਮਲੂਕਾ ਸਿੰਘ ਨੇ ਗਲਾਸ ਖਾਲੀ ਕਰਕੇ ਕਿਹਾ। ਨਾਂ ਕਰੋ ਫੇ ਸੂਤ ਉਹਨੂੰ, ਫੜ ਲਉ ਕਿਸੇ ਦਿਨ? ਮੱਖਣ ਸਿੰਘ ਨੇ ਕਿਹਾ। ਲੈ ਜਿਗਰਾ ਕਿਥੋਂ ਲੈਂਣ? ਭਜਨਾਂ ਗਲਾਸ ਲੈਣ ਕਾਊਂਟਰ ਵੱਲ ਜਾਂਦਾ ਜਾਂਦਾ ਕਹਿ ਗਿਆ। ਢਾਣੀ ਦੇ ਪਿੱਛੇ ਗਲਾਸ ਫੜੀ ਇਕ ਗੱਭਰੂ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ ਬੋਲਿਆ, ਮਾਫ ਕਰਨਾਂ ਮੈਂ ਇਕ ਗੱਲ ਕਹਾਂ? ਹਾਂ ਹਾਂ ਮੱਲਾ! ਇਕ ਕਿਉਂ? ਜਿੰਨੀਆਂ ਮਰਜੀ। ਉਜਾਗਰ ਨੇ ਮੁੱਛਾਂ 'ਤੇ ਲੱਗੀ ਝੱਗ ਨੂੰ ਸਾਫ ਕਰਕੇ ਕਿਹਾ। ਗੱਭਰੂ ਨੇ ਕਹਿਣਾਂ ਸ਼ੁਰੂ ਕੀਤਾ, ਦੇਖੋ ਗੋਰੇ ਸਾਡੇ ਦੇਸ਼ 'ਤੇ ਰਾਜ ਕਰ ਗਏ, ਕਿੱਦਾਂ? ਕਿਉਂਕਿ ਦੇਸ਼ ਦੀ ਜਨਤਾ ਅਨਪੜ ਸੀ, ਛੂਆ ਛਾਤ ਸੀ, ਅੰਧਵਿਸ਼ਵਾਸ ਸੀ, ਏਕਤਾ ਨਹੀਂ ਸੀ। ਇਹੀ ਵਜਾਹ ਸਾਡੇ ਵਿੱਚ ਏ। ਏਕਤਾ ਸਾਡੇ ਵਿੱਚ ਹੈ ਨਹੀਂ। ਡਰਦੇ ਤੁਸੀਂ ਉਸ ਫੋਰਮੈਂਨ ਦੇ ਸਾਹਮਣੇ ਕੁੱਸ਼ ਕਹਿੰਦੇ ਨਹੀਂ ਕਿ ਕਿਤੇ ਸਾਨੂੰ ਸੈਕ ਨਾਂ ਦੇ ਦੇਵੇ। ਹੁਣ ਪੱਬ ਵਿੱਚ ਬੈਠ ਕੇ ਉਸ ਨੂੰ ਨਿੰਦਣ ਦਾ ਕੀ ਫੈਦਾ? ਸ਼ਾਬਾਸ਼ੇ ਆ ਗੱਲ ਸੋਲ੍ਹਾਂ ਆਨੇ ਕਹੀ ਮੁੰਡੇ ਨੇ। ਮੱਖਣ ਸਿੰਘ ਨੇ ਗਲਾਸ ਖਾਲੀ ਕਰਕੇ ਕਿਹਾ। ਸਰਜੀਤ ਵੀ ਇਸ ਢਾਣੀ ਦੀਆਂ ਗੱਲਾਂ ਸੁਣ ਸੁਣ ਹੱਸਦਾ।

ਸ਼ਨਿੱਚਰਵਾਰ ਦੀ ਸ਼ਾਮ ਸਰਜੀਤ ਤੇ ਖਲੋਤਾ ਗਲਾਸਾਂ ਨੂੰ ਚਿੱਣਕੇ ਰੱਖ ਰਿਹਾ ਸੀ ਕਿ ਦੇਸੀ ਬੰਦਿਆਂ ਦੀ ਢਾਣੀ ਦਗੜ ਦਗੜ ਕਰਦੀ ਪੱਬ ਅੰਦਰ ਆ ਗਈ। ਉਜਾਗਰ ਕਾਊਂਟਰ 'ਤੇ ਆ ਗਿਆ ਤੇ ਬਾਕੀ ਆਪਣੀਂ ਜਗਾਹ 'ਤੇ ਆ ਬੈਠੇ। ਉਜਾਗਰ ਬੀਅਰ ਦਾ ਆਡਰ ਦੇਕੇ ਪਿੱਛੇ ਮੁੜ ਕੇ ਸਾਥੀਆਂ ਨੂੰ ਬੋਲਿਆ, ਓ, ਮੱਖ ਹੱਡਦੂ ਲਾਂਨਤ ਤੁਹਾਡੇ, ਕੱਞਰੋ, ਗਲਾਸ ਤੁਰਕੇ ਆਉਣਗੇ ਤੁਹਾਡੇ ਕੋਲ? ਐਂ ਬਹਿ ਗਏ ਜਿੱਦਾਂ ਰੰਨਾਂ ਦੀਆਂ ਪੱਕੀਆਂ ਉਡੀਕਦੇ ਹੋਣ! ਓ ਆਉਂਦੇ ਆ ਕਾਮਰੇਡਾ, ਡੋਲੇ ਤਾਂ ਰੱਖ ਲਈਏ ਹੇਠਾਂ। ਸਰਜੀਤ ਦਾ ਰੋਕਦੇ ਰੋਕਦੇ ਦਾ ਵੀ ਹਾਸਾ ਨਿਕਲ ਗਿਆ। ਤਰਲੋਚਣ ਦੀ ਕੱਛ ਵਿੱਚ ਦੱਬੀ ਅਖ਼ਬਾਰ ਦੇਖਕੇ ਮੇਲਾ ਸਿੰਘ ਬੋਲਿਆ, ਅਖ਼ਬਾਰ ਦੱਬੀ ਫਿਰਦਾਂ, ਸੁਣਾਂ ਕੋਈ ਖ਼ਬਰ ਚੋਂਦੀ ਚੋਂਦੀ! ਖ਼ਬਰਾਂ ਸੁਣਕੇ ਢਾਣੀ ਵਿੱਚ ਰਾਜਨੀਤੀ ਛਿੜ ਪੈਂਦੀ। ਨਸੀਬ ਸਿੰਘ ਘੁੱਟ ਭਰਕੇ ਮੁੱਛਾਂ ਸਾਫ ਕਰਕੇ ਬੋਲਿਆ,

ਬਾਕੀ ਹਿਸਾ ਸਫਾ 44 ਤੇ ਪੜ੍ਹੋ→

43 ਸਫ਼ੇ ਦੀ ਬਾਕੀ

ਬਈ ਅੱਬਲ ਤਾਂ ਮੈਂ ਕਿਸੇ ਵੀ ਸਰਕਾਰ 'ਤੇ ਯਕੀਨ ਨਹੀਂ ਕਰਦਾ। ਸਭ ਇਕੋ ਈ ਤੱਕੜੀ ਦੇ ਬੱਟੇ ਚੱਟੇ ਵਾ। ਨਾਂ ਨਾਂ ਨਾਂ, ਹੈਬੋ ਤੂੰ ਗਲਤ ਆ, ਨਸੀਬ ਸਿੰਹਾਂ। ਮੈਂ ਕਿਦਾਂ ਗਲਤ ਆਂ ਉਏ? ਅਚਾਨਕ ਗੋਰਿਆਂ ਵਾਲੇ ਪਾਸੇ ਵੱਲੋਂ ਕੋਈ ਬੋਲਿਆ, ਓ, ਪਲੀਜ਼ ਕੁਆਈਟ, ਡੋਂਟ ਫਾਈਟ। ਉਜਾਗਰ ਵੀ ਘੱਟ ਨਹੀਂ ਸੀ ਬੋਲਿਆ, ਓ ਪੈਡੀ! ਟੁੱਡੇ ਸੈਚਰਡੇ ਵੀ ਨੋਂ ਫਾਈਟ, ਵੀ ਇਨਜੋਏ। ਵਿੱਚੋਂ ਗੋਰੇ ਵੀ ਹੱਸ ਪਏ।

ਅਖ਼ਬਾਰ ਵਾਲਾ ਤਰਲੋਚਨ ਅਖ਼ਬਾਰ ਮੇਜ਼ 'ਤੇ ਰੱਖਕੇ ਬੋਲਿਆ, ਬਈ ਸੁਣੋਂ ਮੇਰੀ ਗੱਲ, ਆਪਾਂ ਇੰਗਲੈਂਡ ਵਿੱਚ ਰਹਿੰਦੇ ਹਾਂ, ਠੀਕ ਆ? ਏਸ ਮੁਲਕ ਵਿੱਚ ਕੰਮ ਕਰਦੇ ਹਾਂ, ਏਥੇ ਦਾ ਖਾਂਦੇ ਪੀਂਦੇ ਹਾਂ। ਹੁਣ ਸਾਡਾ ਇਹ ਹੀ ਦੇਸ਼ ਆ। ਅਸੀਂ ਹੋਰ ਦੇਸ਼ਾਂ ਦੀ ਰਾਜਨੀਤੀ ਤੋਂ ਕੀ ਲੈਣਾਂ? ਦਾਣੇਂ? ਅਚਾਨਕ ਸਰਜੀਤ ਢਾਂਣੀ ਕੋਲ ਆਕੇ ਇਨ੍ਹਾਂ ਦੇ ਜੂਠੇ ਗਲਾਸ ਚੁੱਕਣ ਲੱਗਾ ਤਾਂ ਮਲੂਕਾ ਸਿੰਘ ਸਰਜੀਤ ਨੂੰ ਬੋਲਿਆ, ਮੱਖ! ਜੰਗ ਬੋਈ ਬੱਸ ਗਲਾਸਾਂ ਨਾਲ ਈ ਯਾਰੀ ਰੱਖੀਂ ਫਿਰਦਾਂ, ਕੋਈ ਬੋਤਲ ਅੱਰਗੀ ਨਹੀਂ ਰੱਖੀ? ਰੱਖੀ ਏ ਜੀ, ਲਿਆਊਂਗਾ ਏਥੇ ਕਿਸੇ ਦਿਨ। ਵਾਹ ਬਈ! ਮਲੂਕਿਆ, ਮੁੰਡੇ ਨੂੰ ਤੂੰ ਐਵੇਂ ਨਾ ਸਮਝ। ਸਾਡੇ ਜਮਾਨੇ ਵਿੱਚ ਤਾਂ ਮੇਰਾ ਬੁੜਾ 24 ਘੰਟੇ ਮੇਰੇ 'ਤੇ ਅੱਖ ਰੱਖਦਾ ਸੀ, ਬਈ ਮੁੰਡਾ ਕਿਤੇ ਆ ਨਾਂ ਕਰ ਬੈਠੇ, ਮੁੰਡਾ ਕਿਤੇ ਔਹ ਨਾਂ ਕਰ ਬੈਠੇ। ਢਾਂਣੀ ਖਿੜ ਖਿੜਾ ਕੇ ਹੱਸ ਪਈ। ਸਰਜੀਤ ਸੁਣਕੇ ਹੱਸਦਾ ਹੱਸਦਾ ਕਾਊਂਟਰ 'ਤੇ ਆ ਗਿਆ।

ਅਗਲੇ ਸ਼ਨਿੱਚਰਵਾਰ ਸਰਜੀਤ ਦਾ ਜਨਮ ਦਿਨ ਸੀ। ਸਰਜੀਤ ਨੇ ਪੱਬ ਦੇ ਮਾਲਕ (ਟੋਮ) ਨਾਲ ਗੱਲ ਕਰ ਲਈ ਕਿ ਉਸ ਨੇ ਆਪਣੇਂ ਸਾਥੀਆਂ ਨਾਲ ਪੱਬ ਵਿੱਚ ਪਾਰਟੀ ਕਰਨੀ ਏ। ਟੋਮ ਖੁਸ਼ ਹੋ ਕੇ ਮੰਨ ਗਿਆ। ਪਾਰਟੀ ਦਾ ਦਿਨ ਵੀ ਆ ਗਿਆ। ਸੁਰਜੀਤ ਨੇ ਆਪਣੀ ਕੰਪਨੀ ਦੇ ਕੁਝ ਸਟਾਫ ਦੇ ਵਰਕਰਾਂ ਨੂੰ ਜੋ ਕਰੀਬ 10 ਲੜਕੇ ਲੜਕੀਆਂ ਸਨ। ਲੜਕੀਆਂ ਵਿੱਚੋਂ ਇਕ ਦੇਸੀ ਮੂਲ ਦੀ ਮੁਟਿਆਰ ਸੀ, ਜੋ ਸਰਜੀਤ ਨੂੰ ਪਸੰਦ ਕਰਦੀ ਸੀ ਤੇ ਸਰਜੀਤ ਵੀ ਉਸ ਨੂੰ ਪਸੰਦ ਕਰਦਾ ਸੀ। ਨਾਂ ਸੀ (ਬਲਬੀਰ) ਸ਼ਾਮ ਦੇ 6 ਵੱਜ ਗਏ। ਸਰਜੀਤ ਦੇ ਮਹਿਮਾਨ ਆ ਗਏ। ਸਰਜੀਤ ਨੇ ਆਪਣੇ ਕਾਊਂਟਰ ਦੇ ਕੋਲ ਹੀ ਵੱਡਾ ਮੇਜ਼ ਲਾ ਦਿੱਤਾ। ਸਰਜੀਤ ਤੇ ਬਲਬੀਰ ਵੀ ਮਹਿਮਾਨਾਂ ਨਾਲ ਮੇਜ਼ ਦੇ ਆਲੇ ਦੁਆਲੇ ਬੈਠ ਗਏ। ਅਚਾਨਕ ਦਗੜ ਦਗੜ ਕਰਦੀ ਦੇਸੀ ਢਾਂਣੀ ਵੀ ਆ ਗਈ, ਤੇ ਸਰਜੀਤ ਨੂੰ ਲੱਡੂਆਂ ਦੇ ਲਿਫਾਫੇ ਨਾਲ ਜਨਮ ਦਿਨ ਦੀ ਵਧਾਈ ਦਿੱਤੀ। ਉਜਾਗਰ ਬਲਬੀਰ ਵੱਲ ਦੇਖਕੇ ਸਰਜੀਤ ਨੂੰ ਖੱਬੀ ਅੱਖ ਦਬਾਕੇ ਬੋਲਿਆ, ਅਤੀ ਸੁੰਦਰ! ਗੁੱਡ ਚੁਆਈਸ, ਏਨੂੰ ਹਿੱਕ ਦਾ ਤਬੀਤ ਬਣਾਕੇ ਰੱਖੀਂ! ਅੱਛਾ ਅੰਕਲ, ਫਿੱਕਰ ਨਾਂ ਕਰੋ। ਫਿਰ ਉਜਾਗਰ ਪਿੱਛੇ ਖਲੋਤੇ ਆਪਣੇਂ ਸਾਥੀਆਂ ਨੂੰ ਬੋਲਿਆ, ਮੇਰੇ ਪਿੱਛੇ ਖੜੇ ਖੱਟਾ ਉਡੀਕਦੇ ਓ? ਫੜਾਉ ਮੈਨੂੰ ਝੋਲੇ ਤੇ ਜਾਉ, ਗਲਾਸ ਭਰਾਉ। ਬਲਬੀਰ ਇਨ੍ਹਾਂ ਦੀ ਬੋਲੀ ਸੁਣਕੇ ਤੇ ਸਰਜੀਤ ਵੱਲ ਦੇਖਕੇ ਹੱਸ ਪਈ। ਢਾਂਣੀ ਆਪਣੇਂ ਗਲਾਸ ਫੜੀ ਆਪਣੀ ਜਗਾਹ 'ਤੇ ਆ ਬੈਠੀ। ਹਾਂ ਬਈ! ਸਾਡੇ ਜੰਗ ਬੋਈ ਦੀ ਪਾਰਟੀ ਦੀ ਖੁਸ਼ੀ ਵਿੱਚ ਕਹੋ ਚੀਅਰਜ, ਮੇਲਾ ਸਿੰਘ ਨੇ ਹਾਲੇ ਕਿਹਾ ਹੀ ਸੀ ਕਿ ਉਜਾਗਰ ਬੋਲਿਆ ਨਾਂ ਨਾਂ ਹਾਲੇ ਨਹੀਂ, ਸੁਣੋਂ ਮੇਰੀ ਗੱਲ ਪਹਿਲਾਂ, ਗੱਲ ਤਰਲ ਕਰਨ ਤੋਂ ਪਹਿਲਾਂ ਮੇਰੇ ਇਕ ਸਵਾਲ ਦਾ ਜੁਆਬ ਦਿਉ! ਬਈ ਕਾਮਰੇਡਾ ਏਥੇ ਕੋਈ ਹਸਾਬ ਦੀ ਕਲਾਸ ਲੱਗੀ ਵਾ? ਮਲੂਕਾ ਸਿੰਘ ਨੇ ਕਿਹਾ। ਉਧਰ ਬੈਠੇ ਸਰਜੀਤ ਤੇ ਬਲਬੀਰ ਗੱਲਾਂ ਕਰਦੇ ਰੁੱਕ ਗਏ। ਢਾਂਣੀ ਵੱਲ ਦੇਖਣ ਲੱਗ ਪਏ। ਉਜਾਗਰ ਸਿੰਘ ਨੇ ਕਹਿਣਾਂ ਸ਼ੁਰੂ ਕੀਤਾ, ਸੁਣੋ ਇਕ ਬਿਜਲੀ ਦੇ ਖੰਭੇ ਦੀ ਤਾਰ 'ਤੇ 6 ਚਿੜੀਆਂ ਬੈਠੀਆਂ ਸੀ। ਮੰਨ ਲਉ ਮੈਂ ਗਲੇਲ ਨਾਲ ਇਕ ਚਿੜੀ ਮਾਰ ਲਈ। ਹੁਣ ਸੋਚਕੇ ਦੱਸਿਉ, ਤਾਰ 'ਤੇ ਬੈਠੀਆਂ ਚਿੜੀਆਂ ਹੁਣ ਕਿੰਨੀਆਂ ਰਹਿ ਗਈਆਂ? ਓ ਲੈ ਤਾਂ ਕਾਮਰੇਡਾ, ਇਹ ਸੁਆਲ ਤਾਂ ਜੁਆਕ ਵੀ ਦੱਸ ਸਕਦਾ, ਉ ਬਈ ਤਾਰ 'ਤੇ 5 ਚਿੜੀਆਂ ਰਹਿ ਗਈਆਂ, ਕਿਉਂ ਬਈ ਸਜਣੋਂ? ਕਹਿਕੇ ਭਜਨੇ ਨੇ ਸਾਰਿਆਂ ਵੱਲ ਨਜਰ ਘੁਮਾਈ। ਸਾਰੇ ਇਕੱਠੇ ਹੀ ਬੋਲੇ, ਹਾਂ ਹਾਂ 5 ਰਹਿ ਗਈਆਂ। ਕਹਿਕੇ ਸਾਰਿਆਂ ਨੇ ਝੱਟ ਗਲਾਸ ਮੂੰਹ ਨਾਲ ਲਾ ਲਏ। ਸੁਣਕੇ ਉਜਾਗਰ ਖਿੱਝਕੇ ਬੋਲਿਆ, ਓਏ! ਦੁੱਰ ਫਿੱਟੇ ਮੂੰਹ ਤੁਹਾਡੇ ਵੱਡੇ ਪੜਾਕੂਆਂ ਦਾ। ਕਿਉਂ ਕੀ ਹੋਇਆ? ਤਰਲੋਚਨ ਹੈਰਾਨ, ਮੇਲਾ ਵੀ। ਓ ਮੇਰੀ ਚਲਾਈ ਗਲੇਲ ਨਾਲ ਇਕ ਚਿੜੀ ਤਾਂ ਮਰ ਗਈ ਤੇ ਬਾਕੀ ਦੀਆਂ ਚਿੜੀਆਂ ਡਰਕੇ ਉੱਡ ਗਈਆਂ। ਤਾਰ 'ਤੇ ਕੋਈ ਵੀ ਨਹੀਂ ਰਹੀ। ਮਾਂ ਤਾਂ ਤੁਹਾਨੂੰ ਸਕੂਲੇ ਭੇਜਦੀ ਸੀ, ਪਰ ਤੁਸੀਂ ਆ ਜਾਂਦੇ ਸੀ, ਨਦੀ 'ਤੇ ਮੱਛੀਆਂ ਫੜਨ।

ਵਕਤ ਬੀਤਦਾ ਗਿਆ। ਦੇਸੀ ਬੰਦਿਆਂ ਦੀ ਢਾਂਣੀ ਨੂੰ ਹੁਣ ਕੋਈ ਰੋਕਦਾ ਟੋਕਦਾ ਨਹੀਂ ਸੀ, ਕਿਉਂਕਿ ਕਿਸੇ ਨੂੰ ਵੀ ਬੁਰਾ ਭਲਾ ਨਹੀਂ ਸੀ ਕਹਿੰਦੇ। ਸਰਜੀਤ ਤੇ ਬਲਬੀਰ ਦੋਨਾਂ ਨੇ ਵਿਆਹ ਕਰਵਾਉਣ ਦਾ ਮੰਨ ਬਣਾ ਲਿਆ, ਤੇ ਸਾਰਿਆਂ ਦੀ ਸਹਿਮਤੀ ਨਾਲ ਵਿਆਹ ਦਾ ਦਿਨ ਵੀ ਰੱਖ ਲਿਆ। ਅੰਤ ਵਿਆਹ ਧੂੰਮ ਧਾਮ ਨਾਲ ਹੋਇਆ। ਦੇਸੀ ਢਾਂਣੀ ਨੇ ਖੂਬ ਭੰਗੜਾ ਪਾਇਆ ਸੀ। ਵਿਆਹ ਤੋਂ ਬਾਅਦ ਸਰਜੀਤ ਨੇ ਵਿਆਹ ਦੀ ਛੋਟੀ ਪਾਰਟੀ ਆਪਣੇਂ ਪੱਬ ਵਿੱਚ ਬੁੱਕ ਕਰ ਲਈ। ਪਾਰਟੀ ਦਾ ਦਿਨ ਵੀ ਆ ਗਿਆ। ਮਹਿਮਾਨ ਆਉਣੇਂ ਸ਼ੁਰੂ ਹੋ ਗਏ। ਖੁਸ਼ੀ ਖੁਸ਼ੀ ਦੇਸੀ ਢਾਂਣੀ ਵੀ ਆ ਗਈ। ਸਰਜੀਤ, ਬਲਬੀਰ ਨੂੰ ਵਧਾਈਆਂ ਦੇਕੇ ਆਪਣੀ ਬੁੱਕ ਕੀਤੀ ਟੇਬਲ ਕੋਲ ਆ ਬੈਠੇ, ਕਿਉਂਕਿ ਬੀਅਰ ਸ਼ਰਾਬ ਮੁਫ਼ਤ ਸੀ। ਢਾਂਣੀ ਦੇ ਆਲੇ ਦੁਆਲੇ ਹੋਰ ਵੀ ਦੇਸੀ ਬੰਦੇ ਸਨ, ਜੋ ਕੁਝ ਖਲੋਤੇ ਸਨ ਤੇ ਕੁਝ ਬੈਠੇ ਵੀ ਸਨ। ਸਭ ਖਾ ਪੀ ਰਹੇ ਸਨ। ਅਚਾਨਕ ਉਜਾਗਰ ਸਿੰਘ ਉੱਠਿਆ ਤੇ ਸਾਰੇ ਬੈਠੇ, ਖਲੋਤਿਆਂ ਦੇਸੀ ਬੰਦਿਆਂ ਵਲ ਦੇਖਕੇ ਬੋਲਿਆ, ਹਾਂ ਬਈ ਸਜਣੋਂ, ਵਿਆਹੇ ਤੇ ਛੜਿਉ, ਮੈਂ ਤੁਹਾਨੂੰ ਕੁਝ ਅਕਲ ਦੀਆਂ ਗੱਲਾਂ ਦੱਸਣ ਲੱਗਾ ਹਾਂ। ਸ਼ਰਾਬੀ ਹੋਣ ਤੋਂ ਪਹਿਲਾਂ ਮੈਂ ਆਪਣੇਂ ਛੜੇ ਭਰਾਵਾਂ ਨੂੰ ਜਾਂ, ਟੈਂਪਰੇਲੀ (ਟੈਂਪਰੇਰੀ) ਛੱੜਿਆਂ ਨੂੰ ਜੋ ਕਿ ਮੈਂ ਵੀ ਹਾਂ ਤੇ ਸਾਡੀ ਢਾਂਣੀ ਵੀ, ਕਿਉਂਕਿ ਸਾਡੀਆਂ ਜਨਾਨੀਆਂ ਬਿਚਾਰੀਆਂ ਇੰਡੀਆ ਬੈਠੀਆਂ ਹਨ। ਸੋ ਅਸੀਂ ਵੀ ਛੱੜਿਆਂ ਨਾਲ ਦੇ ਹਾਂ। ਸੋ ਮੇਰਾ ਇਨ੍ਹਾਂ ਨੂੰ ਏਹੀ ਕਹਿਣਾਂ ਏ, ਕਿ ਏਸ ਖੁਸ਼ੀ ਦੇ ਮੌਕੇ 'ਤੇ ਸਾਰੇ ਛੜੇ ਵੀਰ ਉਸ ਨਵੀਂ ਜੋੜੀ ਵੱਲ ਦੇਖ ਦੇਖ ਕੇ ਠੰਡੇ ਹੌਕੇ ਨਾਂ ਭਰਨ, ਦਾਰੂ ਦੇ ਘੁੱਟ ਤੇ ਸਬਰ ਦੇ ਘੁੱਟ, ਜਿੰਨੇ ਮਰਜੀ ਭਰਨ। ਵੈਸੇ ਵੀ ਸਿਆਣਿਆਂ ਨੇ ਕਿਹਾ ਏ ਕਿ ਦਾਰੂ ਦਾ ਘੁੱਟ ਤੇ ਸਬਰ ਦਾ ਘੁੱਟ ਕਦੇ ਵੀ ਕੌੜਾ ਨਹੀਂ ਹੁੰਦਾ, ਬਲਕੇ ਮਿੱਠਾ ਹੀ ਹੁੰਦਾ ਹੈ। ਸਰਜੀਤ, ਬਲਬੀਰ ਤੇ ਹੋਰ ਮਹਿਮਾਨ ਹੱਸ ਰਹੇ ਸਨ। ਉਜਾਗਰ ਨੇ ਅੰਤ ਵਿੱਚ ਆਪਣੀ ਢਾਂਣੀ ਨੂੰ ਖੜ੍ਹੇ ਹੋਣ ਦਾ ਈਸ਼ਾਰਾ ਕੀਤਾ ਤੇ ਕਹਿਣਾ ਸ਼ੁਰੂ ਕੀਤਾ, ਦੋਸਤੋ ਅਸੀਂ ਨਵੀਂ ਜੋੜੀ ਨੂੰ ਗੀਤ ਰਾਹੀਂ ਪਾਰਟੀ ਦੀ ਵਧਾਈ ਦਿੰਦੇ ਹਾਂ। ਚਲੋ ਬਈ ਬੋਲੋ ਸਾਰੇ, ਓ ਓ ਹੋ ਹੋ ਅੱਜ ਸਾਡੇ ਬੋਈ ਦੀ ਪਾਰਟੀ ਦਾ ਸਾਨੂੰ ਗੋਡੇ ਗੋਡੇ ਨਹੀਂ, ਲੱਕ ਲੱਕ ਤੱਕ ਜਿੰਨਾਂ ਚਾਅ, ਓ ਹੋ ਓ ਹੋ! ਸਾਰੇ ਹੱਸ ਹੱਸ ਲੋਟ ਪੋਟ ਹੋ ਗਏ। ਪਾਰਟੀ ਖ਼ਤਮ। 4 ਮਹੀਨਿਆਂ ਬਾਅਦ ਅਚਾਨਕ ਸਰਜੀਤ ਨੂੰ ਕੰਪਨੀ ਵੱਲੋਂ ਜਿਥੇ ਉਹ ਕੰਮ ਕਰਦਾ ਸੀ, ਵੱਲੋਂ ਕੰਪਨੀ ਬੰਦ ਹੋਣ ਦੀ ਚਿੱਠੀ ਆ ਗਈ। ਸਰਜੀਤ ਤੇ ਬਲਬੀਰ ਸੋਚਾਂ ਵਿੱਚ ਪੈ ਗਏ। ਕਾਫੀ ਸੋਚ ਵਿਚਾਰ ਕਰਕੇ, ਉਨ੍ਹਾਂ ਇਹ ਫੈਸਲਾ ਕੀਤਾ ਕਿ ਅਮਰੀਕਾ ਚਲਿਆ ਜਾਏ, ਕਿਉਂਕਿ ਸਰਜੀਤ ਦੇ ਮਾਤਾ ਪਿਤਾ ਵੀ ਅਮਰੀਕਾ ਆਉਣ ਲਈ ਕਹਿੰਦੇ ਰਹਿੰਦੇ ਸਨ। ਵਕਤ ਬੀਤਦਾ ਗਿਆ। ਸਰਜੀਤ ਤੇ ਬਲਬੀਰ ਹੁਣਾਂ ਨੂੰ ਅਮਰੀਕਾ ਰਹਿੰਦੇ 40 ਸਾਲ ਹੋ ਗਏ। ਦੋ ਬੱਚੇ ਹੋਏ, ਵੱਡੇ ਹੋਏ, ਸਰਜੀਤ ਤੇ ਬਲਬੀਰ ਵੀ ਬਿਰਦ ਹੋ ਗਏ। ਇਕ ਦਿਨ ਸਰਜੀਤ ਨੂੰ ਇੰਗਲੈਂਡ ਤੋਂ ਬਲਬੀਰ ਦੇ ਭਰਾ (ਪ੍ਰਦੀਪ) ਦਾ ਫੂਨ ਆਇਆ ਕਿ ਲੋਕ ਇਨ੍ਹਾਂ ਦਾ ਘਰ ਖਰੀਦਣ ਲਈ ਆਉਂਦੇ ਹਨ, ਤੇ ਹੋ ਸਕੇ ਆ ਜਾਉ, ਘਰ ਵੇਚਕੇ ਬੇਸ਼ੱਕ ਵਾਪਸ ਚਲੇ ਜਾਉ। ਸਰਜੀਤ ਤੇ ਬਲਬੀਰ ਦੋਨਾਂ ਨੂੰ ਸਲਾਹ ਚੰਗੀ ਲੱਗੀ। ਅਚਾਨਕ ਇਕ ਦਿਨ ਸਰਜੀਤ ਨੇ ਪਤਨੀ ਨਾਲ ਸਲਾਹ ਕੀਤੀ ਬੋਲਿਆ, ਬਲਬੀਰ ਆਪਾਂ ਏਦਾਂ ਕਰਦੇ ਹਾਂ ਕਿ ਇੰਗਲੈਂਡ ਜਾਕੇ ਆਪਣਾਂ ਘਰ ਵੇਚਕੇ, ਤਿੰਨ ਹਿੱਸੇ ਕਰੀਏ। ਦੋ ਹਿੱਸੇ ਆਪਣੇ ਦੋਨਾਂ ਬੱਚਿਆਂ ਨੂੰ ਤੇ ਇਕ ਹਿੱਸਾ ਪ੍ਰਦੀਪ ਦੇ ਲੜਕੇ ਨੂੰ ਕਿਉਂਕਿ ਦੇਖੋ ਪ੍ਰਦੀਪ ਨੇ ਸਾਡੇ ਘਰ ਦੀ 40 ਸਾਲ ਦੇਖਭਾਲ ਕੀਤੀ। ਹੋਰ ਕੋਈ ਹੁੰਦਾ ਤਾਂ ਸਾਡੇ ਘਰ ਨੂੰ ਕਰਾਏ 'ਤੇ ਦੇਕੇ ਪੈਸੇ ਕਮਾਉਂਦਾ।

ਸਰਜੀਤ ਤੇ ਬਲਬੀਰ (ਬੱਸਸੀਘੱਮ) ਹਵਾਈ ਅੱਡੇ 'ਤੇ ਆ ਪਹੁੰਚੇ ਤੇ ਪ੍ਰਦੀਪ ਤੇ ਉਸ ਦਾ ਬੇਟਾ, ਦੋਨਾਂ ਨੂੰ ਘਰ ਲੈ ਆਏ। ਸਵੇਰੇ ਨਾਸ਼ਤਾ ਕਰਦੇ ਸਮੇਂ ਅਚਾਨਕ ਬਿਰਦ ਹੋਏ ਸਰਜੀਤ ਦੀ ਨਜ਼ਰ ਬਾਹਰ ਸੜਕ ਕੰਡੇ ਇਕ ਪੱਬ 'ਤੇ ਪੈ ਗਈ। ਕੁਝ ਸੋਚਦਾ ਹੋਇਆ ਸਰਜੀਤ ਉਸ ਪੱਬ ਕੋਲ ਆਇਆ। ਪੱਬ ਨੂੰ ਪਛਾਣ ਲਿਆ, ਪਰ ਪੱਬ ਦੀ ਹਾਲਤ ਦੇਖਕੇ ਰੋ ਪਿਆ, ਤੇ ਕੋਲ ਪਏ ਖਸਤਾ ਹਾਲਤ ਹੋਏ ਬੈਂਚ 'ਤੇ ਬੈਠਕੇ ਦੋਵੇਂ ਬਾਹਾਂ ਦਾ ਸਰਾਹਣਾਂ ਬਣਾਕੇ ਉਪਰ ਆਪਣਾਂ ਸਿਰ ਰੱਖ ਲਿਆ ਤੇ ਪੱਬ ਦੇ ਮੇਨ ਤੇ ਫੱਟੇ ਲੱਗੇ ਦਰਵਾਜੇ ਵੱਲ ਮੂੰਹ ਕਰਕੇ ਸੋਚਾਂ ਵਿੱਚ ਡੁੱਬ ਗਿਆ। ਅਚਾਨਕ ਸਰਜੀਤ ਨੇ ਮਹਿਸੂਸ ਕੀਤਾ ਕਿ ਕੋਈ ਉਸ ਦੇ ਮੋਢੇ 'ਤੇ ਹੱਥ ਫੇਰ ਰਿਹਾ ਏ। ਬਿਜਲੀ ਦੇ ਲੱਗੇ ਕਰੰਟ ਵਾਂਗ ਸਰਜੀਤ ਨੇ ਝੱਟ ਅੱਖਾਂ ਖੋਲਕੇ ਦੇਖਿਆ, ਬਲਬੀਰ ਖਲੋਤੀ ਮੁਸਕਰਾ ਰਹੀ ਸੀ ਬੋਲੀ, ਏਥੇ ਕਿਉਂ ਬੈਠੇ ਓ ਤੁਸੀਂ? ਏਸ ਸੁੰਨਮਸਾਨ ਜਗਾਹ 'ਤੇ? ਬਲਬੀਰ, ਪਛਾਂਣਿਆਂ ਏਸ ਪੱਬ ਨੂੰ? ਆਪਣੇਂ ਵਿਆਹ ਦੀ ਪਾਰਟੀ ਏਸੇ ਪੱਬ ਵਿੱਚ ਹੋਈ ਸੀ, ਤੇ ਉਹ ਦੇਸੀ ਢਾਂਣੀ। ਆਪਣੇਂ ਬੀਤੇ ਹੋਏ ਦਿਨ ਦੇਖਣ ਆਇਆ ਸੀ ਮੈਂ ਏਸ ਪੱਬ ਵਿੱਚ। ਦੇਖੋ ਹੁਣ ਕੀ ਹਾਲਤ ਹੋ ਗਈ। ਮੈਨੂੰ ਵੀ ਯਾਦ ਏ। ਉਠੋ ਚਲੀਏ। ਕਹਿਕੇ ਬਲਬੀਰ ਨੇ ਪਤੀ ਦੀਆਂ ਅੱਖਾਂ ਸਾਫ ਕੀਤੀਆਂ। ਸਰਜੀਤ ਤੇ ਬਲਬੀਰ ਘਰ ਅੰਦਰ ਆਏ ਹੀ ਸਨ, ਕਿ ਪ੍ਰਦੀਪ ਦਾ ਬੇਟਾ (ਰਮਨ) ਵੀ ਘਰ ਦੀ ਸ਼ੋਪਿੰਗ ਕਰਕੇ ਆ ਗਿਆ। ਬਈ ਰਮਨ ਇਹ ਦੱਸ, ਉਹ ਪੱਬ ਬੰਦ ਕਿਉਂ ਪਿਆ ਏ? ਤੇ ਏਹਦੀ ਹਾਲਤ ਵੀ ਖਰਾਬ ਏ? ਸਰਜੀਤ ਨੇ ਪੁੱਛਿਆ। ਰਮਨ ਨੇ ਦੱਸਿਆ ਫੁੱਫੜ ਜੀ, ਏਸ ਪੱਬ ਨੂੰ ਬੰਦ ਹੋਇਆਂ ਤਾਂ ਕਈ ਸਾਲ ਹੋ ਗਏ। ਏਸ ਪੱਬ ਵਿੱਚ ਖੂਨ ਹੋ ਗਿਆ ਸੀ। ਫੇਰ ਡਰੱਗੀ ਆ ਗਏ ਸੀ, ਹਰ ਵੀਕ ਐਂਡ 'ਤੇ ਖੱਪ ਖਾਂਨਾ ਤੇ ਲੜਾਈਆਂ ਹੋਣ ਲੱਗ ਪਈਆਂ। ਫਿਰ ਲੋਕਾਂ ਦੀਆਂ ਸ਼ਕੈਤਾਂ 'ਤੇ ਕੌਂਸਲ ਨੇ ਇਹ ਪੱਬ ਬੰਦ ਕਰ ਦਿੱਤਾ। ਹੁਣ ਸੁਣਿਆਂ ਏ ਕਿ ਕੌਂਸਲ ਪੱਬ ਨੂੰ ਢਾਹ ਕੇ ਫਲੈਟ ਬਣਾਉਣ ਲੱਗੀ ਏ। ਸਰਜੀਤ ਨੇ ਠੰਡਾ ਹੌਕਾ ਭਰਿਆ ਤੇ ਕੁੱਕੜ ਵਾਲੇ ਪੱਬ ਨੂੰ ਤਾਕੀ ਵਿੱਚ ਦੀ ਦੇਖਣ ਲੱਗ ਪਿਆ।

–ਧਰਮਪਾਲ ਸਹਿਗਲ

## ਨਫਰਤੀ ਹਮਲਿਆਂ ਦੇ ਮਾਮਲੇ ਵਿੱਚ ਯਹੂਦੀਆਂ ਤੇ ਮੁਸਲਮਾਨਾਂ ਤੋਂ ਬਾਅਦ ਸਿੱਖ ਤੀਸਰੇ ਸਥਾਨ 'ਤੇ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ( ਐਫ ਬੀ ਆਈ) ਦੇ 2024 ਦੇ ਸਲਾਨਾ ਨਫਰਤੀ ਅਪਰਾਧ ਅੰਕੜਿਆਂ ਅਨੁਸਾਰ ਸਿੱਖ ਭਾਈਚਾਰਾ ਤੀਸਰੇ ਸਥਾਨ 'ਤੇ ਹੈ ਜਿਨਾਂ ਨੂੰ ਧਾਰਮਿੱਕ ਦਿੱਖ ਕਾਰਨ ਸਮਾਜ ਵਿਰੋਧੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ। ਸੱਭ ਤੋਂ ਵਧ ਪੀੜਤ ਯਹੂਦੀ ਹਨ ਤੇ ਇਸ ਤੋਂ ਬਾਅਦ ਦੂਸਰੇ ਸਥਾਨ 'ਤੇ ਮੁਸਲਮਾਨ ਭਾਈਚਾਰਾ ਹੈ। ਐਫ ਬੀ ਆਈ ਰਿਪੋਰਟ ਅਨੁਸਾਰ 2024 ਵਿੱਚ ਸਿੱਖਾਂ ਵਿਰੁੱਧ ਨਫਰਤੀ ਹਮਲਿਆਂ ਦੇ 153 ਮਾਮਲੇ ਦਰਜ ਹੋਏ ਹਨ ਜੋ ਕਿ 2023 ਨਾਲੋਂ ਘੱਟ ਹਨ। ਹਾਲਾਂ ਕਿ ਇਸ ਰਿਪੋਰਟ ਵਿੱਚ ਮੰਨਿਆ ਗਿਆ ਹੈ ਕਿ ਇਹ ਅੰਕੜੇ ਬੁਨਿਆਦੀ ਤੌਰ 'ਤੇ ਨਾਮੁਕੰਮਲ ਹਨ ਕਿਉਂਕਿ ਬਹੁਤ ਸਾਰੇ ਮਾਮਲਿਆਂ ਵਿੱਚ ਪੀੜਤ ਅੱਗੇ ਨਹੀਂ ਆਏ ਤੇ ਉਨਾਂ ਨੇ ਆਪਣੇ ਨਾਲ ਹੋਈ ਵਧੀਕੀ ਦੀ ਸ਼ਿਕਾਇਤ ਦਰਜ ਨਹੀ ਕਰਵਾਈ। ਸਿੱਖ ਕੁਲੀਸ਼ਨ ਦੀ ਸੀਨੀਅਰ ਫੈਡਰਲ ਪਾਲਿਸੀ ਮੈਨੇਜਰ ਮਨਨਿਰਮਲ ਕੌਰ ਨੇ ਜਾਰੀ ਇੱਕ ਬਿਆਨ ਵਿੱਚ ਸਿੱਖ ਭਾਈਚਾਰੇ ਨੂੰ ਦਰਪੇਸ਼ ਅਸਧਾਰਨ ਖਤਰੇ ਦੀ ਗੱਲ ਕਰਦਿਆਂ ਕਿਹਾ ਹੈ ਕਿ ਆਬਾਦੀ ਦੇ ਹਿਸਾਬ ਨਾਲ ਸਿੱਖ ਸਭ ਤੋਂ ਵਧ ਨਸਲੀ ਹਿੰਸਾ ਤੋਂ ਪੀੜਤ ਹਨ। ਉਨਾਂ ਕਿਹਾ ਹੈ ਕਿ ਦੇਸ਼ ਭਰ ਵਿੱਚ ਨਸਲੀ ਹਮਲਿਆਂ ਦੇ ਮਾਮਲੇ ਵਿੱਚ ਹੋਏ ਸਧਾਰ ਬਾਰੇ ਰਿਪੋਰਟ ਪਹਿਲਾ ਬੁਨਿਆਦੀ ਕਦਮ ਹੈ ਜਿਸ ਤੋਂ ਸਮੱਸਿਆ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅਲੀਸ਼ੇਰ

ਪੰਜਾਬ ਦੇ ਪਹਿਲਾਂ ਬਠਿੰਡਾ ਜ਼ਿਲ੍ਹੇ ਅਤੇ ਹੁਣ ਜ਼ਿਲ੍ਹਾ ਮਾਨਸਾ ਵਿੱਚ ਪਿੰਡ ਅਲੀਸ਼ੇਰ ਆਉਂਦਾ ਹੈ, ਜੋ ਪੰਧੇਰ ਤੋਂ 5 ਕਿਲੋਮੀਟਰ ਅਤੇ ਮਾਨਸਾ ਤੋਂ 18 ਕਿਲੋਮੀਟਰ ਦੂਰ ਹੈ। ਇਸ ਦਾ ਅਕਸ਼ਾਸ਼ 290–59 ਅਤੇ ਰੇਖਾਸ਼ ਦੇਸ਼ਾਤਰ 750–23 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ 1665 ਵਿੱਚ ਮਾਲਵੇ ਫੇਰੀ ਸਮੇਂ ਆਏ ਸਨ। ਗੁਰੂ ਸਾਹਿਬ ਨੇ ਪਿੰਡ ਦੇ ਬਾਹਰਵਾਰ ਨਿਵਾਸ ਕੀਤਾ ਸੀ। ਪੰਧੇਰ ਪਿੰਡ ਦੀ ਪੰਚਾਇਤ ਜਾਂ ਵਡੇਰਿਆਂ ਜਿਨ੍ਹਾਂ ਨੇ ਗੁਰੂ ਸਾਹਿਬ ਦੀ ਆਮਦ ਸਮੇਂ ਆਪਣੇ ਪਿੰਡ ਵਿੱਚ ਆਦਰ-ਮਾਣ ਨਾ ਦਿੱਤਾ ਤਾਂ ਅਲੀਸ਼ੇਰ ਪਿੰਡ ਆ ਕੇ ਪਿੰਡ ਨਿਵਾਸੀਆਂ ਨੇ ਗੁਰੂ ਸਾਹਿਬ ਤੋਂ ਖਿਮਾ ਮੰਗੀ। ਉਨ੍ਹਾਂ ਆਪਣੇ ਨਾਲ ਗੁੜ ਦੀਆਂ ਪੇਸੀਆਂ ਅਤੇ ਧਨ (ਪੈਸੇ) ਗੁਰੂ ਸਾਹਿਬ ਦੀ ਭੇਟਾ ਕਰਨ ਵਾਸਤੇ ਲਿਆਂਦਾ ਸੀ। ਰਸਤੇ ਵਿੱਚ ਉਨ੍ਹਾਂ ਨੂੰ ਗੁਰੂ ਦਾ ਇਕ ਸਿੱਖ ਮਿਲਿਆ ਜੋ ਗੁਰੂ ਜੀ ਦੇ ਦਰਸ਼ਨ ਕਰਕੇ ਪਰਤ ਰਿਹਾ ਸੀ। ਉਨ੍ਹਾਂ ਨੇ ਉਸ ਸਿੱਖ ਨੂੰ ਪੁੱਛਿਆ ਗੁਰੂ ਸਾਹਿਬ ਤੋਂ ਭੁੱਲ ਬਖ਼ਸ਼ਾਉਣ ਵਾਸਤੇ ਉਹ ਕੀ ਭੇਟਾ ਕਰਨ। ਉਸ ਸਿੱਖ ਨੇ ਜਵਾਬ ਦਿੱਤਾ, ਕੁਝ ਨਹੀਂ। ਗੁਰੂ ਸਾਹਿਬ ਬਖ਼ਸ਼ਣਹਾਰ ਹਨ। ਉਹ ਦੂਜਿਆਂ ਦੀਆਂ ਭੁੱਲਾਂ ਨੂੰ ਬਖ਼ਸ਼ ਛੱਡਦੇ ਹਨ। ਪੰਧੇਰ ਦੇ ਨਿਵਾਸੀਆਂ ਨੇ ਗੁੜ ਅਤੇ ਧਨ ਆਪਸ ਵਿੱਚ ਵੰਡ ਛੱਡੇ ਜੋ ਉਹ ਗੁਰੂ ਸਾਹਿਬ ਵਾਸਤੇ ਲਿਆਏ ਸਨ ਅਤੇ ਖਾਲੀ ਹੱਥ ਹੀ ਗੁਰੂ ਸਾਹਿਬ ਵੱਲ ਤੁਰ ਪਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਦਾਚਾਰਕ ਅਤੇ ਇਮਾਨਦਾਰ ਜ਼ਿੰਦਗੀ ਗੁਜ਼ਾਰਨ ਦੀ ਤਾਕੀਦ ਕੀਤੀ। ਇਹ ਇਤਿਹਾਸਕ ਗੁਰ-ਦੁਆਰਾ ਉਨ੍ਹੀਵੀਂ ਸਦੀ ਵਿੱਚ ਬਣਿਆ ਅਤੇ ਬਾਅਦ ਵਿੱਚ ਪਟਿਆਲਾ ਦੇ ਰਾਜੇ ਮਹਾਰਾਜਿਆਂ ਦੀ ਹਦੂਦ ਅੰਦਰ ਆਉਣ ਕਾਰਨ, ਇਸ ਦੇ ਚੰਗੀ ਤਰ੍ਹਾਂ ਪ੍ਰਬੰਧ ਕੀਤੇ ਗਏ। ਗੁਰਦੁਆਰੇ ਨਾਲ 12 ਏਕੜ ਜ਼ਮੀਨ ਹੈ ਅਤੇ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਾਂ ਗੁਰ-ਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਆਉਂਦਾ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਇਥੋਂ ਦਾ ਪ੍ਰਬੰਧ ਨਾਮਜ਼ਦ ਕਮੇਟੀ ਰਾਹੀਂ ਕੀਤਾ ਜਾਂਦਾ ਹੈ।

**ਪੁਸਤਕ ਸੂਚੀ:–**

1. ਠਾਕਰ ਸਿੰਘ, ਗਿਆਨੀ– ਸ੍ਰੀ ਗੁਰ-ਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਹਰਬੰਸ ਸਿੰਘ– ਗੁਰੂ ਤੇਗ ਬਹਾਦਰ, ਦਿੱਲੀ, 1982
3. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
4. ਹਰਬੰਸ ਸਿੰਘ (ਐਡੀਟਰ-ਇਨ-ਚੀਫ)– ਇਨਸਾਈਕਲੋਪੀਡੀਆ ਆਫ ਸਿੱਖਿਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਅਸਾਮ



ਮਾਨਸਾ ਜਿਲ੍ਹੇ ਵਿਚ
ਗੁਰੂ ਤੇਗ ਬਹਾਦਰ
ਗੁਰਦੁਆਰਾ ਸਾਹਿਬ

ਬੰਗਲੌਰ ਦੇ ਉੱਤਰ ਪੂਰਬ ਵੱਲ ਅਤੇ ਹਿਮਾਲਿਆ ਦੇ ਦੱਖਣ ਵੱਲ ਦੇਸ਼, ਜਿਸ ਵਿੱਚ ਬਹੁਤ ਸਾਰੇ ਜੰਗਲ ਅਤੇ ਨਦੀ-ਨਾਲਿਆਂ ਦੀ ਬਹੁਤਾਤ ਹੈ। ਇਸ ਦਾ ਪੁਰਾਣਾ ਨਾਂ ਕਾਮ ਰੂਪ ਹੈ। ਇਸ ਦੇਸ਼ ਵਿੱਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਮੁਬਾਰਕ ਕਦਮ ਪਏ ਹਨ।

**ਪੁਸਤਕ ਸੂਚੀ:–**

(1) ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਆਕੜ

ਪੰਜਾਬ ਦੇ ਜ਼ਿਲ੍ਹਾ ਪਟਿਆਲਾ ਅੰਦਰ ਤਹਿਸੀਲ ਰਾਜਪੁਰਾ ਦਾ ਇਕ ਪਿੰਡ ਆਕੜ ਹੈ। ਇਹ ਪਿੰਡ ਸਰਹਿੰਦ-ਰਾਜਪੁਰਾ ਸੜਕ ਤੋਂ 5 ਕਿਲੋਮੀਟਰ ਦੂਰ ਹੈ। ਇਥੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਸੰਬੰਧਿਤ ਗੁਰਦੁਆਰਾ ਨਿੰਮ ਸਾਹਿਬ ਹੈ। ਗੁਰੂ ਸਾਹਿਬ ਆਪਣੀ ਮਾਲਵਾ ਫੇਰੀ ਸਮੇਂ ਆ ਕੇ ਨਿੰਮ ਦੇ ਬ੍ਰਿਛ ਹੇਠ ਬੈਠੇ ਸਨ ਜੋ ਅਜੇ ਤੱਕ ਮੌਜੂਦ ਹੈ। ਇਸ ਨਿੰਮ ਦੇ ਦਰਖ਼ਤ ਦੀ ਉਹ ਟਹਿਣੀ ਜੋ ਗੁਰਦੁਆਰੇ ਉਪਰ ਜਾਂਦੀ ਹੈ, ਉਸ ਦੇ ਪੱਤੇ ਸੁਆਦ-ਰਹਿਤ ਹਨ, ਜਦੋਂ ਕਿ ਬਾਕੀ ਸਾਰੇ ਦਰਖ਼ਤ ਦੇ ਪੱਤੇ ਆਪਣੇ ਕੁਦਰਤੀ ਕੌੜੇ ਸੁਆਦ ਵਾਲੇ ਹਨ। ਇਹ ਸਾਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਦਭੁੱਤ ਘਟਨਾ ਹੀ ਜਾਪਦੀ ਹੈ, ਜਦੋਂ ਗੁਰੂ ਸਾਹਿਬ ਨੇ ਉਸ ਦਰਖ਼ਤ ਦੀ ਇਕ ਟਾਹਣੀ ਤੋੜ ਕੇ ਆਪਣੇ ਦੰਦਾਂ ਨਾਲ ਦਾਤਨ ਵਜੋਂ ਇਸਤੇਮਾਲ ਕੀਤੀ ਸੀ। ਮੰਜੀ ਸਾਹਿਬ ਦੇ ਇਕ ਕਮਰੇ ਬਦਲੇ 1924 ਵਿੱਚ ਗੁਰਦੁਆਰਾ ਸਾਹਿਬ ਤਾਮੀਰ ਕੀਤਾ ਗਿਆ ਸੀ। ਅਜੋਕੀ ਇਮਾਰਤ 1972 ਵਿੱਚ ਪੂਰੀ ਹੋਈ ਸੀ, ਜਿਸ ਵਿੱਚ ਵੱਡਾ ਹਾਲ, ਸਾਹਮਣੇ ਵਰਾਂਡਾ ਵਿਖਾਈ ਦੇਂਦਾ ਹੈ। ਪ੍ਰਕਾਸ਼ ਅਸਥਾਨ, ਅਸਲ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜੋ ਹਾਲ ਦੇ ਕੇਂਦਰ ਵਿੱਚ ਹੈ। ਪਹਿਲੀ ਮੰਜ਼ਲ 'ਤੇ ਗੁੰਬਦ ਨਜ਼ਰੀਂ ਪੈਂਦੇ ਹਨ। ਇਸ ਗੁਰ-ਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ ਜੋ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ ਅਤੇ ਇਹ ਗੁਰਦੁਆਰਾ ਨੋਟੀਫਾਈਡ ਹੈ। ਇਸ ਗੁਰ-ਦੁਆਰੇ ਨਾਲ ਪਹਿਲਾਂ ਤਕਰੀਬਨ 18 ਏਕੜ ਜ਼ਮੀਨ ਲੱਗੀ ਹੋਈ ਸੀ।

**ਪੁਸਤਕ ਸੂਚੀ:–**

1. ਠਾਕਰ ਸਿੰਘ, ਗਿਆਨੀ– ਸ੍ਰੀ ਗੁਰ-ਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਹਰਬੰਸ ਸਿੰਘ (ਚੀਫ ਸੰਪਾਦਕ)– ਇਨਸਾਈਕਲੋਪੀਡੀਆ ਆਫ ਸਿੱਖਿਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਅਲੂਣੀ

ਇਹ ਅਲੂਣੀ ਪਿੰਡ ਲੁਧਿਆਣਾ ਜਿਲ੍ਹੇ ਦੇ ਪਾਇਲ ਤੋਂ 3 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ, ਜਿਨ੍ਹਾਂ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਬਣਿਆ ਹੋਇਆ ਹੈ।

## ਅਲਮੋੜਾ (ਅਲਮੋਰਾ)

ਅਲਮੋੜਾ ਨਗਰ, ਉੱਤਰ ਪ੍ਰਦੇਸ਼ ਪ੍ਰਾਂਤ ਵਿੱਚ ਹੈ। ਇਸ ਨਗਰ ਗੁਰੂ ਨਾਨਕ ਸਾਹਿਬ ਦੇ ਪਵਿੱਤਰ ਕਦਮ ਪਏ ਹਨ। ਅਲਮੋੜਾ ਦੇ ਰਾਜੇ ਨੇ ਗੁਰੂ ਸਾਹਿਬ ਦੇ ਸਮੇਂ ਹੀ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ।

**ਪੁਸਤਕ ਸੂਚੀ:–**

ਕਾਨ੍ਹ ਸਿਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅਲਾਹਾਬਾਦ

ਅਲਾਹਾਬਾਦ, ਉੱਤਰ ਪ੍ਰਦੇਸ਼ ਦਾ ਮੁੱਖ ਨਗਰ ਹੈ, ਜਿਥੇ ਦਰਿਆ ਗੰਗਾ ਅਤੇ ਯਮੁਨਾ ਆਪਸ ਵਿੱਚ ਮਿਲਦੇ ਹਨ। ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਸਮੇਂ ਜੋ ਪੂਰਬ ਵੱਲ ਸੀ, ਸੋਲ੍ਹਵੀਂ ਸਦੀ ਦੇ ਪਹਿਲੇ ਵਰ੍ਹਿਆਂ ਵਿੱਚ ਆਏ ਸਨ। ਅਲਾ-ਹਾਬਾਦ ਦਾ ਅਕਸ਼ਾਂਸ਼ 250–28 ਅਤੇ ਰੇਖਾਸ਼ ਦੇਸ਼ਾਤਰ 810–50 ਹੈ।

ਗੁਰੂ ਤੇਗ ਬਹਾਦਰ ਸਾਹਿਬ 1666 ਨੂੰ ਇਸ ਨਗਰ ਆਏ ਸਨ ਅਤੇ ਆਪਣੇ ਇਕ ਸ਼ਰਧਾਲੂ ਦੇ ਘਰ ਮੁਹੱਲਾ ਆਇਆਪੁਰ ਠਹਿਰੇ ਸਨ। ਗੁਰਦੁਆਰਾ ਤਪ ਅਸਥਾਨ (ਪੱਕੀ ਸੰਗਤ) ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਗੁਰੂ ਸਾਹਿਬ ਦੀ ਯਾਦ ਵਿੱਚ ਕਾਇਮ ਹੈ। ਇਹ ਥਾਂ ਸਿੱਖ ਸੰਗਤਾਂ ਦੀ ਕੇਂਦਰੀ ਜੋੜ-ਮੇਲੇ ਵਾਲੀ ਥਾਂ ਬਣ ਗਈ, ਜਿਸ ਲਈ ਇਸ ਦਾ ਨਾਂ ਪੱਕੀ ਸੰਗਤ ਪੈ ਗਿਆ। ਬਾਅਦ ਵਿੱਚ ਇਸ ਦੀ ਦੇਖਭਾਲ ਅਤੇ ਪ੍ਰਬੰਧ ਨਿਰਮਲੇ ਗਿਆਨੀ ਕਰਨ ਲੱਗੇ ਜੋ ਅਜੇ ਤੱਕ ਇਸ ਦਾ ਪ੍ਰਬੰਧ ਕਰਦੇ ਹਨ। ਮਹੰਤ ਪ੍ਰੀਤਮ ਸਿੰਘ (ਦੇਹਾਂਤ 1972) ਨੇ 1965 ਵਿੱਚ ਇਸ ਗੁਰਦੁਆਰਾ ਇਮਾਰਤ ਨੂੰ ਦੁਬਾਰਾ ਬਣਾਇਆ ਸੀ। ਇਹ ਗੁਰਦੁਆਰਾ ਸਾਹਿਬ ਦੋ ਮੰਜ਼ਲਾ, ਗੁੰਬਦਦਾਰ ਹੈ ਅਤੇ ਇਸ ਵਿੱਚ ਇਕ ਵੱਡਾ ਦੀਵਾਨ ਹਾਲ ਹੈ, ਜਿਥੇ ਸੰਗਮਰਮਰ ਦੀ ਪਾਲਕੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਕ ਪਾਸੇ ਕਮਰੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਵੱਡ-ਅਕਾਰੀ ਤਸਵੀਰ ਰੱਖੀ ਹੋਈ ਹੈ। ਇਹ ਉਹ ਕਮਰਾ ਹੈ, ਜਿਥੇ ਗੁਰੂ ਸਾਹਿਬ ਦੀ ਯਾਤਰਾ ਸਮੇਂ ਬੈੱਡ-ਰੂਮ ਹੁੰਦਾ ਸੀ। ਕਈ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਸ ਨਗਰ ਆਉਣ ਬਾਰੇ ਵੀ ਲਿਖਿਆ ਹੈ।

**ਪੁਸਤਕ ਸੂਚੀ:–**

1. ਠਾਕਰ ਸਿੰਘ, ਗਿਆਨੀ–ਸ੍ਰੀ ਗੁਰ-ਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਹਰਬੰਸ ਸਿੰਘ (ਸੰ:)– ਦੀ ਇਨਸਾਈਕਲੋਪੀਡੀਆ ਆਫ ਸਿੱਖਿਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਆਗਰਾ

ਆਗਰਾ ਦਾ ਅਕਸ਼ਾਂਸ਼ 270–10 ਹੈ ਅਤੇ ਰੇਖਾਸ਼ ਦੇਸ਼ਾਤਰ 780 ਹੈ। ਸਿਕੰਦਰ ਲੋਧੀ ਨੇ ਪਹਿਲਾਂ ਇਸ ਨੂੰ ਰਾਜਧਾਨੀ ਬਣਾਇਆ ਅਤੇ ਬਾਅਦ ਵਿੱਚ ਜਮਨਾ ਦੇ ਕੰਢੇ ਕਿਲ੍ਹਾ ਬਦਲਗੜ੍ਹ ਤਾਮੀਰ ਕੀਤਾ। ਉਸੇ ਥਾਂ ਬਾਅਦ ਵਿੱਚ ਅਕਬਰ ਬਾਦਸ਼ਾਹ ਨੇ ਲਾਲ ਪੱਥਰਾਂ ਦਾ ਵੱਡਾ ਖ਼ੂਬਸੂਰਤ ਅਤੇ ਪੱਕਾ ਕਿਲ੍ਹਾ ਬਣਾਇਆ। ਇਸ ਕਿਲ੍ਹੇ 'ਤੇ ਉਸ ਸਮੇਂ 36 ਲੱਖ ਰੁਪਏ ਖਰਚ ਆਏ ਸਨ। ਅਕਬਰ ਨੇ ਇਸ ਸ਼ਹਿਰ ਨੂੰ ਹੋਰ ਖ਼ੂਬਸੂਰਤ ਬਣਾ ਕੇ ਇਸ ਦਾ ਨਾਂ ਅਕਬਰਾਬਾਦ ਰੱਖਿਆ ਸੀ ਪਰ ਆਗਰਾ ਨਾਂ ਹੀ ਪ੍ਰਸਿੱਧ ਹੋ ਗਿਆ। ਹੁਣ ਤਾਜ ਮਹਿਲ ਹੋਣ ਕਾਰਨ ਇਹ ਸੰਸਾਰ ਵਿੱਚ ਪ੍ਰਸਿੱਧ ਹੈ।

ਆਗਰਾ ਸਿੱਖ ਸੰਗਤਾਂ ਦਾ ਕੇਂਦਰ ਉਦੋਂ ਬਣਿਆ ਜਦੋਂ ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਸਮੇਂ ਇਥੇ ਆਏ ਸਨ। ਬਾਅਦ ਵਿੱਚ ਗੁਰੂ ਰਾਮਦਾਸ ਸਾਹਿਬ (ਜਦੋਂ ਜੁਆਨੀ ਵਿੱਚ ਭਾਈ ਜੇਠਾ ਜੀ ਸਨ) ਆਗਰੇ ਵਿੱਚ ਆਏ ਸਨ। ਗੁਰੂ ਤੇਗ ਬਹਾਦਰ ਸਾਹਿਬ ਵੀ ਇਸ ਸ਼ਹਿਰ ਵਿੱਚੋਂ ਗੁਜ਼ਰੇ ਸਨ ਜਦੋਂ ਆਪ ਜੀ ਦਿੱਲੀ ਤੋਂ ਪਟਨਾ (1665–66) ਅਤੇ ਅਸਾਮ ਵੱਲ 1670 ਵਿੱਚ ਗਏ ਸਨ। ਅਸਾਮ ਵੱਲ ਜਾਣ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਕੈਦ ਕਰਕੇ ਕੁਝ ਦਿਨ ਕੈਦਖਾਨੇ ਵਿੱਚ ਰੱਖਿਆ ਗਿਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਜੁਲਾਈ 23, 1707 ਵਿੱਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਆਗਰੇ ਵਿੱਚ ਮੁਲਾਕਾਤ ਕੀਤੀ ਸੀ। ਇਥੇ ਇਤਿਹਾਸਕ ਗੁਰਦੁਆਰਾ ਮਾਈ ਥਾਨ ਸਾਹਿਬ ਹੈ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਰਿਸ਼ਤਿਆਂ ਦੀ ਅਹਿਮੀਅਤ ਸਮਝੋ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਖੋਖਲੇ ਹੋ ਚੁੱਕੇ ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਸਮਝੋ, ਕਰੋ ਅਤੇ ਰੱਖੋ। ਪੰਜਾਬੀਆਂ ਦਾ ਖਾਸ ਪਹਿਲੂ ਇਹ ਰਿਹਾ ਹੈ ਕਿ ਪੰਜਾਬੀ ਹਮੇਸ਼ਾ ਰਿਸ਼ਤਿਆਂ ਦੀ ਅਹਿਮੀਅਤ ਨੂੰ ਬਣਾਈ ਰੱਖਣ ਵਿੱਚ ਹੀ ਜੀਉਂਦਾ ਮਰਦਾਂ ਰਿਹਾ ਹੈ। ਇਸ ਪ੍ਰਤੀ ਤਰ੍ਹਾਂ ਤਰ੍ਹਾਂ ਦੇ ਸੱਭਿਆਚਾਰ ਵੀ ਕਿਤਾਬਾਂ ਵਿੱਚ ਲਿਖੇ ਗਏ ਹਨ। ਰਿਸ਼ਤਿਆਂ ਨਾਲ ਸੰਬੰਧਿਤ ਲੋਕ ਗੀਤਾਂ ਵਿੱਚ ਵੀ ਰਿਸ਼ਤਿਆਂ ਦੀ ਅਹਿਮੀਅਤ ਮਿਲਦੀ ਹੈ। ਸੁਰਿੰਦਰ ਕੌਰ ਨੇ ਪੁੱਖਤਾ ਕੀਤਾ ਹੈ, "ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਲਈ" ਪੰਜਾਬੀ ਸਮਾਜ ਵਿੱਚ ਰਿਸ਼ਤੇ ਜਿਉਂਦੇ -ਜਾਗਦੇ, ਬੋਲਦੇ- ਸੁਣਦੇ, ਹੱਸਦੇ- ਖੇਡਦੇ, ਰੋਂਦੇ ਜੰਮਦੇ ਅਤੇ ਲੜਦੇ-ਝਗੜਦੇ ਹੁੰਦੇ ਹਨ। ਅਹਿਮੀਅਤ ਸਭ ਵਿੱਚ ਜ਼ਰੂਰੀ ਹੁੰਦੀ ਹੈ। ਹਰ ਰਿਸ਼ਤੇ ਦਾ ਮਨੋ ਵਿਗਿਆਨਿਕ ਵਿਸ਼ਲੇਸ਼ਣ ਕਰਨਾ ਵੀ ਜ਼ਰੂਰੀ ਹੈ। ਰਿਸ਼ਤਾ ਨਾਤਾ ਪ੍ਰਬੰਧ ਸੰਕਲਪ ਵਿੱਚ ਮਾਨਵੀ ਵਿਗਿਆਨ ਨੇ ਇਸ ਨੂੰ ਮਨੁੱਖ ਦੀ ਸਮਾਜਿਕ ਹੋਂਦ ਵਿੱਚ ਉਸਦੇ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਪ੍ਰਗਟਾਉਣ ਵਾਲਾ ਮੰਨਿਆ ਹੈ। ਇਹ ਰਿਸ਼ਤੇ ਪ੍ਰਕਿਰਤਕ ਜੀਵ ਵਿਗਿਆਨਕ ਅਤੇ ਸਭਿਆਚਾਰ ਦੇ ਆਧਾਰ ਤੇ ਬਣਾਏ ਗਏ ਹਨ। ਕੁੱਲ ਮਿਲਾ ਕੇ ਰਿਸ਼ਤੇ ਜਿਹੋ ਜਿਹੇ ਮਰਜ਼ੀ ਹੋਣ ਸਮਾਜ ਇਹਨਾਂ ਦੀ ਅਹਿਮੀਅਤ ਜ਼ਰੂਰੀ ਹੋਣੀ ਚਾਹੀਦੀ ਹੈ ਤਾਂ ਹੀ ਆਪਣੀ ਹੋਂਦ ਸੁਖਾਲੀ ਹੋਵੇਗੀ।

ਵਣ ਮਾਨਸ਼, ਅਤੇ ਬਾਂਦਰ ਤੋਂ ਲਮਾਰਕ ਦੇ ਸਿਧਾਂਤ ਅਨੁਸਾਰ ਬੰਦਾ ਬਣਿਆ ਸੀ। ਬੰਦਾ ਸਮਾਜ ਸਥਾਪਿਤ ਕਰਨ ਵਿੱਚ ਕਾਮਯਾਬ ਰਿਹਾ। ਇਸ ਦੇ ਨਾਲ ਹੀ ਰਿਸ਼ਤਾ ਨਾਤਾ ਪ੍ਰਨਾਲੀ ਵੀ ਉਜਾਗਰ ਕਰ ਸਕਿਆ। ਸਭ ਕਾਸੇ ਪਿੱਛੇ ਰਿਸ਼ਤਿਆਂ ਦੀ ਅਹਿਮੀਅਤ ਸੀ। ਇਸ ਲਈ ਅੱਜ ਦਾ ਮਨੁੱਖ ਕਈ ਪੈਂਡੇ ਤੈਅ ਕਰਕੇ ਅੱਜ ਦੀ ਸਥਿਤੀ ਚ ਪਹੁੰਚਿਆ ਹੈ । ਅੱਜ ਦੇ ਆਦਮੀ ਅਤੇ ਸਮਾਜ ਦੀ ਰਿਸ਼ਤਾ ਪ੍ਰਨਾਲੀ ਇਸ ਨੂੰ ਹੋਰ ਵੀ ਸਭਿਅਤਾ ਬਣਾਉਂਦੀ ਹੈ। ਸਾਡੀ ਰੂਹੇ-ਰਵਾਂ-ਰਿਸ਼ਤਾ ਪ੍ਰਨਾਲੀ ਵਿੱਚ ਸੱਭਿਅਤਾ ਤੇ ਸਭਿਆਚਾਰਕ ਲੋਕ ਹੁੰਦੇ ਹਨ। ਰਿਸ਼ਤੇ ਲਹੂ ਵਾਲੇ ਅਤੇ ਬਿਨਾਂ ਲਹੂ ਦੇ ਵੀ ਹੁੰਦੇ ਹਨ। ਰਿਸ਼ਤਾ ਨਾਤਾ ਪ੍ਰਨਾਲੀ ਦਾ ਮਹੱਤਵਪੂਰਨ ਪਹਿਲੂ ਇਹ ਹੈ, ਕਿ ਇਹਨਾਂ ਵਿਚ ਹਰ ਸਕੇ ਸਬੰਧੀ ਦਾ ਨਿਵੇਕਲਾ ਪਿਆਰ ਅਤੇ ਸਤਿਕਾਰ ਵੱਖ ਵੱਖ ਨਿਸ਼ਚਿਤ ਬੋਧਕ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ ਲਿੰਗ ਅਤੇ ਇਸਦੀ ਲਿੰਗ ਅਤੇ ਇਸਤਰੀ ਲਿੰਗ ਆਧਾਰਤ ਰਿਸ਼ਤੇ ਸਮਾਜ ਚ ਵੱਖ ਵੱਖ ਪ੍ਰਭਾਵ ਪਾਉਂਦੇ ਹਨ ਇਹਨਾਂ ਦੀ ਦਾਸਤਾਨ ਵਿੱਚ ਕਈ ਵਾਰ ਲਹੂ ਵਾਲੇ ਰਿਸ਼ਤੇ ਤੇ ਬਿਨਾਂ ਲਹੂ ਦੇ ਰਿਸ਼ਤੇ ਮਿਲਦੇ ਹਨ।

ਰਿਸ਼ਤਾ ਨਾਤਾ ਪ੍ਰਨਾਲੀ ਦੀ ਅਹਿਮੀਅਤ ਤੋਂ ਬਿਨਾਂ ਨਿਰਜੀਵ ਹੀ ਹੋ ਜਾਂਦੀ ਹੈ। ਰਿਸ਼ਤੇ, ਸਮਾਜ ਅਤੇ ਅਹਿਮੀਅਤ ਦੀ ਹਮੇਸ਼ਾ ਹੀ ਜਿਸਮ ਰੂਹ ਵਰਗੀ ਸੁਮੇਲਤਾ ਰਹੀ ਹੈ। ਨੁਕਰੇ ਲੱਗੇ ਬਜ਼ੁਰਗਾਂ ਨੂੰ ਤੜਫਦੇ ਨੂੰ ਜੇ ਕੋਈ ਵੀ ਨਹੀਂ ਪੁੱਛਦਾ ਤਾਂ ਉਥੇ



ਰਿਸ਼ਤੇ ਦੀ ਕਸੌਟੀ ਤੇ ਅਹਮੀਅਤ ਦਰਕਿਨਾਰ ਹੋ ਜਾਂਦੀ ਹੈ। ਹਰ ਰਿਸ਼ਤੇ ਦੀ ਰਿਸ਼ਤੇ ਪੱਖੋਂ ਅਤੇ ਸੱਭਿਅਤਾ ਪੱਖੋਂ ਵੱਧ ਤੋਂ ਵੱਧ ਅਹਿਮੀਅਤ ਹੁੰਦੀ ਹੈ। ਹੁਣ ਦੇ ਸਮੇਂ ਦੇਖਿਆ ਗਿਆ ਹੈ ਕਿ ਸਭਿਅਤਾ ਪੱਖ ਨਾਲੋਂ ਰਿਸ਼ਤੇ ਦੇ ਪੱਖ, ਰਿਸ਼ਤੇ ਦੇ ਪੱਖ ਨਾਲੋਂ ਸੱਭਿਆਚਾਰਕ ਪੱਖ, ਸਭਿਆਚਾਰਕ ਪੱਖ ਨਾਲੋਂ ਲਾਲਚ ਪ੍ਰਸਤੀ ਹੁੰਦੀ ਹੈ। ਸੱਭਿਅਤਾ ਰਿਸ਼ਤਾ ਅਹਿਮੀਅਤ ਇੱਕਾ ਦੁੱਕਾ ਹੀ ਰਹਿ ਗਈ ਹੈ। ਸਮਾਜ ਵਿੱਚ ਰਹਿੰਦਿਆਂ ਸਭ ਇੱਛਾਵਾਂ ਸਹੀ ਹਨ। ਪਰ ਕਿਸੇ ਰਿਸ਼ਤੇ ਨੂੰ ਦੁਖੀ ਕਰਕੇ ਨਾ ਹੀ ਹੋਣ ਤਾਂ ਚੰਗਾ ਹੁੰਦਾ ਹੈ। ਰਿਸ਼ਤਿਆਂ ਦੀ ਅਹਿਮੀਅਤ ਜੀਵਨ ਲਈ ਹੁੰਦੀ ਹੈ। ਲਾਲਚ ਅਤੇ ਦਿਖਾਵੇ ਦੇ ਲਈ ਨਹੀਂ ਹੁੰਦੀ। ਘਰ ਚਲਾਉਣ ਅਤੇ ਰਿਸ਼ਤੇ ਨਿਭਾਉਣ ਲਈ ਸਹੀ ਸੰਸਕਾਰ ਸੱਭਿਅਤਾ ਦੀ ਲੋੜ ਹੁੰਦੀ ਹੈ। ਕਿਸੇ ਕਾਨੂੰਨ ਦੀ ਲੋੜ ਨਹੀਂ ਹੁੰਦੀ। ਰਿਸ਼ਤਾ ਵੱਡਮੁੱਲੀ ਦਾਤ ਹੈ, ਜੋ ਸਮਾਜ ਸਾਨੂੰ ਦਿੰਦਾ ਹੈ ਪਰ ਜੋ ਇਸਨੂੰ ਅਹਿਮੀਅਤ ਸਮਝ ਕੇ ਵਿਸ਼ਵਾਸ ਕਰਦਾ ਹੈ ਉਹ ਇਸ ਤੋਂ ਵੀ ਵਡਮੁੱਲਾ ਹੈ। ਬਦ-ਇੰਤਜਾਮੀ ਹੈ ਕਿ ਸਭਿਅਤਾ ਅਤੇ ਸਮਾਜੀਕਰਨ ਤੋਂ ਬਿਨਾਂ ਰਿਸ਼ਤੇ ਨਿਭਾਉਣ ਦੀ ਦਸ਼ਾ ਨਾਲ ਰਿਸ਼ਤਾ ਨਾਤੇ ਦੀ ਅਹਿਮੀਅਤ ਦਰਕਿਨਾਰ ਹੁੰਦੀ ਹੈ। ਪੰਜਾਬੀ ਸਮਾਜ ਵਿੱਚ ਇਹ ਸਮਾਜਿਕ ਕਲੰਕ ਹੈ।

ਰਿਸ਼ਤੇ ਸਮਾਜਿਕ, ਸਭਿਆਚਾਰਕ, ਆਰਥਿਕ ਵਿਦਿਅਕ ਵਗੈਰਾ ਵਗੈਰਾ ਹੁੰਦੇ ਹਨ। ਸਭ ਤੋਂ ਉੱਤਮ ਜੀਵ ਵਿਗਿਆਨਕ ਖੂਨ ਦੇ ਰਿਸ਼ਤੇ ਹੋਣ ਕਰਕੇ ਇਹਨਾਂ ਦੀ ਅਹਿਮੀਅਤ ਵੱਧ ਹੁੰਦੀ ਹੈ। ਇੱਕ ਹੋਰ ਰਿਸ਼ਤੇ ਕਿਤਾਬ ਦਾ ਪੰਨਾ ਹਨ ਉਹ ਇਹ ਹਨ ਜੋ ਜੀਵਨ ਨੂੰ ਪਹਿਲੀ ਕਿਲਕਾਰੀ ਹੋਣ ਤੋਂ ਕਬਰ ਤੱਕ ਲੈ ਕੇ ਜਾਂਦਾ ਸੀ। ਦਾਈ, ਨਾਈ, ਭਾਈ, ਦਾਈ ਜਨਮ ਸਮੇਂ ਨਾਈ ਵਿਆਹ ਸਮੇਂ ਅਤੇ ਭਾਈ ਮਰਨ ਵੇਲੇ ਨਾਲ ਖੜ੍ਹਦੇ ਸਨ। ਹੁਣ ਇਹ ਰਿਵਾਜ਼ ਘੱਟ ਗਿਆ ਹੈ। ਇਹਨਾਂ ਸੱਭਿਆਚਾਰਕ ਅਤੇ ਸਮਾਜ ਬਦਲ ਦੇ ਰਹਿਣ ਵਾਲਾ ਵਿਸ਼ਾਲ ਵਰਤਾਰਾ ਹੈ ਪਰ ਇਸ ਦੀ ਸੀਮਾ ਨਿਸ਼ਚਿਤ ਨਹੀਂ ਹੋ ਸਕਦੀ ਜਦੋਂ ਕਿ ਇਸ ਰਿਸ਼ਤੇ-ਨਾਤੇ ਪ੍ਰਨਾਲੀ ਦੀ ਸੀਮਾਂ ਨਿਰਧਾਰਤ ਹੈ। ਹਾਂ, ਇੱਕ ਗੱਲ ਹੋਰ ਵੀ ਹੈ ਰਿਸ਼ਤੇ-ਨਾਤੇ ਨੂੰ ਅਹਿਮੀਅਤ ਪੱਖੋਂ ਸਮੇਂ ਦਾ ਹਾਣੀ ਤਾਂ ਬਣਾਇਆ ਜਾ ਸਕਦਾ ਹੈ ਪਰ ਅਣਦੇਖੀ ਨਹੀਂ ਕੀਤੀ ਜਾ ਸਕਦੀ। ਸਮਾਜ ਵਿੱਚ ਮਚੀ ਪਦਾਰਥਵਾਦ ਦੀ ਆਪੋ-ਧਾਪੀ ਨੇ ਅੱਜ ਦੇ ਰਿਸ਼ਤੇ ਨਿਖੇੜ ਕੇ ਰੱਖ ਦਿੱਤੇ ਹਨ। ਘਰਾਂ ਵਿੱਚ ਉਹ ਪਿਆਰ ਨਹੀਂ ਰਿਹਾ ਜੋ ਸਾਂਝੇ ਪਰਿਵਾਰਾਂ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਲਈ ਹੁੰਦਾ ਸੀ। ਹੁਣ ਤਾਂ ਸਾਂਝੇ ਪਰਿਵਾਰ ਨਹੀਂ ਰਹੇ ਇਸ ਨੇ ਰਿਸ਼ਤੇ ਦੀ ਅਹਿਮੀਅਤ ਨੂੰ ਸੱਟ ਮਾਰੀ ਹੈ। ਇੱਕ ਹੋਰ ਗੱਲ ਵੀ ਹੈ ਪੈਸੇ ਨਾਲ ਪਿਆਰ, ਸਕੂਨ ਅਤੇ ਰਿਸ਼ਤਾ ਨਹੀਂ ਖਰੀਦਿਆ ਜਾ ਸਕਦਾ, ਇਹ ਅੰਦਰੋਂ ਉਪਜੇ ਬਲਬਲੇ ਹੁੰਦੇ ਹਨ। ਅਜੋਕੇ ਦੌਰ ਵਿੱਚ ਰੱਖੜੀਆਂ ਅਤੇ ਕਿੱਕਲੀਆਂ ਵੀ ਰਿਸ਼ਤੇ ਦੀ ਅਹਿਮੀਅਤ ਨਹੀਂ ਸਮਝਦੀਆਂ। ਬਲਕਿ ਰਿਸ਼ਤੇ ਨਾਤਿਆਂ ਵਿੱਚ ਪਿਆਰ ਭਾਵਨਾ ਨਹੀਂ ਰਹੀ ਅਤੇ ਰਿਸ਼ਤੇ ਦੀ ਅਹਿਮੀਅਤ ਵਾਲੀ ਪਹੁੰਚ ਨੂੰ ਘਸਮੰਡਿਆ ਜਾ ਚੁੱਕਾ ਹੈ।

ਪੰਜਾਬ ਅਤੇ ਪੰਜਾਬੀ ਭਾਸ਼ਾ ਵਿੱਚ ਰਿਸ਼ਤੇ ਦੀ ਅਹਿਮੀਅਤ ਅਤੇ ਸਤਿਕਾਰ ਬਹੁਤ ਵੱਧ ਹੁੰਦਾ ਸੀ। ਇਸ ਦਾ ਪਹਿਲਾ ਦੁਸ਼ਮਣ ਅੱਜ ਦੇ ਸਮੇਂ ਸੋਸ਼ਲ ਮੀਡੀਆ ਹੈ। ਦੂਰ ਵਾਲੇ ਨੇੜੇ ਅਤੇ ਨੇੜੇ ਵਾਲੇ ਦੂਰ ਹੋ ਗਏ ਹਨ। ਰਿਸ਼ਤੇਦਾਰੀਆਂ 'ਚ ਜਾਵਾਂਗੇ ਮੋਬਾਈਲ ਫੋਨ ਖੋਲ ਕੇ ਵੇਖੀ ਜਾਵਾਂਗੇ। ਇਸਦਾ ਪ੍ਰਭਾਵ ਬਹੁਤ ਹੀ ਬੁਰਾ ਪੈਂਦਾ ਹੈ। ਦੇਸੀ ਟੱਟੂ ਖੁਰਾਸਾਨੀ ਦੁਲੱਤੇ ਵਾਲਿਆਂ ਨੇ ਵੀ ਭਾਸ਼ਾ ਨਾਲ ਰਿਸ਼ਤਿਆਂ ਦਾ ਨਾਸ ਮਾਰਿਆ ਪਿਆ ਹੈ। ਦਾਦੇ, ਚਾਚੇ, ਤਾਏ, ਮਾਮੇ, ਫੁੱਫੜ ਆਦਿ ਗੁਆਚੇ ਜਾ ਰਹੇ ਹਨ। ਜ਼ਬਾਨ ਰਾਹੀਂ ਰਿਸ਼ਤਾ ਹੀ ਨਾ ਸਾਂਭੋ,ਅਹਿਮੀਅਤ ਪਹਿਲਾਂ ਜ਼ਰੂਰੀ ਹੈ। ਇਸ ਤੋਂ ਸਪੱਸ਼ਟ ਹੈ ਕਿ ਜਦੋਂ ਰਿਸ਼ਤੇ ਦੀ ਕਿਸਮ ਦਾ ਹੀ ਪਤਾ ਨਹੀਂ ਹੈ ਤਾਂ ਅਹਿਮੀਅਤ ਅਤੇ ਸਤਿਕਾਰ ਕਿਸ ਤਰ੍ਹਾਂ ਮਿਲੂ। ਹੋਰ ਵੀ ਸਪੱਸ਼ਟ ਹੈ ਕਿ ਪੱਛਮੀਕਰਨ ਵਿੱਚ ਰਿਸ਼ਤੇਦਾਰ ਵੀ ਭਾਰੂ ਨਹੀਂ ਹਨ। ਪੰਜਾਬੀ ਚ ਚਾਚਾ, ਤਾਇਆ, ਮਾਮਾ, ਭੂਆ, ਮਾਸੀ, ਭੈਣ, ਭਣੋਈਆ ਵਗੈਰਾ ਵਗੈਰਾ। ਸਭ ਮੂੰਹੋਂ ਬੋਲਣ ਲਾਉਂਦੇ ਨੇ ਇਸ ਪ੍ਰਤੀ ਡਾਕਟਰ ਸੁਰਜੀਤ ਪਾਤਰ ਨੇ, "ਮਰ ਰਹੀ ਮੇਰੀ ਭਾਸ਼ਾ" ਕਵਿਤਾ ਵਿੱਚ ਸਿਰੇ ਤੇ ਗੰਢ ਮਾਰੀ। "ਮਰ ਰਹੀ ਹੈ ਮੇਰੀ ਭਾਸ਼ਾ, ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ-ਸ਼ਬਦ, ਮਰ ਰਹੀ ਮੇਰੀ ਭਾਸ਼ਾ ਵਾਕ ਵਾਕ, ਅੰਮੀ ਤੇ ਅੱਬਾ ਵੀ ਨਹੀਂ ਰਹੇ, ਬੀਜੀ ਤੇ ਭਾਪਾ ਜੀ ਦੀ ਤੁਰ ਗਏ, ਦਦੇਸਾਂ, ਫਫੇਸਾਂ, ਮਮੇਸਾਂ ਦੀ ਛੱਡੋ, ਕਿੰਨੇ ਰਿਸ਼ਤੇ ਆਂਟੀ ਤੇ ਅੰਕਲ ਨੇ ਕਰ ਦਿੱਤੇ ਹਾਲੋ-ਬੇਹਾਲ, ਨਾਲ ਕਰ ਰਿਹਾ ਸੀ, ਪੰਜਾਬ ਦੇ ਵਿਹੜੇ ਵਿੱਚ ਇੱਕ ਛੋਟਾ ਜਿਹਾ ਲਾਲ, "ਪਾਪਾ ਆਪਣੇ ਟ੍ਰੀ ਤੇ ਸਾਰੇ ਲੀਵਜ਼ ਕਰ ਰਹੇ ਨੇ ਫਾਲ" ਪਿਓ ਕਹਿੰਦਾ ਮੈਂ ਵੀ ਵੈਰੀ ਬਣ ਜਾਵਾਂ ਉਸ ਦਾ ਉੱਤਰ ਸੀ, "ਹਾਂ ਬੇਟਾ ਸਾਰੇ ਲੀਵਜ਼ ਕਰ ਰਹੇ ਨੇ ਫਾਲ" ਲੱਖ ਕੋਸ਼ਿਸ਼ਾਂ ਹੋਣ ਪਰ ਪੰਜਾਬੀਆਂ ਦੇ ਰਿਸ਼ਤੇ ਕਦੇ ਖਤਮ ਨਹੀਂ ਹੋਣਗੇ। ਪੰਜਾਬੀਆਂ ਵਿੱਚ ਮਾਮਾ, ਤਾਇਆ, ਚਾਚਾ, ਮਾਮੀ, ਮਾਸੀ, ਭੈਣਾਂ, ਭਣੋਈਆ ਰਹਿਣਗੇ, ਪਰ ਜਿਸ ਤਰ੍ਹਾਂ ਦੀ ਅਹਿਮੀਅਤ ਰਿਸ਼ਤਿਆਂ ਵਿੱਚ ਘੱਟਦੀ ਜਾ ਰਹੀ ਹੈ। ਇਸ ਤੋਂ ਲਗਾਤਾਰ ਗਿਰਾਵਟ ਜਾਰੀ ਰਹੇਗੀ। ਇਸ ਨਾਲ ਪੰਜਾਬੀਆਂ ਦੀ ਰੂਹ ਦੀ ਖੁਰਾਕ ਮੁੱਕੇਗੀ। ਪਰ ਇੱਕ ਮੌਕਾ ਰਿਸ਼ਤਿਆਂ ਦੀ ਅਹਿਮੀਅਤ ਨੂੰ ਬਰਕਰਾਰ ਰੱਖਣ ਲਈ ਵੀ ਗੂੰਜਦਾ ਰਹੇਗਾ, "ਵਫ਼ਾ ਦੇ ਵਾਅਦੇ, ਇਹ ਅਹਿਦ ਇਸਦੇ ਰਹੀ ਨਾ, ਸ਼ਿੱਦਤ ਤਾਂ ਫਿਰ ਕਾਹਦੇ, ਇਹ ਰੀਤਾਂ ਰਸਮਾਂ ਇਹ ਕੌਲ ਕਸਮਾਂ, ਤੂੰ ਸਿਦਤਾਂ ਦੇ ਅਧੀਨ ਰੱਖੀ" ਹਾਂ ਇੱਕ ਗੱਲ, ਹੋਰ ਵੀ ਹੈ ਅਸੀਂ ਜੇ ਰਿਸ਼ਤੇ ਦੀ ਅਹਿਮੀਅਤ ਨੂੰ ਪਾਸੇ ਕਰਕੇ ਉਸਦਾ ਸਤਿਕਾਰ ਨਹੀਂ ਕਰਦੇ ਤਾਂ ਮਨ ਤੇ ਬਹੁਤ ਬੋਝ ਜ਼ਰੂਰ ਹੀ ਬਣਿਆ ਰਹਿੰਦਾ ਹੈ। ਕਈ ਵਾਰ ਰਿਸ਼ਤੇ ਦੇ ਇਸ ਦੁਨੀਆਂ ਤੋਂ ਵਿਛੜਨ ਤੋਂ ਬਾਅਦ ਪਿਛਲਿਆਂ ਨੂੰ ਆਪਣੀ ਕਰਤੂਤਾਂ ਅਤੇ ਸਮਾਜ ਵਿੱਚ ਅੰਦਰੂਨੀ ਆਤਮਾ ਹੀ ਮਾਰ ਦਿੰਦੀ ਹੈ।

ਰਿਸ਼ਤਿਆਂ ਦੀ ਅਹਮੀਅਤ ਦਾ ਇੱਕ ਪੱਖ ਇਹ ਵੀ ਸੀ ਕਿ ਸਾਡੇ ਰਿਵਾਜ਼ ਹੈ ਕਿ ਵਿਆਹ ਤੋਂ ਇੱਕ ਦਿਨ ਪਹਿਲਾਂ ਦੋਵੇਂ ਮੁੰਡੇ ਤੇ ਕੁੜੀ ਵਾਲੇ ਜਾਗੋ ਕੱਢਦੇ ਹਨ। ਇਸਦਾ ਮਤਲਬ ਇਹ ਸੀ ਕਿ ਨਾਨਕਿਆਂ ਵਾਲਿਆਂ ਦੇ ਜਾਗਦੇ ਰਹਿਣ ਦਾ ਸੱਭਿਆਚਾਰਕ ਹੋਕਾ ਦਿੰਦੇ ਸੀ। ਇਸ ਨਾਲ ਨਾਨਕਿਆਂ ਦੀ ਅਹਿਮੀਅਤ ਬਹੁਤ ਵਾਧੀ ਸੀ। ਹੁਣ ਤਾਂ ਜਾਗੋ ਨੂੰ ਨਾਨਕਿਆਂ ਤੋਂ ਇਲਾਵਾ ਹੋਰ ਰਿਸ਼ਤੇ ਵੀ ਚੁੱਕੀ ਫਿਰਦੇ ਹਨ। ਇਸਤੋਂ ਇਲਾਵਾ ਬਿਰਧ ਆਸ਼ਰਮ ਰਿਸ਼ਤਿਆ ਨੂੰ ਖਤਮ ਸਮਝਣ ਵਿੱਚ ਕਾਫ਼ੀ ਹਨ। ਇਸ ਨਾਲ ਭਵਿੱਖ ਚ ਰਿਸ਼ਤੇ ਦੀ ਖੁਸ਼ਬੂ ਖਤਮ ਹੋ ਜਾਵੇਗੀ। ਸਾਡੇ ਸਮਾਜ ਦੀ ਅੱਜ ਇਹ ਤ੍ਰਾਸਦੀ ਹੈ ਕਿ ਅਸੀਂ ਆਪਣੇ ਰਿਸ਼ਤੇ ਭੁਲਾ ਕੇ ਇਹਨਾਂ ਦੀ ਅਹਿਮੀਅਤ ਘਸਾ ਤੇ ਘਟਾ ਦਿੱਤੀ ਹੈ। ਸਾਨੂੰ ਲੋੜ ਹੈ ਰਿਸ਼ਤਿਆਂ ਦੀ ਅਹਿਮੀਅਤ ਸਮਝ ਕੇ ਇਹਨਾਂ ਨਾਲ ਵਰਤਾਓ ਕਰਨ ਦੀ ਤਾਂ ਜੋ ਸਾਡੀਆਂ ਬਰੂਹਾਂ ਤੇ ਦੁਬਾਰੇ ਸੱਭਿਆਚਾਰ ਗੂੰਜਦਾ ਦਿਖੇ। ਰਿਸ਼ਤਿਆਂ ਦੀ ਅਹਿਮੀਅਤ ਸਮਝਣਾ ਪੰਜਾਬ ਦੀ ਰੂਹ-ਏ- ਰਵਾਂ ਰਹੀ ਹੈ। ਇਸ ਲਈ ਇਸ ਵਿਸ਼ੇ ਨੂੰ ਸਮਝਣਾ ਅਤੇ ਵਿਵਹਾਰ ਕਰਨਾ ਮਨੁੱਖਤਾ ਦੀ ਕਚਹਿਰੀ ਵਿੱਚ ਲੰਬਿਤ ਪਿਆ ਹੈ।

# ਇਕ ਰੁਪਏ ਦੇ ਧਾਗੇ ਦਾ ਕਮਾਲ

**ਨਿਰਮਲ ਸਿੰਘ ਕੰਧਾਲਵੀ**





ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਭਾਰਤ ਵਿਚ ਕੰਪਿਊਟਰ ਅਜੇ ਆਮ ਨਹੀਂ ਸੀ ਹੋਇਆ। ਮੇਰਾ ਇਕ ਦੋਸਤ, ਜਿਸ ਦੀ ਇਕ ਲੱਤ ਨੂੰ ਪੋਲੀਓ ਨੇ ਬਚਪਨ ਵਿਚ ਹੀ ਕਜ ਪਾ ਦਿਤਾ ਸੀ, ਕੰਪਿਊਟਰ ਦੀ ਪੜ੍ਹਾਈ 'ਚ ਬੜਾ ਤੇਜ਼ ਨਿਕਲਿਆ। ਪਿੰਡ ਦੇ ਲੋਕ ਗੱਲਾਂ ਕਰਦੇ ਸਨ ਕਿ ਜੇ ਇਕ ਲੱਤ ਉਹਦੀ ਮਾਰੀ ਗਈ ਸੀ ਤਾਂ ਰੱਬ ਨੇ ਪਤਾ ਨਹੀਂ ਕਿਹੜਾ ਐਸਾ ਪੁਰਜ਼ਾ ਉਹਦੇ ਦਿਮਾਗ਼ 'ਚ ਫਿੱਟ ਕਰ ਦਿਤਾ ਸੀ ਕਿ ਉਹ ਪੜ੍ਹਾਈ 'ਚ ਏਨਾ ਹੁਸ਼ਿਆਰ ਹੋ ਗਿਆ ਸੀ। ਕੰਪਿਊਟਰ ਦਾ ਕੋਰਸ ਕਰ ਕੇ ਉਸ ਨੇ ਨੌਕਰੀ ਦੀ ਭਾਲ਼ ਕੀਤੀ, ਪਰ ਪੰਜਾਬ ਵਿਚ ਉਸ ਨੂੰ ਕੋਈ ਨੌਕਰੀ ਨਾ ਮਿਲੀ। ਦਿੱਲੀ ਦੀ ਇਕ ਕੰਪਨੀ 'ਚ ਅਰਜ਼ੀ ਦਿਤੀ ਤੇ ਉਹ ਨੌਕਰੀ ਲਈ ਚੁਣਿਆਂ ਗਿਆ।

ਉਸ ਦਾ ਦਫ਼ਤਰ ਇਕ ਰਿਹਾਇਸ਼ੀ ਇਲਾਕੇ 'ਚ ਸੀ। ਕੁਝ ਦਿਨ ਤਾਂ ਉਸ ਨੇ ਇਕ ਸਸਤੇ ਜਿਹੇ ਹੋਟਲ ਵਿਚ ਰਿਹਾਇਸ਼ ਰੱਖੀ ਤੇ ਨਾਲ਼ ਨਾਲ਼ ਉਹ ਕਮਰੇ ਦੀ ਤਲਾਸ਼ ਵੀ ਕਰਦਾ ਰਿਹਾ ਪਰ ਉਸ ਨੇ ਭਾਂਪ ਲਿਆ ਕਿ ਕਈ ਮਾਲਕ ਮਕਾਨਾਂ ਕੋਲ ਕਮਰਾ ਤਾਂ ਖ਼ਾਲੀ ਹੁੰਦਾ ਸੀ ਪਰ ਉਹ ਜ਼ਾਤ ਬਰਾਦਰੀ ਦੇ ਸਵਾਲਾਂ 'ਚ ਉਲਝਾ ਲੈਂਦੇ ਸਨ ਤੇ ਕਮਰਾ ਦੇਣ ਤੋਂ ਨਾਂਹ ਕਰ ਦਿੰਦੇ ਸਨ। ਤੁਰਨ 'ਚ ਬਹੁਤੀ ਮੁਸ਼ਕਿਲ ਹੋਣ ਕਰ ਕੇ ਉਹ ਚਾਹੁੰਦਾ ਸੀ ਕਿ ਰਿਹਾਇਸ਼ ਦਫ਼ਤਰ ਦੇ ਨੇੜੇ ਤੇੜੇ ਹੀ ਹੋਵੇ। ਉਸ ਨੇ ਆਪਣੇ ਨਾਲ਼ ਕੰਮ ਕਰਦੇ ਇਕ ਕਰਮਚਾਰੀ ਨਾਲ ਕਮਰਾ ਲੱਭਣ 'ਚ ਆਉਂਦੀ ਔਕੜ ਸਾਂਝੀ ਕੀਤੀ ਤਾਂ ਉਸ ਨੇ ਦੱਸਿਆ ਕਿ ਇਸ ਇਲਾਕੇ 'ਚ ਅਖਾਉਤੀ 'ਉੱਚੀਆਂ ਜ਼ਾਤਾਂ' ਵਾਲ਼ੇ ਲੋਕ ਹੀ ਬਹੁਤਾ ਕਰ ਕੇ ਮਕਾਨ ਮਾਲਕ ਹਨ ਤੇ ਉਹ ਜ਼ਾਤ ਬਰਾਦਰੀ ਦਾ ਭਿੰਨ-ਭੇਦ ਬਹੁਤ ਕਰਦੇ ਹਨ ਤੇ ਜਲਦੀ ਕੀਤੇ ਕਿਸੇ ਨੂੰ ਕਿਰਾਏਦਾਰ ਨਹੀਂ ਰੱਖਦੇ ਤੇ ਕਮਰਾ ਮੰਗਣ ਵਾਲ਼ੇ ਨੂੰ ਬਹੁਤ ਸਵਾਲ ਜਵਾਬ ਕਰਦੇ ਹਨ।

ਮੇਰੇ ਦੋਸਤ ਨੂੰ ਹੁਣ ਪੂਰਾ ਯਕੀਨ ਹੋ ਗਿਆ ਸੀ ਕਿ ਕਮਰਾ ਕਿਉਂ ਨਹੀ ਸੀ ਮਿਲਦਾ। ਉਹ ਬਾਜ਼ਾਰ ਗਿਆ ਤੇ ਇਕ ਰੁਪਏ ਦਾ ਚਿੱਟੇ ਰੰਗ ਦਾ ਧਾਗਾ ਖ਼ਰੀਦਿਆ। ਧਾਗੇ ਨੂੰ ਵਟੇ ਚਾੜ੍ਹ ਕੇ ਤੇ ਗੰਢਾਂ ਦੇ ਕੇ ਉਸ ਨੇ ਜਨੇਊ ਦੀ ਸ਼ਕਲ ਦਾ ਬਣਾ ਕੇ ਗਲ਼ 'ਚ ਪਾ ਲਿਆ ਤੇ ਅਗਲੇ ਦਿਨ ਐਤਵਾਰ ਹੋਣ ਕਰ ਕੇ ਉਸ ਨੇ ਕਮਰੇ ਦੀ ਖੋਜ ਆਰੰਭ ਕੀਤੀ। ਦੂਸਰੀ ਗਲ਼ੀ ਵਿਚ ਹੀ ਇਕ ਘਰ ਦੇ ਬਾਹਰ 'ਕਮਰਾ ਕਿਰਾਏ ਕੇ ਲੀਏ ਖ਼ਾਲੀ' ਦਾ ਬੋਰਡ ਲੱਗਿਆ ਦਿਸਿਆ ਤਾਂ ਉਸ ਨੇ ਘੰਟੀ ਦਾ ਬਟਣ ਦਬਾ ਦਿਤਾ ਤੇ ਅੰਦਰੋਂ ਇਕ ਵਿਅਕਤੀ ਆਪਣੇ ਜਨੇਊ ਨੂੰ ਕੰਨ 'ਚ ਟੰਗਦਾ ਹੋਇਆ ਬਾਹਰ ਆਇਆ। ਮੇਰੇ ਦੋਸਤ ਨੇ ਜਦੋਂ ਕਮਰੇ ਬਾਰੇ ਪੁੱਛਿਆ ਤਾਂ ਉਸ ਵਿਅਕਤੀ ਨੇ ਪਹਿਲਾ ਹੀ ਸਵਾਲ ਠੋਕਿਆ, " ਕੌਨ ਹੋਤੇ ਹੋ, ਕੌਨ ਸੀ ਜ਼ਾਤ, ਕੌਨ ਬਰਾਦਰੀ?"

ਮੇਰੇ ਦੋਸਤ ਨੇ ਕੁਝ ਬੋਲਣ ਦੀ ਬਜਾਇ ਆਪਣੀ ਕਮੀਜ਼ ਉਤਾਂਹ ਚੁੱਕੀ ਤੇ ਆਪਣਾ 'ਜਨੇਊ' ਦਿਖਾਇਆ ਤੇ ਉਹ ਵਿਅਕਤੀ ਮੇਰੇ ਦੋਸਤ ਨੂੰ ਕਮਰਾ ਦਿਖਾਉਣ ਲਈ ਅੰਦਰ ਲੈ ਗਿਆ।

## ਯੋਧਾ

ਅਫਸਰ ਦੀ ਮਰਜ਼ੀ ਅਨੁਸਾਰ ਫਾਈਲਾਂ ਪੁੱਟਅਪ ਨਾ ਕਰਨ ਕਾਰਨ ਉਹਨੂੰ ਝੂਠੇ ਦੋਸ਼ ਲਾ ਕੇ ਸਸਪੈਂਡ ਕਰ ਦਿੱਤਾ ਗਿਆ ਸੀ। ਇਸੇ ਗ਼ਮ ਕਾਰਣ ਉਹ ਜੀਵਨ ਤੋਂ ਨਿਰਾਸ਼ ਹੋ ਕੇ ਮੰਜੇ ਉੱਤੇ ਲੇਟਿਆ ਹੋਇਆ ਸੀ।

"ਬਿੰਦੂ ! ਮੈਂ ਲੜਦੇ-ਲੜਦੇ ਜ਼ਿੰਦਗੀ ਤੋਂ ਹਾਰ ਗਿਆ ਹਾਂ। ਮੈਂ ਜਿਉਣਾ ਨਹੀਂ ਚਾਹੁੰਦਾ।" ਉਹਦੀਆਂ ਅੱਖਾਂ ਵਿਚ ਹੰਝੂ ਭਰ ਆਏ ਸਨ।

ਪਤਨੀ ਚੁੱਪ ਸੀ।

"ਤੂੰ ਵੀ ਮੇਰੀ ਪਰਵਾਹ ਨਹੀ ਕਰ ਰਹੀ !"

"ਨਹੀਂ ਤਾਂ !"

"ਉੱਪਰ ਕੀ ਵੇਖ ਰਹੀ ਐਂ ?"

"ਘੜੀ ਵੱਲ ਵੇਖੋ ਨਾ"

ਉਹਨੇ ਕੰਧ ਉੱਤੇ ਲੱਗੀ ਪੁਰਾਣੀ ਘੜੀ ਵੱਲ ਵੇਖਦਿਆਂ ਸਵਾਲ ਕੀਤਾ, "ਕੀ ਹੈ ਉੱਥੇ ?"

"ਵੇਖੋ ਨਾ, ਪੈਂਡਲਮ 'ਤੇ ਚੂਹਾ ਚੜ੍ਹ ਗਿਆ। ਉਹ ਵੇਖੋ, ਵਕਤ ਨਾਲ ਕਿਵੇਂ ਲੜ ਰਿਹੈ ਉਹ ਚਾਹੁੰਦਾ ਹੈ ਕਿ ਚਲਦੇ ਸਮੇਂ ਨੂੰ ਵੀ ਰੋਕ ਦੇਵੇ।"

ਉਹਨੇ ਇਕ ਵਾਰ ਬਿੰਦੂ ਵੱਲ ਵੇਖਿਆ, ਫਿਰ ਚੂਹੇ ਦੇ ਛੋਟੇ ਜਿਹੇ ਬੱਚੇ ਵੱਲ ਅਤੇ ਫਿਰ ਇਕਦਮ ਚਹਿਕ ਉੱਠਿਆ। ਉਹਦੀਆਂ ਅੱਖਾਂ ਵਿਚ ਚਮਕ ਆ ਗਈ। ਉਹ ਤੇਜ਼ੀ ਨਾਲ ਮੰਜੇ ਉੱਤੇ ਬੈਠ ਗਿਆ ਤੇ ਫਿਰ ਕੁਝ ਕਰ ਗੁਜ਼ਰਨ ਦੀ ਮੁਦ੍ਰਾ ਵਿਚ ਖੜਾ ਹੋ ਗਿਆ।

ਸਤੀਸ਼ ਦੁਬੇ (ਡਾ.)

# ★ ਮਿੰਨੀ ਕਹਾਣੀਆਂ ★

## ਮਾਂ ਦੀ ਮਮਤਾ

ਮੱਘਰ ਸਿੰਘ ਦੀ 90 ਸਾਲ ਦੀ ਮਾਂ ਸਵੇਰੇ ਹਰ ਰੋਜ਼ ਗੁਰਦਵਾਰੇ ਵਿਚ ਮੱਥਾ ਟੇਕਣ ਜਾਂਦੀ ਸੀ। ਮੱਘਰ ਸਿੰਘ ਆਪ ਵੀ ਸੱਠ ਸਾਲ ਦਾ ਅਤੇ ਪੁੱਤਰ-ਪੋਤਰਿਆਂ ਵਾਲਾ ਹੋ ਚੁੱਕਾ ਸੀ। ਜਦੋਂ ਵੀ ਮੱਘਰ ਸਿੰਘ ਦੀ ਮਾਂ ਨੂੰ ਗੁਰਦਵਾਰੇ ਵਿਚ ਦੇਗ ਜਾਂ ਪਤਾਸੇ ਮਿਲਦੇ ਤਾਂ ਉਹ ਆ ਕੇ ਸਾਰੇ ਪ੍ਰਵਾਰ ਨੂੰ ਵੰਡ ਦਿੰਦੀ ਸੀ। ਇਕ ਦਿਨ ਮੱਘਰ ਸਿੰਘ ਅਪਣੇ ਕਮਰੇ ਵਿਚ ਬੈਠਾ ਟੀ.ਵੀ. ਵੇਖ ਰਿਹਾ ਸੀ, ਅਚਾਨਕ ਬੂਹਾ ਖੁਲ੍ਹਿਆ। ਵੇਖਿਆ ਕਿ ਮਾਂ ਗੁਰਦਵਾਰੇ 'ਚ ਮੱਥਾ ਟੇਕ ਕੇ ਆਈ ਸੀ। ਇਸ ਲਈ ਮੱਘਰ ਸਿੰਘ ਨੇ ਦੇਗ ਲੈਣ ਲਈ ਮਾਂ ਅੱਗੇ ਅਪਣੇ ਹੱਥ ਬੁੱਕ ਬਣਾ ਕੇ ਫੈਲਾਅ ਦਿਤੇ। ਮਾਂ ਨੇ ਮੱਘਰ ਸਿੰਘ ਦੇ ਹੱਥਾਂ ਤੇ ਦੇਗ ਧਰਦਿਆਂ ਕਿਹਾ, "ਅੱਜ ਤਾਂ ਬਾਬੇ ਨੇ ਪਤਾਸਿਆਂ ਤੋਂ ਬਿਨਾਂ ਇਕ ਲੱਡੂ ਵੀ ਦੇ ਦਿਤਾ। ਲੈ ਫੜ ਇਸ ਨੂੰ ਚੁਪ ਕਰ ਕੇ ਇਥੇ ਹੀ ਖਾ ਲੈ। ਐਵੇਂ ਨਾ ਜੁਆਕਾਂ ਵਿਚ ਵੰਡ ਦਈਂ। ਉਨ੍ਹਾਂ ਨੂੰ ਮੈਂ ਪਤਾਸੇ ਵੰਡ ਦਿਆਂਗੀ।" ਹੁਣ ਮੱਘਰ ਸਿੰਘ ਅਪਣੀ ਪਿੱਛੇ ਮੁੜੀ ਮਾਂ ਵਲ ਤੇ ਕਿਤੇ ਹੱਥ ਵਿਚਲੇ ਲੱਡੂ ਵਲ ਵੇਖੀ ਜਾਂਦਾ ਸੀ ਤੇ ਸੋਚਦਾ ਸੀ ਕਿ ਅੱਜ ਵੀ ਨੱਬੇ ਸਾਲ ਦੀ ਮਾਂ ਅੰਦਰ ਉਸ ਲਈ ਕਿੰਨੀ ਮਮਤਾ ਹੈ।

-ਪ੍ਰਗਟ ਸਿੰਘ ਢਿੱਲੋਂ

## ਉਜਾੜ

ਦਰਸ਼ਨ ਸਿੰਘ ਕਈ ਦਿਨਾਂ ਤੋਂ ਮਕਾਨ ਖ਼ਰੀਦਣ ਲਈ ਸ਼ਹਿਰ ਵਿਚ ਗੇੜੇ ਮਾਰ ਰਿਹਾ ਸੀ। ਉਸ ਨੇ ਕਈ ਮਕਾਨ ਵੇਖੇ ਪਰ ਕੋਈ ਪਸੰਦ ਨਹੀਂ ਸੀ ਆਇਆ। ਇਕ ਦਿਨ ਦਲਾਲ ਨੇ ਦਰਸ਼ਨ ਨੂੰ ਫ਼ੋਨ ਕਰ ਕੇ ਸ਼ਹਿਰ ਬੁਲਾਇਆ ਅਤੇ ਉਸ ਨੂੰ ਸ਼ਹਿਰ ਦੀ ਸੱਭ ਤੋਂ ਵਧੀਆ ਕਲੋਨੀ ਵਿਚ ਲੈ ਗਿਆ। ਦਲਾਲ ਇਕ ਮਕਾਨ ਵਲ ਇਸ਼ਾਰਾ ਕਰ ਕੇ ਕਹਿਣ ਲੱਗਾ, "ਦਰਸ਼ਨ, ਆਹ ਕੋਠੀ ਆਪਾਂ ਨੂੰ ਭਾਅ 'ਚ ਮਿਲਦੀ ਏ। ਗੁਆਂਢ ਵੀ ਬਹੁਤ ਵਧੀਆ ਹੈ। ਇਹ ਨਾਲ ਲਗਦੀਆਂ ਦੋ ਕੋਠੀਆਂ ਅਮਰੀਕਾ ਵਾਲਿਆਂ ਦੀਆਂ ਨੇ, ਇਧਰ ਕੈਨੇਡੀਅਨ ਗਰੇਵਾਲ ਦੀ ਏ, ਉਹ ਸਾਹਮਣੇ ਇੰਗਲੈਂਡ ਵਾਲੇ ਨੇ।" ਸਾਰੇ ਮਕਾਨਾਂ ਦੇ ਅੱਗੇ ਵੱਡੇ-ਵੱਡੇ ਜਿੰਦੇ ਲੱਗੇ ਵੇਖ ਕੇ ਦਰਸ਼ਨ ਬੋਲਿਆ, "ਯਾਰ, ਹਸਦੇ-ਵਸਦੇ ਮੁਹੱਲੇ 'ਚ ਮਕਾਨ ਵਿਖਾ ਕੋਈ। ਕਿਥੇ ਉਜਾੜ 'ਚ ਲਈ ਫਿਰਦੈਂ ਮੈਨੂੰ।"

-ਮਾਸਟਰ ਸੁਖਵਿੰਦਰ ਦਾਨਗੜ੍ਹ

## ਸਭ ਨੂੰ ਮੁਕੰਮਲ ਜਹਾਨ ਨਹੀਂ ਮਿਲਦਾ

ਇਕ ਕੋਇਲ ਅਤੇ ਇਕ ਮੱਛੀ ਦੀ ਨਵੀਂ ਨਵੀਂ ਮਿੱਤਰਤਾ ਹੋਈ ਸੀ। ਕੋਇਲ ਇਕ ਦਰਿਆ ਦੇ ਕਿਨਾਰੇ ਇਕ ਵੱਡੇ ਜਾਮਣ ਦੇ ਦਰੱਖ਼ਤ ਤੇ ਅਪਣੇ ਬੱਚਿਆਂ ਨਾਲ ਰਹਿੰਦੀ ਸੀ ਅਤੇ ਮੱਛੀ ਇਸੇ ਦਰਿਆ 'ਚ ਰਹਿੰਦੀ ਸੀ। ਦਰਿਆ ਬਹੁਤ ਹੀ ਦੂਰ ਤਕ ਜਾਂਦਾ ਸੀ। ਇਸ ਕਰ ਕੇ ਉਨ੍ਹਾਂ ਦਾ ਰੋਜ਼ ਰੋਜ਼ ਮਿਲਣਾ ਮੁਸ਼ਕਲ ਸੀ। ਕੋਇਲ ਸਾਰਾ ਦਿਨ ਇਧਰ-ਉਧਰ ਉਡਾਰੀਆਂ ਮਾਰਦੀ ਫਿਰਦੀ ਰਹਿੰਦੀ ਅਤੇ ਹਨੇਰਾ ਹੋਣ ਤੋਂ ਪਹਿਲਾਂ ਅਪਣੇ ਆਲ੍ਹਣੇ 'ਚ ਪਰਤ ਆਉਂਦੀ ਸੀ।

ਕਈ ਦਿਨਾਂ ਬਾਅਦ ਕੋਇਲ ਅਤੇ ਮੱਛੀ ਆਪਸ 'ਚ ਮਿਲੇ ਤਾਂ ਕੋਇਲ ਨੇ ਨਿਰਾਸ਼ਤਾ ਵਿਖਾਉਂਦੇ ਹੋਏ ਕਿਹਾ, "ਦੋਸਤ ! ਕਿੰਨੀ ਚਿੰਤਾ ਅਤੇ ਅਫ਼ਸੋਸ ਦੀ ਗੱਲ ਹੈ ਕਿ ਪ੍ਰਮਾਤਮਾ ਨੇ ਸਾਡੇ ਨਾਲ ਇਨਸਾਫ਼ ਨਹੀਂ ਕੀਤਾ। ਬਿਲਕੁਲ ਗ਼ਲਤ ਕੀਤਾ ਹੈ। ਵੇਖੋ ਨਾ, ਮੈਂ ਪਾਣੀ 'ਚ ਨਹੀਂ ਆ ਸਕਦੀ ਅਤੇ ਤੂੰ ਦਰੱਖ਼ਤ ਤੇ ਨਹੀਂ ਚੜ੍ਹ ਸਕਦੀ। ਇਸ ਤਰ੍ਹਾਂ ਤਾਂ ਅਸੀ ਕਦੇ ਰਲ-ਮਿਲ ਕੇ ਬੈਠ ਹੀ ਨਹੀਂ ਸਕਾਂਗੇ।" ਮੱਛੀ ਨੇ ਕਿਹਾ, "ਇਸ 'ਚ ਨਿਰਾਸ਼ਤਾ ਅਤੇ ਚਿੰਤਾ ਵਾਲੀ ਕੋਈ ਗੱਲ ਨਹੀਂ। ਸੱਭ ਨੂੰ ਮੁਕੰਮਲ ਜਹਾਨ ਨਹੀਂ ਮਿਲਦਾ ਹੁੰਦਾ। ਨਾਲੇ ਪ੍ਰਮਾਤਮਾ ਤੋਂ ਕਦੇ ਕੁੱਝ ਗ਼ਲਤ ਹੋ ਨਹੀਂ ਸਕਦਾ। ਇਸ ਵਿਚ ਵੀ ਇਕ ਗੂੜ੍ਹਾ ਰਹੱਸ ਹੈ ਅਤੇ ਸਿਖਿਆ ਹੈ ਕਿ ਰੋਜ਼ ਰੋਜ਼ ਮਿਲਣ ਨਾਲ ਪਿਆਰ ਅਤੇ ਸਤਿਕਾਰ ਘੱਟ ਜਾਂਦਾ ਹੈ। ਮਿਲਣ ਦਾ ਸੁਆਦ ਪਲ ਦੋ ਪਲ ਦੀ ਮੌਜ ਤੋਂ ਵੱਧ ਕੁੱਝ ਨਹੀਂ। ਜੁਦਾਈ ਅੰਤ ਤਕ ਨਸ਼ਾ ਦਿੰਦੀ ਰਹਿੰਦੀ ਹੈ। ਮਿਲਣਾ ਵਿਛੜਨਾ ਅਤੇ ਫਿਰ ਮਿਲਣਾ ਇਸ ਤਰ੍ਹਾਂ ਨਾਲ ਮਿਲਣ ਦੀ ਤਾਂਘ ਤੀਬਰ ਬਣੀ ਰਹਿੰਦੀ ਹੈ ਤੇ ਦੋਸਤੀ ਸਦੀਵੀ ਕਾਇਮ ਰਹਿੰਦੀ ਹੈ।"

ਕੋਇਲ ਮੱਛੀ ਦੇ ਮੁਖ ਤੋਂ ਏਨਾ ਵਧੀਆ ਜਵਾਬ ਸੁਣ ਕੇ ਗਦਗਦ ਹੋ ਗਈ। ਉਸ ਨੇ ਕਿਹਾ, "ਦਰਿਆ 'ਚ ਰਹਿੰਦੇ ਰਹਿੰਦੇ ਤੇਰਾ ਦਿਲ ਵੀ ਦਰਿਆ ਵਾਂਗ ਵਿਸ਼ਾਲ ਹੋ ਗਿਐ। ਤੈਨੂੰ ਦੋਸਤ ਦੇ ਰੂਪ 'ਚ ਪਾ ਕੇ ਮੈਂ ਧੰਨ ਹੋ ਗਈ ਹਾਂ।"

-ਰਮੇਸ਼ ਕੁਮਾਰ ਸ਼ਰਮਾ

## ਮਿਲੀਭੁਗਤ

ਵਿਧਾਨ ਸਭਾ ਦੀਆਂ ਚੋਣਾਂ ਦੀ ਤਾਰੀਖ ਦਾ ਐਲਾਨ ਹੋਣ ਤੋਂ ਦੋ ਮਹੀਨੇ ਪਹਿਲਾਂ ਜਾਗਰ ਨੇ ਸਿਫ਼ਾਰਿਸ਼ ਰਾਹੀਂ ਆਪਣੀ ਪੰਜਾਹ ਸਾਲਾ ਪਤਨੀ ਪ੍ਰੀਤੋ ਦੀ ਬੁਢਾਪਾ ਪੈਨਸ਼ਨ ਲਵਾਉਣ ਵਿੱਚ ਮੋਰਚਾ ਮਾਰ ਲਿਆ ਸੀ।

"ਨਹੀਂ ਰੀਸਾਂ ਜਾਗਰਾ ਤੇਰੀਆਂ। ਮੰਨਗੇ ਤੇਰੀ ਹੁਸ਼ਿਆਰੀ ਨੂੰ।" ਮੋਹਨ ਨੇ ਵਿਅੰਗ ਕੀਤਾ। "ਗੱਲ ਤਾਂ ਦੱਸ, ਐਵੇਂ ਕਿਉਂ ਫੂਕ ਛਕਾਈ ਜਾਨੈ ?" ਆਪਣੇ ਜਮਾਤੀ ਰਹੇ ਮੋਹਨ ਨੂੰ ਜਾਗਰ ਨੇ ਟੋਕ ਕੇ ਕਾਰਨ ਪੁੱਛਿਆ।

"ਮੈਨੂੰ ਕਿਤੋਂ ਕੰਨਸੋਅ ਮਿਲੀ ਐ ਬਈ ਭਰਜਾਈ ਦੀ ਪੈਨਸ਼ਨ ਲਵਾਉਣ ਵਿੱਚ ਤੂੰ ਧਾਂਕ ਜਮਾ ਗਿਆ।" ਮੋਹਨ ਲਾਲ ਨੇ ਆਪਣੇ ਮਿੱਤਰ ਜਾਗਰ ਨੂੰ ਮੁਸਕਰਾਉਂਦਿਆਂ ਦੱਸਿਆ। "ਇੱਥੇ ਕਈ ਮਰਿਆਂ ਦੀਆਂ ਪੈਨਸ਼ਨਾਂ ਜੇਬ੍ਹਾਂ ਵਿੱਚ ਪਾਈ ਜਾਂਦੇ ਐ। ਅਸੀਂ ਤਾਂ ਬਈ- ਫਿਰ ਵੀ ਜਿਉਂਦੇ ਆਂ।" ਜਾਗਰ ਨੇ ਗ਼ਲਤ ਪੈਨਸ਼ਨ ਲਵਾਉਣ ਦਾ ਵਿਅੰਗ ਵਿੱਚ ਪੱਖ ਪੂਰਿਆ।

"ਮਿਲੀਭੁਗਤ ਕਰਕੇ ਉਹ ਕਾਗਜ਼ਾਂ ਵਿੱਚ ਜਿਉਂਦੇ ਐ।" ਨਾਜਾਇਜ਼ ਪੈਨਸ਼ਨਾਂ ਬਾਰੇ ਮੋਹਨ ਨੇ ਮਿਲੀਭੁਗਤ ਦਾ ਮਸਲਾ ਜਾਗਰ ਦੇ ਧਿਆਨ ਵਿੱਚ ਲਿਆਂਦਾ।

- ਸੁੰਦਰ ਪਾਲ ਪ੍ਰੇਮੀ

# ਕਾਵਿ-ਕਿਆਰੀ



## ਬਗਲੇ ਬਾਬੇ

ਉੱਤੋਂ ਚਿੱਟੇ ਚੋਲ਼ਿਆਂ ਵਾਲੇ,
ਤਨ ਦੇ ਖੋਟੇ ਮਨ ਦੇ ਕਾਲੇ।

ਗੁਛ ਮੁਛ ਹੋ ਸਮਾਧੀਆਂ ਲਾ ਕੇ,
ਲੁੱਟਣ ਦੁਨੀਆ ਘਾਤਾਂ ਲਾ ਕੇ।

ਬਚੋ ਜਿੰਨਾ ਬਚ ਹੁੰਦਾ ਇਨ੍ਹਾਂ ਤੋਂ,
ਘਾਣ ਸਿੱਖੀ ਦਾ ਹੋ ਰਿਹਾ ਚਿਰਾਂ ਤੋਂ।

ਆਓ ਇਨ੍ਹਾਂ ਦਾ ਫਸਤਾ ਵੱਢੀਏ,
ਇਨ੍ਹਾਂ ਮਗਰ ਹੁਣ ਜਾਣਾ ਛੱਡੀਏ।

ਊਂਧੇ ਬਣ ਅਸੀਂ ਅੰਨ੍ਹੇ ਹੋਏ,
ਗੰਦਿਆਂ ਦੇ ਅਸੀਂ ਪੈਰ ਵੀ ਧੋਏ।

ਇੱਜ਼ਤਾਂ ਅਸੀਂ ਲੁਟਾ ਬੈਠੇ ਹਾਂ,
ਮਾਇਆ ਬਹੁਤ ਚੜ੍ਹਾ ਬੈਠੇ ਹਾਂ।

ਸਾਡਾ ਸੋਸ਼ਣ ਇਨ੍ਹਾਂ ਰੱਜ ਕੀਤਾ,
ਖ਼ੂਨ ਅਸਾਡਾ ਰੱਜ ਕੇ ਪੀਤਾ।

ਇਨ੍ਹਾਂ ਸਾਡੇ ਗੁਰੂ ਨਹੀਂ ਬਖਸ਼ੇ,
ਸਿੱਧੜ ਸਿੱਖ ਪਾਏ ਪੁੱਠੇ ਰਸਤੇ।

ਆਪਣੀ ਮਹਿਮਾ ਖ਼ੂਬ ਕਰਾਈ,
ਪਿੱਟਦੀ ਰਹਿ ਗਈ ਸਭ ਲੋਕਾਈ।


ਚਿੱਟ ਕੱਪੜੀਏ ਬਗਲੇ ਇਹ ਸਾਰੇ,
ਸਾਡੇ ਸਿਰਾਂ 'ਤੇ ਲੈਣ ਨਜ਼ਾਰੇ।

ਅੰਧਵਿਸ਼ਵਾਸੀ ਅੰਨ੍ਹੇ ਹੋ ਕੇ,
ਕਿਉਂ ਖਾਂਦੇ ਹੋ ਥਾਂ ਥਾਂ ਧੋਖੇ ?

ਜਾਗੋ ਹੁਣ 'ਤੇ ਜਾਗੋ ਲੋਕੋ,
ਹਿੰਮਤ ਕਰੋ ਬਗਲਿਆਂ ਨੂੰ ਠੋਕੋ।

ਨਿਗਲ਼ ਚੁੱਕੇ ਨੇ ਤੁਹਾਡੀਆਂ ਮੱਛੀਆਂ,
ਫੇਰ ਵੀ ਬੰਦ ਨੇ ਤੁਹਾਡੀਆਂ ਅੱਖੀਆਂ।

ਅੱਖਾਂ ਖੋਲ੍ਹੋ ਸੱਚ ਫਰੋਲੋ,
ਪਾਜ ਘਿਨਾਉਣੇ ਬਗਲਿਆਂ ਦੇ ਖੋਲ੍ਹੋ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਰੋਟੀ

ਉਦੋਂ ਬਾਪ ਮਰਿਆ ਨਾ, ਜਿਊਂਦੇ 'ਚੋਂ ਰਹਿਆ,
ਜਦੋਂ ਪੁੱਤਾਂ ਨੇ ਕੰਧ ਕੱਢ ਕੇ ਵੰਡਾਈ ਰੋਟੀ ।
ਬੰਦਾ ਪਹੁੰਚ ਜਾਵੇ, ਭਾਵੇਂ ਦੇਸ਼ ਪ੍ਰਦੇਸ ਵਿੱਚ,
ਖਾਦਾਂ ਉਹੀ ਜੋ ਲੇਖਾ ਵਿੱਚ ਹੁੰਦੀ ਲਿਖਾਈ ਰੋਟੀ।
ਕਿੰਨੇ ਸਾਲ ਹੋ ਗਏ, ਦੇਸ਼ ਮੇਰਾ ਆਜ਼ਾਦ ਹੋਇਆ,
ਕਿਰਤੀ ਕਾਮਿਆਂ ਦੇ ਘਰਾਂ ਤੱਕ ਹਾਲੇ ਤੱਕ ਨੀ ਆਈ ਰੋਟੀ।
ਜਦੋਂ ਪ੍ਰਦੇਸ਼ਾਂ ਵਿੱਚ ਖਾਦੀ ਰੁੱਖੀ ਮਿੱਸੀ ਠੰਢੀ ਰੋਟੀ,
ਫੇਰ ਯਾਦ ਆਈ ਬੇਬੇ ਦੇ ਹੱਥਾਂ ਦੀ ਪਕਾਈ ਰੋਟੀ।
ਸਿਆਣੇ ਬਜ਼ੁਰਗ ਦਾ ਇਹ ਕਥਨ ਆ,
ਜੋਗੀ ਦਰਵੇਸ਼ਾਂ ਦੇ ਪੱਲੇ ਨੀ ਹੁੰਦੀ ਬਨਾਈ ਰੋਟੀ।
ਚੜ੍ਹਦੀ ਉਮਰੇ ਜਦੋਂ ਮਰ ਜਾਵੇ ਨਾਰ ਦਾ ਕੰਤ,
ਫੇਰ ਗਲੇ 'ਤੋ ਥੱਲੇ ਨੀ ਜਾਂਦੀ ਲੰਘਾਈ ਰੋਟੀ।
ਢਿੱਡ ਦੇ ਭੁੱਖੇ ਰੱਜਦੇ, ਨੀਤ ਤੋਂ ਭੁੱਖੇ ਕਦੇ ਨਾ ਰੱਜਣ,
ਜਿੰਨੀ ਮਰਜ਼ੀ ਉਹਨਾਂ ਜਾਵੋ ਖਲ਼ਾਈਂ ਰੋਟੀ,
ਉਦੋਂ ਇੱਕ ਤਿਲ਼ ਵੀ ਸੱਤ ਭਰਾ ਵੰਡ ਕੇ ਖਾਂਦੇ ਸੀ,
ਭਾਵੇਂ ਘਰਾਂ ਵਿੱਚ ਹੁੰਦੀ ਸੀ ਉਦੋਂ ਸਵਾਈ ਰੋਟੀ।
ਮਾਪੇ ਮਰ ਗਏ ਕੇਅਰ ਹੋਮ ਵਿੱਚ ਬਰੈਡ ਬੀਨਸ ਖਾਂਦੇ,
ਮਗਰੋਂ ਸਾਧੂ ਸੰਤਾਂ ਮਹਾਂਪੁਰਸ਼ਾਂ ਨੂੰ ਬੜੀ ਛਕਾਈ ਰੋਟੀ।
ਪਿੰਡ ਵਿੱਚ ਇੱਕ ਮੁੱਠੀ ਆਟੇ ਦੀ ਨਾ ਪਾਈ ਜਿਹਨਾਂ ਪਰਾਤ ਵਿੱਚ,
ਪ੍ਰਦੇਸ ਵਿੱਚ ਆਏ ਕੇ ਗੱਭਰੂ ਨੇ ਗੋਲ ਗੋਲ ਬਣਾਈ ਰੋਟੀ ।
ਕਿਸਾਨ ਆਖਦੇ ਤੁਸੀਂ ਰੋਟੀ ਦੀ ਸ਼ਕਲ ਵੇਖਣ ਨੂੰ ਤਰਸ ਜਾਣਾ,
ਜਦੋਂ ਅੰਡਾਨੀ ਅੰਬਾਨੀਆ ਦੇ 'ਅੜਿੱਕੇ'ਆਈ ਰੋਟੀ
ਪਹਿਲਾਂ ਤੂੰ ਖਾ, ਤੂੰ ਖਾ, ਕਦੇ ਭਰਾ ਆਖਦੇ ਸੀ,
ਭਾਵੇਂ ਉਦੋਂ ਭਰਾਵਾਂ ਕੋਲ ਹੁੰਦੀ ਸੀ ਸਵਾਈ ਰੋਟੀ।
ਬਾਪ ਆਖੇ ਐਥੇ ਕਿੰਨੇ ਪੈਸੇ ਕਮਾਉਂਦਾ,
ਮਾ ਆਖੇ ਪੁੱਤ ਅੱਜ ਤੈ ਖਾਈ ਕਿ ਨਹੀਂ ਖਾਈ ਰੋਟੀ
ਪੁੱਤ ਭਾਵੇਂ ਕਿੰਨਾ ਨਿਕੰਮਾ 'ਤੇ ਨਿਖੁੱਟੇ ਹੋਏ,
ਮਾਂ ਉਹਦੇ ਲਈ ਵੀ ਜਾਦੀ ਬਣਾਈ ਰੋਟੀ।
ਰੋਟੀ ਦੇ ਜਿੰਨੇ ਮਰਜ਼ੀ ਮਿੱਤਰਾਂ ਭੰਡਾਰ ਭਰ ਲੈ,
ਜਾਂਦੀ ਵਾਰ ਨਾ ਕਿਸੇ ਨਾਲ ਲਿਜਾਈ ਰੋਟੀ।
ਜਦੋਂ ਦੇ ਲੋਕ ਰੱਜਿਆ ਢਿੱਡ ਵਿਖਾਉਣ ਲੱਗ ਪਏ,
ਉਦੋਂ ਦੀ ਸਾਡੇ ਘਰਾਂ ਵਿੱਚ ਆ ਕੇ ਬੜੀ ਪਛਤਾਈ ਰੋਟੀ।
ਉਦੋਂ ਤਨ ਵੀ ਵੇਚਣਾ ਪੈ ਜਾਂਦਾ,
ਜਦੋਂ ਢਿੱਡ ਦੀ ਭੁੱਖ ਨਾ ਬੁਝਾਈ ਰੋਟੀ।
ਕਾਹਦਾ ਸੱਜਣਾਂ ਐਨਾ ਤੂੰ ਫਿਕਰ ਕਰਦਾ,
ਰੱਬ ਤਾ ਪੱਥਰਾਂ ਵਿੱਚ ਵੀ ਜਾਂਦਾ ਪਹੁੰਚਾਈ ਰੋਟੀ।
ਲੇਖਕ ਆਪ ਤਾਂ ਸਾਰੀ ਉਮਰ ਰਹਿਆਂ ਭੁੱਖਾਂ ਮਰਦਾ,
ਭਾਵੇਂ ਕਈ ਕਲਾਕਾਰ ਦੇ ਮੂੰਹ ਵਿੱਚ ਪਾਈ ਰੋਟੀ।
ਬਹੁਤੇ ਨੇ ਖਾਦੀ ਸਬਰ ਸੰਤੋਖ ਦੇ ਨਾਲ,
ਬਹੁਤਿਆਂ ਨੇ ਪੁੱਠੇ-ਸਿੱਧੇ ਢੰਗਾਂ ਨਾਲ਼ ਕਮਾਈ ਰੋਟੀ
ਪੰਜਾਬੀ ਜਿੱਥੇ ਜਾਣ ਕਰਦੇ ਨੇ ਸਖ਼ਤ ਮਿਹਨਤ,
ਤਾਹੀਂ ਯੂਪੀ ਦੇ ਜੰਗਲ, ਰਾਜਸਥਾਨ ਦੇ ਟਿੱਬਿਆਂ ਵਿੱਚ ਉਗਾਈ ਰੋਟੀ।
ਜਿਊਂਦੇ ਵੱਸਦੇ ਰਹਿਣ ਬਾਹਰਲੇ ਦੇਸ਼ ਸਾਰੇ,
ਜਿਹਨਾਂ ਪੰਜਾਬੀਆਂ ਦੇ ਘਰਾਂ ਵਿੱਚ ਵਧਾਈ ਰੋਟੀ
"ਰਾਣਾ" ਉਦੋਂ ਕਬਰ ਵਿੱਚੋਂ ਉੱਠ ਕੇ ਬਾਹਰ ਬੈਠ ਗਿਆ,
ਉੱਠ ਸੋਹਣਿਆਂ ਤੇਰੇ ਲਈ ਅੱਜ ਆਪਣੇ ਹੱਥੀਂ ਬਣਾਈ ਰੋਟੀ।



ਰਣਵੀਰ ਸਿੰਘ ਰਾਣਾ

## ਕਵਿਤਾ : ਆਜ਼ਾਦੀ ਦਾ ਦਿਹਾੜਾ



ਮਾਸਟਰ ਸੰਜੀਵ ਧਰਮਾਣੀ




ਆਇਆ ਆਜ਼ਾਦੀ ਦਾ ਦਿਹਾੜਾ
ਖੁਸ਼ੀਆਂ ਤੇ ਚਾਵਾਂ ਨਾ.ਲ ਮਨਾਵਾਂਗੇ ,
ਵੰਡ ਕੇ ਲੱਡੂ - ਪੇੜੇ ਇੱਕ ਦੂਜੇ ਨੂੰ
ਅਸੀਂ ਨੱਚਾਂਗੇ ਤੇ ਗਾਵਾਂਗੇ ।
ਨਾ ਕੋਈ ਛੋਟਾ, ਨਾ ਕੋਈ ਵੱਡਾ
ਸਭ ਨੂੰ ਇਹ ਸਮਝਾਵਾਂਗੇ,
ਮੇਰ - ਤੇਰ ਦੀ ਗੱਲ ਮੁਕਾ ਕੇ
ਮਾਨਵਤਾ ਦੀ ਅਲਖ ਜਗਾਵਾਂਗੇ ।
ਪਾ ਕੇ ਵਿੱਦਿਆ ਦਾ ਗਹਿਣਾ
ਅਗਿਆਨਤਾ ਦੂਰ ਭਜਾਵਾਂਗੇ ,
ਆਇਆ ਆਜ਼ਾਦੀ ਦਾ ਦਿਹਾੜਾ
ਰਲ - ਮਿਲ ਅਸੀਂ ਮਨਾਵਾਂਗੇ।
ਦੀਨ ਦੁਖੀਆਂ ਦੇ ਦੁੱਖ ਵੰਡਾ ਕੇ
ਸਭ ਨੂੰ ਸੁੱਖ ਪਹੁੰਚਾਵਾਂਗੇ ,
ਹਿੰਮਤ ਕਰਕੇ ਅਸੀਂ ਸਭ
ਸਮਾਜਿਕ ਕੁਰੀਤੀਆਂ ਨੂੰ ਮੁਕਾਵਾਂਗੇ ,
ਆਇਆ ਆਜ਼ਾਦੀ ਦਾ ਦਿਹਾੜਾ
ਅਸੀਂ ਖੁਸ਼ਹਾਲ ਸਮਾਜ ਬਣਾਵਾਂਗੇ ।
ਨਸ਼ਿਆਂ ਤੋਂ ਦੂਰ ਰਹਿਣ ਦਾ
ਪ੍ਰਣ ਅਸੀਂ ਦੁਹਰਾਵਾਂਗੇ ,
ਲਗਾ ਕੇ ਵੱਧ ਤੋਂ ਵੱਧ ਫੁੱਲ - ਬੂਟੇ
ਵਾਤਾਵਰਨ ਨੂੰ ਹਰਾ - ਭਰਾ ਬਣਾਵਾਂਗੇ ,
ਮਨ ਦੀ ਮੈਲ ਨੂੰ ਦੂਰ ਕਰਕੇ
ਇਨਸਾਨੀਅਤ ਨੂੰ ਮਜ਼ਬੂਤ ਬਣਾਵਾਂਗੇ ।
ਆਇਆ ਆਜ਼ਾਦੀ ਦਾ ਦਿਹਾੜਾ
ਅਸੀਂ ਭਾਈਚਾਰਕ ਸਾਂਝ ਵਧਾਵਾਂਗੇ।
ਕਰਕੇ ਸਾਖਰ ਹਰ ਇੱਕ ਨੂੰ
ਗਿਆਨ ਦੀ ਜੋਤ ਜਗਾਵਾਂਗੇ ,
ਅਸੀਂ ਰਲ - ਮਿਲ ਖੁਸ਼ੀ ਮਨਾਵਾਂਗੇ
ਅਸੀਂ ਸਭ ਦੇ ਭਲੇ ਦੀ ਸੋਚ ਅਪਣਾਵਾਂਗੇ ,
ਆਇਆ ਆਜ਼ਾਦੀ ਦਾ ਦਿਹਾੜਾ
ਅਸੀਂ ਹੱਸਾਂਗੇ ਤੇ ਗਾਵਾਂਗੇ
ਅਸੀਂ ਸਾਰਿਆਂ ਨਾ.ਲ ਖੁਸ਼ੀ ਮਨਾਵਾਂਗੇ।

* * * * *

## ਢੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ




### ਗਿਆਨੀ ਹਰਪ੍ਰੀਤ ਸਿੰਘ

3 ਸਫ਼ੇ ਦੀ ਬਾਕੀ

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਕੁਝ ਅਕਾਲੀ ਆਗੂ, ਜੋ ਗਿਆਨੀ ਹਰਪ੍ਰੀਤ ਨੂੰ ਪ੍ਰਧਾਨ ਨਹੀਂ ਚਾਹੁੰਦੇ ਸਨ, ਉਹ ਹੁਣ ਬੀਬੀ ਸਤਵੰਤ ਰਾਹੀਂ ਆਪਣੀ ਸਿਆਸਤ ਚਲਾਉਣਗੇ ਤੇ ਅਕਾਲੀ ਦਲ ਉਪਰ ਹਾਵੀ ਹੋਣਗੇ। ਇਸ ਤਰ੍ਹਾਂ ਅਕਾਲੀ ਦਲ ਕਿਵੇਂ ਚੱਲੇਗਾ?

ਮਾਹਿਰਾਂ ਅਨੁਸਾਰ ਬੀਬੀ ਸਤਵੰਤ ਨੂੰ ਨਾ ਸਿਆਸੀ ਤਜਰਬਾ ਹੈ ਅਤੇ ਨਾ ਧਰਮ ਦੀ ਲਹਿਰ ਚਲਾਉਣ ਵਿੱਚ ਸਰਗਰਮ ਰਹੀ ਹੈ, ਫਿਰ ਵੀ ਉਹਨਾਂ ਨੂੰ ਚੇਅਰਪਰਸਨ ਬਣਾਉਣਾ ਇੱਕ ਰਾਜਸੀ ਚਾਲ ਜਾਪਦਾ ਹੈ।

### ਬਾਦਲ ਦਲ ਦਾ ਤਿੱਖਾ ਪ੍ਰਤੀਕਰਮ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨਵੇਂ ਅਕਾਲੀ ਦਲ ਦੇ ਗਠਨ ਨੂੰ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਗਿਆਨੀ ਹਰਪ੍ਰੀਤ ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਸਾਜ਼ਿਸ਼ ਰਚੀ ਹੈ ਅਤੇ ਅਕਾਲੀ ਦਲ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਸੁਖਬੀਰ ਨੇ ਗਿਆਨੀ ਹਰਪ੍ਰੀਤ ਤੇ ਬਾਗੀ ਆਗੂਆਂ ਨੂੰ ਨਿਸ਼ਾਨਾ ਬਣਾਉਦਿਆਂ ਕਿਹਾ ਕਿ ਬਾਦਲ ਪਰਿਵਾਰ ਨੂੰ ਖਤਮ ਕਰਨ ਲਈ ਇਹ ਸਾਜ਼ਿਸ਼ ਰਚੀ ਗਈ ਸੀ।

ਪਰ ਨਵੇਂ ਅਕਾਲੀ ਦਲ ਨੇ ਆਪਣਾ ਏਜੰਡਾ ਸਾਫ਼ ਕੀਤਾ ਹੈ - ਪੰਜਾਬ ਦੇ ਹਿੱਤਾਂ ਦੀ ਰਾਖੀ, ਕਿਸਾਨਾਂ ਦੀਆਂ ਮੰਗਾਂ, ਪਾਣੀਆਂ ਦਾ ਮਸਲਾ, ਚੰਡੀਗੜ੍ਹ ਨੂੰ ਪੰਜਾਬ ਨੂੰ ਵਾਪਸ ਦਿਵਾਉਣਾ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਸਾਡਾ ਮੁਖ ਮਨੋਰਥ ਹੈ।

### ਗਿਆਨੀ ਹਰਪ੍ਰੀਤ ਸਿੰਘ ਦੀ ਸੁਖਬੀਰ ਬਾਦਲ ਵਿਰੁੱਧ ਬਿਆਨਬਾਜ਼ੀ

ਨਵੇਂ ਅਕਾਲੀ ਦਲ ਦਾ ਪ੍ਰਧਾਨ ਬਣਨ ਮਗਰੋਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ, ਚੋਣ ਨਿਸ਼ਾਨ ਅਤੇ ਦਫਤਰ ਵੀ ਲੈਣਗੇ। ਉਹਨਾਂ ਨੇ ਸੁਖਬੀਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਮੇਰੇ ਕੋਲ ਤੁਹਾਡੀ ਜਾਇਦਾਦਾਂ ਦੀਆਂ ਲਿਸਟਾਂ ਹਨ ਅਤੇ ਜੇ ਕਿਰਦਾਰਕੁਸ਼ੀ ਕੀਤੀ ਤਾਂ ਬਖਸ਼ਿਆ ਨਹੀਂ ਜਾਵੇਗਾ। ਪਰ ਪੰਥਕ ਮੰਚ ਤੇ ਅਜਿਹੀ ਬਿਆਨਬਾਜ਼ੀ ਨੂੰ ਪਸੰਦ ਨਹੀਂ ਕੀਤਾ ਜਾ ਰਿਹਾ।

ਸਿਆਸੀ ਮਾਹਿਰ ਜਸਪਾਲ ਸਿੰਘ ਸਿੱਧੂ ਕਹਿੰਦੇ ਨੇ ਕਿ ਗਿਆਨੀ ਹਰਪ੍ਰੀਤ ਨੂੰ ਅਮਲੀ ਰੂਪ ਵਿੱਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਅਲੋਚਨਾ ਕਰਨਾ ਆਸਾਨ ਹੈ ਪਰ ਮੈਦਾਨ ਵਿੱਚ ਸੰਘਰਸ਼ ਕਰਨਾ ਔਖਾ ਹੈ।

ਸਿੱਖ ਬੁਧੀਜੀਵੀ ਡਾਕਟਰ ਪਰਮਜੀਤ ਸਿੰਘ ਮਾਨਸਾ ਆਖਦੇ ਹਨ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਤਕਰਾਰਬਾਜੀ ਦੀ ਥਾਂ ਪੰਜਾਬ ਤੇ ਪੰਥਕ ਮੁਦਿਆਂ ਉਪਰ ਸੇਧ ਦੇਣੀ ਚਾਹੀਦੀ ਹੈ। ਸੰਘਰਸ਼ ਕਰਨਾ ਚਾਹੀਦਾ ਹੈ।

# ਸੁਖਬੀਰ ਸਿੰਘ ਬਾਦਲ ਉਪਰ ਹਮਲਾ ਕਰਨ ਵਾਲੇ ਇੱਕ ਹੋਰ ਦੋਸ਼ੀ ਦੀ ਹੋਈ ਜ਼ਮਾਨਤ



ਅੰਮ੍ਰਿਤਸਰ-ਸਾਲ 2024 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਨਾਮਜ਼ਦ ਭਾਈ ਧਰਮ ਸਿੰਘ ਏਕਲਗੱਡਾ ਨੂੰ ਜ਼ਮਾਨਤ ਮਿਲ ਗਈ ਹੈ। ਭਾਈ ਧਰਮ ਸਿੰਘ, ਜਿਨ੍ਹਾਂ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਉਹ ਇਸ ਕੇਸ ਦੇ ਇੱਕ ਹੋਰ ਮੁਲਜ਼ਮ ਭਾਈ ਨਰਾਇਣ ਸਿੰਘ ਚੌੜਾ ਨਾਲ ਨਾਮਜ਼ਦ ਸਨ। ਜ਼ਮਾਨਤ ਅਤੇ ਕੇਸ ਦੀ ਸਥਿਤੀ-ਭਾਈ ਧਰਮ ਸਿੰਘ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਸੰਜੀਪ ਕੁੰਦੀ ਵੱਲੋਂ ਮਨਜ਼ੂਰ ਕੀਤੀ ਗਈ ਹੈ। ਪੁਲਿਸ ਚਲਾਨ ਅਨੁਸਾਰ, ਭਾਈ ਨਰਾਇਣ ਸਿੰਘ ਅਤੇ ਭਾਈ ਧਰਮ ਸਿੰਘ ਨੇ 3 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਘਟਨਾ ਨੂੰ ਅੰਜਾਮ ਦੇਣ ਦੀ ਅਰਦਾਸ ਕੀਤੀ ਸੀ। ਇਸ ਕੇਸ ਵਿੱਚ ਪਹਿਲਾਂ ਹੀ ਭਾਈ ਨਰਾਇਣ ਸਿੰਘ ਚੌੜਾ ਨੂੰ ਜ਼ਮਾਨਤ ਮਿਲ ਚੁੱਕੀ ਹੈ।

ਇਸ ਦੇ ਨਾਲ ਹੀ, ਸੁਖਬੀਰ ਸਿੰਘ ਬਾਦਲ ਨੇ ਹਾਲੇ ਤੱਕ ਆਪਣਾ ਬਿਆਨ ਦਰਜ ਨਹੀਂ ਕਰਵਾਇਆ ਹੈ ਅਤੇ ਉਨ੍ਹਾਂ ਨੇ ਇਸ ਕੇਸ ਦੀ ਜਾਂਚ ਕਿਸੇ ਕੇਂਦਰੀ ਏਜੰਸੀ ਤੋਂ ਕਰਵਾਉਣ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਹੈ। ਪੁਲਿਸ ਨੇ ਇਸ ਕੇਸ ਦੀ ਜਾਂਚ ਮੁਕੰਮਲ ਕਰਕੇ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ।

# ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਨੌਜਵਾਨ ਨਾਲ ਮਾਰੀ ਲੱਖਾਂ ਦੀ ਠੱਗੀ

✪ 2 ਫਰਮਾਂ ਦੇ ਮਾਲਕਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ-ਮਾਡਲ ਟਾਊਨ ਥਾਣੇ ਵਿਚ ਇਕ ਨੌਜਵਾਨ ਨਾਲ ਵਿਦੇਸ਼ ਭੇਜਣ ਦੇ ਨਾਂ ’ਤੇ ਲੱਖਾਂ ਦੀ ਠੱਗੀ ਮਾਰੇ ਜਾਣ ਦੀ ਸੂਚਨਾ ਮਿਲੀ ਹੈ। ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਕੈਨੇਡਾ ਭੇਜਣ ਦਾ ਧੋਖਾ ਦਿੱਤਾ ਅਤੇ ਬਦਲੇ ਵਿਚ 2.5 ਲੱਖ ਰੁਪਏ ਲੈ ਲਏ। ਇਸ ਤੋਂ ਬਾਅਦ ਮੁਲਜ਼ਮ ਨੇ ਨਾ ਤਾਂ ਵੀਜ਼ੇ ਦਾ ਪ੍ਰਬੰਧ ਕੀਤਾ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੀੜਤ ਦੀ ਸ਼ਿਕਾਇਤ ਦੇ ਆਧਾਰ ’ਤੇ ਪੁਲਸ ਨੇ ਮਾਡਲ ਟਾਊਨ ਥਾਣੇ ਵਿਚ ਕੇਸ ਦਰਜ ਕੀਤਾ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ। ਮੁਲਜ਼ਮ ਦੀ ਪਛਾਣ ਸਪਾਈਸ ਇਮੀਗ੍ਰੇਸ਼ਨ ਕੰਸਲਟੈਂਸੀ/ਸਪੀਡ ਇਮੀਗ੍ਰੇਸ਼ਨ ਆਰ. ਐੱਸ. ਮਾਡਲ ਟਾਊਨ ਦੀ ਮਾਲਕਣ ਸ਼ਿਖਾ ਪਾਹਵਾ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ, ਸ਼ਿਕਾਇਤਕਰਤਾ ਜੁਗਰਾਜ ਸਿੰਘ ਨਿਵਾਸੀ ਗੋਲਫ ਐਵੇਨਿਊ ਹੰਬੜਾਂ ਰੋਡ ਪਿੰਡ ਬਾਰਨਹਾੜਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਮੁਲਜ਼ਮ ਸ਼ਿਖਾ ਪਾਹਵਾ ਨੇ ਉਸ ਨੂੰ ਕੈਨੇਡਾ ਭੇਜਣ ਦਾ ਵਾਅਦਾ ਕੀਤਾ ਸੀ।

ਮੁਲਜ਼ਮ ਨੇ ਜੁਗਰਾਜ ਤੋਂ 2,50,000 ਰੁਪਏ ਦੀ ਰਕਮ ਲੈ ਲਈ ਅਤੇ ਧੋਖੇ ਨਾਲ ਵਿਦੇਸ਼ ਭੇਜ ਦਿੱਤਾ, ਜਿਸ ਨਾਲ ਉਸ ਨੂੰ ਵੱਡਾ ਨੁਕਸਾਨ ਹੋਇਆ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਕਿਸੇ ਵੀ ਇਮੀਗ੍ਰੇਸ਼ਨ ਏਜੰਟ ਦੀ ਚੰਗੀ ਤਰ੍ਹਾਂ ਜਾਂਚ ਕਰਨ ਅਤੇ ਸਿਰਫ ਲਾਇਸੈਂਸਸ਼ੁਦਾ ਏਜੰਟਾਂ ਨਾਲ ਹੀ ਸੰਪਰਕ ਕਰਨ। ਫਿਲਹਾਲ ਪੁਲਸ ਨੇ ਕੇਸ ਦਰਜ ਕਰਕੇ ਮੁਲਜ਼ਮ ਖਿਲਾਫ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬਲਾਤਕਾਰੀ ਸਾਧ ਆਸਾਰਾਮ ਨੂੰ 29 ਅਗਸਤ ਤੱਕ ਜ਼ਮਾਨਤ, ਕੱਟ ਰਿਹਾ ਸੀ ਉਮਰ ਕੈਦ



ਜੈਪੁਰ-ਉਮਰ ਕੈਦ ਦੀ ਸਜ਼ਾ ਕੱਟ ਰਹੇ ਆਸਾਰਾਮ ਨੂੰ ਰਾਜਸਥਾਨ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਉਸਦੀ ਅੰਤਰਿਮ ਜ਼ਮਾਨਤ 29 ਅਗਸਤ ਤੱਕ ਵਧਾ ਦਿੱਤੀ ਹੈ। ਇਹ ਫੈਸਲਾ ਉਸਦੀ ਸਿਹਤ ਦੀ ਜਾਂਚ ਲਈ ਮੈਡੀਕਲ ਰਿਪੋਰਟ ਜਮ੍ਹਾਂ ਹੋਣ ਤੋਂ ਬਾਅਦ ਲਿਆ ਗਿਆ। ਅਦਾਲਤ ਨੇ ਅਹਿਮਦਾਬਾਦ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦਾ ਇੱਕ ਪੈਨਲ ਬਣਾਉਣ ਦੇ ਨਿਰਦੇਸ਼ ਦਿੱਤੇ ਹਨ, ਜੋ ਉਸਦੀ ਸਿਹਤ ਦੀ ਪੂਰੀ ਜਾਂਚ ਕਰੇਗਾ।

# ਅਸੀਮ ਮੁਨੀਰ ਤੋਂ ਬਾਅਦ ਬਿਲਾਵਲ ਭੁੱਟੋ ਨੇ ਭਾਰਤ ਨੂੰ ਦਿੱਤੀ ਧਮਕੀ

## ✪ ਅਖੇ ਸਿੰਧੂ ਨਦੀ ’ਤੇ ਬੰਨ੍ਹ ਬਣਾਇਆ ਤਾਂ ਜੰਗ ਹੋਵੇਗੀ



ਨਵੀਂ ਦਿੱਲੀ-ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਨੇ ਇੱਕ ਵਾਰ ਫਿਰ ਧਮਕੀ ਦਿੱਤੀ ਹੈ। ਉਨ੍ਹਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਭਾਰਤ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਦਾ ਹੈ ਅਤੇ ਸਿੰਧੂ ਨਦੀ ’ਤੇ ਡੈਮ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਜੰਗ ਹੋਵੇਗੀ। ਇਸ ਤੋਂ ਪਹਿਲਾਂ ਅਸੀਮ ਮੁਨੀਰ ਨੇ ਕਿਹਾ ਸੀ ਕਿ ਜੇਕਰ ਜੰਗ ਹੁੰਦੀ ਹੈ ਤਾਂ ਪਾਕਿਸਤਾਨ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰੇਗਾ।

# ਪੰਜਾਬੀ ਸੈਂਟਰ ਸਾਊਥਾਲ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ




ਸ਼ਗੁਫਤਾ ਗਿੱਮੀ ਲੋਧੀ ਦਾ ਸਨਮਾਨ ਕਰਦੀਆਂ ਪ੍ਰਬੰਧਕ ਬੀਬੀਆਂ ਅਤੇ ਗਿੱਧੇ ਦੀ ਝਲਕ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਸੈਂਟਰ ਸਾਊਥਾਲ ਅਤੇ ਦੇਸੀ ਰੇਡੀਓ ਵੱਲੋਂ ਹਰ ਸਾਲ ਦੀ ਤਰ੍ਹਾਂ ਤੀਆਂ ਦਾ ਤਿਉਹਾਰ ਇਸ ਵਾਰ ਵੀ ਧੂਮ ਧਾਮ ਨਾਲ ਮਨਾਇਆ। ਤਕਰੀਬਨ 25 ਕੁ ਸਾਲ ਪਹਿਲਾਂ ਲੰਡਨ ਵਿੱਚ ਪਹਿਲੀ ਵਾਰ ਸ਼ੁਰੂ ਕੀਤੇ ਇਸ ਪ੍ਰੋਗਰਾਮ ਵਿੱਚ ਇਸ ਵਾਰ ਵੀ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਸ਼ਿਰਕਤ ਕੀਤੀ।***

ਸਾਵਣ ਮਹੀਨੇ ਦੇ ਚਾਰ ਸ਼ਨਿੱਚਰਵਾਰ ਨੂੰ ਬੀਬੀਆਂ ਇਕੱਠੇ ਹੋ ਕੇ ਤੀਆਂ ਲਾਉਂਦੀਆਂ ਹਨ। ਆਖਰੀ ਦਿਨ ਸਮਾਪਤੀ ਮੌਕੇ ਬੀਬੀਆਂ ਨੇ ਖੂਬ ਪਿੜ ਬੰਨ੍ਹਿਆ। ਜਿਸ ਮੌਕੇ ਪੰਜਾਬ ਦੇ ਰਵਾਇਤੀ ਪਹਿਰਾਵੇ ਵਿੱਚ ਸਜ ਕੇ ਪੁੱਜੀਆਂ ਇਨਾਂ ਬੀਬੀਆਂ ਨੇ ਗਿੱਧੇ ਦੇ ਪਿੜ ਵਿੱਚ ਆਪਣੀਆਂ ਵੰਨ ਸੁਵੰਨੀਆਂ ਬੋਲੀਆਂ ਪਾ ਕੇ ਗਿੱਧੇ ਦੀ ਧਮਕ ਨਾਲ ਸਾਊਥਾਲ ਹਿਲਾਇਆ। ਸ਼ਿਰਕਤ ਕਰ ਰਹੀਆਂ ਸਾਰੀਆਂ ਬੀਬੀਆਂ ਨੇ ਇਸ ਗੱਲ ਨੂੰ ਹਮੇਸ਼ਾ ਵਾਂਗ ਇਸ ਵਾਰ ਫਿਰ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਦੇਸੀ ਰੇਡੀਓ ਦਾ ਇਹ

ਸ਼ਲਾਘਾਯੋਗ ਉੱਦਮ ਉਨ੍ਹਾਂ ਦੇ ਇਕੱਠੇ ਹੋਣ ਅਤੇ ਆਪਣੇ ਵਿਰਸੇ ਨਾਲ ਜੁੜਨ ਲਈ ਇੱਕ ਚੰਗਾ ਸਬੱਬ ਸਿਰਜਦਾ ਹੈ। ਇਸ ਮੌਕੇ ਪੰਜਾਬੀ ਸੈਂਟਰ ਵੱਲੋਂ ਲਹਿੰਦੇ ਪੰਜਾਬ ਦੀ ਪੰਜਾਬਣ ਲੇਖਕ ਸ਼ਗੁਫਤਾ ਗਿੱਮੀ ਲੋਧੀ ਨੂੰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਕਾਰਜ ਵਿੱਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਈਲਿੰਗ ਬੋਰੋ ਦੇ ਡਿਪਟੀ ਮੇਅਰ ਮੈਡਮ ਫ਼ਦੁਮਾ ਮੁਹੰਮਦ, ਕੌਂਸਲਰ ਅਮਰਜੀਤ ਜੰਮੂ ਅਤੇ ਕੌਂਸਲਰ ਮਹਿੰਦਰ ਮਿੱਡਾ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ।

## ਕੈਨੇਡਾ ਵਿਚ ਕਪਿਲ ਸ਼ਲਮਾ ਦੇ ਕੈਫੇ ’ਤੇ ਮੁੜ ਗੋਲੀ ਚਲੀ

### ✪ ਗੈਂਗਸਟਰ ਗੋਲਡੀ ਢਿੱਲੋਂ ਨੇ ਜ਼ਿੰਮੇਵਾਰੀ ਲਈ



**ਸਰੀ-ਕੈਨੇਡਾ ਦੇ ਸਰੀ ਵਿੱਚ ਸਥਿਤ ਕਪਿਲ ਸ਼ਰਮਾ ਦੇ ਕੈਪਸ ਕੈਫੇ ‘ਤੇ ਇੱਕ ਮਹੀਨੇ ਵਿੱਚ ਦੂਜੀ ਵਾਰ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਵੀਰਵਾਰ ਸਵੇਰੇ 85 ਐਵੇਨਿਊ ਅਤੇ ਸਕਾਟ ਰੋਡ ’ਤੇ ਸਥਿਤ ਇਸ ਕੈਫੇ ’ਤੇ 6 ਗੋਲੀਆਂ ਚਲਾਈਆਂ ਗਈਆਂ, ਜਿਸ ਨਾਲ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਅਤੇ ਇਮਾਰਤ ਨੂੰ ਨੁਕਸਾਨ ਪਹੁੰਚਿਆ। ਗੈਂਗਸਟਰ ਗੋਲਡੀ ਢਿੱਲੋਂ, ਜੋ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਹੋਇਆ ਹੈ, ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਰਾਹੀਂ ਇਸ ਹਮਲੇ ਦੀ ਜ਼ਿੰਮੇਵਾਰੀ ਲਈ।**


## CHANGE OF NAME

I, JAGDEEP S/O MR TARSEM LAL WHOSE PERMANENT ADDRESS IN INDIA IS H.NO.6833, MOHALLA.GURU TEG BAHADAR NAGAR NAKODAR, JALANDHAR, PUNJAB AND IS NOW LIVING AT 113 QUESLETT ROAD EAST, SUTTON COLDFIELD, BIRMINGHAM, B74 2AJ HEREBY GIVE NOTICE OF MY INTENTION TO CHANGE MY NAME TO JAGDEEP (GIVEN NAME) GABBI (SURNAME). (U/I)

I, AMARJOT SINGH S/O MR MEWA SINGH WHOSE PERMANENT ADDRESS IN INDIA IS VPO AHARANA KALAN, TEH & DISTT HOSHIARPUR, PUNJAB 146001 AND IS NOW LIVING AT 185 DARLASTON ROAD, WALSALL WS2 9SD HEREBY GIVE NOTICE OF MY INTENTION TO CHANGE MY NAME TO AMARJOT SINGH (GIVEN NAME) THIARA (SURNAME). (U)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____

SON / DAUGHTER / WIFE OF MR ____

WHOSE PERMANENT ADDRESS IN INDIA IS ____

AND IS NOW LIVING AT ____

____ HEREBY GIVE NOTICE OF MY INTENTION

TO CHANGE MY NAME TO ____

TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਖਾਲਸਾ ਦੀਵਾਨ ਅਫਗਾਨਿਸਤਾਨ ਵੱਲੋਂ ਯੂਨਾਈਟਿਡ ਸਿੱਖਸ ਯੂ ਕੇ ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ ਬੀ ਈ ਐਮ ਦਾ ਸਨਮਾਨ



ਬੀਬੀ ਨਰਪਿੰਦਰ ਕੌਰ ਮਾਨ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਨਾਈਟਿਡ ਸਿੱਖਸ ਯੂ ਕੇ ਦੀ ਡਾਇਰੈਕਟਰ ਬੀਬੀ ਨਰਪਿੰਦਰ ਕੌਰ ਮਾਨ ਬੀ ਈ ਐਮ ਨੂੰ ਭਾਈਚਾਰਿਆਂ ਲਈ ਉਨ੍ਹਾਂ ਦੀ ਮਨੁੱਖੀ ਅਧਿਕਾਰਾਂ, ਲੋੜਾਂ ਲਈ ਦਿੱਤੀਆਂ ਸ਼ਾਨਦਾਰ ਸੇਵਾ ਲਈ ਖਾਲਸਾ ਦੀਵਾਨ ਅਫਗਾਨਿਸਤਾਨ ਵੱਲੋਂ ਆਨਰੇਰੀ ਮੈਂਬਰਸ਼ਿਪ ਨਾਲ ਸਨਮਾਨਿਤ ਕੀਤਾ ਗਿਆ।

ਨਰਪਿੰਦਰ ਕੌਰ ਮਾਨ ਯੂਨਾਈਟਿਡ ਸਿੱਖਸ ਨਾਲ ਕਈ ਸਾਲ ਤੋਂ ਸੇਵਾ ਕਰ ਰਹੀ ਹੈ। 2008 ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਪਾਰਕ ਐਵੇਨਿਊ ਵਿਖੇ ਬਰਤਾਨੀਆ ਦੇ ਗ੍ਰਹਿ ਵਿਭਾਗ ਨਾਲ ਤਾਲਮੇਲ ਕਰਕੇ ਲੋੜਵੰਦਾਂ ਲਈ ਸ਼ੁਰੂ ਕੀਤੀਆਂ ਸੇਵਾਵਾਂ ਨਾਲ ਉਹ ਹੁਣ ਤੱਕ ਸੈਂਕੜੇ ਲੋਕਾਂ ਨੂੰ ਕਾਨੂੰਨੀ, ਇਮੀਗ੍ਰੇਸ਼ਨ ਅਤੇ ਭਲਾਈ ਮੁੱਦਿਆਂ 'ਤੇ ਸਹਾਇਤਾ ਪ੍ਰਦਾਨ ਕਰ ਚੁੱਕੀ ਹੈ।

ਬੀਬੀ ਮਾਨ ਨੇ ਇੱਕ ਕਤਲ ਕੀਤੇ ਗਏ ਅੰਤਰਰਾਸ਼ਟਰੀ ਭਾਰਤੀ ਵਿਦਿਆਰਥੀ ਦੀ ਵਾਪਸੀ ਨਾਲ ਸਬੰਧਤ ਇੱਕ ਬਹੁਤ ਹੀ ਸੰਵੇਦਨਸ਼ੀਲ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਯੂ ਕੇ ਅਤੇ ਭਾਰਤੀ ਸਰਕਾਰੀ ਸੰਸਥਾਵਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਚਕਾਰ ਤਾਲਮੇਲ ਕਰਦੇ ਹੋਏ, ਉਸਨੇ ਬਹੁਤ ਲੋਕਾਂ ਦੀ ਘਰ ਵਾਪਸੀ ਲਈ ਮਦਦ ਕੀਤੀ। ਕੋਵਿਡ-19 ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਉਸਨੇ 30 ਤੋਂ ਵੱਧ ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਨੂੰ ਭਾਰਤ ਵਾਪਸ ਭੇਜਣ ਵਿੱਚ ਸਹਾਇਤਾ ਕੀਤੀ ਹੈ। ਬੀਬੀ ਨਰਪਿੰਦਰ ਕੌਰ ਮਾਨ ਦੀਆਂ ਇਹਨਾਂ ਸੇਵਾਵਾਂ ਲਈ ਜਿੱਥੇ ਉਨ੍ਹਾਂ ਨੂੰ ਸ਼ਾਹੀ ਸਨਮਾਨ ਬੀ ਈ ਐਮ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ ਅਤੇ ਹੁਣ ਅਫਗਾਨਸਤਾਨ ਸਿੱਖ ਭਾਈਚਾਰੇ ਵੱਲੋਂ ਜੱਥੇਦਾਰ ਭਾਈ ਸਾਹਿਬ ਭਾਈ ਗਜਿੰਦਰ ਸਿੰਘ ਦੀ ਅਗਵਾਈ ਵਿੱਚ ਖਾਲਸਾ ਦੀਵਾਨ ਅਫਗਾਨਿਸਤਾਨ ਦੀ ਆਨਰੇਰੀ ਮੈਂਬਰਸ਼ਿਪ ਨਾਲ ਸਨਮਾਨਿਤ ਕੀਤਾ ਹੈ।

# ਬ੍ਰੈਡਫੋਰਡ ਵਿੱਚ ਭਾਰਤੀ ਕਾਰੋਬਾਰੀ ਆਗੂ ਦੇ ਸਨਮਾਨ ਵਿੱਚ ਸਵਾਗਤ ਸਮਾਰੋਹ ਆਯੋਜਿਤ





ਬ੍ਰੈਡਫੋਰਡ, ਯੂ. ਕੇ. - ਯਾਰਕਸ਼ਾਇਰ ਸਿੱਖ ਫੋਰਮ ਨੇ ਸੋਮਵਾਰ ਸ਼ਾਮ ਨੂੰ ਨਵੀਂ ਦਿੱਲੀ, ਭਾਰਤ ਦੇ ਇੱਕ ਚੰਗੀ ਤਰ੍ਹਾਂ ਸਥਾਪਤ ਕਾਰੋਬਾਰੀ ਸ੍ਰੀ ਜਸਮੀਤ ਸਿੰਘ ਸੋਖੀ ਦੇ ਸਨਮਾਨ ਵਿੱਚ ਬ੍ਰੈਡਫੋਰਡ ਦੇ ਲਾਇਸੀਅਮ ਰੈਸਟੋਰੈਂਟ ਵਿੱਚ ਇੱਕ ਨਿੱਘਾ ਅਤੇ ਵਿਲੱਖਣ ਸਵਾਗਤ ਕੀਤਾ।

ਸ੍ਰੀ ਸੋਖੀ, ਜਿਨ੍ਹਾਂ ਨੂੰ ਕਾਰੋਬਾਰ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਭਾਈਚਾਰਕ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਮਾਨਤਾ ਪ੍ਰਾਪਤ ਹੈ, ਦਾ ਯਾਰਕਸ਼ਾਇਰ ਸਿੱਖ ਫੋਰਮ ਦੇ ਸੰਸਥਾਪਕ ਅਤੇ ਚੇਅਰਮੈਨ ਡਾ. ਨਿਰਮਲ ਸਿੰਘ ਸੇਖੋਂ ਐਮਬੀਈ ਅਤੇ ਫੋਰਮ ਦੇ ਮੈਂਬਰਾਂ ਨੇ ਸਵਾਗਤ ਕੀਤਾ। ਇਹ ਸਮਾਗਮ ਇੰਗਲੈਂਡ ਅਤੇ ਭਾਰਤ ਦਰਮਿਆਨ ਮਜ਼ਬੂਤ ਸੱਭਿਆਚਾਰਕ ਅਤੇ ਆਰਥਿਕ ਸਬੰਧਾਂ ਦੇ ਨਾਲ-ਨਾਲ ਅਜਿਹੇ ਸਬੰਧਾਂ ਨੂੰ ਉਤਸ਼ਾਹਤ ਕਰਨ ਵਿੱਚ ਸਿੱਖ ਭਾਈਚਾਰੇ ਦੀ ਜੀਵੰਤ ਭੂਮਿਕਾ ਨੂੰ ਦਰਸਾਉਂਦਾ ਹੈ।

ਮਹਿਮਾਨਾਂ ਨੇ ਲਾਇਸੀਅਮ ਵਿੱਚ ਖਾਣੇ ਦੇ ਵਧੀਆ ਅਨੁਭਵ ਦਾ ਆਨੰਦ ਮਾਣਿਆ, ਜਿਸ ਵਿੱਚ ਸ੍ਰੀ ਸੋਖੀ ਦੀਆਂ ਪੇਸ਼ੇਵਰ ਪ੍ਰਾਪਤੀਆਂ ਅਤੇ ਪਰਉਪਕਾਰੀ ਯਤਨਾਂ ਦੀ ਪ੍ਰਸ਼ੰਸਾ ਕਰਨ ਵਾਲੇ ਦਿਲੋਂ ਭਾਸ਼ਣ ਦਿੱਤੇ ਗਏ। ਆਪਣੇ ਸੰਬੋਧਨ ਵਿੱਚ ਸ੍ਰੀ ਸੋਖੀ ਨੇ ਬ੍ਰੈਡਫੋਰਡ ਦੇ ਸਿੱਖ ਭਾਈਚਾਰੇ ਵਿੱਚ ਏਕਤਾ ਅਤੇ ਪਰਾਹੁਣਚਾਰੀ ਦੀ ਭਾਵਨਾ ਦੀ ਪ੍ਰਸ਼ੰਸਾ ਕਰਦਿਆਂ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ।

ਸ਼ਾਮ ਦੀ ਸਮਾਪਤੀ ਯਾਦਗਾਰੀ ਚਿੰਨ੍ਹਾਂ ਦੇ ਅਦਾਨ-ਪ੍ਰਦਾਨ ਨਾਲ ਹੋਈ, ਜੋ ਦੋਸਤੀ ਅਤੇ ਕਾਰੋਬਾਰ ਅਤੇ ਭਾਈਚਾਰਕ ਪਹਿਲਕਦਮੀਆਂ ਵਿੱਚ ਭਵਿੱਖ ਦੇ ਸਹਿਯੋਗ ਦੀ ਉਮੀਦ ਦਾ ਪ੍ਰਤੀਕ ਹੈ।

# ‘ਆਪ’ ਵਿਧਾਇਕ ਅਨਮੋਲ ਗਗਨ ਮਾਨ ਨੂੰ ਕਮੇਟੀ ਤੋਂ ਹਟਾਇਆ

## ✪ ਅਨਮੋਲ ਦੀ ਥਾਂ ’ਤੇ ਰਾਜਪੁਰਾ ਤੋਂ ਵਿਧਾਇਕ ਨੀਨਾ ਮਿੱਤਲ ਨੂੰ ਕਮੇਟੀ ਦਾ ਮੈਂਬਰ ਬਣਾਇਆ



ਚੰਡੀਗੜ੍ਹ-ਪੰਜਾਬ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਅਨਮੋਲ ਗਗਨ ਮਾਨ ਨੂੰ ਵਿਧਾਨ ਸਭਾ ਦੀ ਇੱਕ ਕਮੇਟੀ ਤੋਂ ਹਟਾ ਦਿੱਤਾ ਗਿਆ ਹੈ। ਪੰਜਾਬ ਵਿਧਾਨ ਸਭਾ ਨੇ ਉਨ੍ਹਾਂ ਨੂੰ ਸਾਲ 2025-26 ਲਈ ਬਣੀ ‘ਪ੍ਰਸ਼ਨ ਅਤੇ ਸੰਦਰਭ ਕਮੇਟੀ’ ਦੀ ਮੈਂਬਰਸ਼ਿਪ ਤੋਂ ਮੁਕਤ ਕਰ ਦਿੱਤਾ ਹੈ। ਇਹ ਕਦਮ ਉਨ੍ਹਾਂ ਦੇ ਉਸ ਐਲਾਨ ਤੋਂ ਬਾਅਦ ਆਇਆ ਹੈ, ਜਦੋਂ ਉਨ੍ਹਾਂ ਨੇ ਸਿਆਸਤ ਛੱਡਣ ਲਈ ਅਸਤੀਫਾ ਦੇਣ ਦੀ ਗੱਲ ਕਹੀ ਸੀ। ਹਾਲਾਂਕਿ, ਬਾਅਦ ਵਿੱਚ ਉਨ੍ਹਾਂ ਨੇ ਆਪਣਾ ਅਸਤੀਫਾ ਵਾਪਸ ਲੈ ਲਿਆ ਸੀ। ਅਨਮੋਲ ਗਗਨ ਮਾਨ ਦੀ ਥਾਂ ’ਤੇ ਰਾਜਪੁਰਾ ਤੋਂ ਵਿਧਾਇਕ ਨੀਨਾ ਮਿੱਤਲ ਨੂੰ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

**ਆਓ ਛੇਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



# ਰੋਹਿਤ ਤੇ ਕੋਹਲੀ ਦਾ ਇੱਕ ਰੋਜ਼ਾ ਮੈਚ ’ਚ ਸ਼ਾਨਦਾਰ ਰਿਕਾਰਡ: ਗਾਂਗੁਲੀ




ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ Sourav Ganguly ਨੇ ਕਿਹਾ ਕਿ ਰੋਹਿਤ ਸ਼ਰਮਾ ਤੇ ਵਿਰਾਟ ਕੋਹਲੀ ਦਾ ਇੱਕ ਰੋਜ਼ਾ ਮੈਚਾਂ ਚ ਸ਼ਾਨਦਾਰ ਰਿਕਾਰਡ ਹੈ ਅਤੇ ਜੇਕਰ ਉਹ ਵਧੀਆ ਪ੍ਰਦਰਸ਼ਨ ਕਰਦੇ ਹਨ ਤਾਂ ਉਨ੍ਹਾਂ ਨੂੰ ਕ੍ਰਿਕਟ ਦੀ 50 ਓਵਰਾਂ ਦੀ ਵੰਨਗੀ ਫ਼ਰਸਤੋਂਚ ਖੇਡਣਾ ਜਾਰੀ ਰੱਖਣਾ ਚਾਹੀਦਾ ਹੈ।ਗਾਂਗੁਲੀ ਨੇ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਜਿਨ੍ਹਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਆਸਟਰੇਲੀਆ ਚ ਅਗਾਮੀ ਇੱਕ ਦਿਨਾ ਮੈਚਾਂ ਦੀ ਲੜੀ ਵਿਰਾਟ ਤੇ ਰੋਹਿਤ ਦੀ ਆਖਰੀ ਲੜੀ ਹੋ ਸਕਦੀ ਹੈ, ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਅਜਿਹੇ ਕਿਸੇ ਘਟਨਾਕ੍ਰਮ ਬਾਰੇ ਪਤਾ ਨਹੀਂ ਹੈ।


2 for 1
from £70
including sunglasses

With single-vision lenses
to the same prescription



Make sunnies your
second pair



You're better off with Specsavers

[Frames subject to availability]. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges or 1.5 safety lenses for safety eyewear range). Varifocal/bifocal: pay for lenses in first pair only. Both pairs must be purchased in one transaction. Excludes SuperDigital, SuperDrive varifocals and SuperReaders 1-2-3 occupational lenses. 2 for 1 on safety eyewear is excluded for customers with a corporate eyecare voucher provided by their employer. Additional charge for extra lens options.



Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਅਨਮੋਲਦੀਪ ਸਿੰਘ ਦਸਤਾਰ ਨਾਲ ਬਕਿੰਘਮ ਪੈਲੇਸ ਵਿਚ

## ○ ਸਿੱਖ ਪਛਾਣ ਦੀ ਸ਼ਾਨ ਵਧੀ, ਰਾਇਲ ਗਾਰਡ ਵਿੱਚ ਬਣਾਈ ਜਗ੍ਹਾ ○ ਸਖ਼ਤ ਪ੍ਰਕਿਰਿਆ, ਵੱਕਾਰੀ ਨੌਕਰੀ: ਅਨਮੋਲਦੀਪ ਦੀ ਭਰਤੀ ਦਾ ਸਫ਼ਰ





ਤਰਨਤਾਰਨ ਜ਼ਿਲ੍ਹੇ ਦੇ ਪਿੰਡ ਲੋਹਕਾ ਦਾ ਜੰਮਪਲ ਅਨਮੋਲਦੀਪ ਸਿੰਘ ਹੁਣ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਦਾ ਮਾਣ ਵਧਾਉਣ ਲਈ ਬਕਿੰਘਮ ਪੈਲੇਸ ਵਿੱਚ ਦਸਤਾਰ ਸਜਾਕੇ ਸੇਵਾਵਾਂ ਨਿਭਾਏਗਾ। ਬਰਤਾਨੀਆ ਦੀ ਵੱਕਾਰੀ ਰਾਇਲ ਗਾਰਡ ਵਿੱਚ ਥਾਂ ਹਾਸਲ ਕਰਕੇ ਅਨਮੋਲਦੀਪ ਨੇ ਇੱਕ ਅਜਿਹਾ ਇਤਿਹਾਸ ਰਚਿਆ, ਜਿਸ ਨਾਲ ਪਿੰਡ ਲੋਹਕਾ, ਤਰਨਤਾਰਨ ਅਤੇ ਪੂਰੇ ਪੰਜਾਬ ਦਾ ਸਿਰ ਮਾਣ ਨਾਲ ਉੱਚਾ ਹੋਇਆ। ਅਨਮੋਲਦੀਪ ਦੇ ਪਰਿਵਾਰ ਦਾ ਫ਼ੌਜੀ ਪਿਛੋਕੜ ਵੀ ਇਸ ਪ੍ਰਾਪਤੀ ਨੂੰ ਹੋਰ ਖ਼ਾਸ ਬਣਾਉਂਦਾ ਹੈ। ਉਸ ਦੇ ਪਿਤਾ ਹਰਵੰਤ ਸਿੰਘ ਭਾਰਤੀ ਫ਼ੌਜ ਵਿੱਚ ਨਾਇਕ ਦੇ ਅਹੁਦੇ ਤੋਂ ਸੇਵਾਮੁਕਤ ਸਨ, ਜਦਕਿ ਦਾਦਾ ਸੀਆਰਪੀਐਫ ਵਿੱਚ ਸੇਵਾਵਾਂ ਨਿਭਾ ਚੁੱਕੇ ਹਨ। ਸੱਤ ਸਾਲ ਪਹਿਲਾਂ ਹਰਵੰਤ ਸਿੰਘ ਦੀ ਮੌਤ ਹੋ ਗਈ ਸੀ, ਪਰ ਉਨ੍ਹਾਂ ਦਾ ਸੁਪਨਾ ਸੀ ਕਿ ਉਨ੍ਹਾਂ ਦਾ ਪੁੱਤਰ ਅਨਮੋਲਦੀਪ ਫ਼ੌਜ ਵਿੱਚ ਜਾ ਕੇ ਦੇਸ਼-ਵਿਦੇਸ਼ ਵਿੱਚ ਸੇਵਾ ਕਰੇ।

ਅਨਮੋਲਦੀਪ ਸਿੰਘ 2019 ਵਿੱਚ ਸਟੱਡੀ ਵੀਜ਼ੇ 'ਤੇ ਬਰਤਾਨੀਆ ਗਿਆ ਸੀ। ਉਸ ਦੀ ਮਿਹਨਤ, ਲਗਨ ਅਤੇ ਪਰਿਵਾਰਕ ਪਰੰਪਰਾ ਨੇ ਉਸ ਨੂੰ ਬਰਤਾਨੀਆ ਦੀ ਸਭ ਤੋਂ ਵੱਕਾਰੀ ਫ਼ੌਜੀ ਇਕਾਈ, ਰਾਇਲ ਗਾਰਡ, ਵਿੱਚ ਜਗ੍ਹਾ ਦਿਵਾਈ। ਅਨਮੋਲਦੀਪ ਨੇ ਹੁਣੇ ਜਿਹੇ ਇਸ ਇਕਾਈ ਵਿੱਚ ਨੌਕਰੀ ਹਾਸਲ ਕੀਤੀ ਹੈ, ਅਤੇ ਖ਼ਾਸ ਗੱਲ ਇਹ ਹੈ ਕਿ ਉਹ ਆਪਣੀ ਸਿੱਖ ਪਛਾਣ, ਯਾਨੀ ਦਸਤਾਰ ਅਤੇ ਦਾੜ੍ਹੀ, ਨਾਲ ਇਸ ਸ਼ਾਹੀ ਮਹਿਲ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਏਗਾ। ਇਹ ਪ੍ਰਾਪਤੀ ਨਾ ਸਿਰਫ਼ ਉਸ ਦੇ ਪਰਿਵਾਰ, ਸਗੋਂ ਪੂਰੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

ਰਾਇਲ ਗਾਰਡ ਵਿੱਚ ਭਰਤੀ: ਪ੍ਰਕਿਰਿਆ ਅਤੇ ਵਿਦਿਅਕ ਯੋਗਤਾ- ਬਰਤਾਨੀਆ ਦੀ ਰਾਇਲ ਗਾਰਡ ਵਿੱਚ ਭਰਤੀ ਹੋਣਾ ਕੋਈ ਸੌਖੀ ਗੱਲ ਨਹੀਂ। ਇਹ ਫ਼ੌਜੀ ਇਕਾਈ ਬਰਤਾਨੀਆ ਦੇ ਸ਼ਾਹੀ ਮਹਿਲਾਂ, ਖ਼ਾਸ ਕਰਕੇ ਬਕਿੰਘਮ ਪੈਲੇਸ, ਅਤੇ ਰਾਜਸ਼ਾਹੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਦੀ ਹੈ। ਰਾਇਲ ਗਾਰਡ ਦੀ ਚੋਣ ਪ੍ਰਕਿਰਿਆ ਬਹੁਤ ਸਖ਼ਤ ਹੁੰਦੀ ਹੈ, ਜਿਸ ਵਿੱਚ ਸਰੀਰਕ ਤੰਦਰੁਸਤੀ, ਮਾਨਸਿਕ ਸਮਰੱਥਾ, ਅਨੁਸ਼ਾਸਨ ਅਤੇ ਬੈਕਗ੍ਰਾਊਂਡ ਜਾਂਚ ਸ਼ਾਮਲ ਹੁੰਦੀ ਹੈ। ਅਨਮੋਲਦੀਪ ਸਿੰਘ ਨੇ ਇਹ ਸਾਰੀਆਂ ਪ੍ਰੀਖਿਆਵਾਂ ਪਾਸ ਕਰਕੇ ਇਸ ਵੱਕਾਰੀ ਇਕਾਈ ਵਿੱਚ ਜਗ੍ਹਾ ਬਣਾਈ।

ਅਨਮੋਲਦੀਪ ਦੀ ਵਿਦਿਅਕ ਯੋਗਤਾ ਦੀ ਗੱਲ ਕਰੀਏ ਤਾਂ, ਉਸ ਨੇ 2019 ਵਿੱਚ ਸਟੱਡੀ ਵੀਜ਼ੇ 'ਤੇ ਬਰਤਾਨੀਆ ਜਾਣ ਤੋਂ ਪਹਿਲਾਂ ਪੰਜਾਬ ਵਿੱਚ ਆਪਣੀ ਸਕੂਲੀ ਪੜ੍ਹਾਈ ਮੁਕੰਮਲ ਕੀਤੀ ਸੀ। ਬਰਤਾਨੀਆ ਵਿੱਚ ਉਸ ਨੇ ਉੱਚ ਸਿੱਖਿਆ ਹਾਸਲ ਕੀਤੀ, ਜਿਸ ਵਿੱਚ ਸੰਭਾਵੀ ਤੌਰ 'ਤੇ ਕੋਈ ਡਿਗਰੀ ਜਾਂ ਡਿਪਲੋਮਾ ਸ਼ਾਮਲ ਹੋ ਸਕਦਾ ਹੈ, ਜੋ ਰਾਇਲ ਗਾਰਡ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੋਵੇ। ਰਾਇਲ ਗਾਰਡ ਵਿੱਚ ਭਰਤੀ ਲਈ ਆਮ ਤੌਰ 'ਤੇ ਘੱਟੋ-ਘੱਟ 18 ਸਾਲ ਦੀ ਉਮਰ, ਚੰਗੀ ਸਿਹਤ, ਅਤੇ ਬਰਤਾਨੀਆ ਦੀ ਨਾਗਰਿਕਤਾ ਜਾਂ ਰੈਜ਼ੀਡੈਂਸੀ ਦੀ ਮੰਗ ਹੁੰਦੀ ਹੈ। ਅਨਮੋਲਦੀਪ ਨੇ ਸਟੱਡੀ ਵੀਜ਼ੇ ਤੋਂ ਬਾਅਦ ਸੰਭਵ ਤੌਰ 'ਤੇ ਬਰਤਾਨੀਆ ਵਿੱਚ ਸਥਾਈ ਨਿਵਾਸ ਜਾਂ ਨੌਕਰੀ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ, ਜਿਸ ਨਾਲ ਉਸ ਨੂੰ ਇਸ ਇਕਾਈ ਵਿੱਚ ਅਰਜ਼ੀ ਦੇਣ ਦਾ ਮੌਕਾ ਮਿਲਿਆ। ਉਸ ਦੀ ਮਿਹਨਤ ਅਤੇ ਅਨੁਸ਼ਾਸਨ ਨੇ ਉਸ ਨੂੰ ਇਸ ਸਖ਼ਤ ਪ੍ਰਕਿਰਿਆ ਵਿੱਚ ਸਫ਼ਲਤਾ ਦਿਵਾਈ ਹੈ। ਅਨਮੋਲਦੀਪ ਦੇ ਚਾਚਾ ਸਤਵੰਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਹਰਵੰਤ ਸਿੰਘ ਦਾ ਸੁਪਨਾ ਸੀ ਕਿ ਉਨ੍ਹਾਂ ਦਾ ਪੁੱਤਰ ਫ਼ੌਜ ਵਿੱਚ ਜਾਵੇ। ਅਨਮੋਲਦੀਪ ਨੇ ਨਾ ਸਿਰਫ਼ ਇਸ ਸੁਪਨੇ ਨੂੰ ਪੂਰਾ ਕੀਤਾ, ਸਗੋਂ ਵਿਦੇਸ਼ੀ ਧਰਤੀ 'ਤੇ ਸਿੱਖ ਪਛਾਣ ਨਾਲ ਸੇਵਾ ਕਰਕੇ ਪਰਿਵਾਰ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਪਿੰਡ ਲੋਹਕਾ ਦੇ ਸਰਪੰਚ ਜਗਜੀਤ ਸਿੰਘ ਨੇ ਕਿਹਾ ਕਿ ਅਨਮੋਲਦੀਪ ਉਨ੍ਹਾਂ ਦੇ ਪਰਿਵਾਰ ਨਾਲ ਸਬੰਧਤ ਹੈ ਅਤੇ ਇਸ ਪ੍ਰਾਪਤੀ ਨੇ ਪਿੰਡ ਦੀ ਸ਼ਾਨ ਵਧਾਈ ਹੈ।

### ਰਾਇਲ ਗਾਰਡ ਵਿੱਚ ਸਿੱਖ ਸੈਨਿਕ: ਪਹਿਲਾਂ ਅਤੇ ਹੁਣ

ਬਰਤਾਨੀਆ ਦੀ ਰਾਇਲ ਗਾਰਡ ਵਿੱਚ ਸਿੱਖ ਸੈਨਿਕਾਂ ਦੀ ਮੌਜੂਦਗੀ ਪਹਿਲਾਂ ਵੀ ਰਹੀ ਹੈ, ਪਰ ਅਨਮੋਲਦੀਪ ਸਿੰਘ ਦੀ ਭਰਤੀ ਨੇ ਇਸ ਨੂੰ ਨਵਾਂ ਰੰਗ ਦਿੱਤਾ। ਪਿਛਲੇ ਸਾਲਾਂ ਵਿੱਚ ਕਈ ਸਿੱਖ ਨੌਜਵਾਨਾਂ ਨੇ ਰਾਇਲ ਗਾਰਡ ਵਿੱਚ ਸੇਵਾਵਾਂ ਨਿਭਾਈਆਂ ਹਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਸਿੱਧ ਨਾਂ ਹਨ ਸਿਗਨਲਮੈਨ ਜਤਿੰਦਰਪਾਲ ਸਿੰਘ ਭੁੱਲਰ, ਜੋ 2018 ਵਿੱਚ ਰਾਇਲ ਸਿਗਨਲਜ਼ ਦੇ ਪਹਿਲੇ ਸਿੱਖ ਸੈਨਿਕ ਵਜੋਂ ਸਾਹਮਣੇ ਆਏ ਸਨ। ਇਸ ਤੋਂ ਇਲਾਵਾ, ਗਾਰਡਸਮੈਨ ਚਰਨਪ੍ਰੀਤ ਸਿੰਘ ਲੱਲ ਵੀ 2016 ਵਿੱਚ ਸਕਾਟਸ ਗਾਰਡਜ਼ ਵਿੱਚ ਸ਼ਾਮਲ ਹੋਏ ਸਨ, ਜੋ ਰਾਇਲ ਗਾਰਡ ਦੀ ਇੱਕ ਇਕਾਈ ਹੈ। ਇਹ ਸਿੱਖ ਸੈਨਿਕ ਵੀ ਆਪਣੀ ਦਸਤਾਰ ਅਤੇ ਸਿੱਖ ਪਛਾਣ ਨਾਲ ਸੇਵਾਵਾਂ ਨਿਭਾਉਂਦੇ ਹਨ।

# ਪਾਕਿਸਤਾਨ ਵਿੱਚ ਘੱਟਗਿਣਤੀ ਬੱਚਿਆਂ ਨਾਲ ਸ਼ੋਸ਼ਣ: ਇੱਕ ਰਿਪੋਰਟ

## ○ ਬਾਲ ਅਧਿਕਾਰਾਂ ਲਈ ਰਾਸ਼ਟਰੀ ਕਮਿਸ਼ਨ ਦੀ ਇੱਕ ਰਿਪੋਰਟ ਅਨੁਸਾਰ ਸਕੂਲਾਂ ਵਿੱਚ ਵੀ ਵਿਤਕਰਾ



ਪਾਕਿਸਤਾਨ ਵਿੱਚ ਘੱਟਗਿਣਤੀ ਭਾਈਚਾਰਿਆਂ, ਖਾਸ ਕਰਕੇ ਹਿੰਦੂ ਅਤੇ ਇਸਾਈ ਬੱਚਿਆਂ ਨੂੰ ਵੱਡੇ ਪੱਧਰ 'ਤੇ ਸ਼ੋਸ਼ਣ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਕਿਸਤਾਨ ਦੇ ਬਾਲ ਅਧਿਕਾਰਾਂ ਲਈ ਰਾਸ਼ਟਰੀ ਕਮਿਸ਼ਨ ਦੀ ਇੱਕ ਰਿਪੋਰਟ ਵਿੱਚ ਇਸ ਦਾ ਖੁਲਾਸਾ ਹੋਇਆ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਬੱਚਿਆਂ ਨੂੰ ਜਬਰੀ ਧਰਮ ਤਬਦੀਲੀ, ਬੰਧੂਆ ਮਜ਼ਦੂਰੀ ਅਤੇ ਬਾਲ ਵਿਆਹ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਜ਼ਾਰਾਂ ਬੱਚੇ ਰੋਜ਼ਾਨਾ ਇਸ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ, ਜੋ ਕਿ ਸਿਰਫ਼ ਕਾਨੂੰਨੀ ਮੁੱਦਾ ਨਹੀਂ, ਬਲਕਿ ਮਨੁੱਖੀ ਅਧਿਕਾਰਾਂ ਦਾ ਇੱਕ ਵੱਡਾ ਸੰਕਟ ਹੈ। ਘੱਟਗਿਣਤੀ ਬੱਚਿਆਂ ਨੂੰ ਸਕੂਲਾਂ ਵਿੱਚ ਵੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਰਿਪੋਰਟ ਅਨੁਸਾਰ, ਅਧਿਆਪਕ ਅਤੇ ਸਹਿਪਾਠੀ ਉਨ੍ਹਾਂ ਨਾਲ ਮਾੜਾ ਵਿਵਹਾਰ ਕਰਦੇ ਹਨ। ਧਰਮ ਦੇ ਆਧਾਰ 'ਤੇ ਉਨ੍ਹਾਂ 'ਤੇ ਤਾਅਨੇ-ਮਿਹਣੇ ਕੱਸੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਾਕੀ ਬੱਚਿਆਂ ਤੋਂ ਵੱਖ ਬਿਠਾਇਆ ਜਾਂਦਾ ਹੈ। ਇੱਥੋਂ ਤੱਕ ਕਿ ਉਨ੍ਹਾਂ ਨੂੰ ਜਮਾਤ ਵਿੱਚ ਅੱਗੇ ਬੈਠਣ ਜਾਂ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਹੁੰਦੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਹ ਇੱਕੋ ਗਲਾਸ ਵਿੱਚੋਂ ਪਾਣੀ ਵੀ ਨਹੀਂ ਪੀ ਸਕਦੇ। ਅਪ੍ਰੈਲ 2023 ਤੋਂ ਦਸੰਬਰ 2024 ਦੌਰਾਨ ਛੋਟੇ ਕੋਲ ਬੱਚਿਆਂ ਨਾਲ ਜੁੜੇ ਕਤਲ, ਅਗਵਾ, ਜਬਰੀ ਧਰਮ ਪਰਿਵਰਤਨ ਅਤੇ ਬਾਲ ਵਿਆਹ ਦੇ 27 ਮਾਮਲੇ ਦਰਜ ਹੋਏ ਹਨ, ਪਰ ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ ਕਿਉਂਕਿ ਕਈ ਪਰਿਵਾਰ ਡਰ ਕਾਰਨ ਸ਼ਿਕਾਇਤ ਦਰਜ ਨਹੀਂ ਕਰਵਾਉਂਦੇ। ਪੰਜਾਬ ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ, ਜਿੱਥੇ 40% ਮਾਮਲੇ ਦਰਜ ਕੀਤੇ ਗਏ ਹਨ।

# ਅੰਮ੍ਰਿਤਸਰ ਵਿੱਚ ਨਾਬਾਲਗ ਨਾਲ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ

ਅੰਮ੍ਰਿਤਸਰ-ਅੰਮ੍ਰਿਤਸਰ ਦੀ ਅਦਾਲਤ ਨੇ ਇੱਕ ਨਾਬਾਲਗ ਨਾਲ ਸਮੂਹਿਕ ਬਲਾਤਕਾਰ ਦੇ ਦੋ ਦੋਸ਼ੀਆਂ ਨੂੰ ਉਨ੍ਹਾਂ ਦੀ ਕੁਦਰਤੀ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ (ਫਾਸਟ ਟ੍ਰੈਕ ਕੋਰਟ) ਤ੍ਰਿਪਤਜੋਤ ਕੌਰ ਨੇ ਇਹ ਫੈਸਲਾ ਪੋਕਸੋ ਐਕਟ ਤਹਿਤ ਸੁਣਾਇਆ। ਦੋਸ਼ੀ ਅਨਿਲ ਕੁਮਾਰ ਬਿੱਲੀ ਅਤੇ ਸੋਹਮ ਨੂੰ ਉਮਰ ਕੈਦ ਦੇ ਨਾਲ-ਨਾਲ ਇੱਕ-ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਪੁਲਿਸ ਅਨੁਸਾਰ, ਘਟਨਾ ਵਾਲੇ ਦਿਨ ਦੋਸ਼ੀ ਅਨਿਲ ਕੁਮਾਰ ਆਪਣੇ ਦੋਸਤਾਂ ਨਾਲ ਸ਼ਰਾਬ ਪੀ ਰਿਹਾ ਸੀ। ਪੀੜਤਾ ਰਾਤ ਨੂੰ ਆਪਣੀ ਛੱਤ 'ਤੇ ਖੜ੍ਹੀ ਸੀ, ਜਿਸਨੂੰ ਦੋਸ਼ੀ ਨੇ ਬਹਾਨੇ ਨਾਲ ਬੁਲਾ ਕੇ ਉਸ ਨਾਲ ਅਤੇ ਆਪਣੇ ਦੋਸਤਾਂ ਨਾਲ ਮਿਲ ਕੇ ਸਮੂਹਿਕ ਬਲਾਤਕਾਰ ਕੀਤਾ। ਪੀੜਤਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਸਬੂਤਾਂ ਦੇ ਆਧਾਰ 'ਤੇ ਅਦਾਲਤ ਨੇ ਦੋਵਾਂ ਨੂੰ ਦੋਸ਼ੀ ਠਹਿਰਾਇਆ।

# ਪੰਜਾਬ ਹਰਿਆਣਾ ਹਾਈ ਹਾਈਕੋਰਟ ਵੱਲੋਂ ਲੈਂਡ ਪੂਲਿੰਗ ਪਾਲਿਸੀ 'ਤੇ ਲਗਾਈ ਰੋਕ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਉਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਇਸ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਸ ਨੀਤੀ ਵਿਚਲੀਆਂ ਕੁਤਾਹੀਆਂ ਦਾ ਸਖ਼ਤ ਨੋਟਿਸ ਲਿਆ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਪਟੀਸ਼ਨ 'ਚ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ 'ਭੌਂ ਪ੍ਰਾਪਤੀ ਐਕਟ 2013' ਦੀ ਉਲੰਘਣਾ ਕਿਹਾ ਗਿਆ ਹੈ ਅਦਾਲਤ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਦਲੀਲਾਂ ਨਾਲ ਸਹਿਮਤ ਨਹੀਂ ਹੋਈ। ਅਦਾਲਤ ਵਿਚ ਪਟੀਸ਼ਨਰ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਨਾਲ ਜੋ ਜ਼ਮੀਨ ਉਤੇ ਨਿਰਭਰ ਤਬਕੇ ਪ੍ਰਭਾਵਿਤ ਹੋਣੇ ਹਨ, ਉਸ ਦੇ ਮੱਦੇਨਜ਼ਰ ਕੋਈ ਸਰਵੇ ਨਹੀਂ ਕੀਤਾ ਗਿਆ ਅਤੇ ਇਸ ਨੀਤੀ ਨਾਲ ਪੈਣ ਵਾਲੇ ਸਮਾਜਿਕ ਪ੍ਰਭਾਵਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ।

# ਸੰਤਾਲੀ ਦੀ ਵੰਡ ਵਿਚ ਕਸ਼ਮੀਰੀ ਸਿੱਖਾਂ ਦਾ ਦੁਖਾਂਤ

**ਅਵਤਾਰ ਸਿੰਘ ਅਨੰਦ**



ਸੰਤਾਲੀ ਦੀ ਭਾਰਤ ਵੰਡ ਵਿਚ ਪੰਜਾਬ, ਬੰਗਾਲ ਤੇ ਕਸ਼ਮੀਰ ਨੇ ਸਭ ਤੋਂ ਵੱਧ ਦੁਖਾਂਤ ਵੇਖਿਆ। ਅਸਲ ਵਿਚ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ। ਬਾਰਾਂ ਲੱਖ ਦੇ ਕਰੀਬ ਪੰਜਾਬੀ ਕਤਲ ਹੋ ਗਏ। ਹੱਸਦੇ-ਵਸਦੇ ਪਰਿਵਾਰ ਪਲਾਂ ਵਿਚ ਹੀ ਉੱਜੜ ਗਏ। ਕਾਰੋਬਾਰ, ਖੇਤ, ਦੁਕਾਨਾਂ, ਘਰ ਛੱਡ ਕੇ ਪੰਜਾਬੀ ਇਧਰੋਂ-ਉਧਰ ਤੇ ਉਧਰੋਂ-ਇਧਰ ਰੁਲਦੇ ਰਹੇ। ਵੰਡ ਦੇ ਇਸ ਸੰਤਾਪ ਤੋਂ ਕਸ਼ਮੀਰ ਵੀ ਅਣਛੋਹਿਆ ਨਹੀਂ ਰਿਹਾ। ਇਸ ਧਰਤੀ ਨੇ ਵੀ ਆਪਣਿਆਂ ਦਾ ਕਤਲੇਆਮ ਹੁੰਦਾ ਵੇਖਿਆ, ਜਿਸ ਦੌਰਾਨ ਸਿਰਫ਼ ਤੇ ਸਿਰਫ਼ ਸਿੱਖ ਅਤੇ ਹਿੰਦੂ ਹੀ ਚੁਣ-ਚੁਣ ਕੇ ਕਤਲ ਕੀਤੇ ਗਏ ਸਨ। 15 ਅਗਸਤ ਨੂੰ ਜਦੋਂ ਭਾਰਤ ਤੇ ਪਾਕਿਸਤਾਨ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ ਤਾਂ ਦੂਜੇ ਪਾਸੇ ਕਸ਼ਮੀਰ ਦੇ ਲੋਕ ਉਸ ਸਹਿਮ 'ਚ ਸਨ ਕਿ ਅਸੀਂ ਕਿਸ ਪਾਸੇ ਹਾਂ, ਭਾਰਤ ਵੱਲ ਜਾਂ ਪਾਕਿਸਤਾਨ ਵੱਲ। ਕਸ਼ਮੀਰ 'ਚ ਉਸ ਵੇਲੇ 80 ਫ਼ੀਸਦੀ ਮੁਸਲਿਮ ਆਬਾਦੀ ਸੀ। ਕਸ਼ਮੀਰ ਦਾ ਰਾਜਾ ਹਰੀ ਸਿੰਘ ਡੋਗਰਾ ਕਸ਼ਮੀਰ ਵਾਦੀ 'ਤੇ ਰਾਜ ਕਰ ਰਿਹਾ ਸੀ। ਦਿਲ ਦਾ ਕਮਜ਼ੋਰ ਤਾਂ ਉਹ ਹੈ ਹੀ ਸੀ, ਰਾਜਨੀਤਕ ਸ਼ਕਤੀਆਂ ਅਤੇ ਫ਼ੈਸਲੇ ਲੈਣ 'ਚ ਵੀ ਉਹ ਕਮਜ਼ੋਰ ਸੀ।

ਪਾਕਿਸਤਾਨ ਦੀ ਵੰਡ ਦੇ ਨਾਇਕ ਮੁਹੰਮਦ ਅਲੀ ਜਿਨਾਹ ਦੀ ਸੋਚ ਸਿਰਫ਼ ਪੰਜਾਬ, ਸਿੰਧ ਤੇ ਬਲੋਚਿਸਤਾਨ ਤੱਕ ਨਹੀਂ ਸੀ, ਉਹ ਕਸ਼ਮੀਰ ਨੂੰ ਵੀ ਆਪਣੇ ਕਬਜ਼ੇ ਹੇਠ ਕਰਨਾ ਚਾਹੁੰਦਾ ਸੀ। ਇਸ ਦਾ ਕਾਰਨ ਕਸ਼ਮੀਰ 'ਚ ਮੁਸਲਿਮ ਭਾਈਚਾਰੇ ਦਾ ਵੱਡੀ ਗਿਣਤੀ 'ਵਿਚ ਹੋਣਾ ਸੀ। ਜਿਨਾਹ ਜਾਣਦਾ ਸੀ ਕਿ ਡੋਗਰਾ ਹਰੀ ਸਿੰਘ ਕੋਲ ਫ਼ੌਜ ਦੀ ਗਿਣਤੀ ਘੱਟ ਹੈ। ਪਾਕਿਸਤਾਨੀ ਲੀਡਰਾਂ ਨੇ ਪਾਕਿ ਫ਼ੌਜ ਤੇ ਕਬਾਇਲੀਆਂ ਨਾਲ ਮਿਲ ਕੇ ਕਸ਼ਮੀਰ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਦਾ ਇਕ ਹੀ ਨਾਅਰਾ ਸੀ 'ਸਿੱਖ ਦਾ ਸਿਰ, ਮੁਸਲਿਮ ਦਾ ਘਰ, ਹਿੰਦੂ ਦੀ ਜ਼ਰ'। ਮਤਲਬ ਸਿੱਖ ਦਾ ਸਿਰ ਵੱਢਣਾ ਹੈ, ਭਾਰਤੀ ਹਮਾਇਤੀ ਮੁਸਲਿਮ ਦਾ ਘਰ ਸਾੜਨਾ ਅਤੇ ਹਿੰਦੂਆਂ ਦੀ ਜਾਇਦਾਦ ਤੇ ਔਰਤਾਂ ਨੂੰ ਲੁੱਟਣਾ ਹੈ। ਪਾਕਿ ਫ਼ੌਜ ਅਤੇ ਕਬਾਇਲੀ ਲੋਕਾਂ ਨੇ ਮੁਜ਼ੱਫਰਾਬਾਦ ਤੋਂ ਸ੍ਰੀਨਗਰ ਦੇ ਰਸਤੇ ਵਧਣਾ ਸ਼ੁਰੂ ਕਰ ਦਿੱਤਾ। ਕਸ਼ਮੀਰ ਵਸਦੇ ਸਿੱਖਾਂ ਨੂੰ ਜਦੋਂ ਇਸ ਗੱਲ ਦੀ ਖ਼ਬਰ ਲੱਗੀ ਤਾਂ ਉਨ੍ਹਾਂ ਨੇ ਹੇਠਾਂ ਸ੍ਰੀਨਗਰ ਵੱਲ ਵਧਣਾ ਸ਼ੁਰੂ ਕਰ ਦਿੱਤਾ। ਉੜੀ ਤੋਂ ਹੇਠਾਂ ਉਤਰ ਰਹੇ ਸਿੱਖਾਂ ਨੇ ਰਸਤੇ 'ਚ ਇਕ ਸਥਾਨ ਸਤਰਣਾ ਨੇੜੇ ਅਰਦਾਸ ਕੀਤੀ, ਜਿੱਥੇ ਅੱਜ ਗੁਰਦੁਆਰਾ ਸ਼ਹੀਦਾਂ ਸਾਹਿਬ ਸਥਾਪਤ ਹੈ ਜਿਸ ਦਾ ਪ੍ਰਬੰਧ ਦਿੱਲੀ ਕਾਰ ਸੇਵਾ ਵਾਲੇ ਸੇਵਕਾਂ ਕੋਲ ਹੈ।

ਦੂਜੇ ਪਾਸੇ ਪਾਕਿ ਫ਼ੌਜ ਉੱਥੋਂ ਦੇ ਕਬਾਇਲੀਆਂ ਦੀ ਮਦਦ ਨਾਲ ਮੁਸਲਿਮ ਲੀਗ ਦੇ ਨੈਸ਼ਨਲ ਗਾਰਡ ਦੇ ਕਮਾਂਡਰ ਖ਼ੁਰਸ਼ੀਦ ਅਨਵਰ ਦੀ ਅਗਵਾਈ ਵਿਚ ਮੁਜ਼ੱਫਰਾਬਾਦ ਤੋਂ ਸ੍ਰੀਨਗਰ ਵੱਲ ਵਧ ਚੁੱਕੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਮੀਰਪੁਰ ਤੇ ਉੜੀ 'ਚ ਸਿੱਖਾਂ ਦਾ ਕਤਲੇਆਮ ਕੀਤਾ। ਹਿੰਦੂਆਂ ਦੀ ਜਾਇਦਾਦ ਅਤੇ ਔਰਤਾਂ ਨੂੰ ਲੁੱਟਿਆ। ਫਿਰ ਜਦੋਂ ਉਹ ਬਾਰਾਮੂਲਾ ਪੁੱਜੇ ਤਾਂ ਪਾਕਿ ਫ਼ੌਜ ਅਤੇ ਕਬਾਇਲੀਆਂ ਨੇ ਰੱਜ ਕੇ ਲੁੱਟ-ਮਾਰ ਕੀਤੀ। ਸਭ ਤੋਂ ਵੱਧ ਇੱਥੇ ਸਿੱਖਾਂ ਨੂੰ ਮਾਰਿਆ ਗਿਆ। ਹਮਲੇ ਦੀ ਅਗਵਾਈ ਕਰ ਰਿਹਾ ਪਾਕਿ ਫ਼ੌਜ ਦਾ ਬ੍ਰਿਗੇਡੀਅਰ ਅਕਬਰ ਖ਼ਾਂ ਆਪਣੀ ਕਿਤਾਬ 'ਰੇਡਰਸ ਇਨ ਕਸ਼ਮੀਰ' 'ਚ ਲਿਖਦਾ ਹੈ ਕਿ ਉਸ ਨੂੰ ਪਤਾ ਸੀ ਰਾਜਾ ਹਰੀ ਸਿੰਘ ਦੀ ਫ਼ੌਜ 'ਚ ਸਿਰਫ਼ 9 ਹਜ਼ਾਰ ਫ਼ੌਜੀ ਜਵਾਨ ਹਨ, ਜਿਨ੍ਹਾਂ 'ਚ ਦੋ ਹਜ਼ਾਰ ਮੁਸਲਿਮ ਸਨ, ਜਿਹੜੇ ਸਾਡੇ ਖ਼ਿਲਾਫ਼ ਨਹੀਂ ਲੜਨਗੇ। ਇਸੇ ਭਰਮ ਨੇ ਪਾਕਿ ਅਫ਼ਸਰਾਂ ਨੂੰ ਜੋਸ਼ ਨਾਲ ਭਰ ਦਿੱਤਾ। ਅਕਬਰ ਖ਼ਾਂ ਲਿਖਦਾ ਹੈ ਕਿ ਜਿਨਾਹ ਸੋਚਦਾ ਸੀ ਕਿ ਕਸ਼ਮੀਰ 'ਚ 80 ਫ਼ੀਸਦੀ ਆਬਾਦੀ ਮੁਸਲਿਮ ਹੋਣ ਕਰਕੇ ਕਸ਼ਮੀਰ ਪਾਕਿਸਤਾਨ ਦੇ ਹਿੱਸੇ ਆਵੇਗਾ। ਪਾਕਿਸਤਾਨੀ ਪ੍ਰਧਾਨ ਮੰਤਰੀ ਲਿਆਕਤ ਅਲੀ ਖ਼ਾਨ ਨੇ ਖ਼ੈਬਰ ਪਖ਼ਤੂਨਖਵਾ ਦੇ ਵਾਸੀਆਂ (ਜਿਨ੍ਹਾਂ ਨੂੰ ਕਬਾਇਲੀ ਕਿਹਾ ਜਾਂਦਾ ਹੈ) ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਪੈਸੇ ਤੇ ਹਥਿਆਰ ਦੇ ਕੇ ਕਸ਼ਮੀਰ 'ਤੇ ਹਮਲੇ ਲਈ ਉਕਸਾਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਦੋਮਲ ਤੇ ਮੁਜ਼ੱਫਰਾਬਾਦ 'ਤੇ ਕਬਜ਼ਾ ਕੀਤਾ। (ਅੱਜ ਵੀ ਮੁਜ਼ੱਫਰਾਬਾਦ ਪਾਕਿਸਤਾਨ ਦੇ ਕਬਜ਼ੇ ਹੇਠ ਹੈ, ਜੋ ਕਸ਼ਮੀਰ ਦੀ ਰਾਜਧਾਨੀ ਹੈ)। ਉਸ ਤੋਂ ਬਾਅਦ ਉੜੀ ਤੇ ਬਾਰਾਮੂਲਾ ਨੂੰ ਖ਼ੂਬ ਲੁੱਟਿਆ ਗਿਆ। ਕਬਾਇਲੀ ਦੋ ਦਿਨ ਤੱਕ ਬਾਰਾਮੂਲਾ ਨੂੰ ਲੁੱਟਦੇ ਰਹੇ। ਕਸ਼ਮੀਰ ਦੇ ਰਾਜੇ ਹਰੀ ਸਿੰਘ ਨੇ ਕਸ਼ਮੀਰ ਭਾਰਤ ਨੂੰ ਲਿਖ ਕੇ ਦੇ ਦਿੱਤਾ। ਭਾਰਤੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਤੁਰੰਤ ਭਾਰਤੀ ਫ਼ੌਜਾਂ ਨੂੰ ਸ੍ਰੀਨਗਰ ਵੱਲ ਰਵਾਨਾ ਕੀਤਾ। ਪਾਕਿ ਫ਼ੌਜ ਦਾ ਬ੍ਰਿਗੇਡੀਅਰ ਮੇਜਰ ਜਨਰਲ ਅਕਬਰ ਖ਼ਾਂ ਵੀ ਸ੍ਰੀਨਗਰ ਵੱਲ ਪਾਕਿ ਫ਼ੌਜ ਦੀ ਅਗਵਾਈ ਕਰਦਾ ਜਾ ਰਿਹਾ ਸੀ, ਜਦ ਉਸ ਨੂੰ ਭਾਰਤੀ ਫ਼ੌਜ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹ ਵਾਪਸ ਪਰਤ ਗਏ। ਵਾਪਸ ਜਾਂਦੇ ਵੀ ਉਹ ਮੀਰਪੁਰ, ਬਾਰਾਮੂਲਾ, ਬੀਰੂ, ਹਾਲ-ਦਦਿਆਲ, ਅਲੀਬਾਗ ਸਿਰਹਾਲ, ਭਿੰਬਰ, ਦੇਵਬੋਤਲਾ ਅਤੇ ਪੁਣਛ ਸਮੇਤ ਵੱਖ-ਵੱਖ ਖੇਤਰਾਂ ਵਿਚ ਸਿੱਖਾਂ 'ਤੇ ਅੱਤਿਆਚਾਰ ਕਰ ਕੇ ਲੁੱਟਮਾਰ ਕਰ ਕੇ ਪਰਤੇ।

ਕਸ਼ਮੀਰੀ ਸਿੱਖ ਲੇਖਕ ਡਾ. ਜਸਬੀਰ ਸਿੰਘ ਲਿਖਦੇ ਹਨ ਕਿ ਇਸ ਸਮੇਂ ਦੌਰਾਨ ਸਿੱਖ ਭਾਈਚਾਰੇ ਸਮੇਤ ਨਾਨਕ ਪੰਥੀਆਂ ਅਤੇ ਨਾਨਕ ਨਾਮਲੇਵਾ ਨੂੰ ਕਾਫ਼ੀ ਨੁਕਸਾਨ ਹੋਇਆ, ਜਿਸ 'ਚ 20 ਹਜ਼ਾਰ ਤੋਂ 33 ਹਜ਼ਾਰ ਸਿੱਖ ਪੁਰਸ਼, ਔਰਤਾਂ ਤੇ ਬੱਚੇ ਸ਼ਹੀਦ ਹੋਏ। ਖਡਨਿਆਰ ਪਿੰਡ 'ਚ ਜ਼ਿਆਦਾਤਰ ਸਿੱਖ ਇੱਛਾਹਾਮਾ ਤੇ ਸ੍ਰੀਨਗਰ ਵੱਲ ਭੱਜ ਗਏ ਸਨ, ਪਰ ਕੁਝ ਜੋ ਬਚੇ ਸਨ, ਉਹ ਬਾਅਦ ਵਿਚ ਸ਼ਹੀਦ ਹੋ ਗਏ ਜਦੋਂ ਦੁਸ਼ਮਣ (ਕਬਾਇਲੀਆਂ) ਨੇ ਬਾਰਾਮੂਲਾ 'ਤੇ ਕਬਜ਼ਾ ਕਰ ਲਿਆ।

ਸਤਰਾਣਾ ਪਿੰਡ ਵਿਚ ਇਕ ਸਭਾ ਹੋਈ। ਵੱਖ-ਵੱਖ ਪਿੰਡਾਂ ਦੇ ਸਿੱਖ ਪਰਿਵਾਰ ਇਕੱਠੇ ਹੋਏ ਸਨ ਅਤੇ ਉਨ੍ਹਾਂ 'ਚੋਂ ਜ਼ਿਆਦਾਤਰ ਜਿਨ੍ਹਾਂ 'ਚ ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ, ਇਸ ਕਾਫ਼ਲੇ ਵਿਚ ਦਰਸਾਏ ਗਏ ਪਿੰਡਾਂ 'ਚ ਦਰਦਪੁਰਾ, ਚੱਕਸ਼ਤਲੂ, ਭਟਪੁਰਾ, ਵਾਨਪੋਰਾ, ਪਟੂਸਾ, ਪੰਜਾਲਾ, ਘੁੰਡਬਲ, ਹਮਦੁਬ, ਘੁੰਡੀ, ਫਗੀਪੁਰਾ, ਹਾਚੀਪੁਰਾ, ਮੰਡਾਨਾ, ਯਾਰਾਬੁਘ, ਚਰਲੀਘੁੰਡ ਅਤੇ ਹਰਦੁਚਨਮ ਸ਼ਾਮਿਲ ਸਨ। 3,500 ਤੋਂ ਵੱਧ ਸਿੱਖ ਆਪਣੇ ਪਰਿਵਾਰਾਂ ਸਮੇਤ ਇਸ ਕਾਫ਼ਲੇ ਦਾ ਹਿੱਸਾ ਸਨ। ਇਹ ਪਰਿਵਾਰ ਆਪਣੇ ਘਰਾਂ ਤੋਂ ਜਲਦੀ ਭੱਜਦੇ ਸਮੇਂ ਕੁਝ ਚੀਜ਼ਾਂ, ਰਵਾਇਤੀ ਹਥਿਆਰ ਅਤੇ ਕੱਪੜੇ ਨਾਲ ਲੈ ਕੇ ਆਏ ਸਨ। ਜਿਵੇਂ ਹੀ ਉਹ ਸ੍ਰੀਨਗਰ ਵੱਲ ਵਧੇ ਤਾਂ ਉਨ੍ਹਾਂ ਦਾ ਸਾਹਮਣਾ ਬਡਗਾਮ ਤੋਂ ਇਕ ਕਿਲੋਮੀਟਰ ਪਹਿਲਾਂ ਕਬਾਇਲੀਆਂ ਨਾਲ ਹੋਇਆ, ਜਿਨ੍ਹਾਂ ਨੇ ਹਮਲਾ ਕਰਕੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ।

ਦੀਦਾਰਪੁਰਾ ਪਿੰਡ ਨੂੰ ਵੀ ਹਮਲਿਆਂ ਅਤੇ ਤਬਾਹੀ ਦਾ ਸਾਹਮਣਾ ਕਰਨਾ ਪਿਆ। ਸਥਾਨਕ ਲੋਕਾਂ ਨੇ ਗੁਰਦੁਆਰੇ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕੁਝ ਸਿੱਖਾਂ ਨੂੰ ਮਾਰ ਦਿੱਤਾ। ਬਲਗਾਮ ਚੂਰੇ ਵਿਚ ਸਿੱਖਾਂ ਤੇ ਹਮਲਾਵਰਾਂ ਵਿਚਕਾਰ ਇਕ ਭਿਆਨਕ ਮੁਕਾਬਲਾ ਹੋਇਆ, ਜਿਸ 'ਚ ਲਗਭਗ 500 ਸਿੱਖ ਮਾਰੇ ਗਏ। ਗੁਰਦੁਆਰਾ ਗੁਲਮਰਗ ਦੇ ਪ੍ਰਧਾਨ ਸ. ਤੇਜਾ ਸਿੰਘ ਨੇ ਦੱਸਿਆ ਕਿ ਮਾਰੇ ਗਏ ਸਿੱਖ ਭਾਈਚਾਰੇ ਦੀ ਯਾਦ ਵਿਚ ਪਿੰਡ ਸਤਰਣਾਂ ਰਫੀਆਬਾਦ ਵਿਖੇ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਹਰ ਸਾਲ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

## ਝੀਂਡਾ ਨੇ ਸ਼੍ਰੋਮਣੀ ਕਮੇਟੀ ਨੂੰ ਧਮਕਾਇਆ ਮੰਗ ਨਾ ਮੰਨੀ ਅਦਾਲਤ ਵਿਚ ਘਸੀਟਾਂਗੇ

**ਹਰਿਆਣਾ ਦੀ ਸੰਗਤ ਲਈ ਸ਼੍ਰੋਮਣੀ ਕਮੇਟੀ ਪਾਸੋਂ ਇਕ ਸਰਾਂ ਤੇ 2 ਏਕੜ ਜ਼ਮੀਨ ਮੰਗੀ**

ਅੰਮ੍ਰਿਤਸਰ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਾਮ ਪੱਤਰ ਸੌਂਪ ਕੇ ਮੰਗ ਕੀਤੀ ਹੈ ਕਿ ਹਰਿਆਣਾ ਤੋਂ ਆਉਣ ਵਾਲੀ ਸੰਗਤ ਨੂੰ ਰਿਹਾਇਸ਼ ਲਈ ਇਕ ਵੱਖਰੀ ਸਰਾਂ ਅਲਾਟ ਕੀਤੀ ਜਾਵੇ। ਇਸ ਦੇ ਨਾਲ ਹੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੇੜੇ ਹਰਿਆਣਾ ਦੇ ਸਿੱਖਾਂ ਲਈ ਨਵੀਂ ਸਰਾਂ ਉਸਾਰਨ ਲਈ ਦੋ ਏਕੜ ਜ਼ਮੀਨ ਦਾ ਇਕ ਪਲਾਟ ਦਿੱਤਾ ਜਾਵੇ।



ਝੀਂਡਾ ਨੇ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਦੀਦਾਰੇ ਕਰਨ ਆਉਣ ਵਾਲੀ ਸੰਗਤ ਨੂੰ ਸਰਾਂ 'ਚ ਕਮਰੇ ਲੈਣ ਮੌਕੇ ਪਰੇਸ਼ਾਨ ਕੀਤਾ ਜਾਂਦਾ ਹੈ ਤੇ ਇਸ ਲਈ ਅਸੀਂ ਹਰਿਆਣਾ ਤੋਂ ਆਉਣ ਵਾਲੀ ਸੰਗਤ ਲਈ ਰਿਹਾਇਸ਼ ਦਾ ਉਚਿਤ ਪ੍ਰਬੰਧ ਕਰਨ ਲਈ ਯਤਨਸ਼ੀਲ ਹਾਂ। ਝੀਂਡਾ ਨੇ ਕਿਹਾ ਕਿ ਮੈਂ ਜਦ ਵੀ ਕਮਰੇ ਲਈ ਸ਼੍ਰੋਮਣੀ ਕਮੇਟੀ ਦਫ਼ਤਰ ਫੋਨ ਕਰਦਾ ਹਾਂ ਤਾਂ ਮੈਨੂੰ ਕਿਹਾ ਜਾਂਦਾ ਹੈ ਕਿ ਵਖਰੀ ਕਮੇਟੀ ਤਾਂ ਬਣਾ ਲਈ ਹੈ ਹੁਣ ਵਖਰੀ ਸਰਾਂ ਵੀ ਬਣਾਓ। ਉਨ੍ਹਾਂ ਕਿਹਾ ਕਿ ਪੰਜਾਬ ਵੰਡ ਸਮੇਂ ਪੰਜਾਬ ਤੇ ਹਰਿਆਣਾ ਵਿਚਾਲੇ 60-40 ਦੀ ਤਰਜ 'ਤੇ ਵੰਡ ਕੀਤੀ ਗਈ ਸੀ। ਇਸ ਲਈ ਹੁਣ ਕਿਉਂਕਿ ਅਸੀਂ ਵੱਖਰੀ ਕਮੇਟੀ ਬਣਾ ਲਈ ਹੈ, ਇਸ ਲਈ ਸਾਨੂੰ ਸਾਡੇ ਹਿੱਸੇ ਆਉਂਦੀ ਸਰਾਂ ਦੇ ਦਿੱਤੀ ਜਾਵੇ ਤੇ ਨਾਲ ਹੀ ਸਾਨੂੰ 2 ਏਕੜ ਜ਼ਮੀਨ ਵੀ ਪ੍ਰਦਾਨ ਕੀਤੀ ਜਾਵੇ ਤਾਂ ਜੋ ਅਸੀਂ ਸਰਾਂ ਉਸਾਰ ਸਕੀਏ। ਉਨ੍ਹਾਂ ਆਖਿਆ ਕਿ ਜਦ ਤੱਕ ਅਸੀਂ ਸਰਾਂ ਨਹੀਂ ਬਣਾ ਲੈਂਦੇ ਉਸ ਸਮੇਂ ਤੱਕ ਸਾਨੂੰ ਇਕ ਸਰਾਂ ਵਰਤਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਇਹ ਹਰਿਆਣਾ ਦੇ ਸਿੱਖਾਂ ਦੀ ਜਾਇਜ਼ ਮੰਗ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਹਰਿਆਣਾ ਤੋਂ ਚੁਣ ਕੇ ਆਏ ਮੈਂਬਰਾਂ ਨਾਲ ਭੇਦਭਾਵ ਨਾ ਕਰਦੀ ਤਾਂ ਹਰਿਆਣਾ ਕਮੇਟੀ ਕਦੇ ਵੀ ਹੋਂਦ 'ਚ ਨਾ ਆਉਂਦੀ। ਜ਼ਮੀਨ ਬਾਰੇ ਝੀਂਡਾ ਨੇ ਕਿਹਾ ਕਿ ਅਸੀਂ ਕਿਸੇ ਦਾ ਹੱਕ ਖੋਹ ਨਹੀਂ ਰਹੇ, ਆਪਣਾ ਹੱਕ ਮੰਗ ਰਹੇ ਹਾਂ, ਇਸ ਲਈ ਸਾਨੂੰ ਜੇਕਰ ਅਦਾਲਤ 'ਚ ਵੀ ਜਾਣਾ ਪਿਆ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ।

# ਸ਼੍ਰੋਮਣੀ ਕਮੇਟੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਸਾਮ ਤੋਂ 21 ਅਗਸਤ ਨੂੰ ਆਰੰਭ ਕਰੇਗੀ ਨਗਰ ਕੀਰਤਨ

## ✪ 20 ਸੂਬਿਆਂ ਵਿਚੋਂ ਗੁਜਰਕੇ 23 ਨਵੰਬਰ ਨੂੰ ਪੁੱਜੇਗਾ ਸ੍ਰੀ ਅਨੰਦਪੁਰ ਸਾਹਿਬ
## ✪ ਧਾਮੀ ਵਲੋਂ ਗਿਆਨੀ ਹਰਪ੍ਰੀਤ ਸਿੰਘ ਦੀ ਨਿੰਦਾ, ਅਹੁਦੇ ਦਾ ਲਾਲਚੀ ਦਸਿਆ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਜਿਥੇ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਉਲੀਕੇ ਨਗਰ ਕੀਰਤਨ ਅਤੇ ਹੋਰ ਸਮਾਗਮਾਂ ਦੀ ਤਫ਼ਸੀਲ ਜਾਰੀ ਕੀਤੀ, ਉਥੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਬਿਆਨਬਾਜ਼ੀ ਦੀ ਵੀ ਕਰੜੀ ਆਲੋਚਨਾ ਕੀਤੀ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਧਾਮੀ ਨੇ ਦੱਸਿਆ ਕਿ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਧੁਬੜੀ ਸਾਹਿਬ ਅਸਾਮ ਤੋਂ 21 ਅਗਸਤ ਨੂੰ 'ਧਰਮ ਹੇਤ ਸਾਕਾ ਜਿਨਿ ਕੀਆ' ਦੇ ਸਿਰਲੇਖ ਹੇਠ ਪਹਿਲਾ ਨਗਰ ਕੀਰਤਨ ਆਰੰਭ ਹੋਵੇਗਾ, ਜੋ ਭਾਰਤ ਦੇ 20 ਸੂਬਿਆਂ ਵਿਚੋਂ ਹੁੰਦਾ ਹੋਇਆ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ।

ਉਨ੍ਹਾਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਈ ਜਾ ਰਹੀ ਹੈ, ਜਿਥੇ ਦੇਸ਼ ਭਰ ਅੰਦਰ ਵੱਡੇ ਸ਼ਹਿਰਾਂ ਵਿਚ ਗੁਰਮਤਿ ਸਮਾਗਮ ਕੀਤੇ ਜਾਣਗੇ, ਉਥੇ ਵਿਸ਼ੇਸ਼ ਤੌਰ 'ਤੇ ਸ਼ਹੀਦੀ ਨਗਰ ਕੀਰਤਨ ਵੀ ਸਜਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਦੂਜਾ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਮਟਨ ਸਾਹਿਬ ਜੰਮੂ-ਕਸ਼ਮੀਰ ਤੋਂ 5 ਅਕਤੂਬਰ ਨੂੰ ਸਜਾਇਆ ਜਾਵੇਗਾ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਤੀਜਾ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਆਰੰਭ ਹੋਵੇਗਾ ਜੋ 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ।

### ਦਿੱਲੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ

ਪ੍ਰਧਾਨ ਧਾਮੀ ਨੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵਲੋਂ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਦਿੱਲੀ ਵਿਖੇ ਸ਼ਹੀਦੀ ਸ਼ਤਾਬਦੀ ਸਮਾਗਮ ਕਰਨ ਲਈ ਕੀਤੀ ਪੇਸ਼ਕਸ਼ ਦੇ ਸੰਬੰਧ ਵਿਚ ਕਾਲਕਾ ਨੂੰ ਸਵਾਲ ਕੀਤਾ ਕਿ ਉਨ੍ਹਾਂ ਦੀ ਇਹ ਪੇਸ਼ਕਸ਼ ਕੇਵਲ ਇਕ ਚਿੱਠੀ ਤੱਕ ਹੀ ਸੀਮਤ ਸੀ, ਜਦਕਿ ਉਹ ਆਪਣੇ ਤੌਰ 'ਤੇ ਸਮਾਗਮ ਉਲੀਕ ਕੇ ਵੱਖ-ਵੱਖ ਜਥੇਬੰਦੀਆਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਪ੍ਰਧਾਨ ਨੂੰ ਕਾਹਲੀ ਵਿਚ ਆਪਣੇ ਪ੍ਰੋਗਰਾਮ ਐਲਾਨ ਨਹੀਂ ਕਰਨੇ ਚਾਹੀਦੇ, ਸਗੋਂ ਸ਼੍ਰੋਮਣੀ ਕਮੇਟੀ ਨਾਲ ਮਿਲ ਬੈਠਣਾ ਚਾਹੀਦਾ ਸੀ।

### ਨਵੇਂ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਆਲੋਚਨਾ

ਇਕ ਸਵਾਲ ਦੇ ਜਵਾਬ 'ਚ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਚੁਣੇ ਜਾਣ ਸੰਬੰਧੀ ਪ੍ਰਧਾਨ ਧਾਮੀ ਨੇ ਦੋਸ਼ ਲਾਇਆ ਕਿ ਗਿਆਨੀ ਹਰਪ੍ਰੀਤ ਸਿੰਘ ਪਹਿਲੇ ਦਿਨ ਤੋਂ ਹੀ ਅਕਾਲੀ ਦਲ ਦੇ ਦੋ ਧੜੇ ਬਣਾ ਕੇ ਪ੍ਰਧਾਨ ਬਣਨਾ ਚਾਹੁੰਦੇ ਤੇ ਬਾਗੀ ਧੜੇ ਨਾਲ ਮਿਲ ਕੇ ਅੱਜ ਉਨ੍ਹਾਂ ਦੀ ਮਨਸ਼ਾ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਹਥਿਆਉਣ ਦੀਆਂ ਗੱਲਾਂ ਉਨ੍ਹਾਂ ਦੀ ਮਨਸ਼ਾ ਨੂੰ ਸਿੱਧ ਕਰਦੀਆਂ ਹਨ ਕਿ ਉਹ ਕਿਸੇ ਦੇ ਚਲਾਏ ਚੱਲ ਰਹੇ ਹਨ। ਇਸ ਮੌਕੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਬਲਦੇਵ ਸਿੰਘ ਕਾਇਮਪੁਰ, ਅਜੈਬ ਸਿੰਘ ਅਭਿਆਸੀ, ਓ. ਐੱਸ. ਡੀ. ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ ਤੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਵੀ ਹਾਜ਼ਰ ਸਨ।

# ਅੰਮ੍ਰਿਤਸਰ 'ਚ 20,000 ਰੁਪਏ ਦੀ ਰਿਸ਼ਵਤ ਲੈਂਦਾ ਛੋਟਾ ਥਾਣੇਦਾਰ ਕਾਬੂ



ਅੰਮ੍ਰਿਤਸਰ-ਪੰਜਾਬ ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ 'ਚ ਤਾਇਨਾਤ ਏ.ਐੱਸ.ਆਈ. ਸਤਨਾਮ ਸਿੰਘ ਨੂੰ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀ ਇੰਦਰਜੀਤ ਸਿੰਘ ਨਾਂ ਦੇ ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਇੰਦਰਜੀਤ ਸਿੰਘ ਦੇ ਦੋਸਤ ਪਾਰਸ ਮਹਿਤਾ, ਜੋ ਕਿ ਇੱਕ ਵਿੱਤੀ ਸਲਾਹਕਾਰ ਹੈ, 'ਤੇ ਇੱਕ ਵਿਅਕਤੀ ਸੁਨੀਲ ਕੁਮਾਰ ਨਾਲ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ। ਇਸ ਕੇਸ ਦੀ ਜਾਂਚ ਏ.ਐੱਸ.ਆਈ. ਸਤਨਾਮ ਸਿੰਘ ਕੋਲ ਆਈ, ਜਿਸਨੇ ਕੇਸ ਨਿਪਟਾਉਣ ਲਈ ਪਾਰਸ ਮਹਿਤਾ ਤੋਂ 1,00,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਏ.ਐੱਸ.ਆਈ. ਨੇ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 20,000 ਰੁਪਏ ਦੀ ਮੰਗ ਕੀਤੀ ਸੀ। ਇਸ ਮਾਮਲੇ ਦੀ ਜਾਣਕਾਰੀ ਵਿਜੀਲੈਂਸ ਬਿਊਰੋ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਵਿਜੀਲੈਂਸ ਟੀਮ ਨੇ ਏ.ਐੱਸ.ਆਈ. ਨੂੰ ਰਿਸ਼ਵਤ ਲੈਂਦਿਆਂ ਫੜ ਲਿਆ। ਵਿਜੀਲੈਂਸ ਬਿਊਰੋ ਨੇ ਦੱਸਿਆ ਕਿ ਮੁਲਜ਼ਮ ਏ.ਐੱਸ.ਆਈ. ਸਤਨਾਮ ਸਿੰਘ ਖਿਲਾਫ਼ ਪੀ.ਸੀ. (ਸੋਧ) ਐਕਟ, 2018 ਦੀ ਧਾਰਾ 7 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਫਿਲਹਾਲ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਕੈਨੇਡਾ ਵਿੱਚ ਭਾਰਤੀ ਵਿਦਿਆਰਥਣ ਹਰਸਿਮਰਤ ਰੰਧਾਵਾ ਦਾ ਕਾਤਲ ਕਾਬੂ



ਓਂਟਾਰੀਓ-ਕੈਨੇਡਾ ਵਿੱਚ 21 ਸਾਲਾ ਭਾਰਤੀ ਵਿਦਿਆਰਥਣ ਹਰਸਿਮਰਤ ਰੰਧਾਵਾ ਨੂੰ ਗੋਲੀ ਮਾਰ ਕੇ ਕਤਲ ਕਰਨ ਵਾਲੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕੈਨੇਡੀਅਨ ਪੁਲਿਸ ਨੇ ਦੱਸਿਆ ਕਿ ਦੋਸ਼ੀ 'ਤੇ ਪਹਿਲੇ ਦਰਜੇ ਦੇ ਕਤਲ ਦਾ ਇਲਜ਼ਾਮ ਲਗਾਇਆ ਗਿਆ ਹੈ। 17 ਅਪ੍ਰੈਲ ਨੂੰ ਓਂਟਾਰੀਓ ਵਿੱਚ ਇੱਕ ਬੱਸ ਸਟਾਪ 'ਤੇ ਖੜ੍ਹੀ ਹਰਸਿਮਰਤ ਨੂੰ ਗੈਂਗਵਾਰ ਦੌਰਾਨ ਇੱਕ ਅਚਾਨਕ ਚੱਲੀ ਗੋਲੀ ਲੱਗ ਗਈ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ।

ਹੈਮਿਲਟਨ ਪੁਲਿਸ ਨੇ 32 ਸਾਲਾ ਦੋਸ਼ੀ ਜੇਰਡੇਨ ਫੋਸਟਰ ਨੂੰ ਓਂਟਾਰੀਓ ਦੇ ਨਿਆਗਰਾ ਫਾਲਜ਼ ਵਿੱਚੋਂ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਕਤਲ ਦੀ ਕੋਸ਼ਿਸ਼ ਦੇ ਤਿੰਨ ਹੋਰ ਦੋਸ਼ ਵੀ ਲਗਾਏ ਗਏ ਹਨ। ਪੁਲਿਸ ਅਨੁਸਾਰ, ਹਰਸਿਮਰਤ ਰੰਧਾਵਾ, ਜੋ ਕਿ ਮੋਹਾਕ ਕਾਲਜ ਵਿੱਚ ਫਿਜ਼ੀਓਥੈਰੇਪੀ ਦੀ ਵਿਦਿਆਰਥਣ ਸੀ, ਇੱਕ ਜਿੰਮ ਤੋਂ ਘਰ ਜਾ ਰਹੀ ਸੀ ਜਦੋਂ ਇਹ ਘਟਨਾ ਵਾਪਰੀ। ਇਸ ਗੈਂਗਵਾਰ ਵਿੱਚ ਘੱਟੋ-ਘੱਟ ਸੱਤ ਲੋਕ ਅਤੇ ਚਾਰ ਗੱਡੀਆਂ ਸ਼ਾਮਲ ਸਨ। ਪੁਲਿਸ ਨੇ ਕਿਹਾ ਕਿ ਹਰਸਿਮਰਤ ਇੱਕ ਬੇਕਸੂਰ ਰਾਹਗੀਰ ਸੀ, ਜੋ ਗੈਂਗਵਾਰ ਦਾ ਸ਼ਿਕਾਰ ਹੋ ਗਈ। ਪੁਲਿਸ ਇਸ ਘਟਨਾ ਵਿੱਚ ਸ਼ਾਮਲ ਬਾਕੀ ਦੋਸ਼ੀਆਂ ਨੂੰ ਵੀ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ।


# ਧੂਮਧਾਮ ਨਾਲ ਮਨਾਈ ਜਾਵੇਗੀ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ



ਸ੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )– ਸ੍ਰੀ ਰਾਧਾ ਕ੍ਰਿਸ਼ਨ ਮੰਦਿਰ ਠਾਕੁਰ ਦੁਆਰਾ ਗੰਗੂਵਾਲ ਬਾਸੋਵਾਲ ਕਲੋਨੀ ਵਿਖੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ 15 ਅਗਸਤ ਨੂੰ ਬਹੁਤ ਹੀ ਧੂਮਧਾਮ ਦੇ ਨਾਲ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਸ੍ਰੀ ਲੱਕੀ ਕਪਿਲਾ ਜੀ ਨੇ ਦੱਸਿਆ ਕਿ 14 ਅਗਸਤ ਨੂੰ ਦੁਪਹਿਰ 2 ਵਜੇ ਵਿਸ਼ਾਲ ਸ਼ੋਭਾ ਯਾਤਰਾ ਪਿੰਡ ਗੰਗੂਵਾਲ , ਬਾਸੋਵਾਲ ਕਲੋਨੀ , ਸੁਹੇਲਾ ਘੋੜਾ, ਸਧੇਵਾਲ, ਗੰਗੂਵਾਲ ਮੋੜ, ਲੰਗ ਮਜਾਰੀ ਆਦਿ ਵਿਖੇ ਕੱਢੀ ਜਾਵੇਗੀ ਅਤੇ ਬਹੁਤ ਹੀ ਧੂਮਧਾਮ ਦੇ ਨਾਲ 15 ਅਗਸਤ ਨੂੰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ ਜਾ ਰਹੀ ਹੈ। ਸ੍ਰੀ ਲੱਕੀ ਕਪਿਲਾ ਜੀ ਨੇ ਦੱਸਿਆ ਕਿ ਇਸ ਮੌਕੇ ਕਲਾਕਾਰ ਵਿਸ਼ੇਸ਼ ਤੌਰ 'ਤੇ ਗੁਰਪ੍ਰੀਤ ਸਿੰਘ ਗੁੱਪੀ, ਕੰਚਨ, ਅਰਵਿੰਦਰ ਰਾਜਾ ਊਨਾ ਵਾਲੇ ਤੇ ਐਂਕਰ ਸੰਦੀਪ ਭਾਰਦਵਾਜ ਪਹੁੰਚ ਰਹੇ ਹਨ। 15 ਅਗਸਤ ਨੂੰ 2 ਵਜੇ ਤੋਂ 10 ਵਜੇ ਤੱਕ ਫ਼ਲਵਾਰ ਅਤੇ ਰਾਤ 8 ਵਜੇ ਤੋਂ 12 ਵਜੇ ਤੱਕ ਭਜਨ ਸੰਧਿਆ ਹੋਵੇਗੀ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਮੰਦਿਰ ਪਹੁੰਚ ਕੇ ਵੱਧ ਤੋਂ ਵੱਧ ਹਾਜਰੀ ਲਗਵਾਉਣ ਤੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਪ੍ਰਧਾਨ ਸ੍ਰੀ ਲੱਕੀ ਕਪਿਲਾ, ਵਾਈਸ ਪ੍ਰਧਾਨ ਪਵਨ ਕੁਮਾਰ ਚੀਟੂ, ਸੈਕਟਰੀ ਪਵਨ ਕੁਮਾਰ ਫੋਰਮੈਨ, ਪ੍ਰੋਪੋਗੰਡਾ ਸੈਕਟਰੀ ਰਾਕੇਸ਼ ਚੰਦਰ ਭੋਲਾ, ਪ੍ਰੈਸ ਸਕੱਤਰ ਰਜੇਸ਼ ਚੀਟੂ, ਮਾਸਟਰ ਸੰਜੀਵ ਧਰਮਾਣੀ, ਕਮਲਜੀਤ ਲੱਕੀ, ਪੰਡਿਤ ਰਾਜੇਸ਼ ਨਟਿਆਲ ਆਦਿ ਹਾਜ਼ਰ ਸਨ।

# ਸੰਪਾਦਕ ਦੇ ਨਾਮ ਪੱਤਰ

ਕ੍ਰਿਸ਼ਨ ਕੁਮਾਰ ਬਾਵਾ ਜੀ,
ਪ੍ਰਧਾਨ, ਬਾਬਾ ਬੰਦਾ ਸਿੰਘ ਬਹਾਦਰ ਅੰਤਰ ਰਾਸ਼ਟਰੀ ਫਾਊਂਡੇਸ਼ਨ।
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ।



ਕ੍ਰਿਸ਼ਨ ਕੁਮਾਰ ਬਾਵਾ ਜੀ, ਪਿਛਲੇ ਹਫਤੇ ਦੀਆਂ ਅਖ਼ਬਾਰਾਂ ਰਾਹੀਂ ਜਾਣਕਾਰੀ ਮਿਲੀ ਸੀ ਕਿ ਆਪ ਜੀ ਵੱਲੋਂ, 'ਗੁਰਦੁਆਰਾ ਸੱਚਾ ਮਾਰਗ' ਸਿਆਟਲ ਵਿਖੇ 'ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਰਲੀਜ਼ ਕੀਤੀ ਗਈ ਹੈ। ਅਜੇਹਾ ਹੀ ਉੱਦਮ ਆਪ ਜੀ ਵੱਲੋਂ ਪਹਿਲਾ ਕੈਲੀਫੋਰਨੀਆ ਵਿੱਚ ਵੀ ਕੀਤਾ ਗਿਆ ਸੀ। ਸਮੇਂ-ਸਮੇ ਦੁਨੀਆਂ ਦੇ ਹੋਰ ਹਿਸਿਆ ਤੋਂ ਵੀ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ। ਕਿਤਾਬ ਦੀ ਦਿੱਖ, ਪੇਪਰ, ਛਪਾਈ ਆਇ ਅਤੇ ਖਾਸ ਤੌਰ ਤੇ ਸ. ਆਰ ਐਮ. ਸਿੰਘ (ਚੰਡੀਗੜ੍ਹ) ਵੱਲੋਂ ਬਣਾਏ ਗਏ ਚਿੱਤਰ ਬਾਕਮਾਲ ਹਨ। ਗੁਰੂ ਸਾਹਿਬਾਨ ਜੀ ਸਮੇਤ ਸਾਰੇ ਬਾਣੀ ਕਾਰਾਂ ਸਬੰਧੀ ਸੰਖੇਪ ਜਾਣਕਾਰੀ ਇਕੱਤਰ ਕਰਕੇ, ਤਿੰਨ ਭਾਸ਼ਾ ਵਿੱਚ ਛਾਪਣਾ, ਬਹੁਤ ਹੀ ਸ਼ਲਾਘਾ ਯੋਗ ਕਾਰਜ ਹੈ। ਇਸ ਲਈ ਆਪ ਜੀ ਦੀ ਸਮੁੱਚੀ ਟੀਮ ਦਾ ਬਹੁਤ-ਬਹੁਤ ਧੰਨਵਾਦ।

ਬਾਵਾ ਜੀ, ਹੋਰ ਵੀ ਚੰਗਾ ਹੁੰਦਾ ਜੇ ਸਾਰੇ ਗੁਰੂ ਸਾਹਿਬਾਨ, ਭਗਤ ਸਾਹਿਬਾਨ ਅਤੇ ਭੱਟ ਸਾਹਿਬਾਨ ਦੀਆਂ ਜਨਮ ਤਾਰੀਖਾਂ ਵੀ ਦਰਜ ਕਰ ਦਿੱਤੀਆਂ ਜਾਂਦੀਆਂ। ਗੁਰੂ ਨਾਨਕ ਸਾਹਿਬ ਜੀ ਦੀ ਜਨਮ ਤਾਰੀਖ ਤਾਂ ਪੂਰੀ ਲਿਖੀ ਹੋਈ ਹੈ। ਪਰ ਬਾਕੀ ਸਭ ਬਾਣੀ ਕਾਰਾਂ ਦੇ ਜਨਮ ਦਾ ਸਾਲ ਲਿਖ ਕੇ ਹੀ ਸਾਰ ਦਿੱਤਾ ਗਿਆ ਹੈ। ਇਤਿਹਾਸਕ ਦਸਤਾਵੇਜ਼ ਵਿੱਚ ਤਾਰੀਖਾਂ ਦੀ ਅਣਹੋਂਦ ਰੜਕਦੀ ਹੈ।

ਕ੍ਰਿਸ਼ਨ ਕੁਮਾਰ ਬਾਵਾ ਜੀ, ਆਪ ਜੀ ਨੂੰ ਇਹ ਪੱਤਰ ਲਿਖਣ ਦਾ ਖਾਸ ਕਾਰਨ ਇਹ ਹੈ ਕਿ, ਮੈਂ ਪਿਛਲੇ ਸਾਲ ਅਨੁਰਾਗ ਸਿੰਘ ਨੂੰ ਇਕ ਪੱਤਰ ਰਾਹੀ, ਕੁਝ ਜਾਣਕਾਰੀ ਲੈਣ ਲਈ ਬੇਨਤੀ ਕੀਤੀ ਸੀ ਪਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਇਸ ਲਈ ਮੈਂ ਉਹ ਨੁਕਤਾ ਵੀ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਉਹ ਇਹ ਹੈ ਕਿ, ਗੁਰੂ ਅੰਗਦ ਸਾਹਿਬ ਜੀ ਦੇ ਇਤਿਹਾਸ ਵਿੱਚ ਅਨੁਰਾਗ ਸਿੰਘ ਲਿਖਦਾ ਹੈ, "ਖਡੂਰ ਸਾਹਿਬ ਹੀ ਰਹਿ ਕੇ ਭਾਈ ਬਾਲੇ ਅਤੇ ਪੈੜੇ ਮੋਖੇ ਦੇ ਸਹਿਯੋਗ ਨਾਲ ੧੫੪੧ ਈ: ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ (ਮਿਤੀ ਵੈਸਾਖ ਸੁਦੀ ੫, ੧੫੮੨ ਬਿ:/ਅਪ੍ਰੈਲ 27, 1525 ਈ:) ਦੇ ਅਧਾਰ 'ਤੇ ਇੱਕ ਜਨਮਸਾਖੀ ਤਿਆਰ ਕਰਵਾਈ। ਜਿਸ ਨੂੰ ਜਨਮਸਾਖੀ ਭਾਈ ਬਾਲਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਵਿੱਚ ਗੁਰੂ ਅੰਗਦ ਦੇਵ ਜੀ ਨੇ ਆਪਣੇ ਨਿਜੀ ਅਨੁਭਵ ਵੀ ਸਾਂਝੇ ਕੀਤੇ। ਇਸ ਜਨਮ ਸਾਖੀ ਨੂੰ ਕਪਟੀ ਮੀਣੇ ਅਤੇ ਹੰਦਾਲੀਏ ਗੁਰੂਆਂ ਨੇ ਦੂਸ਼ਿਤ ਕੀਤਾ"। (ਪੰਨਾ 30)

ਬਾਵਾ ਜੀ, ਆਪ ਜੀ ਵੀ ਮੇਰੇ ਨਾਲ ਸਹਿਮਤ ਹੋਵੋਗੇ ਕਿ ਇਹ ਜਾਣਕਾਰੀ ਭੁਲੇਖਾ ਪਾਊ ਹੈ। ਜੇ ਇਹ ਪੰਗਤੀ ਸਿਰਫ, "ਖਡੂਰ ਸਾਹਿਬ ਹੀ ਰਹਿ ਕੇ ਭਾਈ ਬਾਲੇ ਅਤੇ ਪੈੜੇ ਮੋਖੇ ਦੇ ਸਹਿਯੋਗ ਨਾਲ ੧੫੪੧ ਈ: ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਤਿਆਰ ਕਰਵਾਈ। ਜਿਸ ਨੂੰ ਜਨਮਸਾਖੀ ਭਾਈ ਬਾਲਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ", ਏਨੀ ਹੀ ਹੁੰਦੀ ਤਾਂ ਕਿਸੇ ਹੱਦ ਤੱਕ ਠੀਕ ਮੰਨੀ ਜਾ ਸਕਦੀ ਸੀ। ਪਰ ਲੇਖਕ ਵੱਲੋਂ ਇਹ ਲਿਖਣਾ, "ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ (ਮਿਤੀ ਵੈਸਾਖ ਸੁਦੀ ੫, ੧੫੮੨ ਬਿ:/ਅਪ੍ਰੈਲ 27, 1525 ਈ:) ਦੇ ਅਧਾਰ 'ਤੇ ਇੱਕ ਜਨਮਸਾਖੀ ਤਿਆਰ ਕਰਵਾਈ", ਕਈ ਸਵਾਲ ਖੜੇ ਕਰਦਾ ਹੈ। ਇਸ ਤੋਂ ਤਾਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਗੁਰੂ ਨਾਨਕ ਜੀ ਦਾ ਜਨਮ ਤਾਂ ਲੇਖਕ ਮੁਤਾਬਕ, ਕੱਤਕ ਸੁਦੀ ੧੫, ਸੰਮਤ ੧੫੨੬ ਬਿ;/ਅਕਤੂਬਰ ੨੦, ੧੪੬੯ ਈ: ਨੂੰ ਹੋਇਆ ਸੀ। ਪਰ ਉਨ੍ਹਾਂ ਦੀ ਜਨਮ ਪੱਤਰੀ, ਵੈਸਾਖ ਸੁਦੀ ੫, ੧੫੮੨ ਬਿ:/ਅਪ੍ਰੈਲ 27, 1525 ਈ: ਵਿੱਚ ਲਿਖੀ ਗਈ ਸੀ। ਕੀ ਇਹ ਮੰਨਣ ਯੋਗ ਹੈ?

ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਵਿੱਚ, ਭਾਈ ਬਾਲਾ ਤਾਂ ਇਹ ਕਹਿ ਰਿਹਾ ਹੈ, "ਇਤਨੀ ਮੈਂ ਸੁਣਦਾ ਸੀ ਜੁ ਮਹਤੇ ਕਾਲੂ ਤਿਤ ਸਮੇਂ ਜਨਮਪਤ੍ਰੀ ਲਿਖਵਾਈ ਸੀ"। 'ਤਿਤ ਸਮਾਂ' ਤਾਂ ਮੱਘਰ ਵਦੀ (ਪੱਖ) ਸੰਮਤ 1526 ਬਿ: ਹੀ ਹੋ ਸਕਦਾ ਹੈ। ਵੈਸਾਖ ਸੁਦੀ 5, 1582 ਬਿ: ਭਾਵ ਜਨਮ ਤੋਂ 56 ਸਾਲ ਪਿਛੋਂ, ਨੂੰ ਤਾਂ 'ਤਿਤ ਸਮਾਂ' ਨਹੀਂ ਕਿਹਾ/ਮੰਨਿਆ ਜਾ ਸਕਦਾ। ਉਂਝ ਵੀ ਜੇ ਵੇਖੀਏ ਤਾਂ ਬਾਲਕ ਦੇ ਜਨਮ ਵਾਲੇ ਦਿਨ ਹੀ ਪੰਡਤ ਹਰਦਿਆਲ ਨੂੰ ਸੱਦਿਆ ਜਾਂਦਾ ਹੈ ਤੇ ਅਤੇ ਨੂੰ ਜਨਮ ਦੇ ਸਮੇ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਇਹ ਬਹੁਤ ਵੱਡੀ ਗੁੰਝਲ ਹੈ। ਜਿਸ ਬਾਰੇ ਅਨੁਰਾਗ ਸਿੰਘ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ।

ਗੁਰੂ ਨਾਨਕ ਜੀ ਵੱਲੋਂ ਭਾਈ ਲਹਿਣਾ ਜੀ ਨੂੰ 4 ਅੱਸੂ, ਸੰਮਤ 1596 ਬਿਕ੍ਰਮੀ (3 ਸਤੰਬਰ 1539 ਈ: ਜੂਲੀਅਨ) ਦਿਨ ਬੁੱਧਵਾਰ ਗੁਰੂ ਥਾਪਿਆ ਗਿਆ ਸੀ। (ਲੇਖਕ ਨੇ ਇਹ ਤਾਰੀਖ ਹਾੜ ਵਦੀ 13/ਜੂਨ 12 ਲਿਖੀ ਹੈ) ਗੁਰੂ ਨਾਨਕ ਦੇਵ ਜੀ 8 ਅੱਸੂ, ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ: ਜੂਲੀਅਨ) ਦਿਨ ਐਤਵਾਰ ਨੂੰ ਜੋਤੀ ਜੋਤ ਸਮਾਏ ਸਨ। ਜਨਮਸਾਖੀ ਮੁਤਾਬਕ, "ਕਤਕ ਮਾਹ ਪਿਛਲੇ ਪੱਖ ਬਾਲਾ ਸੰਧੂ ਗੁਰੂ ਅੰਗਦ ਦੇ ਦਰਸਨਿ ਆਇਆ ਸੀ" । ਇਹ ਸਮਾਂ 12 ਕੱਤਕ ਤੋਂ 27 ਕੱਤਕ, ਸੰਮਤ 1596 ਬਿਕ੍ਰਮੀ ਦੇ ਦਰਮਿਆਨ ਬਨਦਾ ਹੈ। ਜਨਮ ਸਾਖੀ ਲਿਖਣ ਨੂੰ ਢਾਈ ਮਹੀਨੇ ਦਾ ਸਮਾਂ, "ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਆਹੇ", ਵੀ ਇਸੇ ਜਨਮਸਾਖੀ ਵਿੱਚ ਮਿਲਦਾ ਹੈ। ਇਨ੍ਹਾਂ ਤੱਥਾਂ ਦੇ ਅਧਾਰ ਤੇ ਅਸੀਂ ਸਹਿਜੇ ਹੀ ਇਸ ਨਤੀਜੇ ਤੇ ਪੁੱਜ ਜਾਂਦੇ ਹਾਂ ਕਿ ਜੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕੋਈ ਜਨਮ ਸਾਖੀ ਲਿਖੀ ਗਈ ਹੋਵੇਗੀ ਤਾਂ ਉਹ ਸੰਮਤ 1596 ਬਿਕ੍ਰਮੀ ਦੇ ਅਖੀਰ (1470 ਈ: ਦਾ ਆਰੰਭ) ਵਿੱਚ ਲਿਖੀ ਜਾ ਚੁੱਕੀ ਹੋਵੇਗੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ ਜਨਮ ਸਾਖੀ ਕਿੱਥੇ ਹੈ?

ਹੁਣ, ਜੇ ਅਨੁਰਾਗ ਸਿੰਘ ਦੇ ਇਨ੍ਹਾਂ ਸ਼ਬਦਾਂ "ਇਸ ਜਨਮ ਸਾਖੀ ਨੂੰ ਕਪਟੀ ਮੀਣੇ ਅਤੇ ਹੰਦਾਲੀਏ ਗੁਰੂਆਂ ਨੇ ਦੂਸ਼ਿਤ ਕੀਤਾ", ਸੱਚ ਮੰਨ ਲਿਆ ਜਾਵੇ ਤਾਂ ਇਹ ਘਟਨਾ 1685 ਈ: ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਕਿਉਂਕਿ ਮੌਜੂਦਾ ਜਨਮਸਾਖੀ 1685 ਈ: ਹੰਦਾਲੀਆਂ ਵੱਲੋਂ ਲਿਖਵਾਈ ਗਈ ਸੀ। ਇਸ ਜਨਮ ਸਾਖੀ ਦਾ ਮੁੱਖ ਪਾਤਰ ਭਾਈ ਬਾਲਾ (ਬਾਲ ਚੰਦ) ਬਾਬਾ ਹੰਦਾਲ (1630 ਬਿ:-1705 ਬਿ:) ਦਾ ਪੁੱਤਰ ਸੀ। ਜਿਸ ਦਾ ਜਨਮ 1657 ਬਿ: ਵਿੱਚ ਅਤੇ ਬਾਲੇ ਦੇ ਛੋਟੇ ਭਰਾ, ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਵਿੱਚ ਹੋਇਆ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਭਾਈ ਬਾਲਾ ਹੈ। ਇਹ ਜਨਮਸਾਖੀ ਬਿਧੀ ਚੰਦ ਨੇ ਲਾਹੋਰ ਨਿਵਾਸੀ ਗੋਰਖ ਦਾਸ ਤੋਂ ਲਿਖਵਾਈ ਸੀ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।
ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ॥੨੭॥
ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।
ਤਿਹ ਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥
(ਕਵੀ ਸੰਤੋਖ ਸਿੰਘ)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੀ ਜਨਮ ਸਾਖੀ 1596 ਬਿ: ਵਿੱਚ, ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਲਿਖੀ ਗਈ ਸੀ, ਉਹ ਤਾਂ 1715 ਬਿ: ਵਿੱਚ ਹੰਦਾਲੀਆਂ ਨੇ ਨਸ਼ਟ ਕਰ ਦਿੱਤੀ ਸੀ। ਅੱਜ ਤਾਂਈ ਉਸ ਜਨਮਸਾਖੀ ਦੇ ਕਿਸੇ ਨੇ ਵੀ ਦਰਸ਼ਨ ਨਹੀਂ ਕੀਤੇ। ਉਹ ਹੱਥ ਲਿਖਤ ਖਰੜਾ, ਕਿਸੇ ਵੀ ਲਾਇਬਰੇਰੀ ਵਿੱਚ ਮੌਜੂਦ ਨਹੀਂ ਹੈ। ਤਾਂ ਮੌਜੂਦਾ ਜਨਮਸਾਖੀ ਨੂੰ, ਅਸੀਂ ਮਿਲਾਵਟੀ ਕਿਵੇਂ ਕਹਿ ਸਕਦੇ ਹਾਂ?

ਕਿਸੇ ਵੀ ਲਿਖਤ ਨੂੰ ਮਿਲਾਵਟੀ ਤਾਂ ਹੀ ਸਾਬਿਤ ਕੀਤਾ ਜਾ ਸਕਦਾ ਹੈ ਜੇ ਉਸ ਦੀ ਅਸਲ ਲਿਖਤ ਮੌਜੂਦ ਹੋਵੇ। ਜਿਵੇਂ ਹੰਦਾਲੀਆਂ ਵਾਲੀ ਮੌਜੂਦਾ ਜਨਮਸਾਖੀ ਦਾ ਮੂਲ ਪਾਠ 'ਜਨਮਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ" (ਡਾ: ਗੁਰਬਚਨ ਕੌਰ, ਭਾਸ਼ਾ ਵਿਭਾਗ ਪੰਜਾਬ) ਵਿੱਚ ਮੌਜੂਦ ਹੈ। ਇਸੇ ਤਰ੍ਹਾਂ ਹੀ "ਜਨਮਸਾਖੀ ਭਾਈ ਬਾਲਾ" (ਡਾ: ਸੁਰਿੰਦਰ ਸਿੰਘ ਕੋਹਲੀ, ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ) ਵਿੱਚ ਵੀ ਮੂਲ ਪਾਠ ਮੌਜੂਦ ਹੈ। ਪਰ ਦੋਵਾਂ ਵਿੱਚ ਕੁਝ ਪਾਠ ਭੇਦ ਹਨ। ਇਥੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਨੇ ਜਾਣੇ-ਅਣਜਾਣੇ ਜਾਂ ਮਿੱਥ ਕੇ ਪਾਠ ਬਦਲੀ ਕੀਤਾ ਹੈ। ਪਰ ਜਦੋਂ ਅਸਲ ਲਿਖਤ (ਜੇ ਕੋਈ ਸੀ) ਮੌਜੂਦ ਹੀ ਨਹੀਂ ਤਾਂ ਇਹ ਖਿਆਲ ਕਰ ਲੈਣਾ ਕਿ ਉਹ ਜਨਮਸਾਖੀ ਕਦੇ ਹੁੰਦੀ ਸੀ, ਉਸ ਨੂੰ ਹੰਦਾਲੀਆਂ ਨੇ ਨਸ਼ਟ ਕਰ ਦਿੱਤਾ ਸੀ, ਕਿਸੇ ਵੀ ਦਲੀਲ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਕ੍ਰਿਸ਼ਨ ਕੁਮਾਰ ਬਾਵਾ ਜੀ, ਇਹ ਕੁਝ ਨੁਕਤੇ ਹਨ ਜਿਨ੍ਹਾਂ ਸਬੰਧੀ, ਮੈਂ ਪਿਛਲੇ ਸਾਲ ਅਨੁਰਾਗ ਸਿੰਘ ਨੂੰ ਪੱਤਰ ਲਿਖਿਆ ਸੀ ਪਰ ਉਨ੍ਹਾਂ ਨੇ ਜਵਾਬ ਦੇਣ ਦੀ ਲੋੜ ਨਹੀਂ ਸਮਝੀ, ਇਸ ਲਈ ਇਸ ਪੱਤਰ ਰਾਹੀ ਆਪ ਜੀ ਦੇ ਧਿਆਨ ਵਿੱਚ ਲਿਆਂਦੇ ਹਨ। ਆਸ ਕਰਦਾ ਹਾਂ ਕਿ ਆਪ ਜੀ, ਅਨੁਰਾਗ ਸਿੰਘ ਤੋਂ ਇਨ੍ਹਾਂ ਬਾਰੇ ਸਪੱਸ਼ਟੀ ਕਰਨ ਲੈ ਕੇ ਦੁਨੀਆ ਭਰ ਵਿੱਚ, ਜਿਥੇ-ਜਿਥੇ ਵੀ ਇਹ ਪੁਸਤਕ ਪੁੱਜ ਚੁੱਕੀ ਹੈ ਜਾਂ ਪੁੱਜੇਗੀ, ਉਨ੍ਹਾਂ ਸਾਰਿਆਂ ਤੱਕ, ਇਹ ਜਾਣਕਾਰੀ ਪੁੱਜਦੀ ਕਰੋਗੇ। ਤਾਂ ਜੋ ਪਾਠਕ ਕਿਸੇ ਭਰਮ-ਭੁਲੇਖੇ ਵਿੱਚ ਨਾ ਪੈਣ ਅਤੇ ਆਪ ਜੀ ਵੱਲੋਂ ਕੀਤੀ ਅਣਥੱਕ ਮੁਸ਼ੱਕਤ ਦਾ ਵੱਧ ਤੋਂ ਵੱਧ ਲਾਹਾ ਲਿਆ ਜਾ ਸਕੇ।



ਧੰਨਵਾਦ ਸਤਿਕਾਰ ਸਹਿਤ- ਸਰਵਜੀਤ ਸਿੰਘ ਸੈਕਰਾਮੈਂਟੋ

## ਮਿੰਨੀ ਕਹਾਣੀ/ਵੋਟਾਂ

ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਇਕ ਪੋਲਿੰਗ ਬੂਥ ਵਿੱਚ ਪੰਚਾਇਤ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਵੋਟਾਂ ਪਾਉਣ ਦਾ ਕੰਮ ਬੜਾ ਸ਼ਾਂਤੀ ਪੂਰਵਕ ਚੱਲ ਰਿਹਾ ਸੀ। ਅਚਾਨਕ ਇਕ ਨੌਜਵਾਨ ਅਤੇ ਇਕ ਮਾਈ, ਜਿਸ ਦੀ ਉਮਰ 70 ਕੁ ਸਾਲ ਜਾਪਦੀ ਸੀ, ਵੋਟਾਂ ਪਾਉਣ ਆ ਗਏ। ਮਾਈ ਨੇ ਬੈਲਟ ਪੇਪਰ ਲੈਣ ਪਿੱਛੋਂ ਪ੍ਰੀਜ਼ਾਈਡਿੰਗ ਅਫਸਰ ਨੂੰ ਬੇਨਤੀ ਕੀਤੀ, "ਇਹ ਮੇਰਾ ਛੋਟਾ ਪੁੱਤਰ ਆ। ਮੇਰੀ ਸੇਹਤ ਠੀਕ ਨਹੀਂ। ਮੈਂ ਇੱਥੋਂ ਤੱਕ ਬੜੀ ਮੁਸ਼ਕਲ ਨਾਲ ਤੁਰ ਕੇ ਆਈ ਆਂ। ਨਾਲੇ ਮੈਨੂੰ ਦਿਸਦਾ ਵੀ ਬਹੁਤ ਘੱਟ ਆ। ਕਿਰਪਾ ਕਰਕੇ ਮੇਰੀਆਂ ਦੋਵੇਂ ਵੋਟਾਂ ਮੇਰੇ ਪੁੱਤਰ ਨੂੰ ਪਾ ਲੈਣ ਦਿਓ।"

ਪ੍ਰੀਜ਼ਾਈਡਿੰਗ ਅਫਸਰ ਨੇ ਮਾਈ ਦੀ ਗੱਲ ਬੜੇ ਧਿਆਨ ਨਾਲ ਸੁਣਨ ਪਿੱਛੋਂ ਪੋਲਿੰਗ ਏਜੰਟਾਂ ਨੂੰ ਪੁੱਛਿਆ, "ਇਸ ਮਾਈ ਦੀਆਂ ਦੋਵੇਂ ਵੋਟਾਂ ਇਸ ਦੇ ਪੁੱਤਰ ਦੁਆਰਾ ਪਾਣ ਵਿੱਚ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ?" ਬਾਕੀ ਸਾਰੇ ਪੋਲਿੰਗ ਏਜੰਟ ਤਾਂ ਚੁੱਪ ਰਹੇ ਪਰ ਇਕ ਪੋਲਿੰਗ ਏਜੰਟ ਨਾ ਮੰਨਿਆ ਅਤੇ ਆਖਣ ਲੱਗਾ, "ਇਸ ਮਾਈ ਨੂੰ ਕੁਝ ਨਹੀਂ ਹੋਇਆ, ਐਵੇਂ ਪਖੰਡ ਕਰਦੀ ਆ। ਆਹ ਜਿਹੜਾ ਇਸ ਦੇ ਨਾਲ ਆਇਐ, ਘਰੋਂ ਇਸ ਨੂੰ ਸਿਖਾ ਕੇ ਲਿਆਇਐ। ਇਹ ਮਾਈ ਆਪਣੀਆਂ ਦੋਵੇਂ ਵੋਟਾਂ ਆਪ ਪਾਏ, ਨਹੀਂ ਤਾਂ ਨਾ ਪਾਏ।" ਉਸ ਨੇ ਉਸ ਮਾਈ ਦੇ ਪੁੱਤਰ ਨੂੰ ਵੀ ਕਾਫੀ ਚੰਗਾ-ਮੰਦਾ ਬੋਲਿਆ। ਮਾਈ ਤੇ ਉਸ ਦੇ ਪੁੱਤਰ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ। ਉਸ ਦੀਆਂ ਗੱਲਾਂ ਖੜ੍ਹੇ ਚੁੱਪ ਕਰਕੇ ਸੁਣਦੇ ਰਹੇ। ਪ੍ਰੀਜ਼ਾਈਡਿੰਗ ਅਫਸਰ ਦੇ ਹੋਰ ਸਮਝਾਉਣ ਤੇ ਉਹ ਮਾਈ ਦੀਆਂ ਦੋਵੇਂ ਵੋਟਾਂ ਉਸ ਦੇ ਪੁੱਤਰ ਦੁਆਰਾ ਪਾਏ ਜਾਣ ਲਈ ਸਹਿਮਤ ਹੋ ਗਿਆ। ਜਦੋਂ ਮਾਈ ਤੇ ਉਸ ਦਾ ਪੁੱਤਰ ਵੋਟਾਂ ਪਾ ਕੇ ਪੋਲਿੰਗ ਬੂਥ ਤੋਂ ਬਾਹਰ ਚਲੇ ਗਏ ਤਾਂ ਪ੍ਰੀਜ਼ਾਈਡਿੰਗ ਅਫਸਰ ਉਸ ਪੋਲਿੰਗ ਏਜੰਟ ਨੂੰ ਮੁਖਾਤਿਬ ਹੋ ਕੇ ਬੋਲਿਆ, "ਕਿਉਂ ਬਈ, ਆ ਜਿਹੜੀ ਮਾਈ ਤੇ ਉਸ ਦਾ ਪੁੱਤਰ ਵੋਟਾਂ ਪਾਣ ਆਏ ਸੀ, ਤੂੰ ਉਨ੍ਹਾਂ ਨੂੰ ਬੜਾ ਚੰਗਾ-ਮੰਦਾ ਬੋਲਿਆ। ਕੀ ਗੱਲ ਸੀ?"

"ਕੀ ਦੱਸਾਂ ਸਾਹਿਬ ਜੀ? ਇਹ ਮਾਈ ਮੇਰੀ ਮਾਂ ਸੀ ਤੇ ਉਸ ਦਾ ਪੁੱਤਰ ਮੇਰਾ ਛੋਟਾ ਭਰਾ ਸੀ। ਮੈਂ ਹੋਰ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਆਂ ਤੇ ਇਨ੍ਹਾਂ ਨੇ ਹੋਰ ਉਮੀਦਵਾਰਾਂ ਨੂੰ। ਇਨ੍ਹਾਂ ਵੋਟਾਂ ਚੰਦਰੀਆਂ ਨੇ ਭਰਾ-ਭਰਾ, ਮਾਂ-ਪੁੱਤ ਵੈਰੀ ਬਣਾ ਦਿੱਤੇ ਆ। ਇਹੋ ਜਹੀਆਂ ਵੋਟਾਂ ਬਗੈਰ ਕੀ ਥੁੜ੍ਹਿਐ?" ਇਹ ਕਹਿ ਕੇ ਉਸ ਨੇ ਆਪਣੇ ਬੁੱਲ੍ਹਾਂ ਤੇ ਚੁੱਪ ਦਾ ਤਾਲਾ ਲਾ ਲਿਆ।

ਮਹਿੰਦਰ ਸਿੰਘ ਮਾਨ ਫੋਨ 9915803554

# ਕਾਵਿ ਸੰਗ੍ਰਹਿ 'ਦੀਦ' ਔਰਤ ਦੀ ਪੀੜਾ ਤੇ ਰੁਮਾਂਸਵਾਦ ਦਾ ਪ੍ਰਤੀਬਿੰਬ

**ਉਜਾਗਰ ਸਿੰਘ**



ਦਵਿੰਦਰ ਬਾਂਸਲ ਪੰਜਾਬੀ ਦੀ ਸਥਾਪਤ ਕਵਿਤਰੀ ਹੈ। ਪਰਵਾਸ ਵਿੱਚ ਰਹਿੰਦੀ ਹੋਈ ਵੀ ਉਹ ਆਪਣੀ ਪੰਜਾਬੀ ਵਿਰਾਸਤ ਨਾਲ ਇਕੱਮਿੱਕ ਹੈ। ਉਸ ਦੇ ਹੁਣ ਤੱਕ ਤਿੰਨ ਕਾਵਿ ਸੰਗ੍ਰਹਿ 'ਮੇਰੀਆਂ ਝਾਂਜਰਾਂ ਦੀ ਛਣ-ਛਣ' (1998 ), 'ਜੀਵਨ ਰੁੱਤ ਦੀ ਮਾਲਾ' (2023) ਅਤੇ 'ਸਵੈ ਦੀ ਪਰਕਰਮਾ' (2023) ਪ੍ਰਕਾਸ਼ਤ ਹੋ ਚੁੱਕੇ ਹਨ। 'ਮੇਰੀਆਂ ਝਾਂਜਰਾਂ ਦੀ ਛਣ-ਛਣ' ਕਾਵਿ ਸੰਗ੍ਰਹਿ ਦੇ ਤਿੰਨ ਐਡੀਸ਼ਨ ਛਪ ਚੁੱਕੇ ਹਨ। ਇਨ੍ਹਾਂ ਕਾਵਿ ਸੰਗ੍ਰਹਿਾਂ ਦੀ ਪ੍ਰਕਾਸ਼ਨਾ ਤੋਂ ਬਾਅਦ ਦਵਿੰਦਰ ਬਾਂਸਲ ਦੀ ਕਵਿਤਾ ਸਾਹਿਤਕ ਖੇਤਰ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪੜਚੋਲ ਅਧੀਨ 'ਦੀਦ' ਉਸਦਾ ਚੌਥਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸਦੀਆਂ 56 ਛੋਟੀਆਂ-ਵੱਡੀਆਂ, ਖੁਲ੍ਹੀਆਂ ਕਵਿਤਾਵਾਂ ਹਨ। ਇਹ ਸਾਰੀਆਂ ਕਵਿਤਾਵਾਂ ਉਸਦੇ ਅੰਤਰੀਵ ਦੀ ਆਵਾਜ਼, ਇੱਕ ਕਿਸਮ ਨਾਲ ਦਵਿੰਦਰ ਬਾਂਸਲ ਦੀ ਰੂਹ ਦੀ ਖ਼ੁਰਾਕ ਹਨ, ਉਸਨੇ ਹਰ ਕਵਿਤਾ ਰੂਹ ਵਿੱਚ ਭਿੱਜਕੇ ਲਿਖੀ ਹੈ। ਉਸਨੇ ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਦਿਆਂ ਜੋ ਪ੍ਰਭਾਵ ਗ੍ਰਹਿਣ ਕੀਤੇ ਹਨ, ਉਨ੍ਹਾਂ ਨੂੰ ਕਵਿਤਾਵਾਂ ਦਾ ਰੂਪ ਦਿੱਤਾ ਹੈ। ਇਹ ਕਵਿਤਾਵਾਂ ਕਾਵਿਕ ਮਾਪ ਦੰਡਾਂ ਵਿੱਚ ਬੱਝਕੇ ਨਹੀਂ ਲਿਖੀਆਂ ਗਈਆਂ, ਸਗੋਂ ਕਵਿਤਰੀ ਦੇ ਮਨ ਮਸਤਕ ਵਿੱਚੋਂ ਆਪ ਮੁਹਾਰੇ ਨਿਕਲੀਆਂ ਹੋਈਆਂ ਵੱਖਰੇ ਰੰਗ ਵਿਖੇਰਦੀਆਂ ਹਨ। ਕਵਿਤਰੀ ਨੇ ਇਨ੍ਹਾਂ ਕਵਿਤਾਵਾਂ ਰਾਹੀਂ ਨਵੇਂ ਨਕਸ ਸਿਰਜੇ ਹਨ। ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਬਹੁ-ਰੰਗੀ, ਬਹੁ-ਪਰਤੀ ਅਤੇ ਵਿਲੱਖਣ ਕਿਸਮ ਦੀਆਂ ਹਨ, ਜੋ ਦਰਿਆ ਦੇ ਵਹਿਣਾਂ ਦੇ ਵਹਾਅ ਦੀਆਂ ਤਰੰਗਾਂ ਭਾਸਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਰਵਾਨਗੀ ਵੀ ਦਰਿਆ ਦੀਆਂ ਛੱਲਾਂ ਵਰਗੀ ਹੈ, ਜੋ ਰੰਗ ਵਿਰੰਗੀਆਂ ਲਹਿਰਾਂ ਦਾ ਰੂਪ ਧਰਨ ਕਰ ਲੈਂਦੀਆਂ ਹਨ। ਕਵਿਤਰੀ ਨੇ ਕਵਿਤਾਵਾਂ ਨੂੰ ਨਿਵੇਕਲੇ ਅੰਦਾਜ਼ ਵਿੱਚ ਪ੍ਰਗਟ ਕੀਤਾ ਹੈ, ਜੋ ਨਵੇਂ ਰੰਗ ਪੇਸ਼ ਕਰਦੀਆਂ ਹਨ। ਉਸਦੀਆਂ ਕਵਿਤਾਵਾਂ ਵਿੱਚ ਵਿਸਮਾਦੀ ਰੰਗ ਵੀ ਵੇਖਣ ਨੂੰ ਮਿਲਦਾ ਹੈ। ਕਵਿਤਾਵਾਂ ਲਿਖਦੀ ਉਹ ਖ਼ੁਦ ਕਵਿਤਾ ਬਣਕੇ ਕਵਿਤਾ ਵਿੱਚ ਵਿਲੀਨ ਹੋ ਜਾਂਦੀ ਹੈ ਤੇ ਸੁੱਧ- ਬੁੱਧ ਖੋ ਬੈਠਦੀ ਹੈ। ਉਹ ਲਿਖਦੀ ਹੈ ਕਿ ਔਰਤ ਹੋਣਾ ਹੀ ਬਦਕਿਸਮਤੀ ਹੈ, ਬ੍ਰਿਹਾ, ਪੀੜਾਂ, ਦੁੱਖ-ਦਰਦ ਅਤੇ ਉਲਝਣਾਂ ਉਸਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣੀਆਂ ਹੋਈਆਂ ਹਨ। ਇਨ੍ਹਾਂ ਵਿੱਚੋਂ ਬਾਹਰ ਨਿਕਲਣ ਲਈ ਔਰਤ ਜਦੋਜਹਿਦ ਕਰਦੀ ਰਹਿੰਦੀ ਹੈ। ਪਹਿਲਾਂ ਮਾਪਿਆਂ ਦੇ ਘਰ ਦੀ ਕੈਦੀ ਬਣਕੇ ਉਨ੍ਹਾਂ ਦੇ ਘਰ ਦੀ ਉਸਾਰੀ ਕਰਦੀ ਹੈ ਤੇ ਫਿਰ ਪਤੀ ਦਾ ਘਰ ਸੰਵਾਰਦੀ, ਬਣਾਉਂਦੀ ਤੇ ਉਸਾਰਦੀ ਹੈ। ਬੁਢਾਪੇ ਵਿੱਚ ਪਹੁੰਚਦਿਆਂ ਉਹ ਬੱਚਿਆਂ ਦੇ ਤਿੜਕੇ ਘਰਾਂ ਨੂੰ ਸੰਭਾਲਦੀ ਹੋਈ, ਇਸ ਸੰਸਾਰ ਨੂੰ ਅਲਵਿਦਾ ਕਹਿੰਦੀ ਹੈ। ਉਸਦੀ ਜ਼ਿੰਦਗੀ ਵਿੱਚ ਟਿਕਾਅ ਨਹੀਂ ਹੁੰਦਾ, ਭਟਕਦੀ ਰਹਿੰਦੀ ਹੈ। ਬੱਚੇ ਪਦਾਰਥਵਾਦੀ ਹੋ ਕੇ ਮਾਪਿਆਂ ਦੀ ਜਾਇਦਾਦ ਵਲ ਨਿਗਾਹ ਰੱਖਦੇ ਹਨ। ਔਰਤਾਂ ਨੂੰ ਤਿਤਲੀਆਂ ਕਿਹਾ ਜਾਂਦਾ ਹੈ, ਪ੍ਰੰਤੂ ਉਨ੍ਹਾਂ ਉਪਰ ਭੌਰੇ ਤਿਲਮਾਲਉਂਦੇ ਹੋਏ ਰਸ ਚੂਸਕੇ ਆਨੰਦ ਮਾਣਦੇ ਹਨ ਤੇ ਔਰਤ ਦਾ ਸਰੀਰ ਬਿਨਾ ਆਤਮਾ ਬਚ ਜਾਂਦਾ ਹੈ। ਔਰਤ ਆਪ ਹੀ ਮੋਹ ਮੁਹੱਬਤ ਦੀ ਲਾਲਸਾ ਵਿੱਚ ਫਸਦੀ ਹੋਈ ਬਰਬਾਦ ਹੋ ਜਾਂਦੀ ਹੈ। ਇਹ ਕੁਝ ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਦਾ ਸਾਰੰਸ਼ ਹੈ। ਮੁੱਢਲੇ ਤੌਰ 'ਤੇ ਉਹ ਇਸਤਰੀਆਂ ਦੇ ਭਾਵਨਾਵਾਂ ਵਿੱਚ ਵਹਿਣ ਅਤੇ ਮਰਦਾਂ ਵੱਲੋਂ ਉਨ੍ਹਾਂ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖਣ ਉਪਰ ਤਿੱਖੇ ਟਕੋਰੇ ਮਾਰਦੀ ਹੈ। ਉਨ੍ਹਾਂ ਦਾ ਮਾਸ ਨੋਚਕੇ ਦਰਿੰਦਗੀ ਦਾ ਜਿੰਦਾ ਨਾਚ ਕੀਤਾ ਜਾਂਦਾ ਹੈ, ਔਰਤ ਨਿਰਜਿੰਦ ਲਾਸ਼ ਬਣਕੇ ਵੀ ਬਰਦਾਸ਼ਤ ਕਰਦੀ ਰਹਿੰਦੀ ਹੈ। ਵਿਆਹ ਤੋਂ ਪਹਿਲਾਂ ਦੇ ਸਬਜਬਾਗ ਤੇ ਵਾਅਦੇ ਵਫ਼ਾ ਨਹੀਂ ਹੁੰਦੇ। ਭਲੇ ਸਮੇਂ ਹੁੰਦੇ ਸੀ, ਜਦੋਂ ਹਸਦੇ ਰਹਿੰਦੇ ਸੀ। ਅਸਲ ਵਿੱਚ ਉਦੋਂ ਸਮਝ ਹੀ ਨਹੀਂ ਹੁੰਦੀ ਸੀ। ਸਮਝ ਆਉਣ ਤੋਂ ਬਾਅਦ ਹਟਕੋਰੇ ਪੱਲੇ ਪੈ ਗਏ ਤੇ ਸਮਝ ਦੁਸ਼ਮਣ ਬਣ ਗਈ। ਕਵਿਤਰੀ ਕਹਿੰਦੀ ਹੈ ਕਿ ਭਲੇ ਵੇਲੇ ਆਉਣਗੇ, ਪ੍ਰੰਤੂ ਉਸਨੇ ਭਲੇ ਵੇਲੇ ਨਹੀਂ ਵੇਖੇ, ਉਹ ਆਪਣੀ 'ਤਨ ਅਗਨ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦੀ ਹੈ:

ਹੱਡੀਆਂ ਦਾ ਬਾਲਣ  
ਖ਼ੂਨ ਦਾ ਤੇਲ  
ਬਲਦੇ ਤਾਂ ਭਾਂਬੜ ਬਲੇ  
ਵੇਖੇ ਨਾ ਵੇਲੇ ਭਲੇ...।

'ਬੇਸਮਝੇ ਸਾਂ ਹੱਸਦੇ' ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਲਿਖਦੀ ਹੈ:


ਬੇਮਝੇ ਸਾਂ ਹੱਸਦੇ  
ਸਮਝਦਾਰ ਹਾਂ ਤੰਗ  
ਮੁੜ ਮੁੜ ਚੇਤੇ ਆਂਵਦੇ  
ਬਾਲ ਉਮਰ ਦੇ ਰੰਗ  
ਭੋਲੇ ਸਾਦੇ ਲੋਕ ਪਰ  
ਦਿਲ ਦੇ ਸਨ ਅਮੀਰ  
ਇੱਕ ਦਰ ਸੀ ਝੁਕਦੇ  
ਰਾਜਾ ਰੰਕ ਫ਼ਕੀਰ....

ਔਰਤ ਆਜ਼ਾਦੀ ਭਾਲਦੀ ਹੈ, ਮਾਨਸਿਕ ਆਜ਼ਾਦੀ, ਪ੍ਰੰਤੂ ਕਈ ਇਸਤਰੀਆਂ ਨੂੰ ਖ਼ੁਸ਼ਾਮਦ ਰਾਹੀਂ ਵਰਗਲਾ ਲਿਆ ਜਾਂਦਾਂ ਹੈ, ਦਵਿੰਦਰ ਬਾਂਸਲ ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਵਿਚਰਣ, ਹੌਸਲਾ ਰੱਖਣ ਅਤੇ ਆਪਣੇ ਵਿਅਤਿਤਵ ਨੂੰ ਸਮਤੁਲ ਰੱਖਕੇ ਗੁੰਝਲਦਾਰ ਉਲਝਣਾ ਨੂੰ ਸਾਫ਼ ਸੁਥਰੀ ਪਾਕਿ ਪਵਿਤਰ ਮੁਹੱਬਤ ਨਾਲ ਸੁਰ ਵਿੱਚ ਲਿਆਉਣ ਦੀ ਨਸੀਹਤ ਦਿੰਦੀ ਹੋਈ ਕਹਿੰਦੀ ਹੈ ਕਿ ਮੁੱਹੱਬਤ ਨਿਰ-ਸਵਾਰਥ, ਨਿਰ-ਉਚੇਚ ਅਤੇ ਨਿਰ-ਵਿਰੋਧ ਹੋਣੀ ਚਾਹੀਦੀ ਹੈ। ਆਧੁਨਿਕ ਜ਼ਮਾਨਾ ਆ ਗਿਆ, ਕੁਝ ਔਰਤਾਂ ਆਜ਼ਾਦੀ ਦਾ ਨਜ਼ਾਇਜ ਲਾਭ ਉਠਾਉਂਦੀਆਂ ਹਨ। ਚਾਰੇ ਪਾਸੇ ਝੂਠ ਦੇ ਪਸਾਰੇ ਨਾਲ ਮਾਰਕੀਟ ਦੀ ਵਸਤੂ ਬਣਨ ਦੀ ਥਾਂ ਸਿਆਣਪ ਦਾ ਮੁਜੱਸਮਾ ਬਣਕੇ ਵਿਚਰਨ ਨੂੰ ਤਰਜ਼ੀਹ ਦੇਣ ਦੀ ਤਾਕੀਦ ਕਰਦੀ ਹੈ। ਜ਼ਮਾਨੇ ਨਾਲ ਲੜਨ ਦੀ ਸਮਰੱਥਾ ਬਣਾਉਣ ਦੀ ਲੋੜ ਹੈ। ਕਵਿਤਰੀ 'ਮਾਨਸਿਕ ਪੀੜ' ਸਿਰਲੇਖ ਵਾਲੀ ਕਵਿਤਾ ਵਿੱਚ ਨਿਰਦਈ ਮਰਦ ਦੀ ਮਾਨਸਿਕਤਾ ਦਾ ਵਰਣਨ ਕਰਦੀ ਹੋਈ ਇਸਤਰੀਆਂ ਉਪਰ ਮਰਦਾਂ ਵੱਲੋਂ ਕੀਤੇ ਅਤਿਆਚਾਰਾਂ ਨੂੰ ਬਹੁਤ ਹੀ ਭਾਵਕਤਾ ਨਾਲ ਇਸਤਰੀਆਂ ਨੂੰ ਬਰਦਾਸ਼ਤ ਕਰਦਿਆਂ ਦਰਸਾਇਆ ਹੈ। ਇਸ ਕਵਿਤਾ ਦਾ ਭਾਵ ਹੈ ਕਿ ਇਸਤਰੀਆਂ ਨੂੰ ਇਨ੍ਹਾਂ ਜ਼ੁਲਮਾਂ ਨੂੰ ਹਰ ਰੋਜ਼ ਬਰਦਾਸ਼ਤ ਨਹੀਂ ਕਰਨਾ ਚਾਹੀਦਾ, ਸਗੋਂ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੀਦਾ ਹੈ। ਇਸਦੇ ਨਾਲ ਹੀ ਕਵਿਤਰੀ ਕਾਵਿ ਸੰਗ੍ਰਹਿ ਦੇ ਨਾਮ ਵਾਲੀ 'ਦੀਦ' ਕਵਿਤਾ ਵਿੱਚ ਲਿਖਦੀ ਹੈ ਕਿ ਔਰਤ ਭਾਵਨਾਵਾਂ ਵਿੱਚ ਵਹਿਣ ਵਾਲੀ ਮੋਮ ਦੀ ਮੂਰਤ ਹੈ, ਜਿਸ ਨਾਲ ਉਸਨੂੰ ਮੁਹੱਬਤ ਹੋ ਜਾਂਦੀ ਹੈ, ਉਸਦੀਆਂ ਤਲੀਆਂ ਥੱਲੇ ਹੱਥ ਦਿੰਦੀ ਹੋਈ ਪਿਆਰ ਦੀਆਂ ਪੀਂਘਾਂ ਝੂਟਣ ਸਮੇਂ ਆਪਾ ਖੋ ਬਹਿੰਦੀ ਹੈ। ਇਸ ਕਵਿਤਾ ਦੇ ਦੋ ਬੰਦ ਔਰਤ ਦੀ ਮੁਹੱਬਤ ਵਾਲੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ ਕਿ ਔਰਤ ਮਰਦ 'ਤੇ ਕਿਵੇਂ ਲੱਟੂ ਹੋ ਜਾਂਦੀ ਹੈ:

ਤੇਰੇ ਮੁੱਖ ਦਾ ਪਿਆ ਝਲਕਾਰਾ  
ਚੰਨਾ ਵੇ ਸਾਡੀ ਹਉਂ ਟੁੱਟ ਗਈ।  
ਮੱਥੇ ਲੱਗਿਐਂ ਬੰਦੇ ਦੀ ਜੂਨੀ  
ਤੂੰ ਅਸਲੋਂ ਫ਼ਕੀਰ ਮਹਿਰਮਾ।

ਉਹ ਮਰਦ ਨੂੰ ਧੋਖੇ ਦੀ ਪੁਤਲੀ ਕਹਿੰਦੀ ਹੈ, ਪ੍ਰੰਤੂ ਬੇਇਖ਼ਲਾਕੀ ਸਭ ਤੋਂ ਭੈੜੀ ਚੀਜ਼ ਹੈ। ਮਰਦ ਨੂੰ ਬੇਇਖ਼ਲਾਕ ਨਹੀਂ ਹੋਣਾ ਚਾਹੀਦਾ, ਕਿਉਂਕਿ ਔਰਤ ਆਪਣਾ ਘਰ ਬਾਰ ਛੱਡਕੇ ਨਵੀਂ ਦੁਨੀਆਂ ਵਸਾਉਣ ਲਈ ਆਉਂਦੀ ਹੈ, ਉਸਦੀਆਂ ਭਾਵਨਾਵਾਂ ਦੀ ਕਦਰ ਕਰਨੀ ਬਣਦੀ ਹੈ, ਮਰਦ ਸਿਰਫ ਸਰੀਰਕ ਭੁੱਖ ਮਿਟਾਉਣ ਦੀ ਕਰਦਾ ਹੈ, ਉਸਦਾ ਨਿਰਾਦਰ ਨਹੀਂ ਕਰਨਾ ਚਾਹੀਦਾ, ਉਹ ਵਸਲ ਚਾਹੁੰਦੀ ਹੈ, ਮਰਦ ਔਰਤ ਦੀ ਰੂਹ ਦਾ ਕਤਲ ਕਰਦੈ, ਉਹ ਆਪਣਿਆਂ ਨਾਲ ਯੁੱਧ ਨਹੀਂ ਕਰ ਸਕਦੀ। ਮਰਦ ਤੇ ਔਰਤ ਦੋਹਾਂ ਨੂੰ ਹਉਮੈ ਦੀ ਤਿਲਾਂਜ਼ਲੀ ਦੇ ਕੇ ਇੱਕਮਿੱਕ ਹੋਣਾ ਚਾਹੀਦਾ ਹੈ, ਇੰਜ ਕਵਿਤਰੀ ਦੀਆਂ ਕਵਿਤਾਵਾਂ ਕਹਿੰਦੀਆਂ ਹਨ। ਹਾਰ ਸ਼ਿੰਗਾਰ ਨਾਲ ਔਰਤ ਸੁੰਦਰ ਵਿਖਾਈ ਤਾਂ ਦੇਵੇਗੀ, ਪ੍ਰੰਤੂ ਮਾਨਸਿਕ ਸ਼ਾਂਤੀ ਰੂਹ ਦੀ ਮੁਹੱਬਤ ਨਾਲ ਮਿਲਦੀ ਹੈ। ਪਰਵਾਸ ਵਿੱਚ ਜ਼ਾਤ ਪਾਤ ਤੋਂ ਦੂਰ ਹੋ ਕੇ ਵਿਆਹ ਹੁੰਦੇ ਹਨ, ਪ੍ਰੰਤੂ ਤਲਾਕਾਂ ਦੀ ਮਾਤਰਾ ਜ਼ਿਆਦਾ ਹੈ। ਅਲ੍ਹੜ ਉਮਰ ਦੀਆਂ ਪਰਵਾਸ ਵਿੱਚ ਗਈਆਂ ਕੁਝ ਕੁੜੀਆਂ ਡਾਲਰਾਂ ਦੀ ਚਕਾਚੌਂਧ ਵਿੱਚ ਆਪਣੀ ਸਲੀਕੇ ਦੀ ਵਿਰਾਸਤ ਨੂੰ ਭੁੱਲ ਜਾਂਦੀਆਂ ਹਨ ਤੇ ਫਿਰ ਖੱਜਲ ਖ਼ਰਾਬ ਹੁੰਦੀਆਂ ਰਹਿੰਦੀਆਂ ਹਨ। ਔਰਤ ਨੂੰ ਆਪੇ ਦੀ ਪਛਾਣ ਕਰਕੇ ਆਨੰਦਮਈ ਜ਼ਿੰਦਗੀ ਜਿਉਣੀ ਚਾਹੀਦੀ ਹੈ। ਉਸ ਵਿੱਚ ਅਥਾਹ ਸ਼ਕਤੀ ਹੈ, ਪ੍ਰੰਤੂ ਔਰਤ ਆਪਣੀ ਸ਼ਕਤੀ ਦੀ ਪਛਾਣ ਕਰਨ ਦੀ ਥਾਂ ਥਿੜਕਦੀ ਰਹਿੰਦੀ ਹੈ। ਦਵਿੰਦਰ ਬਾਂਸਲ ਦਾ ਇਹ ਕਾਵਿ ਸੰਗ੍ਰਹਿ ਰੁਮਾਂਸਵਾਦੀ ਕਵਿਤਾ ਦਾ ਮੀਲ ਪੱਥਰ ਸਾਬਤ ਹੋਵੇਗਾ। 80 ਪੰਨਿਆਂ, 150 ਰੁਪਏ, 10 ਡਾਲਰ, 5 ਪੌਂਡ ਕੀਮਤ ਵਾਲਾ ਕਾਵਿ ਸੰਗ੍ਰਹਿ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ : ਦਵਿੰਦਰ ਬਾਂਸਲ ਟਰਾਂਟੋ ਕੈਨੇਡਾ : 4168045320

**ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ**  
**ਮੋਬਾਈਲ-94178 13072**  
**ujagarsingh48@yahoo.com**




**ਔਰਤ ਆਜ਼ਾਦੀ ਭਾਲਦੀ ਹੈ, ਮਾਨਸਿਕ ਆਜ਼ਾਦੀ, ਪ੍ਰੰਤੂ ਕਈ ਇਸਤਰੀਆਂ ਨੂੰ ਖ਼ੁਸ਼ਾਮਦ ਰਾਹੀਂ ਵਰਗਲਾ ਲਿਆ ਜਾਂਦਾਂ ਹੈ, ਦਵਿੰਦਰ ਬਾਂਸਲ ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਵਿਚਰਣ, ਹੌਸਲਾ ਰੱਖਣ ਅਤੇ ਆਪਣੇ ਵਿਅਤਿਤਵ ਨੂੰ ਸਮਤੁਲ ਰੱਖਕੇ ਗੁੰਝਲਦਾਰ ਉਲਝਣਾ ਨੂੰ ਸਾਫ਼ ਸੁਥਰੀ ਪਾਕਿ ਪਵਿਤਰ ਮੁਹੱਬਤ ਨਾਲ ਸੁਰ ਵਿੱਚ ਲਿਆਉਣ ਦੀ ਨਸੀਹਤ ਦਿੰਦੀ ਹੋਈ ਕਹਿੰਦੀ ਹੈ ਕਿ ਮੁੱਹੱਬਤ ਨਿਰ-ਸਵਾਰਥ, ਨਿਰ-ਉਚੇਚ ਅਤੇ ਨਿਰ-ਵਿਰੋਧ ਹੋਣੀ ਚਾਹੀਦੀ ਹੈ। ਆਧੁਨਿਕ ਜ਼ਮਾਨਾ ਆ ਗਿਆ, ਕੁਝ ਔਰਤਾਂ ਆਜ਼ਾਦੀ ਦਾ ਨਜ਼ਾਇਜ ਲਾਭ ਉਠਾਉਂਦੀਆਂ ਹਨ।**

# ਵਿਸ਼ਵ ਦਾ ਨਿਰਾਲਾ ਗ੍ਰੰਥ- ਗੁਰੂ ਗ੍ਰੰਥ ਸਾਹਿਬ ਜੀ

## ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਤੇ

ਜਸਵਿੰਦਰ ਸਿੰਘ ਰੁਪਾਲ
9814715796



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਚਾਨਣ ਮੁਨਾਰਾ ਅਤੇ ਸਰਬ ਸਾਂਝਾ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ। ਅਤੇ ਖਾਲਸਾ ਪੰਥ ਨਿਆਰਾ ਪੰਥ ਵਜੋਂ ਪ੍ਰਸਿੱਧ ਹੈ। ਪਰ ਸਾਡਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਇੱਕ ਨਿਆਰਾ ਗ੍ਰੰਥ ਵੀ ਹੈ ਅਤੇ ਖਾਲਸਾ ਪੰਥ ਸਰਬ ਸਾਂਝਾ ਪੰਥ ਵੀ ਹੈ। ਅਸੀਂ ਆਪਣੇ ਇਸ ਦੇ ਪਹਿਲੇ ਭਾਗ ਤੇ ਵਿਚਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਲੇਪਣ ਬਾਰੇ ਗੱਲ ਕਰਾਂਗੇ। (ਸਰਬ ਸਾਂਝਾ ਖਾਲਸਾ ਪੰਥ ਬਾਰੇ ਵਿਚਾਰ ਇੱਕ ਵੱਖਰੇ ਲੇਖ ਵਿਚ ਕਰਾਂਗੇ)।

ਕਿਸੇ ਵੀ ਵਸਤੂ ਵਿਅਕਤੀ ਜਾਂ ਵਰਤਾਰੇ ਨੂੰ ਨਿਰਾਲਾ ਕਦੋਂ ਕਿਹਾ ਜਾਂਦਾ ਹੈ ? ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਮਹਾਨ ਕੋਸ਼ ਵਿੱਚ ਨਿਰਾਲਾ ਸ਼ਬਦ ਦੇ ਅਰਥ ਇਉਂ ਕਰਦੇ ਹਨ--

ਭਿੰਨ ਪ੍ਰਕਾਰ ਦਾ ਜੁਦਾ, ਜੁਦੀ, "ਭਗਤਾ ਕੀ ਚਾਲ ਨਿਰਾਲੀ" (ਅਨੰਦ) ੨ ਏਕਾਂਤ ੩ ਵਿਲੱਖਣ ਅਜੀਬ ੪ ਜਿਸ ਦੇ ਮੁਕਾਬਲੇ ਦੂਸਰਾ ਨਹੀਂ ਅਦ੍ਵਿਤਯ (ਅਦੁੱਤੀ)

ਸੋ ਨਿਰਾਲਾ ਦਾ ਭਾਵ ਹੈ ,ਦੂਜੇ ਉਸ ਵਰਗਿਆਂ ਨਾਲੋਂ ਭਿੰਨ। ਅਸੀਂ ਗ੍ਰੰਥ ਦੀ ਗੱਲ ਕਰ ਰਹੇ ਹਾਂ। ਸਾਰੇ ਧਰਮਾਂ ਦੇ ਸਾਰੇ ਗ੍ਰੰਥ ਸਤਿਕਾਰਯੋਗ ਹਨ, ਪਵਿੱਤਰ ਹਨ ਅਤੇ ਪੂਜਣਯੋਗ ਹਨ। ਅਸੀਂ ਦੇਖਾਂਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਦੂਸਰੇ ਗ੍ਰੰਥਾਂ ਨਾਲੋਂ ਭਿੰਨ ਹਨ। ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੋਈ ਦੂਸਰਾ ਗ੍ਰੰਥ ਨਹੀਂ ਆਓ ਵਿਚਾਰ ਕਰੀਏ ....

1. **ਗ੍ਰੰਥ ਦਾ ਕਰਤਾ ਅਤੇ ਲਿਖਣ ਕਾਲ**:- ਸਭ ਤੋਂ ਪਹਿਲਾਂ ਮਹੱਤਵਪੂਰਨ ਹੈ ਕਿ ਉਸ ਗ੍ਰੰਥ ਨੂੰ ਕਿਸ ਨੇ ਲਿਖਿਆ ਹੈ ਅਤੇ ਕਦੋਂ । ਵੱਖ ਵੱਖ ਮੁੱਖ ਪ੍ਰਚੱਲਿਤ ਧਰਮਾਂ ਦੇ ਗ੍ਰੰਥ ਅਤੇ ਉਹਨਾਂ ਦੇ ਲੇਖਕ ਇੰਝ ਹਨ--

**ਹਿੰਦੂ ਧਰਮ** :- ਹਿੰਦੂ ਧਰਮ ਦੇ ਗ੍ਰੰਥ ਕਾਫੀ ਜ਼ਿਆਦਾ ਹਨ ਜਿਵੇਂ ਵੇਦ, ਪੁਰਾਣ, ਸਿਮਰਤੀਆਂ ਆਦਿ

ਵੇਦ ਚਾਰ ਹਨ ਜੋ ਰਿਗ ਵੇਦ, ਯਜੁਰ ਵੇਦ, ਅਥਰਵ ਵੇਦ ਅਤੇ ਸਾਮ ਵੇਦ ਹਨ। ਇਹਨਾਂ ਦਾ ਕਰਤਾ ਵਿਆਸ ਰਿਸ਼ੀ ਨੂੰ ਮੰਨਿਆ ਗਿਆ ਹੈ ਪਰ ਇਸ ਗੱਲ ਦੇ ਭਰੋਸੇਯੋਗ ਪ੍ਰਮਾਣ ਨਹੀਂ ਹਨ। ਬਹੁਤ ਜਿਆਦਾ ਪੁਰਾਤਨ ਹੋਣ ਕਾਰਨ ਕੋਈ ਵੀ ਗੱਲ ਲਿਖਤੀ ਸਬੂਤਾਂ ਦੇ ਅਧਾਰ ਤੇ ਨਹੀਂ ਕਹਿ ਸਕਦੇ। ਸਤਿਯੁਗ ਦੁਆਪਰ ਤ੍ਰੇਤਾ ਯੁੱਗਾਂ ਤੋਂ ਹੁਣ ਤੱਕ ਕਿਸੇ ਵੀ ਵਸਤੂ ਦਾ ਹੂਬਹੂ ਪ੍ਰਾਪਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਰਿਸ਼ੀਆਂ ਮੁਨੀਆਂ ਦਾ ਬਹੁਤਾ ਗਿਆਨ ਮੌਖਿਕ ਹੁੰਦਾ ਸੀ ਲਿਖਤੀ ਨਹੀਂ। ਦੂਸਰੀ ਗੱਲ ਕਿ ਜਦੋਂ ਉਹ ਨਾਇਕ ਵਿਚਰੇ ਜਿਵੇਂ ਰਾਮ



ਚੰਦਰ ਜੀ, ਕ੍ਰਿਸ਼ਨ ਜੀ ਆਦਿ , ਨਾ ਤਾਂ ਇਹ ਗ੍ਰੰਥ ਉਹਨਾਂ ਨੇ ਏਪੀ ਲਿਖੇ ਹਨ ਅਤੇ ਨਾ ਹੀ ਇਹ ਗ੍ਰੰਥ ਉਹਨਾਂ ਦੇ ਆਪਣੇ ਸਮੇਂ ਵਿਚ ਨਹੀਂ ਲਿਖੇ ਗਏ। ਜਾਂ ਤਾਂ ਜਿਵੇਂ ਬਾਲਮੀਕੀ ਰਾਮਾਇਣ ਨੂੰ ਵਾਪਰਨ ਤੋਂ ਬਹੁਤ ਸਮਾਂ ਪਹਿਲਾਂ ਲਿਖਿਆ ਮੰਨਿਆ ਜਾਂਦਾ ਹੈ। ਅਤੇ ਜਾਂ ਉਹ ਘਟਨਾ ਬੀਤ ਜਾਣ ਤੇ ਸ਼ਰਧਾਲੂਆਂ ਦੁਆਰਾ ਬਾਅਦ ਵਿੱਚ ਲਿਖੇ ਗਏ। ਦੋਹਾਂ ਹੀ ਹਾਲਤਾਂ ਵਿਚ ਸਚਾਈ ਦੀ ਭਰੋਸੇਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

**ਇਸਲਾਮ ਧਰਮ** :- ਇਸਲਾਮ ਧਰਮ ਦੇ ਮੁਖੀ ਹਜ਼ਰਤ ਮੁਹੰਮਦ ਸਾਹਿਬ ਸਨ। ਉਹ ਕੁਰਾਨ ਸ਼ਰੀਫ ਉਨ੍ਹਾਂ ਦਾ ਮੁੱਖ ਗ੍ਰੰਥ ਹੈ। ਇਸ ਬਾਰੇ ਇਹ ਪ੍ਰਚੱਲਿਤ ਹੈ ਕਿ ਅੱਲਾਹ ਨੇ ਜਿਬਰਾਈਲ ਫਰਿਸ਼ਤੇ ਦੁਆਰਾ ਇਸ ਦਾ ਇਲਹਾਮ ਹਜ਼ਰਤ ਮੁਹੰਮਦ ਨੂੰ ਸੁਣਾਇਆ ਸੀ।ਇਹ ਇਲਹਾਮ 610 ਈਸਵੀ ਪੂਰਵ ਤੋਂ 623 ਈਸਵੀ ਪੂਰਵ ਤੱਕ ਹੋਇਆ ਪਰ ਇਹ ਗ੍ਰੰਥ ਹਜ਼ਰਤ ਮੁਹੰਮਦ ਸਾਹਿਬ ਦੇ ਜਿਊਂਦੇ ਹੋਏ ਪੁਸਤਕ ਰੂਪ ਵਿਚ ਨਹੀਂ ਆਇਆ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ 633 ਈਸਵੀ ਪੂਰਵ ਵਿਚ ਪੁਸਤਕ ਰੂਪ ਵਿਚ ਹੋਇਆ।

**ਬੁੱਧ ਧਰਮ** :- ਬੁੱਧ ਧਰਮ ਦੇ ਗ੍ਰੰਥ ਸੁਤ ਪਿਟਕ, ਵਿਨੈ ਪਿਟਕ ਅਤੇ ਅਭਿਧਮ ਪਿਟਕ ਹਨ। ਇਨ੍ਹਾਂ ਗ੍ਰੰਥਾਂ ਵਿਚ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ ਪਰ ਇਹ ਗ੍ਰੰਥ ਬੁੱਧ ਦੇ ਸ਼ਾਗਿਰਦਾਂ ਦੁਆਰਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਲਿਖਿਆ ਹੈ।

ਗੁਰੂ ਗ੍ਰੰਥ ਸਾਹਿਬ :- ਗੁਰੂ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਆਪਣੇ ਨਾਲ ਇਕ ਪੋਥੀ ਰੱਖਦੇ ਸਨ ਜਿਸ ਵਿਚ ਉਹ ਆਪ ਆਪਣੀ ਲਿਖੀ ਹੋਈ ਬਾਣੀ ਅਤੇ ਭਗਤਾਂ ਦੀ ਬਾਣੀ ਜੋ ਉਹ ਵੱਖ ਵੱਖ ਥਾਵਾਂ ਤੋਂ ਇੱਕਤਰ ਕਰ ਰਹੇ ਸਨ, ਉਹ ਉਤਾਰ ਰਹੇ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ--

ਬਾਬਾ ਫਿਰਿ ਮਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਰੀ ॥
ਆਸਾ ਹਥਿ ਕਿਤਾਬ ਕਛਿ
ਕੂਜਾ ਬਾਂਗ ਮੁਸਲਾ ਧਾਰੀ॥
(ਭਾਈ ਗੁਰਦਾਸ ਜੀ, ਵਾਰ ੧ ਪਉੜੀ ੩੨)

ਇਸ ਤਰਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ ਆਪ ਲਿਖਿਆ ਅਤੇ ਗੱਦੀ ਦੇਣ ਸਮੇਂ ਇਹ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਲਿਖੀ ਬਾਣੀ ਇਸ ਵਿਚ ਸ਼ਾਮਲ ਕਰਕੇ ਅੱਗੋਂ ਇਹ ਪੋਥੀ ਤੀਸਰੇ ਗੁਰੂ ਅਮਰਦਾਸ ਜੀ ਨੂੰ ਦਿੱਤੀ। ਇਸ ਤਰਾਂ ਹੀ ਚੱਲਦਾ ਗਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਆਦਿ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀਂ ਦੀ ਬਾਣੀ ਸ਼ਾਮਲ ਕੀਤੀ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ ਆਖਿਆ ਜਾਣ ਲੱਗਿਆ। ਇਸ ਤਰਾਂ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਆਪਣੇ ਹੱਥੀਂ ਆਪਣੇ ਜੀਵਨ ਕਾਲ ਦੌਰਾਨ ਹੀ ਲਿਖੀ। ਭਗਤਾਂ ਦੀ ਇੱਕਠੀ ਕੀਤੀ ਗਈ ਬਾਣੀ ਵੀ ਕਿਉਂਕਿ ਉਹਨਾਂ ਦੀ ਗੱਦੀ ਤੇ ਜੋ ਵੀ ਉਸ ਸਮੇ ਬੈਠਾ ਸੀ, ਉਸ ਤੋਂ ਪ੍ਰਾਪਤ ਕੀਤੀ ਹੋਣ ਕਾਰਨ ਭਰੋਸੇਯੋਗ ਮੰਨੀ ਜਾ ਸਕਦੀ ਹੈ।

2. **ਗ੍ਰੰਥਾਂ ਦੀ ਭਾਸ਼ਾ** :-ਹਿੰਦੂਆਂ ਦੇ ਸਾਰੇ ਦੇ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ। ਜੋ ਕਿ ਆਮ ਲੋਕਾਂ ਨੂੰ ਨਹੀਂ ਆਉਂਦੀ। ਇਸ ਲਈ ਜਣ ਸਧਾਰਨ ਸੰਸਕ੍ਰਿਤ ਦੇ ਵਿਦਵਾਨ ਪੰਡਿਤਾਂ ਅਤੇ ਪੁਜਾਰੀਆਂ ਦੇ ਮੁਹਤਾਜ ਹੋ ਜਾਂਦੇ ਰਹੇ। ਪੰਡਿਤਾਂ ਵਲੋਂ ਜਨ ਸਾਧਾਰਨ ਦੀ ਕੀਤੀ ਜਾਂਦੀ ਲੁੱਟ ਦਾ ਇੱਕ ਕਾਰਨ ਇਹ ਵੀ ਬਣਿਆ ਹੋਇਆ ਹੋਏਗਾ।

ਇਸਲਾਮਿਕ ਗ੍ਰੰਥਾਂ ਦੀ ਮੁਖ ਭਾਸ਼ਾ ਅਰਬੀ ਹੈ। ਇਸ ਲਈ ਹਰ ਮੁਸਲਮਾਨ ਨੂੰ ਅਰਬੀ ਸਿੱਖਣੀ ਹੀ ਪੈਂਦੀ ਹੈ, ਜੇ ਉਨ੍ਹਾਂ ਨੇ ਕੁਰਾਨ ਪੜ੍ਹਨੀ ਹੈ ਤਾਂ।

ਸਿੱਖ ਧਰਮ ਦੇ ਗ੍ਰੰਥ ਗੁਰੂ ਸਾਹਿਬਾਨ ਨੇ ਪੂਰੇ ਦੇ ਪੂਰੇ ਲੋਕ ਬੋਲੀ ਵਿਚ ਲਿਖੇ/ ਲਿਖਵਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇ ਗੁਰਮੁਖੀ ਹੈ, ਜੋ ਪੰਜਾਬ ਦੀ ਲੋਕ ਬੋਲੀ ਪੰਜਾਬੀ ਦੀ ਲਿਪੀ ਹੈ। ਪਰ ਉਂਝ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ ਵੱਖ ਭਾਸ਼ਾਵਾਂ ਦਾ ਇੱਕ ਵਧੀਆ ਗੁਲਦਸਤਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਜਿੱਥੇ ਵੀ ਗਏ,ਉੱਥੇ ਦੀ ਬੋਲੀ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਆਉਂਦੇ ਗਏ। ਇਸ ਤਰਾਂ ਇਹ ਗ੍ਰੰਥ ਲੋਕ-ਮਨ ਦੇ ਜ਼ਿਆਦਾ ਨੇੜੇ ਹੈ।

3. **ਮਨੁੱਖਤਾ ਦਾ ਗ੍ਰੰਥ - ਵਿਸ਼ਵ ਦੀਆਂ ਕਦਰਾਂ ਕੀਮਤਾਂ** :- ਗੁਰੂ ਗ੍ਰੰਥ ਸਾਹਿਬ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਸਮੇਂ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਹਮੇਸ਼ਾ ਇੱਕੋ ਸੱਚਾਈ ਦੀ ਗੱਲ ਕਰਦਾ ਹੈ। ਇੰਸ ਵਿੱਚ ਬਿਆਨਿਆ ਗਿਆ ਸੱਚ ਜਿੰਨਾ ਇਸ ਦੇ ਲਿਖਣ ਸਮੇਂ ਸਾਰਥਕ ਅਤੇ ਮਹੱਤਵਪੂਰਨ ਸੀ, ਉਤਨਾ ਹੀ ਅੱਜ ਹੈ ਅਤੇ ਉਤਨਾ ਹੀ ਭਵਿੱਖ ਵਿੱਚ ਵੀ ਰਹੇਗਾ। ਇਸ ਦਾ ਕਾਰਨ ਇਸ ਦੀ ਸਮਦ੍ਰਿਸ਼ਟੀ, ਸਰਬ ਸਾਂਝੀਵਾਲਤਾ, ਮਨੁੱਖਤਾ ਦੀਆਂ ਮੁੱਢਲੀਆਂ ਨੈਤਿਕ ਕਦਰਾਂ ਕੀਮਤਾਂ ਤੇ ਜ਼ੋਰ, ਕੁਦਰਤ ਦੀ ਸੰਭਾਲ ਅਤੇ ਉਸ ਨਾਲ ਇੱਕਮਿੱਕਤਾ, ਜਾਤਾਂ, ਧਰਮਾਂ, ਰੰਗਾਂ, ਨਸਲਾਂ, ਬੋਲੀਆਂ, ਇਲਾਕਿਆਂ ਦੇ ਬਹੁਤ ਹਲਕੇ ਵਿਤਕਰੇ ਲਈ ਇਸ ਵਿਚ ਕੋਈ ਥਾਂ ਨਹੀਂ ਹੈ। ਇਹ ਇੱਕ ਵੱਖਰੀ ਤ੍ਰਾਸਦੀ ਹੈ ਕਿ ਅਸੀਂ ਇਸਦੀਆਂ ਇਹਨਾਂ ਖੂਬੀਆਂ ਦਾ ਭਰਪੂਰ ਪ੍ਰਚਾਰ ਅਤੇ ਪ੍ਰਸਾਰ ਨਹੀਂ ਕਰ ਸਕੇ। ਜੇ ਅਸੀਂ ਪੂਰੀ ਸੁਹਿਰਦਤਾ, ਇਮਾਨਦਾਰੀ ਅਤੇ ਮਿੱਠਤ ਨਾਲ ਇਸ ਦੇ ਸਿਧਾਂਤ ਫੈਲਾਏ ਹੁੰਦੇ, ਤਾਂ ਨਾ ਕੇਵਲ ਅੱਜ ਇਹ ਸਾਰੇ ਵਿਸ਼ਵ ਦਾ ਇੱਕੋ ਇੱਕ ਗ੍ਰੰਥ ਹੋਣਾ ਸੀ, ਸਗੋਂ ਵਿਸ਼ਵ ਦਾ ਇਤਿਹਾਸ ਵੀ ਕੁਝ ਹੋਰ ਹੀ ਹੋਣਾ ਸੀ। ਸੰਖੇਪ ਵਿੱਚ ਉਹ ਵਿਸ਼ੇਸ਼ਤਾਵਾਂ ਸਾਂਝੀਆਂ ਕਰਨੀਆਂ ਜਰੂਰੀ ਹਨ -- ਇਹ ਵਿਸ਼ੇਸ਼ਤਾਈਆਂ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦੀਆਂ ।

**੧.ਸਰਬ ਸਾਂਝੀਵਾਲਤਾ** :- ਕਿਸੇ ਹੋਰ ਗ੍ਰੰਥ ਵਿੱਚ ਏਨੀ ਸਰਲਤਾ ਅਤੇ ਏਨੇ ਜ਼ੋਰ ਦੇ ਕੇ ਸਰਬ-ਸਾਂਝੀਵਾਲਤਾ ਦੀ ਗੱਲ ਨਹੀਂ ਹੋਣੀ, ਜਿੰਨੀ ਇਸ ਗ੍ਰੰਥ ਵਿੱਚ ਮਿਲਦੀ ਹੈ -

ਅਵਲ ਅਲਹ ਨੂਰ ਉਪਾਇਆ,
ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ,
ਕਉਣ ਭਲੇ ਕੋ ਮੰਦੇ॥
(ਪੰਨਾ...ਕਬੀਰ ਜੀ)

ਜਦੋ ਸਭ ਨੂੰ ਇੱਕੋ ਪਿਤਾ ਦੀ ਸੰਤਾਨ ਸਮਝ ਲਿਆ, ਤਾਂ ਦੂਸਰ ਭਾਵ ਰਿਹਾ ਹੀ ਕਿੱਥੇ ? ਜਦੋ ਸਭ ਜੀਵਾਂ ਵਿੱਚ ਇੱਕੋ ਜੋਤ ਪਸਰ ਰਹੀ ਆਖ ਦਿੱਤਾ ਤਾਂ ਕੋਈ ਦੂਈ ਦਵੈਤ, ਝਗੜਾ,ਤਕਰਾਰ,ਊਚ ਨੀਚ ਦੇ ਭੇਦ ਕਿਵੇਂ ਰਹਿ ਸਕਦੇ ਹਨ ??

ਬਾਣੀ ਤਾਂ ਡੰਕੇ ਦੀ ਚੋਟ ਤੇ ਆਖ ਰਹੀ ਹੈ--

ਸਭ ਕੋ ਮੀਤ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ ॥
ਦੂਰ ਪਰਾਇਓ ਮਨ ਕਾ ਬਿਰਹਾ

**ਬਾਕੀ ਹਿਸਾ ਸਫਾ 59 ਤੇ ਪੜ੍ਹੋ**

58 ਸਫ਼ੇ ਦੀ ਬਾਕੀ

ਤਾਂ ਮੇਲ ਕੀਓ ਮੇਰੇ ਰਾਜਨ॥
(ਸਿਰਫ ਇੱਕ ਹਵਾਲਾ ਹੋਰ ਦੇਖਦੇ ਹਾਂ-
ਸਗਲ ਸੰਗ ਹਮ ਸਿਉ ਬਨ ਆਈ।
ਨਾ ਕੋ ਮੇਰਾ ਦੁਸ਼ਮਨ ਰਹਿਆ
ਨਾ ਕਿਸਕੇ ਬੈਰਾਈ।

੨. ਗੁਣ ਕਉ ਧਾਵੈ, ਅਉਗਣ ਧੋਵੈ :- ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਹੀ ਗੱਲਾਂ ਤੇ ਸਭ ਤੋਂ ਵੱਧ ਜੋਰ ਹੈ ਇੱਕ ਪ੍ਰਭੂ ਦਾ ਨਾਮ ਜਪਣਾ ਅਤੇ ਦੂਜਾ ਨਿਰਮਲ ਕਰਮ ।ਨਿਰਮਲ ਕਰਮ ਬਹੁਤ ਵੱਡੀ ਅਤੇ ਵਿਸ਼ਾਲ ਧਾਰਨਾ ਹੈ। ਬਾਣੀਕਾਰ ਮਨੁੱਖ ਦੇ ਅੰਦਰੂਨੀ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਤ, ਨਿੰਦਾ ਆਦਿ ਸਾਰੇ ਔਗਣਾਂ ਨੂੰ ਦੂਰ ਕਰਕੇ ਸੱਤ, ਸੰਤੋਖ, ਦਇਆ, ਧਰਮ, ਸਹਿਣਸ਼ੀਲਤਾ, ਖਿਮਾ, ਨਿਮਰਤਾ ਆਦਿ ਵਰਗੇ ਦੈਵੀ ਗੁਣਾਂ ਨੂੰ ਧਾਰਨ ਕਰਨ ਤੇ ਜੋਰ ਦਿੰਦੇ ਹਨ। ਇਸ ਲਈ ਉਹ ਪ੍ਰਭੂ ਦਾ ਨਾਮ ਜਪਣ, ਗੁਰੂ ਦੀ ਸ਼ਰਨ ਵਿੱਚ ਜਾਣਾ ਅਤੇ ਭਲਿਆਂ ਦੀ ਲਗਾਤਾਰ ਸੰਗਤ ਕਰਦੇ ਰਹਿਣ ਦੇ ਤਰੀਕੇ ਵੀ ਦੱਸਦੇ ਹਨ। ਅਜਿਹੇ ਗੁਣਾਂ ਵਾਲਾ ਇਨਸਾਨ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਵਰਗ ਦੇ ਇਨਸਾਨ ਕੋਲ ਜਾ ਬੈਠੇ, ਉਸਨੂੰ ਆਪਣਾ ਬਣਾ ਲੈਣ ਦੀ ਯੋਗਤਾ ਰੱਖਦਾ ਹੈ।

ਗੁਣਾਂ ਕਾ ਹੋਵੈ ਬਾਸਲਾ
ਕਢਿ ਬਾਸ ਲਈਜੈ ॥
ਜੇ ਗੁਣ ਹੋਵਨ ਸਾਜਨਾ
ਮਿਲਿ ਸਾਂਝ ਕਰੀਜੈ ॥
ਸਾਂਝ ਕਰੀਜੈ ਗੁਣਹ ਕੇਰੀ
ਛੋਡਿ ਅਵਗੁਣਿ ਚਲੀਐ॥
ਪਹਿਰੇ ਪਟੰਬਰ ਕਰ ਅਡੰਬਰ
ਆਪਣਾ ਪਿੜ ਮਲੀਐ॥

੩. ਵਿਸ਼ਵ ਸ਼ਾਂਤੀ ਦਾ ਪਹਿਰੇਦਾਰ :- ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨਸਾਨ ਨੂੰ ਪ੍ਰੇਮ ਕਰਨਾ ਸਿਖਾਉਂਦੀ ਹੈ। ਦਇਆ ਨੂੰ ਧਰਮ ਦਾ ਮੂਲ ਦੱਸਦੀ ਹੈ। ਆਪਾ ਭਾਵ ਗਵਾ ਕੇ ਮਨੁੱਖਤਾ ਦੀ ਸੇਵਾ ਕਰਨ ਦੀ ਤਾਕੀਦ ਕਰਦੀ ਹੈ। ਖਲਕਤ ਵਿਚੋਂ ਖਾਲਕ ਨੂੰ ਦੇਖਦੀ ਹੈ ਅਤੇ ਪ੍ਰਭੂ ਦੇ ਸਾਜੇ ਹੋਏ ਸਾਰੇ ਇਨਸਾਨਾਂ ਨੂੰ ਉਸਦਾ ਰੂਪ ਜਾਣ ਕੇ ਮਨੁੱਖ ਜਾਤੀ ਦਾ ਸਤਿਕਾਰ ਕਰਨਾ ਅਤੇ ਲੋੜ ਪੈਣ ਤੇ ਜਾਨ ਤੱਕ ਕੁਰਬਾਨ ਕਰ ਦੇਣੀ ਸਿਖਾਉਂਦੀ ਹੈ। ਇਹੀ ਕਾਰਨ ਹੈ ਕਿ ਵਿਸ਼ਵ ਵਿੱਚ ਕਿਸੇ ਵੀ ਥਾਂ ਤੇ ਕੋਈ ਵੀ ਕੁਦਰਤੀ ਜਾਂ ਮਨੁੱਖ ਨਿਰਮਿਤ ਆਫ਼ਤ ਆਈ ਹੈ, ਭੁਚਾਲ, ਤੂਫ਼ਾਨ, ਹੜ੍ਹ, ਸੁਨਾਮੀ, ਜੰਗ, ਕੋਈ ਮਹਾਂਮਾਰੀ, ਕੋਈ ਮੰਦੀ ...ਕੁਝ ਵੀ ਹੋਵੇ, ਇਸ ਗ੍ਰੰਥ ਦੇ ਮੰਨਣ ਵਾਲਿਆਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਵੀ ਦੁਖੀ ਲੋਕਾਂ ਦੀ ਮੱਦਦ ਕੀਤੀ ਹੈ। ਇਹ ਤਦ ਹੀ ਹੋ ਸਕਿਆ ਹੈ ਜੇ ਇਸ ਬਾਣੀ ਦਾ ਸੰਦੇਸ਼ ਇਹਨਾਂ ਦੇ ਖੂਨ ਵਿੱਚ ਰਮਿਆ ਹੋਇਆ ਸੀ।

੪. ਔਰਤ ਦਾ ਸਤਿਕਾਰ :- ਇਸ ਨਿਰਾਲੇ ਗ੍ਰੰਥ ਵਿਚ ਸਦੀਆਂ ਪਹਿਲਾਂ ਤੋਂ ਹੀ ਔਰਤ ਨੂੰ ਜੱਗ-ਜਨਨੀ ਆਖ ਕੇ ਸਤਿਕਾਰਿਆ ਗਿਆ ਹੈ। ਸੰਸਾਰ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ ਤਾਂ ਬਹੁਤ ਜੋਰ ਲਗਾ ਕੇ ਅੱਜ ਤੱਕ ਔਰਤ ਨੂੰ ਉਸਦਾ ਬਣਦਾ ਸਨਮਾਨ ਨਹੀਂ ਦੇ ਸਕੀਆਂ, ਪਰ ਬਾਣੀਕਾਰਾਂ ਨੇ ਉਸਨੂੰ ਮਰਦ ਦੇ ਬਰਾਬਰ ਦਾ ਸਤਿਕਾਰ ਦਿੱਤਾ ਹੈ। ਜਿੱਥੇ ਕਈ ਧਰਮਾਂ ਵਿੱਚ ਅੱਜ ਵੀ ਔਰਤ ਨੂੰ ਆਪਣੇ ਧਾਰਮਿਕ ਸਥਾਨ ਵਿੱਚ ਜਾਣ ਦੀ ਇਜਾਜ਼ਤ ਨਹੀਂ, ਕੁਝ ਵਿਚ ਉਹ ਧਾਰਮਿਕ ਰਸਮਾਂ ਨਹੀਂ ਨਿਭਾ ਸਕਦੀ। ਕੁਝ ਉਸਨੂੰ ਮੁੱਢੋਂ ਹੀ ਅਧੂਰੀ ਅਤੇ ਅਸ਼ੁੱਧ ਸਮਝਦੇ ਹਨ, ਪਰ ਇਸ ਗ੍ਰੰਥ ਦੇ ਸਾਰੇ ਰਚਨਹਾਰਿਆਂ ਨੇ ਉਸਨੂੰ ਪੂਰਨ ਸਤਿਕਾਰ ਦਿੱਤਾ ਹੈ।

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨੁ॥

੫. ਸਾਰੇ ਧਰਮਾਂ ਦਾ ਸਤਿਕਾਰ :- ਗੁਰੂ ਗ੍ਰੰਥ ਸਾਹਿਬ ਜੀ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਸ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਗਿਆ ਹੈ। ਇਸ ਦੇ ਬਾਣੀਕਾਰ ਹਿੰਦੂ ਵੀ ਹਨ, ਮੁਸਲਿਮ ਵੀ ਹਨ, ਹੋਰ ਹੋਰ ਮੱਤਾਂ ਦੇ ਵੀ ਹਨ, ਪਰ ਸਾਰੇ ਇੱਕ ਅਕਾਲ ਪੁਰਖ ਦੀ ਸਿਫਤ ਸਲਾਹ ਕਰਦੇ ਹੋਏ ਇੱਕ ਹੋ ਜਾਂਦੇ ਹਨ। ਗੁਰੂ ਨਾਨਕ ਜੀ ਸਾਫ ਸ਼ਬਦਾਂ ਵਿੱਚ ਆਖਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਪਿਤਾ ਦੀ ਉਪਮਾ ਹੋ ਰਹੀ ਹੈ, ਉਸਨੂੰ ਮਾਣ ਵਡਿਆਈ ਦੇ ਅਤੇ ਉਸਦਾ ਸਤਿਕਾਰ ਕਰ ॥

ਬਾਬਾ ਜੈ ਘਰਿ ਕਰਤੇ ਕੀਰਤੁ ਹੋਇ॥
ਸੋ ਘਰੁ ਰਾਖੁ ਵਡਾਈ ਤੋਹਿ॥

੫. ਵਿਗਿਆਨਕ ਸੋਚ ਦਾ ਸੰਦੇਸ਼ਵਾਹਕ:- ਇਸ ਗ੍ਰੰਥ ਵਿੱਚ ਕਿਸੇ ਵੀ ਤਰਾਂ ਦੀਆਂ ਮਿਥਿਹਾਸਕ ਕਥਾ ਕਹਾਣੀਆਂ ਨਹੀਂ ਹਨ। ਅੱਜ ਸਾਰੇ ਸੰਸਾਰ ਵਿੱਚ ਵਿਗਿਆਨਕ ਸੋਚ ਨੂੰ ਮਾਣਤਾ ਮਿਲੀ ਹੋਈ ਹੈ। ਅਤੇ ਜਿਵੇਂ ਈਸਾਈਆਂ ਦੇ ਗ੍ਰੰਥ ਪੀਹਲਾਂ ਵਿਗਿਆਨ ਦੇ ਵਿਰੁੱਧ ਲਿਖਦੇ ਸਨ। ਉਹਨਾਂ ਨੇ ਵਿਗਿਆਨਕਾਂ ਤੇ ਜ਼ੁਲਮ ਵੀ ਕੀਤੇ। ਪਰ ਅਖੀਰ ਉਹਨਾਂ ਨੂੰ ਆਪਣੀ ਇਸ ਗਲਤੀ ਨੂੰ ਸੁਧਾਰਨਾ ਵੀ ਪਿਆ ਅਤੇ ਮੁਆਫੀ ਵੀ ਮੰਗਣੀ ਪਈ। ਇਸੇ ਤਰਾਂ ਹਿੰਦੂ ਗ੍ਰੰਥਾਂ ਵਿੱਚ ਬਹੁਤ ਕੁਝ ਅਜਿਹਾ ਹੈ ਜੋ ਵਿਗਿਆਨਕ ਸੋਚ ਦੀ ਨਵੀਂ ਪੀੜ੍ਹੀ ਲਈ ਹਜ਼ਮ ਕਰਨਾ ਔਖਾ ਹੈ। ਪਰ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਇੱਕ ਵੀ ਪੰਕਤੀ ਅਜਿਹੀ ਨਹੀਂ ਹੈ ਜਿਹੜੀ ਵਿਗਿਆਨ ਦੀ ਕਸਵੱਟੀ ਤੇ ਪੂਰੀ ਨਾ ਉੱਤਰਦੀ ਹੋਵੇ। ਕਿਉਂ ਅਤੇ ਕਿਵੇਂ ਪ੍ਰਸ਼ਨਾਂ ਨੂੰ ਗੁਰੂ ਸਾਹਿਬ ਨੇ ਵਡਿਆਇਆ ਹੈ ਅਤੇ ਸਾਰਥਕ ਸੰਵਾਦ ਰਚਾਉਣ ਦੀ ਪ੍ਰੇਰਨਾ ਵੀ ਦਿੱਤੀ ਹੈ।

੬. ਕਿਰਤੀ ਵਰਗ ਦੇ ਹੱਕਾਂ ਦਾ ਰਖਵਾਲਾ:- ਸਾਰਾ ਸੰਸਾਰ ਕਿਰਤੀ ਵਰਗ ਨੂੰ ਪੂਰਾ ਮਾਣ ਮਿਲਦੇ ਦੇਖਣ ਦਾ ਇੱਛਕ ਹੈ ਕਿਉਂਕਿ ਸੰਸਾਰ ਵਿੱਚ ਬਹੁ ਗਿਣਤੀ ਤਾਂ ਆਮ ਕਾਮੇ ਵਰਗ ਦੀ ਹੈ, ਪਰ ਬਹੁਤ ਘੱਟ ਗਿਣਤੀ ਦੇ ਸਰਮਾਏਦਾਰ ਵਰਗ ਨੇ ਵਿਸ਼ਵ ਆਰਥਿਕਤਾ ਨੂੰ ਕਾਬੂ ਕੀਤਾ ਹੋਇਆ ਹੈ ਅਤੇ ਉਹ ਆਪਣੇ ਮੁਨਾਫੇ ਲਈ ਸੰਸਾਰ ਨੂੰ ਲੁੱਟ ਰਹੇ ਹਨ।

ਗੁਰੂ ਸਾਹਿਬ ਦਸਾਂ ਨਹੁੰਆਂ ਦੀ ਇਮਾਨਦਾਰੀ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹਨ ।ਅਤੇ ਉਸਨੂੰ ਵੀ ਵੰਡ ਕੇ ਛਕਣ ਲਈ ਆਖਦੇ ਹਨ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਕਿਰਤ ਕੀਤਿਆਂ ਅਤੇ ਵੰਡ ਕੇ ਛਕਣ ਨਾਲ ਫਾਲਤੂ ਦੀ ਮਾਇਆ ਜਮ੍ਹਾਂ ਹੀ ਨਹੀਂ ਹੁੰਦੀ, ਜਿਹੜੀ ਵਿਕਾਰਾਂ ਦਾ ਕਾਰਨ ਬਣਦੀ ਹੈ।

ਘਾਲ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ ॥

੭ ਛੋਟੀਆਂ ਅਤੇ ਨੀਚ ਕਹਾਉਣ ਵਾਲਿਆਂ ਦਾ ਪੱਖ ਪੂਰਨਾ :-ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਨੀਚ ਕਹਾਉਣ ਵਾਲੇ, ਕਥਿਤ ਛੋਟੀ ਜਾਤ ਵਾਲੇ, ਦੱਬੇ ਕੁਚਲੇ ਅਤੇ ਲਤਾੜੇ ਲੋਕਾਂ ਦੀ ਬਾਂਹ ਫੜਨੀ ਹਰ ਇਨਸਾਨ ਦਾ ਮੁਢਲਾ ਫਰਜ ਹੈ। ਉਹ ਆਪ ਗੱਜ ਵੱਜ ਕੇ ਨੀਵਿਆਂ ਨਾਲ ਖੜ੍ਹੇ ਹੋਣ ਦਾ ਹੋਕਾ ਦਿੰਦੇ ਹਨ -

ਨੀਚਾਂ ਅੰਦਰਿ ਨੀਚ ਜਾਤ
ਨੀਚੀ ਹੂੰ ਅਤਿ ਨੀਚ ॥
ਨਾਨਕ ਤਿਨ ਕੈ ਸੰਗ ਸਾਥਿ
ਵਡਿਆਂ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸ਼ੀਸ਼॥

ਇਸ ਤੋਂ ਵੱਧ ਕੇ ਕਿਹੜਾ ਸਮਾਜਵਾਦ ਹੈ?

੮. ਮਨੁੱਖੀ ਆਜ਼ਾਦੀ, ਸਵੈ ਮਾਣ ਅਤੇ ਹੱਕਾਂ ਦਾ ਪਹਿਰੇਦਾਰ :-ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿੱਥੇ ਆਪਣੇ ਫਰਜ਼ ਪੂਰੇ ਕਰਨ ਲਈ ਸਿੱਖਿਆ ਦਿੱਤੀ ਗਈ ਹੈ। ਉੱਥੇ ਪੂਰੇ ਮਾਣ ਸਤਿਕਾਰ ਨਾਲ ਜਿਉਣ ਦੀ ਗੱਲ ਵੀ ਕੀਤੀ ਹੈ। ਆਪਣੇ ਬਣਦੇ ਹੱਕ ਲੈਣੇ ਵੀ ਹਨ। ਆਪਣੀ ਆਜ਼ਾਦੀ ਨੂੰ ਹਰਗਿਜ਼ ਨਹੀਂ ਗੁਆਉਣਾ ਅਤੇ ਆਪਣਾ ਸਨਮਾਨ ਬਣਾਈ ਰੱਖਣਾ ਹੈ।

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮ ਜੇਤਾ ਕਿਛੁ ਖਾਇ ॥

ਇਸ ਤਰਾਂ ਦੀਆਂ ਅਣਗਿਣਤ ਖੂਬੀਆਂ ਇਸ ਨਿਰਾਲੇ ਗ੍ਰੰਥ ਵਿੱਚ ਹਨ। ਇਹ ਰਾਜਿਆਂ, ਸਰਮਾਰਦਾਰਾਂ, ਨਵਾਬਾਂ, ਧਨੀਆਂ, ਧਾਰਮਿਕ ਅਤੇ ਸਮਾਜਿਕ ਲੀਡਰਾਂ, ਪੁਜਾਰੀਆਂ,ਸੰਤਾਂ,ਕਾਜੀਆਂ,ਪੰਡਿਤਾਂ,ਜੋਗੀਆਂ, ਕਿਸੇ ਦੀ ਵੀ ਬੇਲੋੜੀ ਅਧੀਨਗੀ ਨਹੀਂ ਝੱਲਦਾ। ਗੁਰਮਤਿ ਸਿਧਾਂਤ ਨਾ ਡਰਨਾ ਅਤੇ ਨਾ ਡਰਾਉਣਾ ਹੈ। ਉਹ ਇੱਕ ਨਿਰਭਉ ਅਤੇ ਨਿਰਵੈਰ ਇਨਸਾਨ ਬਣਾਉਣ ਦੀ ਸਿੱਖਿਆ ਦਿੰਦੇ ਹਨ, ਜਿਹੜਾ ਪੂਰਨ ਇਨਸਾਨ ਕਹਾਏਗਾ

4. ਇੱਕੋ ਇੱਕ ਗ੍ਰੰਥ -ਗੁਰੂ ਗ੍ਰੰਥ:- ਸਾਰੇ ਸੰਸਾਰ ਵਿੱਚ, ਸਾਰੇ ਧਰਮਾਂ ਵਿਚੋਂ ਇਹ ਇੱਕੋ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਇਸ ਦੇ ਨਾਮ ਤੇ ਜਾਇਦਾਦ ਰਜਿਸਟਰ ਕਰਵਾਈ ਜਾ ਸਕਦੀ ਹੈ ਅਤੇ ਅਦਾਲਤਾਂ ਨੇ ਵੀ ਜੀਵਤ-ਗੁਰੂ ਦਾ ਦਰਜਾ ਦੇਣਾ ਪ੍ਰਵਾਨ ਕਰ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨੂੰ ਗੁਰੂ ਮੰਨਣ ਦੇ ਆਦੇਸ਼ ਤੇ ਸਿੱਖਾਂ ਨੇ ਫੁੱਲ ਚੜ੍ਹਾਏ ਹਨ। ਬਹੁਤ ਜਿਆਦਾ ਸਤਿਕਾਰ ਗੁਰੂ ਸਾਹਿਬ ਦੇ ਸਮੇਂ ਤੋਂ ਅੱਜ ਤੱਕ ਇਸ ਗ੍ਰੰਥ ਨੂੰ ਦਿੱਤਾ ਗਿਆ ਹੈ, ਜਿਸ ਦਾ ਇਹ ਹੱਕਦਾਰ ਵੀ ਹੈ। ਇਸ ਇੱਕੋ ਇੱਕ ਗ੍ਰੰਥ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੰਘਾਂ ਨੇ ਆਪਣੀਆਂ ਜਿੰਦਗੀਆਂ ਦੀ ਆਹੂਤੀ ਦਿੱਤੀ ਹੈ ਅਤੇ ਇਸ ਤੇ ਵਾਰ ਕਰਨ ਵਾਲੇ ਦੀ ਜਾਨ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸ ਤਰਾਂ ਦੀਆਂ ਹੋਰ ਵਿਸ਼ੇਸ਼ਤਾਈਆਂ ਗਿਣਨ ਲੱਗੇ, ਤਾਂ ਲੇਖ ਬਹੁਤ ਲੰਮਾ ਹੋ ਜਾਏਗਾ।

ਅੰਤਿਕਾ:-ਇੰਨੇ ਖੂਬਸੂਰਤ ਗੁਣਾਂ ਨਾਲ ਸ਼ਿੰਗਾਰੇ ਹੋਏ ਇਸ ਗ੍ਰੰਥ ਦੀ ਸਿੱਖਿਆ ਨੂੰ ਜੇ ਅਸੀਂ ਕੁਝ ਕੁ ਹਿਰਦਿਆਂ ਤੱਕ ਹੀ ਸੀਮਿਤ ਕਰ ਦਿੱਤਾ ਹੈ, ਤਾਂ ਅਸੀਂ ਖੁਦ ਬਹੁਤ ਵੱਡੇ ਅਪਰਾਧੀ ਹਾਂ। ਕਿਉ ਨਹੀ ਅੱਜ ਸੰਸਾਰ ਦੇ ਲੋਕ ਇਸ ਤੋਂ ਸੇਧ ਲੈਣ ਆਉਂਦੇ ??? ਸਾਨੂੰ ਮਿਲ ਬੈਠਣ ਦੀ ਲੋੜ ਹੈ। ਨਵੀਂਆਂ ਨੀਤੀਆਂ ਬਣਾਉਣ ਦੀ ਲੋੜ ਹੈ। ਬੇਲੋੜੀਆਂ ਸ਼ਰਧਾ ਪੂਰਨ ਕਰਮ ਕਾਂਡ ਵਾਲੀਆਂ ਰਸਮਾਂ ਅਤੇ ਕੱਟੜਤਾ ਨੂੰ ਤਿਆਗ ਕੇ ਇਸ ਦਾ ਵਿਸ਼ਵ-ਵਿਆਪੀ ਪ੍ਰੇਮ ਦਾ ਸੰਦੇਸ਼ ਸਾਰੀ ਦੁਨੀਆਂ ਤੱਕ ਪਹੁੰਚਾਏ ਜਾਣ ਦੀ ਲੋੜ ਹੈ। ਲੱਖ ਸਾਡੇ ਵਿਰੋਧੀ ਸਾਜਿਸ਼ਾਂ ਕਰਦੇ ਰਹਿਣ, ਲੱਖ ਹਮਲਾਵਰ ਹਮਲੇ ਕਰਦੇ ਰਹਿਣ, ਜੇ ਸਾਨੂੰ ਸ਼ਬਦ ਤੋਂ ਸੇਧ ਲੈਣੀ ਆ ਗਈ, ਤਾਂ ਉਸਦੀ ਸੁਗੰਧੀ ਸਾਡੇ ਵਿਵਹਾਰ ਅਤੇ ਕਿਰਦਾਰ ਵਿੱਚੋਂ ਝਲਕੇਗੀ ਅਤੇ ਕੋਈ ਵਿਰੋਧੀ ਕਦੇ ਕਾਮਯਾਬ ਨਹੀਂ ਹੋ ਸਕੇਗਾ। ਬ੍ਰਹਿਮੰਡੀ ਪ੍ਰੇਮ ਆਏ ਸ਼ਾਂਤੀ ਦਾ ਇਹ ਅਨੂਠਾ ਸੰਦੇਸ਼ ਸਾਰੇ ਸੰਸਾਰ ਨੂੰ ਜਰੂਰ ਮਹਿਕਾਏਗਾ। ਯਤਨ ਸਾਡੇ, ਬਖਸ਼ਿਸ਼ ਅਕਾਲ ਪੁਰਖ ਦੀ।

* * * * * * *

## ਮਿੰਨੀ ਕਹਾਣੀ / ਲੈਂਡ ਪੂਲਿੰਗ



ਸੁਖਦੇਵ ਸਿੰਘ ਕੱਪੜੇ ਬਦਲਕੇ ਲੈਂਡ ਪੂਲਿੰਗ ਵਾਲੇ ਧਰਨੇ ਵਿੱਚ ਜਾਣ ਲਈ ਤਿਆਰ ਹੋ ਰਿਹਾ ਸੀ ਇਤਨੇ ਨੂੰ ਉਸ ਦੇ ਪੁੱਤਰ ਦਾ ਚਿੱਟੇ ਦੇ ਨਸ਼ੇ ਲਈ ਪੈਸੇ ਲੈਣ ਖ਼ਾਤਰ ਆਪਣੀ ਮਾਂ ਨਾਲ ਰੌਲਾ ਪੈ ਗਿਆ।

ਸੁਖਦੇਵ ਸਿੰਘ ਦੀ ਘਰਵਾਲੀ ਕਰਮੋ ਨੇ ਆਪਣੇ ਪਤੀ ਸੁਖਦੇਵ ਸਿੰਘ ਨਾਲ ਲੜਦਿਆਂ ਆਖਿਆ ਅਰਾਮ ਨਾਲ ਘਰ ਬੈਠ ਜਾ! ਤੈਨੂੰ ਧਰਨੇ ਤੇ ਨਹੀਂ ਜਾਣ ਦੇਣਾ! ਲੈ ਜਾਣਦੇ ਜ਼ਮੀਨ ਲੈਂਡ ਪੂਲਿੰਗ ਵਾਲਿਆਂ ਨੂੰ! ਨਾ ਤੇਰਾ ਨਸ਼ਾ ਪੂਰਾ ਹੋਵੇ ਆਥਣੇ ਦਾਰੂ ਨਾਲ ਡੱਫ਼ ਕੇ ਆ ਜਾਨਾ! ਨਾ ਪੁੱਤ ਦੇ ਚਿੱਟੇ ਦੇ ਲਈ ਪੈਸੇ ਪੂਰੇ ਹੋਣ ! ਜ਼ਮੀਨ ਵੇਚ ਵੇਚਕੇ ਨਸ਼ੇ ਰਾਹ ਲੰਘਾਈ ਜਾਂਦੇ ਹੋ ਜੇ ਇੱਕ ਵਾਰ ਲੈਡਿੰਗ ਪੂਲ ਵਾਲੇ ਜ਼ਮੀਨ ਲੈ ਜਾਣ ਤਾਂ ਰੋਜ਼ ਰੋਜ਼ ਦੀ ਲੜਾਈ ਝਗੜਾ ਤਾਂ ਮੁਕ ਜਾਵੇਗਾ!

ਇਤਨਾਂ ਆਖ ਮਨ ਦੀ ਭੜਾਸ ਕੱਢਦੀ ਹੋਈ ਕਰਮੋ ਨਸ਼ੇ ਵਲੋਂ ਤੜਫ਼ ਰਹੇ ਪੁੱਤ ਨੂੰ ਪੈਸੇ ਦੇਣ ਲਈ ਕਮਰੇ ਵਿੱਚ ਚਲੀ ਗਈ। ਸੁਖਦੇਵ ਸਿੰਘ ਮੋਟਰ ਸਾਇਕਲ ਚੁੱਕ ਲੈਂਡ ਪੂਲਿੰਗ ਵਾਲੇ ਧਰਨੇ ਦੇ ਰਾਹ ਪੈ ਗਿਆ।

ਸੁਖਵਿੰਦਰ ਸਿੰਘ ਮੁੱਲਾਂਪੁਰ, ਕੈਲਪੁਰ ਰੋਡ ਮੁੱਲਾਂਪੁਰ ਦਾਖਾ

# ਡੀ ਡੀ ਪੰਜਾਬੀ ਦਾ 25 ਸਾਲ ਦਾ ਸਫ਼ਰ

ਪ੍ਰੋ. ਕੁਲਬੀਰ ਸਿੰਘ



ਡੀ ਡੀ ਪੰਜਾਬੀ ਚੈਨਲ ਦਾ ਉਦਘਾਟਨ 5 ਅਗਸਤ 2000 ਨੂੰ ਹੋਇਆ ਸੀ। ਪੀ ਏ ਪੀ ਗਰਾਊਂਡ ਜਲੰਧਰ ਵਿਚ ਖ਼ੂਬ ਰੌਣਕਾਂ ਲਗੀਆਂ ਸਨ। ਵਿਸ਼ਾਲ ਸੰਗੀਤਕ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਹੋਇਆ ਸੀ। ਉਸ ਸਮੇਂ ਗਾਇਕ ਕਲਾਕਾਰਾਂ ਦੁਆਰਾ ਪੇਸ਼ ਕੀਤੇ ਗਏ ਗੀਤ ਅੱਜ ਵੀ ਦਰਸ਼ਕਾਂ ਦੇ ਚੇਤਿਆਂ ਵਿਚ ਵੱਸੇ ਹਨ। ਗੁਰਦਾਸ ਮਾਨ ਦੁਆਰਾ ਗਾਇਆ ਗੀਤ 'ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ, ਫਿੱਕੀ ਪੈ ਗਈ ਚਿਹਰੇ ਦੀ ਨੁਹਾਰ ਨੀ' ਇਸ ਉਦਘਾਟਨੀ ਸਮਾਰੋਹ ਦੀ ਸ਼ਾਨ ਤੇ ਪਛਾਣ ਬਣ ਗਿਆ ਸੀ।

ਮੌਕੇ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਅਰੁਨ ਜੇਤਲੀ ਨੇ ਕਿਹਾ ਸੀ, "ਇਸ ਚੈਨਲ ਦੀ ਸ਼ੁਰੂਆਤ ਪੰਜਾਬ ਤੇ ਪੰਜਾਬੀਅਤ ਲਈ ਸ਼ੁੱਭ ਸ਼ਗਨ ਹੈ।" ਮੌਕੇ ਦੇ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਸੀ, "ਡੀ ਡੀ ਪੰਜਾਬੀ ਰਾਹੀਂ ਪੰਜਾਬੀ ਦਾ ਸੰਦੇਸ਼ ਦੂਰ-ਦੁਰਾਡੇ ਪਹੁੰਚੇਗਾ।" ਪੰਜਾਬ ਦੇ ਮੌਕੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਫ਼ੀ ਗੱਲਾਂ ਕੀਤੀਆਂ ਸਨ। ਉਨ੍ਹਾਂ ਕਿਹਾ ਸੀ,"ਸਾਡੀਆਂ ਚਿਰਾਂ ਦੀਆਂ ਉਡੀਕਾਂ ਅੱਜ ਮੁੱਕੀਆਂ ਹਨ। ਸਾਰੀ ਦੁਨੀਆਂ ਦੇ ਪੰਜਾਬੀਆਂ ਨੂੰ ਇਸਦੀ ਡਾਹਢੀ ਖ਼ੁਸ਼ੀ ਹੈ। ਪਰਵਾਸੀ ਪੰਜਾਬੀ ਜਿਹੜੇ ਆਪਣੀ ਮਾਂ ਬੋਲੀ ਅਤੇ ਵਿਰਾਸਤ ਤੋਂ ਹੌਲੀ ਹੌਲੀ ਦੂਰ ਹੁੰਦੇ ਜਾ ਰਹੇ ਹਨ - ਇਸ ਚੈਨਲ ਰਾਹੀਂ ਉਹ ਮੁੜ ਪੰਜਾਬ ਤੇ ਪੰਜਾਬੀ ਨਾਲ ਜੁੜ ਸਕਣਗੇ। ਦੂਸਰੇ ਪਾਸੇ ਪੰਜਾਬੀ ਜ਼ੁਬਾਨ ਅਤੇ ਕਲਚਰ ਦੀ ਸਾਂਝ ਪੂਰੇ ਸੰਸਾਰ ਨਾਲ ਪਵੇਗੀ।

ਕਲਾਕਾਰ ਅਤੇ ਸੰਸਦ ਮੈਂਬਰ ਵਿਨੋਦ ਖੰਨਾ ਦੇ ਸ਼ਬਦ ਸਨ, "1947 ਵਿਚ ਬੜਾ ਕੁਝ ਬਿਖਰ ਗਿਆ, ਟੁੱਟ ਗਿਆ, ਲੁੱਟ ਗਿਆ, ਖੋਹਿਆ ਗਿਆ, ਪਰੰਤੂ ਇਕ ਚੀਜ਼ ਸੀ ਜੋ ਸਾਡੇ ਤੋਂ ਕੋਈ ਨਹੀਂ ਖੋਹ ਸਕਿਆ, ਉਹ ਹੈ ਪੰਜਾਬੀ ਸ਼ਖ਼ਸੀਅਤ। ਉਸੇ ਪੰਜਾਬੀ ਸ਼ਖ਼ਸੀਅਤ ਨੂੰ ਇਹ ਚੈਨਲ ਪੂਰੀ ਦੁਨੀਆਂ ਤੱਕ ਪਹੁੰਚਾਏਗਾ।"




ਮੌਕੇ ਦੇ ਡਾਇਰੈਕਟਰ ਅਸ਼ੋਕ ਜੇਲਖਾਨੀ ਨੇ ਆਪਣੇ ਹਾਵ-ਭਾਵ ਪ੍ਰਗਟਾਉਂਦਿਆਂ ਆਖਿਆ ਸੀ, "ਅਸੀਂ ਇਕ ਪਰਿਵਾਰਕ ਚੈਨਲ ਆਰੰਭ ਕਰਨ ਜਾ ਰਹੇ ਹਾਂ ਜਿਸ ਰਾਹੀਂ ਸਾਫ਼-ਸੁਥਰਾ ਮਨੋਰੰਜਨ ਮੁਹੱਈਆ ਕੀਤਾ ਜਾਵੇਗਾ। ਪੰਜਾਬ ਦੀਆਂ ਸਮਾਜਕ ਸਭਿਆਚਾਰਕ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਣਗੇ। ਇਸ ਰਾਹੀਂ ਸਮੁੱਚੇ ਪੰਜਾਬ ਦੀ ਸਹੀ ਤਸਵੀਰ ਪੇਸ਼ ਕੀਤੀ ਜਾਵੇਗੀ। ਡੀ ਡੀ ਪੰਜਾਬੀ ਹਰੇਕ ਉਮਰ, ਹਰੇਕ ਵਰਗ ਦੇ ਦਰਸ਼ਕਾਂ ਲਈ ਹੋਵੇਗਾ। ਸਾਹਿਤ, ਸੰਗੀਤ, ਸਿਆਸਤ, ਖੇਤੀਬਾੜੀ, ਖੇਡਾਂ, ਦਿਹਾਤੀ ਜਨ-ਜੀਵਨ, ਖ਼ਬਰਾਂ, ਚਲੰਤ ਮਾਮਲੇ, ਟਾਕ-ਸ਼ੋਅ ਨਾਲ ਸੰਬੰਧਤ ਪ੍ਰੋਗਰਾਮ ਨਵੀਂ ਰੂਪ-ਰੇਖਾ ਨਾਲ ਪੇਸ਼ ਕੀਤੇ ਜਾਣਗੇ।"

ਅਜਿਹੇ ਵੱਡੇ ਵੱਡੇ ਦਾਅਵਿਆਂ ਉਪਰੰਤ ਜਦ ਡੀ ਡੀ ਪੰਜਾਬੀ ਆਰੰਭ ਹੋਇਆ ਤਾਂ ਕੁਝ ਦੇਰ ਪੁਰਾਣੇ ਪ੍ਰੋਗਰਾਮ ਪ੍ਰਸਾਰਿਤ ਕਰਨ ਬਾਅਦ ਜਦ ਨਵੇਂ ਨਿਵੇਕਲੇ ਪ੍ਰੋਗਰਾਮ ਦੀ ਤਿਆਰੀ ਵਿਚ ਜੁੱਟੇ ਨਿਰਮਾਤਾਵਾਂ ਨੇ ਪਟਾਰੀ ਦਾ ਮੂੰਹ ਖੋਲ੍ਹਿਆ ਤਾਂ ਦਰਸ਼ਕਾਂ ਦੇ ਚਿਹਰਿਆਂ 'ਤੇ ਹੈਰਾਨੀ ਅਤੇ ਖ਼ੁਸ਼ੀ ਦੇ ਮਿਲੇ ਜੁਲੇ ਭਾਵ ਸਨ। ਰੋਜ਼ ਸਵੇਰੇ, ਗੱਲਾਂ ਤੇ ਗੀਤ, ਖ਼ਾਸ ਖ਼ਬਰ ਇਕ ਨਜ਼ਰ, ਜੇ ਜਾਣਾ ਪ੍ਰਦੇਸ, ਤੀਰ ਨਿਸ਼ਾਨੇ 'ਤੇ, ਪਿੰਡਾਂ ਦੀ ਬਦਲਦੀ ਨੁਹਾਰ ਅਤੇ ਬੜਾ ਕੁਝ ਹੋਰ। ਜਿਵੇਂ ਜਿਵੇਂ ਇਹ ਪ੍ਰੋਗਰਾਮ ਪਰਦੇ 'ਤੇ ਆਉਂਦੇ ਗਏ ਚੈਨਲ ਦੀ ਟੀ ਆਰ ਪੀ ਵੱਧਦੀ ਗਈ।

ਦਹਾਕਿਆਂ ਤੱਕ ਡੀ ਡੀ ਪੰਜਾਬੀ ਨੇ ਇਹ ਪ੍ਰਭਾਵ, ਇਹ ਆਕਰਸ਼ਨ ਬਣਾਈ ਰੱਖਿਆ ਅਤੇ ਸਮੇਂ ਸਮੇਂ ਕੀਤੀਆਂ ਗਈਆਂ ਤਬਦੀਲੀਆਂ ਨੂੰ ਦਰਸ਼ਕਾਂ ਨੇ ਪਸੰਦ ਕੀਤਾ। ਦੁਨੀਆਂ ਵਿਚ ਜਿੱਥੇ ਜਿੱਥੇ ਵੀ ਪੰਜਾਬੀਆਂ ਦੀ ਵਸੋਂ ਹੈ ਉਥੇ ਉਥੇ ਇਹ ਚੈਨਲ ਵੇਖਿਆ ਜਾਣ ਲੱਗਾ। ਭਾਰਤ ਦੇ ਪ੍ਰਮੁੱਖ ਸ਼ਹਿਰਾਂ ਦੇ ਪੰਜਾਬੀ ਵੀ ਇਸ ਨਾਲ ਜੁੜਦੇ ਗਏ। ਇਹ ਡੀ ਡੀ ਪੰਜਾਬੀ ਦਾ ਗੋਲਡਨ ਪੀਰੀਅਡ ਸੀ। ਸਵੇਰ ਤੋਂ ਸ਼ਾਮ ਤੱਕ ਦੂਰਦਰਸ਼ਨ ਕੇਂਦਰ ਵਿਖੇ ਚਹਿਲ ਪਹਿਲ ਰਹਿੰਦੀ ਸੀ। ਹਰ ਕੋਈ 'ਗੱਲਾਂ ਤੇ ਗੀਤ' ਅਤੇ 'ਖ਼ਾਸ ਖ਼ਬਰ ਇਕ ਨਜ਼ਰ' ਵਿਚ ਸ਼ਾਮਲ ਹੋਣਾ ਚਾਹੁੰਦਾ ਸੀ।

ਪੰਜਾਬੀ ਮਾਨਸਿਕਤਾ ਅਤੇ ਸਮਾਜਕ ਮਾਨਵੀ ਸਰੋਕਾਰਾਂ ਨਾਲ ਜੁੜੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਸਨ। ਮਨੁੱਖ ਤੇ ਸਮਾਜ ਨੂੰ ਬਿਹਤਰ ਬਨਾਉਣ ਦੀ ਦਿਸ਼ਾ ਵਿਚ ਡੀ ਡੀ ਪੰਜਾਬੀ ਯਤਨਸ਼ੀਲ ਸੀ। ਆਡੀਓ ਵੀਡੀਓ ਦੇ ਸ਼ਕਤੀਸ਼ਾਲੀ ਸੁਮੇਲ ਸਦਕਾ ਪੰਜਾਬੀ ਜੀਵਨ, ਪੰਜਾਬੀ ਸਮਾਜ, ਪੰਜਾਬੀ ਸੰਗੀਤ ਨੂੰ ਉਸਾਰੂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ।

'ਖ਼ਾਸ ਖ਼ਬਰ ਇਕ ਨਜ਼ਰ, ਗੱਲਾਂ ਤੇ ਗੀਤ, ਅੱਜ ਦਾ ਮਸਲਾ, ਪੰਜ ਵਜੇ ਲਾਈਵ, ਦੂਰਦਰਸ਼ਨ ਸੱਥ, ਅੰਤਾਕਸ਼ਰੀ, ਖੇਤੀਬਾੜੀ' ਸੈਮੀਨਾਰਾਂ ਨੇ ਸੂਝਵਾਨ ਦਰਸ਼ਕਾਂ ਦੀ ਸੋਚ ਨੂੰ ਟੁੰਬਿਆ। ਫਿਰ ਇਕ ਸਮਾਂ ਆਇਆ ਜਦ ਇਹ ਸਾਰਾ ਕੁਝ ਬਿਖਰ ਗਿਆ। ਇਕ ਥੜ੍ਹਾ ਸੀ ਜੋ ਢਹਿ ਗਿਆ। ਦਰਸ਼ਕ ਹੌਲੀ ਹੌਲੀ ਦੂਰ ਹੁੰਦੇ ਗਏ। ਮਿਆਰੀ ਪ੍ਰੋਗਰਾਮ ਬੰਦ ਹੋਣ ਲੱਗੇ। ਰੂਪ-ਰੇਖਾ ਬਦਲਣ ਲੱਗੀ। ਦਰਸ਼ਕਾਂ ਦੀ ਦਿਲਚਸਪੀ ਘੱਟਦੀ ਗਈ। ਦਰਸ਼ਕ ਚੈਨਲ ਨਹੀਂ ਚੁਣਦੇ, ਦਰਸ਼ਕ ਪ੍ਰੋਗਰਾਮ ਚੁਣਦੇ ਹਨ। ਪ੍ਰੋਗਰਾਮਾਂ ਦੇ ਸਿਰ 'ਤੇ ਚੈਨਲ ਚੱਲਦਾ ਹੈ।

ਡਾ. ਓਮ ਗੌਰੀ ਦੱਤ ਸ਼ਰਮਾ ਤੱਕ ਚੈਨਲ ਨੇ, ਪ੍ਰੋਗਰਾਮਾਂ ਨੇ ਆਪਣੀ ਪਕੜ ਬਣਾਈ ਰੱਖੀ ਕਿਉਂ ਕਿ ਉਹ ਬਹੁਤ ਮਿਹਨਤ ਕਰਦੇ ਸਨ, ਬਹੁਤ ਦਿਲਚਸਪੀ ਲੈਂਦੇ ਸਨ।

ਹੁਣ ਇਕ ਵਾਰ ਫਿਰ ਡੀ ਡੀ ਪੰਜਾਬੀ ਨੂੰ ਲੀਹ 'ਤੇ ਲਿਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਸ੍ਰੀ ਕੇਵਲ ਕ੍ਰਿਸ਼ਨ ਪ੍ਰੋਗਰਾਮ ਮੁਖੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਸਖ਼ਤ ਮਿਹਨਤ ਕੀਤੀ ਜਾ ਰਹੀ ਹੈ। ਉਸੇ ਮਿਹਨਤ ਤੇ ਦਿਲਚਸਪੀ ਦਾ ਨਤੀਜਾ ਹੈ ਕਿ ਡੀ ਡੀ ਪੰਜਾਬੀ ਦੂਰਦਰਸ਼ਨ ਦੇ ਸਾਰੇ ਖੇਤਰੀ ਚੈਨਲਾਂ ਵਿਚੋਂ ਲਗਾਤਾਰ ਪਹਿਲੇ ਸਥਾਨ 'ਤੇ ਆ ਰਿਹਾ ਹੈ ਅਤੇ ਪੰਜਾਬੀ ਚੈਨਲਾਂ ਵਿਚੋਂ ਦਰਸ਼ਕ-ਗਿਣਤੀ ਪੱਖੋਂ ਦੂਸਰੇ ਜਾਂ ਤੀਸਰੇ ਸਥਾਨ 'ਤੇ ਰਹਿੰਦਾ ਹੈ।

ਡੀ ਡੀ ਪੰਜਾਬੀ ਦੀ ਸਿਲਵਰ ਜੁਬਲੀ ਮੌਕੇ ਸ੍ਰੀ ਕੇਵਲ ਕ੍ਰਿਸ਼ਨ, ਸ੍ਰੀ ਆਰ ਕੇ ਜਾਰੰਗਲ, ਸ੍ਰੀ ਸੁਖਵਿੰਦਰ ਕੁਮਾਰ ਸ੍ਰੀ ਦਿਲਬਾਗ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ 'ਜਸ਼ਨ ਦੀ ਰਾਤ' ਅਤੇ 'ਸਫ਼ਰ ਦੇ ਹਮਸਫ਼ਰ' ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤੇ ਗਏ। ਇਹ ਇਕ ਸ਼ਲਾਘਾਯੋਗ ਉਪਰਾਲਾ ਸੀ।

ਉਮੀਦ ਕਰਦੇ ਹਾਂ ਮੌਜੂਦਾ ਪ੍ਰੋਗਰਾਮ ਮੁਖੀ ਦੀ ਅਗਵਾਈ ਵਿਚ ਡੀ ਡੀ ਪੰਜਾਬੀ ਨੂੰ ਦਰਸ਼ਕਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਇਸੇ ਤਰ੍ਹਾਂ ਜਾਰੀ ਰਹਿਣਗੀਆਂ।

# ਸਾਡੀ ਜ਼ੁਬਾਨ ਵਿੱਚੋਂ ਝਲਕਦੇ ਹਨ ਸਾਡੇ ਸੰਸਕਾਰ

**ਚਾਨਣਦੀਪ ਸਿੰਘ ਔਲਖ**
**ਸੰਪਰਕ 9876888177**

ਮਨੁੱਖੀ ਜੀਵਨ ਵਿੱਚ ਬੋਲ-ਚਾਲ ਦਾ ਤਰੀਕਾ ਇੱਕ ਅਜਿਹਾ ਗਹਿਣਾ ਹੈ, ਜੋ ਨਾ ਸਿਰਫ਼ ਸਾਡੀ ਸ਼ਖ਼ਸੀਅਤ ਨੂੰ ਚਮਕਾਉਂਦਾ ਹੈ, ਬਲਕਿ ਸਾਡੇ ਪਾਲਣ-ਪੋਸ਼ਣ ਅਤੇ ਪਰਿਵਾਰਕ ਕਦਰਾਂ-ਕੀਮਤਾਂ ਦੀ ਗਵਾਹੀ ਵੀ ਭਰਦਾ ਹੈ। ਸਾਡੀ ਜ਼ੁਬਾਨ ਵਿੱਚੋਂ ਨਿਕਲਿਆ ਹਰ ਸ਼ਬਦ, ਸਾਡਾ ਲਹਿਜਾ ਅਤੇ ਦੂਜਿਆਂ ਨਾਲ ਗੱਲ ਕਰਨ ਦਾ ਸਲੀਕਾ, ਬਿਨਾਂ ਕੁਝ ਕਹੇ ਹੀ ਦੱਸ ਦਿੰਦਾ ਹੈ ਕਿ ਅਸੀਂ ਕਿਹੋ ਜਿਹੇ ਮਾਹੌਲ ਵਿੱਚ ਪਲੇ ਅਤੇ ਵੱਡੇ ਹੋਏ ਹਾਂ। ਇਸ ਲਈ, ਇਹ ਕਿਹਾ ਜਾਂਦਾ ਹੈ ਕਿ ਸਾਡੇ ਬੋਲਣ ਦਾ ਤਰੀਕਾ ਹੀ ਸਾਡੀ ਪਰਵਰਿਸ਼ ਦਾ ਸੱਚਾ ਪ੍ਰਮਾਣ ਹੁੰਦਾ ਹੈ।

ਬਚਪਨ ਤੋਂ ਹੀ ਬੱਚਾ ਆਪਣੇ ਘਰ ਵਿੱਚ ਜੋ ਸੁਣਦਾ ਅਤੇ ਦੇਖਦਾ ਹੈ, ਉਹ ਉਸਦੇ ਚਰਿੱਤਰ ਦਾ ਹਿੱਸਾ ਬਣ ਜਾਂਦਾ ਹੈ। ਜੇਕਰ ਮਾਤਾ-ਪਿਤਾ ਅਤੇ ਵੱਡੇ-ਵਡੇਰੇ ਆਪਸ ਵਿੱਚ ਅਤੇ ਬਾਹਰਲੇ ਲੋਕਾਂ ਨਾਲ ਸਤਿਕਾਰ ਅਤੇ ਨਿਮਰਤਾ ਨਾਲ ਪੇਸ਼ ਆਉਂਦੇ ਹਨ, ਤਾਂ ਬੱਚਾ ਵੀ ਇਸ ਗੁਣ ਨੂੰ ਅਪਣਾ ਲੈਂਦਾ ਹੈ। ਇਸੇ ਕਰਕੇ, ਚੰਗੇ ਸੰਸਕਾਰਾਂ ਵਾਲੇ ਪਰਿਵਾਰਾਂ ਦੇ ਬੱਚਿਆਂ ਦੀ ਜ਼ੁਬਾਨ ਵਿੱਚ ਮਿਠਾਸ ਅਤੇ ਸਹਿਜਤਾ ਹੁੰਦੀ ਹੈ। ਉਹ ਵੱਡਿਆਂ ਨਾਲ ਗੱਲ ਕਰਦੇ ਸਮੇਂ 'ਜੀ' ਜਾਂ 'ਤੁਸੀਂ' ਵਰਗੇ ਸਤਿਕਾਰ ਭਰੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਅਤੇ ਛੋਟਿਆਂ ਨਾਲ ਪਿਆਰ ਤੇ ਹਮਦਰਦੀ ਨਾਲ ਪੇਸ਼ ਆਉਂਦੇ ਹਨ। ਅਜਿਹੇ ਲੋਕਾਂ ਦੀ ਗੱਲਬਾਤ ਵਿੱਚ ਤਲਖੀ ਜਾਂ ਬਦਤਮੀਜ਼ੀ ਨਹੀਂ ਹੁੰਦੀ, ਸਗੋਂ ਉਨ੍ਹਾਂ ਦੇ ਬੋਲਾਂ ਵਿੱਚ ਇੱਕ ਖ਼ਾਸ ਤਰ੍ਹਾਂ ਦੀ ਠਰੰਮੇ ਵਾਲੀ ਸ਼ਾਂਤੀ ਹੁੰਦੀ ਹੈ, ਜੋ ਸੁਣਨ ਵਾਲੇ 'ਤੇ ਸਕਾਰਾਤਮਕ ਪ੍ਰਭਾਵ ਪਾਉਂਦੀ ਹੈ।

ਇਸਦੇ ਉਲਟ, ਜੇਕਰ ਕਿਸੇ ਪਰਿਵਾਰ ਵਿੱਚ ਲਗਾਤਾਰ ਉੱਚੀ ਆਵਾਜ਼, ਗੁੱਸਾ, ਬਦਤਮੀਜ਼ੀ ਜਾਂ ਬੇਲੋੜੀ ਕਠੋਰਤਾ ਆਮ ਹੋਵੇ, ਤਾਂ ਬੱਚਾ ਵੀ ਉਸੇ ਤਰ੍ਹਾਂ ਦਾ ਵਿਵਹਾਰ ਸਿੱਖਦਾ ਹੈ। ਅਜਿਹੇ ਬੱਚਿਆਂ ਦੇ ਬੋਲ-ਚਾਲ ਵਿੱਚ ਗੁੱਸਾ, ਤਲਖੀ ਅਤੇ ਨਿਮਰਤਾ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ। ਉਹ ਬਿਨਾਂ ਸੋਚੇ-ਸਮਝੇ ਅਜਿਹੇ ਸ਼ਬਦ ਬੋਲ ਜਾਂਦੇ ਹਨ, ਜੋ ਦੂਜੇ ਨੂੰ ਠੇਸ ਪਹੁੰਚਾ ਸਕਦੇ ਹਨ। ਭਾਵੇਂ ਉਹ ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਕਿੰਨੇ ਵੀ ਅੱਗੇ ਕਿਉਂ ਨਾ ਹੋਣ, ਪਰ ਬੋਲਣ ਦਾ ਗਲਤ ਤਰੀਕਾ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਫਿੱਕਾ ਪਾ ਦਿੰਦਾ ਹੈ।

ਸਾਡਾ ਬੋਲਣ ਦਾ ਤਰੀਕਾ ਸਿਰਫ਼ ਸਾਡੇ ਪਰਿਵਾਰਕ ਸੰਸਕਾਰਾਂ ਦਾ ਹੀ ਨਹੀਂ, ਸਗੋਂ ਸਾਡੀ ਆਪਣੀ ਸੋਚ ਅਤੇ ਚਰਿੱਤਰ ਦਾ ਵੀ ਪ੍ਰਗਟਾਵਾ ਹੁੰਦਾ ਹੈ। ਚੰਗੇ ਸ਼ਬਦਾਂ ਦੀ ਚੋਣ, ਧੀਰਜ ਨਾਲ ਸੁਣਨਾ ਅਤੇ ਫਿਰ ਬੋਲਣਾ ਇੱਕ ਸਿਹਤਮੰਦ ਮਨ ਦੀ ਨਿਸ਼ਾਨੀ ਹੈ। ਜਦੋਂ ਅਸੀਂ ਕਿਸੇ ਨਾਲ ਨਿਮਰਤਾ ਅਤੇ ਸਤਿਕਾਰ ਨਾਲ ਗੱਲ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਆਪਣੀ ਪਰਵਰਿਸ਼ ਦਾ ਮਾਣ ਵਧਾਉਂਦੇ ਹਾਂ। ਸਮਾਜ ਵਿੱਚ ਸਾਨੂੰ ਸਭ ਤੋਂ ਪਹਿਲਾਂ ਸਾਡੇ ਵਿਵਹਾਰ ਅਤੇ ਬੋਲਣ ਦੇ ਢੰਗ ਤੋਂ ਪਛਾਣਿਆ ਜਾਂਦਾ ਹੈ। ਇੱਕ ਨਿਮਰ ਅਤੇ ਮਿੱਠਾ ਬੋਲਣ ਵਾਲਾ ਵਿਅਕਤੀ ਹਰ ਜਗ੍ਹਾ ਸਤਿਕਾਰ ਅਤੇ ਸਵੀਕਾਰਤਾ ਪ੍ਰਾਪਤ ਕਰਦਾ ਹੈ, ਜਦੋਂ ਕਿ ਕਠੋਰ ਬੋਲ ਬੋਲਣ ਵਾਲਾ ਵਿਅਕਤੀ ਹਰ ਜਗ੍ਹਾ ਅਲੱਗ-ਥਲੱਗ ਹੋ ਜਾਂਦਾ ਹੈ।


ਸੋ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਬੋਲ-ਚਾਲ ਦੇ ਤਰੀਕੇ ਪ੍ਰਤੀ ਸੁਚੇਤ ਰਹੀਏ। ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਮੂੰਹੋਂ ਨਿਕਲਿਆ ਹਰ ਸ਼ਬਦ ਸਾਡੇ ਮਾਂ-ਬਾਪ ਅਤੇ ਸਾਡੇ ਪਰਿਵਾਰ ਦੇ ਦਿੱਤੇ ਸੰਸਕਾਰਾਂ ਦਾ ਪ੍ਰਤੀਕ ਹੁੰਦਾ ਹੈ। ਆਪਣੇ ਬੋਲਾਂ ਨੂੰ ਸੁੰਦਰ ਬਣਾਉਣਾ ਅਸਲ ਵਿੱਚ ਆਪਣੇ ਅਤੇ ਆਪਣੇ ਪਰਿਵਾਰ ਦੇ ਮਾਨ-ਸਤਿਕਾਰ ਨੂੰ ਬਣਾਉਣਾ ਹੈ। ਆਓ, ਅਸੀਂ ਸਭ ਇਸ ਗੱਲ ਨੂੰ ਸਮਝੀਏ ਅਤੇ ਆਪਣੇ ਬੋਲਾਂ ਵਿੱਚ ਅਜਿਹੀ ਮਿਠਾਸ ਅਤੇ ਨਿਮਰਤਾ ਭਰੀਏ ਕਿ ਸਾਡੇ ਬੋਲ ਸਾਡੀ ਚੰਗੀ ਪਰਵਰਿਸ਼ ਦਾ ਸਬੂਤ ਦੇਣ।

**ਪਿੰਡ ਗੁਰਨੇ ਖ਼ੁਰਦ (ਮਾਨਸਾ),**
**chanandeepaulakh@gmail.com**

# ਫਾਈਬਰ ਆਪਟਿਕਸ ਦੇ ਪਿਤਾਮਾ - ਡਾ. ਨਰਿੰਦਰ ਸਿੰਘ ਕਪਾਨੀ

**ਸੰਦੀਪ ਕੁਮਾਰ**
7009807121





**ਡਾ. ਕਪਾਨੀ ਦੀ ਖੋਜ ਨੇ ਸੰਚਾਰ ਅਤੇ ਮੈਡੀਕਲ ਵਿਗਿਆਨ ਦੇ ਖੇਤਰਾਂ ਵਿੱਚ ਅਣਮਿੱਥੇ ਬਦਲਾਅ ਲਿਆਂਦੇ। ਸ਼ੁਰੂ ਵਿੱਚ, ਉਨ੍ਹਾਂ ਦਾ ਕੰਮ ਮੁੱਖ ਤੌਰ 'ਤੇ ਮੈਡੀਕਲ ਇਮੇਜਿੰਗ 'ਤੇ ਕੇਂਦਰਿਤ ਸੀ। ਉਦਾਹਰਣ ਵਜੋਂ, ਐਂਡੋਸਕੋਪੀ ਵਰਗੀਆਂ ਤਕਨੀਕਾਂ, ਜੋ ਅੱਜ ਡਾਕਟਰਾਂ ਨੂੰ ਸਰੀਰ ਦੇ ਅੰਦਰੂਨੀ ਹਿੱਸਿਆਂ ਦੀ ਜਾਂਚ ਬਿਨਾਂ ਵੱਡੀ ਸਰਜਰੀ ਦੇ ਕਰਨ ਦੀ ਸਹੂਲਤ ਦਿੰਦੀਆਂ ਹਨ, ਕਪਾਨੀ ਦੀ ਖੋਜ ਦੀ ਦੇਣ ਹਨ।**

ਅੱਜ ਦਾ ਡਿਜੀਟਲ ਯੁੱਗ, ਜਿੱਥੇ ਤੇਜ਼ ਇੰਟਰਨੈਟ, ਵੀਡੀਓ ਕਾਲਿੰਗ, ਅਤੇ ਮੈਡੀਕਲ ਤਕਨੀਕਾਂ ਜਿਵੇਂ ਐਂਡੋਸਕੋਪੀ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਹਿੱਸਾ ਹਨ, ਇੱਕ ਪੰਜਾਬੀ ਵਿਗਿਆਨੀ ਦੀ ਮਹਾਨ ਖੋਜ ਦੀ ਦੇਣ ਹੈ। ਇਹ ਸ਼ਖਸੀਅਤ ਹੈ ਡਾ. ਨਰਿੰਦਰ ਸਿੰਘ ਕਪਾਨੀ, ਜਿਨ੍ਹਾਂ ਨੂੰ "ਫਾਈਬਰ ਆਪਟਿਕਸ ਦੇ ਪਿਤਾ" ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਖੋਜ ਨੇ ਸੰਚਾਰ, ਮੈਡੀਕਲ ਵਿਗਿਆਨ, ਅਤੇ ਉਦਯੋਗ ਦੇ ਖੇਤਰਾਂ ਵਿੱਚ ਕ੍ਰਾਂਤੀ ਲਿਆ ਦਿੱਤੀ, ਜਿਸ ਨੇ ਅੱਜ ਦੀਆਂ ਆਧੁਨਿਕ ਤਕਨੀਕਾਂ ਦੀ ਨੀਂਹ ਰੱਖੀ। ਡਾ. ਕਪਾਨੀ ਨਾ ਸਿਰਫ਼ ਇੱਕ ਅਸਾਧਾਰਨ ਵਿਗਿਆਨੀ ਸਨ, ਸਗੋਂ ਇੱਕ ਸਮਰਪਿਤ ਸਿੱਖ ਅਤੇ ਪੰਜਾਬੀ ਵੀ ਸਨ, ਜਿਨ੍ਹਾਂ ਨੇ ਆਪਣੇ ਸੱਭਿਆਚਾਰਕ ਵਿਰਸੇ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕੀਤਾ। ਉਨ੍ਹਾਂ ਦੀ ਜੀਵਨ ਯਾਤਰਾ, ਵਿਗਿਆਨਕ ਪ੍ਰਾਪਤੀਆਂ, ਅਤੇ ਸਿੱਖ ਸੱਭਿਆਚਾਰ ਪ੍ਰਤੀ ਯੋਗਦਾਨ ਨੇ ਪੰਜਾਬੀਆਂ ਲਈ ਮਾਣ ਦਾ ਮੌਕਾ ਪ੍ਰਦਾਨ ਕੀਤਾ।

ਡਾ. ਨਰਿੰਦਰ ਸਿੰਘ ਕਪਾਨੀ ਦਾ ਜਨਮ 31 ਅਕਤੂਬਰ 1926 ਨੂੰ ਪੰਜਾਬ ਦੇ ਮੋਗਾ ਸ਼ਹਿਰ ਵਿੱਚ ਹੋਇਆ। ਉਸ ਸਮੇਂ ਦਾ ਭਾਰਤ, ਜੋ ਅਜੇ ਅੰਗਰੇਜ਼ੀ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ, ਵਿਗਿਆਨ ਅਤੇ ਤਕਨੀਕ ਦੇ ਸਾਧਨਾਂ ਦੇ ਮਾਮਲੇ ਵਿੱਚ ਸੀਮਤ ਸੀ। ਪਰ ਕਪਾਨੀ ਦੇ ਜਿਗਆਸੂ ਮਨ ਅਤੇ ਸਿਆਣਪ ਨੇ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਵੱਖਰਾ ਰਾਹ ਚੁਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਆਪਣੀ ਮੁਢਲੀ ਸਿੱਖਿਆ ਅਗਰਤਲਾ (ਤ੍ਰਿਪੁਰਾ) ਅਤੇ ਦੇਹਰਾਦੂਨ ਵਿੱਚ ਹਾਸਲ ਕੀਤੀ। ਬਾਅਦ ਵਿੱਚ, ਆਗਰਾ ਯੂਨੀਵਰਸਿਟੀ ਤੋਂ ਬੈਚਲਰ ਦੀ ਡਿਗਰੀ ਪ੍ਰਾਪਤ ਕਰਕੇ, ਉਹ ਉੱਚ ਸਿੱਖਿਆ ਲਈ ਇੰਗਲੈਂਡ ਦੇ ਇੰਪੀਰੀਅਲ ਕਾਲਜ, ਲੰਡਨ ਚਲੇ ਗਏ। ਉੱਥੇ ਉਨ੍ਹਾਂ ਨੇ ਆਪਟਿਕਸ ਦੇ ਖੇਤਰ ਵਿੱਚ ਪੀਐਚਡੀ ਕੀਤੀ ਅਤੇ ਆਪਣੇ ਸੁਪਰਵਾਈਜ਼ਰ ਪ੍ਰੋਫੈਸਰ ਹੈਰੋਲਡ ਹਾਪਕਿੰਸ ਨਾਲ ਮਿਲ ਕੇ ਫਾਈਬਰ ਆਪਟਿਕਸ ਦੀ ਦੁਨੀਆ ਵਿੱਚ ਪਹਿਲੀ ਵਾਰ ਕਦਮ ਰੱਖਿਆ।

1950 ਦੇ ਦਹਾਕੇ ਵਿੱਚ, ਜਦੋਂ ਵਿਗਿਆਨਕ ਭਾਈਚਾਰਾ ਪ੍ਰਕਾਸ਼ ਦੇ ਸੰਚਾਰਣ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਸੰਘਰਸ਼ ਕਰ ਰਿਹਾ ਸੀ, ਡਾ. ਕਪਾਨੀ ਨੇ ਇੱਕ ਅਜਿਹੀ ਖੋਜ ਕੀਤੀ, ਜਿਸ ਨੇ ਵਿਗਿਆਨ ਦੇ ਇਤਿਹਾਸ ਨੂੰ ਬਦਲ ਦਿੱਤਾ। ਸਾਲ 1954 ਵਿੱਚ, ਉਨ੍ਹਾਂ ਨੇ ਸਫਲਤਾਪੂਰਵਕ ਸਾਬਤ ਕੀਤਾ ਕਿ ਪ੍ਰਕਾਸ਼ ਨੂੰ ਕੱਚ ਦੀਆਂ ਪਤਲੀਆਂ ਤਾਰਾਂ, ਜਿਨ੍ਹਾਂ ਨੂੰ ਅਸੀਂ ਅੱਜ ਆਪਟੀਕਲ ਫਾਈਬਰ ਕਹਿੰਦੇ ਹਾਂ, ਵਿੱਚੋਂ ਮੋੜਿਆ ਜਾ ਸਕਦਾ ਹੈ। ਇਸ ਸਿਧਾਂਤ ਨੂੰ "ਟੋਟਲ ਇੰਟਰਨਲ ਰਿਫਲੈਕਸ਼ਨ" ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਦੀ ਸਹਾਇਤਾ ਨਾਲ ਪ੍ਰਕਾਸ਼ ਬਿਨਾਂ ਵੱਡੇ ਨੁਕਸਾਨ ਦੇ ਲੰਬੀ ਦੂਰੀਆਂ ਤੱਕ ਭੇਜਿਆ ਜਾ ਸਕਦਾ ਸੀ। ਇਸ ਖੋਜ ਨੂੰ 1954 ਵਿੱਚ ਨੇਚਰ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਗਿਆ, ਜਿਸ ਨੇ ਵਿਸ਼ਵ ਪੱਧਰ 'ਤੇ ਵਿਗਿਆਨਕ ਭਾਈਚਾਰੇ ਦਾ ਧਿਆਨ ਖਿੱਚਿਆ। ਸਾਲ 1960 ਵਿੱਚ, ਸਾਇੰਸਟਿਫਿਕ ਅਮਰੀਕਨ ਵਿੱਚ ਪ੍ਰਕਾਸ਼ਿਤ ਉਨ੍ਹਾਂ ਦੇ ਲੇਖ ਵਿੱਚ ਪਹਿਲੀ ਵਾਰ "ਫਾਈਬਰ ਆਪਟਿਕਸ" ਸ਼ਬਦ ਦੀ ਵਰਤੋਂ ਕੀਤੀ ਗਈ, ਜਿਸ ਨੇ ਇਸ ਖੇਤਰ ਨੂੰ ਇੱਕ ਨਵਾਂ ਨਾਂ ਅਤੇ ਪਛਾਣ ਦਿੱਤੀ।

ਡਾ. ਕਪਾਨੀ ਦੀ ਖੋਜ ਨੇ ਸੰਚਾਰ ਅਤੇ ਮੈਡੀਕਲ ਵਿਗਿਆਨ ਦੇ ਖੇਤਰਾਂ ਵਿੱਚ ਅਣਮਿੱਥੇ ਬਦਲਾਅ ਲਿਆਂਦੇ। ਸ਼ੁਰੂ ਵਿੱਚ, ਉਨ੍ਹਾਂ ਦਾ ਕੰਮ ਮੁੱਖ ਤੌਰ 'ਤੇ ਮੈਡੀਕਲ ਇਮੇਜਿੰਗ 'ਤੇ ਕੇਂਦਰਿਤ ਸੀ। ਉਦਾਹਰਣ ਵਜੋਂ, ਐਂਡੋਸਕੋਪੀ ਵਰਗੀਆਂ ਤਕਨੀਕਾਂ, ਜੋ ਅੱਜ ਡਾਕਟਰਾਂ ਨੂੰ ਸਰੀਰ ਦੇ ਅੰਦਰੂਨੀ ਹਿੱਸਿਆਂ ਦੀ ਜਾਂਚ ਬਿਨਾਂ ਵੱਡੀ ਸਰਜਰੀ ਦੇ ਕਰਨ ਦੀ ਸਹੂਲਤ ਦਿੰਦੀਆਂ ਹਨ, ਕਪਾਨੀ ਦੀ ਖੋਜ ਦੀ ਦੇਣ ਹਨ। ਪਰ ਜਲਦੀ ਹੀ, ਫਾਈਬਰ ਆਪਟਿਕਸ ਦੀ ਸੰਭਾਵਨਾ ਸੰਚਾਰ ਦੇ ਖੇਤਰ ਵਿੱਚ ਵੀ ਸਾਹਮਣੇ ਆਈ। ਅੱਜ ਦਾ ਤੇਜ਼ ਇੰਟਰਨੈਟ, ਜੋ ਘਰ-ਘਰ ਤੱਕ ਪਹੁੰਚਦਾ ਹੈ, ਅਤੇ ਵਿਸ਼ਵ ਭਰ ਵਿੱਚ ਡਾਟਾ ਦਾ ਸੰਚਾਰ, ਡਾ. ਕਪਾਨੀ ਦੀ ਮੁੱਢਲੀ ਖੋਜ ਦੀ ਨੀਂਹ 'ਤੇ ਟਿਕਿਆ ਹੈ। ਉਨ੍ਹਾਂ ਦੇ ਕੰਮ ਨੇ ਸੰਚਾਰ ਨੈਟਵਰਕਸ ਦੀ ਦੁਨੀਆ ਨੂੰ ਨਵਾਂ ਰੂਪ ਦਿੱਤਾ, ਜਿਸ ਨਾਲ ਅਰਬਾਂ ਲੋਕਾਂ ਦੀ ਜ਼ਿੰਦਗੀ ਸੁਖਾਲੀ ਹੋਈ।

ਡਾ. ਕਪਾਨੀ ਦੀ ਸਫਲਤਾ ਸਿਰਫ਼ ਵਿਗਿਆਨਕ ਖੋਜ ਤੱਕ ਸੀਮਤ ਨਹੀਂ ਸੀ। ਉਨ੍ਹਾਂ ਨੇ 1960 ਵਿੱਚ ਅਮਰੀਕਾ ਵਿੱਚ "ਔਪਟਿਕਸ ਟੈਕਨੋਲਜੀ ਇਨਕਾਰਪੋਰੇਟਿਡ" ਨਾਮਕ ਕੰਪਨੀ ਦੀ ਸਥਾਪਨਾ ਕੀਤੀ, ਜੋ ਫਾਈਬਰ ਆਪਟਿਕਸ ਉਪਕਰਣ ਬਣਾਉਣ ਵਾਲੀ ਪਹਿਲੀ ਕੰਪਨੀ ਸੀ। ਇਸ ਕੰਪਨੀ ਨੇ ਫਾਈਬਰ ਆਪਟਿਕਸ ਨੂੰ ਵਪਾਰਕ ਰੂਪ ਦਿੱਤਾ ਅਤੇ ਲੇਜ਼ਰ ਤਕਨੀਕ ਅਤੇ ਸੋਲਰ ਐਨਰਜੀ ਦੇ ਖੇਤਰ ਵਿੱਚ ਵੀ ਮਹੱਤਵਪੂਰਣ ਯੋਗਦਾਨ ਪਾਇਆ। ਉਨ੍ਹਾਂ ਨੇ 100 ਤੋਂ ਵੱਧ ਪੇਟੈਂਟ ਹਾਸਲ ਕੀਤੇ ਅਤੇ ਅਨੇਕਾਂ ਵਿਗਿਆਨਕ ਪੇਪਰ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਨੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਈ। ਸਾਲ 1998 ਵਿੱਚ, "ਫੋਰਚਿਊਨ" ਮੈਗਜ਼ੀਨ ਨੇ ਉਨ੍ਹਾਂ ਨੂੰ 20ਵੀਂ ਸਦੀ ਦੇ ਸੱਤ ਸਭ ਤੋਂ ਮਹਾਨ ਵਿਗਿਆਨਕਾਂ ਵਿੱਚੋਂ ਇੱਕ ਮੰਨਿਆ, ਜੋ ਉਨ੍ਹਾਂ ਦੀ ਅਸਾਧਾਰਨ ਪ੍ਰਤਿਭਾ ਦਾ ਸਬੂਤ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਫਰੈਂਕਲਿਨ ਇੰਸਟੀਚਿਊਟ ਮੈਡਲ, ਪਦਮ ਭੂਸ਼ਣ (2004), ਅਤੇ ਪਦਮ ਵਿਭੂਸ਼ਣ (2021, ਮਰਨੋਪਰੰਤ) ਵਰਗੇ ਸਨਮਾਨ ਮਿਲੇ, ਜਿਨ੍ਹਾਂ ਨੇ ਉਨ੍ਹਾਂ ਦੀ ਵਿਗਿਆਨਕ ਅਤੇ ਸਮਾਜਿਕ ਸੇਵਾਵਾਂ ਨੂੰ ਸਵੀਕਾਰਿਆ।

ਡਾ. ਕਪਾਨੀ ਦਾ ਸਿੱਖ ਵਿਰਸੇ ਨਾਲ ਡੂੰਘਾ ਜੁੜਾਅ ਸੀ, ਜੋ ਉਨ੍ਹਾਂ ਦੀ ਜੀਵਨੀ ਦਾ ਇੱਕ ਮਹੱਤਵਪੂਰਣ ਪਹਿਲੂ ਹੈ। ਉਨ੍ਹਾਂ ਨੇ 1967 ਵਿੱਚ ਅਮਰੀਕਾ ਵਿੱਚ "ਸਿੱਖ ਫਾਊਂਡੇਸ਼ਨ" ਦੀ ਸਥਾਪਨਾ ਕੀਤੀ, ਜਿਸ ਦਾ ਮੁੱਖ ਮਕਸਦ ਸਿੱਖ ਸੱਭਿਆਚਾਰ, ਇਤਿਹਾਸ, ਅਤੇ ਕਲਾ ਨੂੰ ਪ੍ਰਮੋਟ ਕਰਨਾ ਸੀ। ਇਸ ਸੰਸਥਾ ਨੇ ਸਿੱਖ ਅਧਿਐਨ ਨਾਲ ਸਬੰਧਤ ਅਕਾਦਮਿਕ ਚੇਅਰਜ਼ ਦੀ ਸਥਾਪਨਾ ਕੀਤੀ ਅਤੇ ਸਿੱਖ ਭਾਈਚਾਰੇ ਦੀ ਪਛਾਣ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕੀਤਾ। ਉਨ੍ਹਾਂ ਨੇ ਸਿੱਖ ਕਲਾ, ਸਾਹਿਤ, ਅਤੇ ਇਤਿਹਾਸ ਨੂੰ ਸੰਭਾਲਣ ਲਈ ਅਨੇਕਾਂ ਪ੍ਰੋਗਰਾਮ ਸ਼ੁਰੂ ਕੀਤੇ, ਜਿਨ੍ਹਾਂ ਨੇ ਪੰਜਾਬੀਆਂ ਨੂੰ ਆਪਣੇ ਵਿਰਸੇ 'ਤੇ ਮਾਣ ਮਹਿਸੂਸ ਕਰਨ ਦਾ ਮੌਕਾ ਦਿੱਤਾ। ਇਹ ਪਹਿਲਕਦਮੀਆਂ ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਇੱਕ ਅਹਿਮ ਵਿਰਾਸਤ ਹਨ, ਕਿਉਂਕਿ ਇਨ੍ਹਾਂ ਨੇ ਸਿੱਖ ਪਛਾਣ ਨੂੰ ਵਿਦੇਸ਼ੀ ਧਰਤੀ 'ਤੇ ਮਜ਼ਬੂਤ ਕੀਤਾ।

ਡਾ. ਕਪਾਨੀ ਦੀ ਵਿਰਾਸਤ ਦਾ ਇੱਕ ਵਿਵਾਦਪੂਰਣ ਪਹਿਲੂ 2009 ਦੇ ਨੋਬਲ ਪੁਰਸਕਾਰ ਨਾਲ ਜੁੜਿਆ ਹੋਇਆ ਹੈ। ਸਾਲ 2009 ਵਿੱਚ, ਨੋਬਲ ਕਮੇਟੀ ਨੇ ਚਾਰਲਸ ਕੇ. ਕਾਓ ਨੂੰ "ਪ੍ਰਕਾਸ਼ ਦੇ ਸੰਚਾਰ ਲਈ ਫਾਈਬਰ ਵਿੱਚ ਪ੍ਰਸਾਰਣ" ਦੀ ਖੋਜ ਲਈ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ। ਕਾਓ ਨੇ 1966 ਵਿੱਚ ਸਟੈਂਡਰਡ ਟੈਲੀਕਮਿਊਨੀਕੇਸ਼ਨ ਲੈਬਾਰਟਰੀਜ਼ ਵਿੱਚ ਕੰਮ ਕਰਦਿਆਂ ਸਾਬਤ ਕੀਤਾ ਕਿ ਅਤਿ ਸ਼ੁੱਧ ਕੱਚ ਦੇ ਫਾਈਬਰ ਨਾਲ ਸਿਗਨਲ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ, ਜਿਸ ਨੇ ਸੰਚਾਰ ਲਈ ਫਾਈਬਰ ਆਪਟਿਕਸ ਨੂੰ ਵਿਹਾਰਕ ਬਣਾਇਆ। ਪਰ ਇਸ ਵਿੱਚ ਪੱਖ-ਪਾਤ ਕਰਦੇ ਹੋਏ ਨੋਬਲ ਕਮੇਟੀ ਨੇ ਕਪਾਨੀ ਦੇ ਮੁੱਢਲੇ ਕੰਮ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਨੂੰ ਅਧਾਰ ਬਣਾ ਕੇ ਚਾਰਲਸ ਕੇ.ਕਾਓ ਨੇ ਆਪਣੀ ਖੋਜ ਨੂੰ ਪ੍ਰਮਾਣਿਤ ਕੀਤਾ ਸੀ। ਡਾ. ਕਪਾਨੀ ਦੀ ਮੁੱਢਲੀ ਖੋਜ ਫਾਈਬਰ ਆਪਟਿਕਸ ਦੀ ਨੀਂਹ ਸੀ, ਅਤੇ ਉਨ੍ਹਾਂ ਨੂੰ ਨੋਬਲ ਪੁਰਸਕਾਰ ਵਿੱਚ ਸਾਂਝੇ ਤੌਰ 'ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ। ਵਿਗਿਆਨਕ ਖੋਜ ਦੀ ਪ੍ਰਕਿਰਿਆ ਵਿੱਚ, ਨਵੀਆਂ ਖੋਜਾਂ ਅਕਸਰ ਪੁਰਾਣੇ ਕੰਮ ਦੀ ਨੀਂਹ 'ਤੇ ਬਣਦੀਆਂ ਹਨ।

ਡਾ. ਕਪਾਨੀ ਦੀ ਨਿੱਜੀ ਜ਼ਿੰਦਗੀ ਵੀ ਉਨ੍ਹਾਂ ਦੀ ਸਫਲਤਾ ਦਾ ਇੱਕ ਪ੍ਰਤੀਕ ਸੀ। ਉਨ੍ਹਾਂ ਦਾ ਵਿਆਹ ਇੱਕ ਭਾਰਤੀ ਮੂਲ ਦੀ ਮਹਿਲਾ ਨਾਲ ਹੋਇਆ, ਅਤੇ ਉਹ ਕੈਲੀਫੋਰਨੀਆ ਵਿੱਚ ਰਹਿੰਦੇ ਸਨ। ਉਹ ਇੱਕ ਪਰਉਪਕਾਰੀ ਇਨਸਾਨ ਵੀ ਸਨ, ਜਿਨ੍ਹਾਂ ਨੇ ਵਿਗਿਆਨਕ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਕਾਲਰਸ਼ਿਪਸ ਅਤੇ ਫੰਡ ਪ੍ਰਦਾਨ ਕੀਤੇ। ਉਨ੍ਹਾਂ ਦੀ ਮੌਤ 3 ਦਸੰਬਰ 2020 ਨੂੰ ਕੈਲੀਫੋਰਨੀਆ ਵਿੱਚ ਹੋਈ, ਪਰ ਉਨ੍ਹਾਂ ਦੀ ਵਿਰਾਸਤ ਅੱਜ ਵੀ ਜਿਉਂਦੀ ਹੈ। ਡਾ. ਨਰਿੰਦਰ ਸਿੰਘ ਕਪਾਨੀ ਦੀ ਖੋਜ ਨੇ ਸੰਚਾਰ ਅਤੇ ਮੈਡੀਕਲ ਵਿਗਿਆਨ ਦੀ ਦੁਨੀਆ ਨੂੰ ਨਵਾਂ ਰੂਪ ਦਿੱਤਾ। ਉਨ੍ਹਾਂ ਦੀ ਫਾਈਬਰ ਆਪਟਿਕਸ ਦੀ ਖੋਜ ਨੇ ਅੱਜ ਦੇ ਤੇਜ਼ ਇੰਟਰਨੈਟ ਅਤੇ ਵਿਸ਼ਵਵਿਆਪੀ ਸੰਚਾਰ ਨੈਟਵਰਕਸ ਦੀ ਨੀਂਹ ਰੱਖੀ। ਨਾਲ ਹੀ, ਉਨ੍ਹਾਂ ਦਾ ਸਿੱਖ ਸੱਭਿਆਚਾਰ ਪ੍ਰਤੀ ਸਮਰਪਣ ਅਤੇ ਪੰਜਾਬੀ ਵਿਰਸੇ ਨੂੰ ਉਜਾਗਰ ਕਰਨ ਦੀਆਂ ਕੋਸ਼ਿਸ਼ਾਂ ਨੇ ਉਨ੍ਹਾਂ ਨੂੰ ਪੰਜਾਬੀ ਭਾਈਚਾਰੇ ਦਾ ਹੀਰੋ ਬਣਾਇਆ। ਨੋਬਲ ਪੁਰਸਕਾਰ ਵਿਵਾਦ ਦੇ ਬਾਵਜੂਦ, ਉਨ੍ਹਾਂ ਦੀ ਵਿਰਾਸਤ ਨੂੰ ਵਿਸ਼ਵ ਭਰ ਵਿੱਚ ਸਤਿਕਾਰ ਨਾਲ ਦੇਖਿਆ ਜਾਂਦਾ ਹੈ। ਡਾ. ਕਪਾਨੀ ਦੀ ਜੀਵਨੀ ਨਾ ਸਿਰਫ਼ ਵਿਗਿਆਨਕ ਪ੍ਰੇਰਨਾ ਦੀ ਕਹਾਣੀ ਹੈ, ਸਗੋਂ ਪੰਜਾਬੀਆਂ ਲਈ ਮਾਣ ਅਤੇ ਸਵੈਮਾਣ ਦਾ ਪ੍ਰਤੀਕ ਵੀ ਹੈ।

**ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ**
**liberalthinker1621@gmail.com**

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਾਨਚੈਸਟਰ ਚ ਪੰਜਵਾਂ ਚਾਰ ਰੋਜ਼ਾ ਵਿਸਾਲ ਗੁਰਮਤਿ ਸਮਾਗਮ ਸੰਪੰਨ

**✪ ਭਾਈ ਹਰਜਿੰਦਰ ਸਿੰਘ ਸ਼੍ਰੀ ਨਗਰ ਵਾਲਿਆਂ ਸਮੇਤ ਪੰਜਾਬ ਤੋਂ ਪੁੱਜੇ ਵੱਖ-ਵੱਖ ਰਾਗੀ ਜਥਿਆਂ ਨੇ ਸੰਗਤਾਂ ਨੂੰ ਸੁਣਾਇਆ ਗੁਰੂ ਇਤਿਹਾਸ ✪ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾਣ ਬਦਲੇ ਦਿੱਤੇ ਜਾਣ ਵਾਲਾ ਟਕਾ ਅਤੇ ਪਿਤਾ ਮਹਿਤਾ ਕਾਲੂ ਵੱਲੋਂ ਗੁਰੂ ਨਾਨਕ ਨੂੰ ਦਿੱਤੇ 20 ਸਿੱਕੇ ਪ੍ਰਦਰਸ਼ਨੀ ਦੌਰਾਨ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੇ ✪ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਨੇ ਵੱਡੀ ਗਿਣਤੀ ਵਿਚ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ ✪ ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਪੰਜਾਬ ਚ 7 ਸਕੂਲ ਖੋਲ ਕੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਦਿੱਤੀ ਜਾ ਰਹੀ ਹੈ ਸਿੱਖਿਆ, 100 ਤੋਂ ਵੱਧ ਸਕੂਲ ਖੋਲਣ ਦਾ ਮਿਥਿਆ ਟੀਚਾ**

**ਮਾਨਚੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਗੋਰਿਆਂ ਦੀ ਬਹੁਗਿਣਤੀ ਵਸੋਂ ਵਾਲੇ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਵਿਖੇ ਮਾਨਚੈਸਟਰ ਦੇ ਪੰਜ ਗੁਰੂ ਘਰਾਂ ਅਤੇ ਸੁਖਮਨੀ ਸਾਹਿਬ ਸੇਵਾ ਪਰਿਵਾਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਵਾਂ ਚਾਰ ਰੋਜ਼ਾ ਵਿਸਾਲ ਗੁਰਮਤਿ ਸਮਾਗਮ ਤੇ ਕੀਰਤਨ ਦਰਬਾਰ ਕਰਵਾਇਆ ਗਿਆ। ਖੁੱਲੇ ਪਾਰਕ ਚ ਕਰਵਾਏ ਗਏ ਹੁਣ ਤੱਕ ਦੇ ਇੰਗਲੈਂਡ ਦੇ ਸਭ ਤੋਂ ਵੱਡੇ ਇਸ ਮਹਾਨ ਗੁਰਮਤਿ ਸਮਾਗਮ ਅਤੇ ਕੀਰਤਨ ਦਰਬਾਰ ਚ ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਗਿਆਨੀ ਗੁਰਦੇਵ ਸਿੰਘ ਆਸਟਰੇਲੀਆ ਵਾਲੇ, ਭਾਈ ਜਸਪਾਲ ਸਿੰਘ ਜਲੰਧਰ ਵਾਲੇ,ਭਾਈ ਰਵਿੰਦਰ ਸਿੰਘ ਦਿੱਲੀ ਵਾਲੇ, ਭਾਈ ਅਮਰਜੀਤ ਸਿੰਘ ਪਟਿਆਲੇ ਵਾਲੇ, ਭਾਈ ਸੁਖਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਲਾਡੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਜਸਬੀਰ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਨਜੀਤ ਸਿੰਘ ਖਾਲਸਾ ਬਰਮਿੰਘਮ ਵਾਲੇ, ਭਾਈ ਸੰਤੋਖ ਸਿੰਘ ਜਲੰਧਰ ਵਾਲਿਆਂ ਸਮੇਤ ਹੋਰ ਬਹੁਤ ਸਾਰੇ ਸਿੱਖ ਪੰਥ ਦੇ ਮਹਾਨ ਰਾਗੀ ਜਥਿਆਂ ਅਤੇ ਕਥਾ ਵਾਚਕਾਂ ਨੇ ਚਾਰ ਦਿਨ ਕਥਾ ਕੀਰਤਨ ਰਾਹੀਂ ਇੰਗਲੈਂਡ ਸਮੇਤ ਯੂਰਪ ਭਰ ਅਤੇ ਅਮਰੀਕਾ, ਕਨੇਡਾ, ਸਮੇਤ ਅਫਗਾਨਿਸਤਾਨ ਤੋਂ ਪੁੱਜੀਆਂ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾਇਆ।




*ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਾਨਚੈਸਟਰ ਵਿਖੇ ਕਰਵਾਏ ਜਾ ਰਹੇ ਪੰਜਵੇਂ ਚਾਰ ਰੋਜ਼ਾਂ ਮਿਸਾਲ ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ ਦੀਆਂ ਵੱਖ ਵੱਖ ਤਸਵੀਰਾਂ।*

ਚਾਰ ਰੋਜ਼ਾ ਇਸ ਮਹਾਨ ਧਾਰਮਿਕ ਕੀਰਤਨ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਸਮਾਗਮ ਦੇ ਪ੍ਰਬੰਧਕ ਅਮਰੀਕ ਸਿੰਘ ਰਾਠੋਰ ਵੱਲੋਂ ਨਿਭਾਈ ਗਈ। ਇਸ ਧਾਰਮਿਕ ਸਮਾਗਮ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸਿੰਘ ਸਾਹਿਬ ਗਿਆਨੀ ਅਮਰੀਕ ਸਿੰਘ ਰਾਠੌਰ, ਭਾਈ ਪ੍ਰਭਜੋਤ ਸਿੰਘ ਪੂਲੀਆ, ਭਾਈ ਸਰਬਜੋਤ ਸਿੰਘ ਪੋਲੀਆ, ਭਾਈ ਹਰਪਾਲ ਸਿੰਘ ਵਿੰਗ, ਗੁਰਬਚਨ ਸਿੰਘ ਅਰੋੜਾ, ਜਸਪਾਲ ਸਿੰਘ ਦਰਵੇਸ਼, ਜਸਪਾਲ ਸਿੰਘ ਖਾਲਸਾ, ਵੀਰ ਜੱਸੀ, ਰਾਜ ਸਿੰਘ ਰਠੌਰ, ਵੀਰ ਰਾਜੂ ਤੇ ਪੱਪੂ ਸਿੰਘ ਵੱਲੋਂ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ।

ਧਾਰਮਿਕ ਸਮਾਗਮ ਦੇ ਆਖਰੀ ਦਿਨ ਐਤਵਾਰ ਨੂੰ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਵੱਲੋਂ ਵੱਡੀ ਗਿਣਤੀ ਚ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ ਗਿਆ।

ਇਸ ਧਾਰਮਿਕ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਜਥੇਦਾਰ ਭਾਈ ਗਜਿੰਦਰ ਸਿੰਘ ਖਾਲਸਾ ਨੇ ਹਾਜਰੀ ਭਰੀ। ਪੰਜਾਬ ਦੇ ਗਰੀਬ ਪਰਿਵਾਰਾਂ ਅਤੇ ਬੇਸਹਾਰਾ ਬੱਚਿਆਂ ਨੂੰ ਮੁਫਤ ਪੜਾਉਣ ਦਾ ਉਪਰਾਲਾ ਕਰ ਰਹੇ ਐਜੂਕੇਟ ਪੰਜਾਬ ਪ੍ਰੋਜੈਕਟ ਦੇ ਪ੍ਰਬੰਧਕ ਜਸਵਿੰਦਰ ਸਿੰਘ ਕੋਹਲੀ ਬਾਵਾ ਵੱਲੋਂ ਸਟਾਲ ਲਗਾ ਕੇ ਪੰਜਾਬ ਦੇ ਲੋੜਵੰਦ ਬੱਚਿਆਂ ਨੂੰ ਮੁਫਤ ਸਿੱਖਿਆ ਦੇਣ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਜਸਵਿੰਦਰ ਸਿੰਘ ਬਾਵਾ ਵੱਲੋਂ ਪੰਜਾਬ ਦੇ ਵੱਡੀ ਗਿਣਤੀ ਵਿਚ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਬੱਚਿਆਂ ਨੂੰ ਮੁਫਤ ਪੜ੍ਹਾਈ ਕਰਵਾਈ ਜਾ ਰਹੀ ਹੈ, ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਚ 7 ਦੇ ਕਰੀਬ ਮੁਫਤ ਸਕੂਲ ਖੋਲੇ ਗਏ ਹਨ , ਜਿਨਾਂ ਚ ਪੰਜਾਬ ਦੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਦਿੱਤੀ ਜਾ ਰਹੀ ਹੈ, ਕੋਹਲੀ ਬਾਵਾ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਵਿੱਚ 100 ਦੇ ਕਰੀਬ ਮੁਫਤ ਸਕੂਲ ਖੋਲਣ ਦਾ ਟੀਚਾ ਮਿਥਿਆ ਹੈ।

ਇਸੇ ਤਰ੍ਹਾਂ ਇਸ ਸਮਾਗਮ ਵਿਚ ਗਲੋਬਲ ਸਿੱਖ ਵਿਜ਼ਨ ਲੰਡਨ ਦੇ ਕੋਹਲੀ ਰਵਿੰਦਰ ਪਾਲ ਸਿੰਘ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਪੁਰਾਤਨ ਬੇਸਕੀਮਤੀ ਸਿੱਕਿਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿੱਚ ਗੁਰੂ ਸਾਹਿਬ ਜੀ ਦੇ ਵੇਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾਣ ਬਦਲੇ ਦਿੱਤੇ ਜਾਣ ਵਾਲੇ ਦੁਨੀਆਂ ਚ ਮੌਜੂਦ ਇੱਕੋ ਇੱਕ ਟਕੇ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਜੀ ਮਹਿਤਾ ਕਾਲੂ ਵੱਲੋਂ ਦਿੱਤੇ ਗਏ 20 ਸਿੱਕੇ ਵੀ ਇਸ ਪ੍ਰਦਰਸ਼ਨੀ ਦੌਰਾਨ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਇਸ ਧਾਰਮਿਕ ਸਮਾਗਮ ਦੌਰਾਨ ਚਾਰੇ ਦਿਨ ਹੀ ਵੱਖ-ਵੱਖ ਪ੍ਰਕਾਰ ਦਾ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ।

*ਹਰ ਮਿੱਟੀ ਦੀ ਆਪਣੀ ਖਸਲਤ ਹੈ ਹਰ ਮਿੱਟੀ ਕੁੱਟਿਆਂ ਨਹੀਂ ਭਰਦੀ ਹਰ ਜਖਮੀ ਮੱਥਾ ਨਹੀ ਝੁਕਦਾ ਬੰਨ੍ਹ ਲਾਇਆਂ ਹਰ ਛਲ ਨਹੀਂ ਰੁਕਦੀ*

# ਇਤਿਹਾਸਿਕ ਦਸਤਾਵੇਜ਼ ਹੈ "ਸੰਘਰਸ਼ ਦਾ ਦੌਰ" ਗੁਰਮੀਤ ਸਿੰਘ ਪ੍ਰਧਾਨ ਸਿੱਖ ਫੈਡਰੇਸ਼ਨ ਜਰਮਨੀ


## ਜਰਮਨੀ ਦੇ ਪੰਥਕ ਆਗੂਆਂ ਨੇ ਭਾਈ ਡੱਲੇਵਾਲ ਅਤੇ ਰਸ਼ਪਿੰਦਰ ਕੌਰ ਦੀ ਕਿਤਾਬ ਕੀਤੀ ਜਾਰੀ



**ਕੋਲਨ (ਜਰਮਨੀ)**-ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ ਨੇ ਦਾਅਵਾ ਕੀਤਾ ਹੈ ਕਿ ਕਿਤਾਬ ਸੰਘਰਸ਼ ਦਾ ਦੌਰ ਇੱਕ ਇਤਿਹਾਸਿਕ ਦਸਤਾਵੇਜ਼ ਹੈ, ਜਿਹੜਾ ਸਿੱਖ ਕੌਮ ਵਾਸਤੇ ਸੇਧਮਈ ਬਣੇਗਾ। ਭਾਈ ਗੁਰਮੀਤ ਸਿੰਘ ਖਨਿਆਣ ਜੋ ਕਿ ਪਿਛਲੇ ਸੈਂਤੀ ਸਾਲ ਤੋਂ ਜਰਮਨੀ ਵਿੱਚ ਬਤੌਰ ਜਲਾਵਤਨੀ ਬਤੀਤ ਕਰਦੇ ਹੋਏ ਅਜਾਦ ਸਿੱਖ ਰਾਜ ਖਾਲਿਸਤਾਨ ਵਾਸਤੇ ਯਤਨਸ਼ੀਲ ਹਨ। ਉਹਨਾਂ ਵਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਗੁਰਦਵਾਰਾ ਦਸਮੇਸ਼ ਸਿੰਘ ਸਭਾ, ਕੋਲਨ ਜਰਮਨੀ ਵਿਖੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਦਾ ਦੂਸਰਾ ਅਡੀਸ਼ਨ ਜਾਰੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖਾਲਿਸਤਾਨ ਦੇ ਸੰਘਰਸ਼ ਨੂੰ ਸਮਰਪਿਤ ਜਲਾਵਤਨੀ ਪੰਥਕ ਆਗੂ ਜਥੇਦਾਰ ਰੇਸ਼ਮ ਸਿੰਘ ਬੱਬਰ ਮੁਖੀ ਬੱਬਰ ਖਾਲਸਾ ਜਰਮਨੀ, ਭਾਈ ਸਤਨਾਮ ਸਿੰਘ ਬੱਬਰ, ਭਾਈ ਸਰਦੂਲ ਸਿੰਘ, ਭਾਈ ਗੁਰਚਰਨ ਸਿੰਘ ਗੁਰਾਇਆ ਮੌਜੂਦ ਸਨ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ। ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ, ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਨਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ। ਝੂਠੀਆਂ ਕਹਾਣੀਆਂ ਬਣਾ ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਤੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ ਬੋਲ ਕੇ ਸਿੱਖ ਦੁਸ਼ਮਣ ਲਾਬੀ ਨੂੰ ਖੁਸ਼ ਕਰ ਰਹੇ ਹਨ। ਜਨਰਲ ਸਕੱਤਰ - ਲਵਸ਼ਿੰਦਰ ਸਿੰਘ ਡੱਲੇਵਾਲ-07555409322 E mail lsdalewal@yahoo.com

# ਇਕ ਤਰਫਾ ਟੈਰਿਫ਼ ਵਾਧਾ : ਅਮਰੀਕਾ ਦਾ ਸੰਸਾਰ ਬਾਜ਼ਾਰ ਤੇ ਹਮਲਾ

**ਜਗਦੀਸ਼ ਸਿੰਘ ਚੋਹਕਾ**
91-9217997445
001-403-285-4208



ਅੱਜ ਸੰਸਾਰ ਅੰਦਰ ਪੂੰਜੀਵਾਦੀ ਪ੍ਰਣਾਲੀਗਤ ਸੰਕਟ ਦੇ ਸਿੱਟੇ ਵਜੋਂ ਸਾਮਰਾਜੀ ਅਮਰੀਕਾ ਸਮੇਤ ਵਿਕਸਤ ਦੇਸ਼ਾਂ ਅੰਦਰ ਵਿਕਾਸ ਦਰ ਸੁਸਤ ਚਲ ਰਹੀ ਹੈ। ਜਿਸ ਕਰਕੇ ਸਿੱਟੇ ਵਜੋਂ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਵਧ ਰਹੀ ਹੈ। ਉਥੇ ਅਮਰੀਕਾ ਇਸ ਸੰਕਟ ਦਾ ਬੋਝ ਅੰਤਰ-ਰਾਸ਼ਟਰੀ ਵਿਤੀ ਪੂੰਜੀ ਦੀ ਅਗਵਾਈ ਅਤੇ ਦਬਾਅ ਅਧੀਨ ਆਪਣੇ ਪੂੰਜੀ-ਸੰਗ੍ਰਹਿ ਦੀ ਪ੍ਰਕਿਰਿਆ ਨੂੰ ਤੇਜ਼ ਕਰ ਰਿਹਾ ਹੈ। ਇਹ ਅਮਰੀਕਾ ਦੇ ਸਾਮਰਾਜਵਾਦੀ ਹਮਲਾਵਰੀ ਵੱਲ ਵੱਧਣ ਦੇ ਸਪਸ਼ਟ ਲੱਛਣ ਹਨ। ਅਮਰੀਕਾ ਦੀ ਅਗਵਾਈ ਵਾਲੇ ਜੀ-7 ਅਤੇ ਨਾਟੋ 'ਤੇ ਖੁਦ ਅਮਰੀਕਾ, ਖੁਲ੍ਹੇਆਮ ਕੇਵਲ ਆਰਥਿਕ ਮੁਹਾਜ ਹੀ ਨਹੀਂ ਸਗੋਂ ਨਾ-ਸਹਿਮਤੀ ਵਾਲੇ ਦੇਸ਼ਾਂ ਅੰਦਰ ਯੁੱਧ ਅਤੇ ਆਰਥਿਕ ਧੌਂਸਾਂ ਰਾਹੀਂ ਅਲੱਗ-ਥਲੱਗ ਵਾਲੀਆਂ ਜ਼ਬਰੀ ਨੀਤੀਆਂ ਵੀ ਲਾਗੂ ਕਰ ਰਿਹਾ ਹੈ। ਡੋਨਾਲਡ ਟਰੰਪ ਵਲੋਂ ਚੀਨ, ਭਾਰਤ ਅਤੇ ਹੋਰ ਕਈ ਦੇਸ਼ਾਂ ਨਾਲ ਵਾਪਾਰ ਅੰਦਰ ਵਿਤੀ ਹਮਲੇ ਵੀ ਸੇਧ ਦਿੱਤੇ ਹਨ। ਕਈ ਖੇਤਰਾਂ ਅੰਦਰ ਵਾਪਾਰ ਪੂੰਜੀ ਨਿਵੇਸ਼ ਅਤੇ ਐਕਸਪੋਰਟ ਖੇਤਰ ਵਿੱਚ ਜਿਨ੍ਹਾਂ ਕਿਸੇ ਦੋ ਧਿਰੀ (ਰੀ-ਨੈਗੋਸੀਏਸ਼ਨ) ਗਲਬਾਤ, 'ਸਿਧੇ ਟੈਰਿਫ਼ ਦੀਆਂ ਦਰਾਂ 'ਚ ਅਥਾਹ ਵਾਧਾ ਕਰ ਦਿੱਤਾ ਹੈ। ਭਾਰਤ ਅੰਦਰ ਮੋਦੀ ਸਰਕਾਰ ਜੋ ਟਰੰਪ ਦੀ ਹੇਜਲੀ ਅਤੇ ਨੇੜਤਾ ਰੱਖਦੀ ਸੀ, ਉਤੇ 25-ਫੀਸਦ ਟੈਰਿਫ਼ (ਟੈਕਸ) ਲਗਾਇਆ ਸੀ, ਉਹ ਹੁਣ ਵਧਾ ਕੇ 50-ਫੀ ਸਦ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਵੇਲੇ ਦੁਨੀਆ ਦੇ 166-ਦੇਸ਼ ਸੰਸਾਰ ਵਾਪਾਰ ਸੰਸਥਾਂ ਦੇ ਮੈਂਬਰ ਹਨ। ਇਹ ਦੇਸ਼ ਆਪੋ ਆਪਣੇ ਹਿਤਾਂ ਮੁਤਾਬਕ ਅੰਦਰ ਰਹਿਕੇ ਜਾਂ ਬਾਹਰ ਰਹਿ ਕੇ ਆਪਸੀ ਸਮਝੌਤੇ ਰਾਹੀਂ ਵਾਪਾਰ ਕਰਦੇ ਆ ਰਹੇ ਹਨ। ਅਮਰੀਕਾ ਅਤੇ ਭਾਰਤ ਵਿਚਕਾਰ ਵੀ ਆਪਸੀ ਸੰਬੰਧ ਕਾਫੀ ਸੁਧਰੇ ਹੋਏ ਸਨ। ਭਾਰਤ ਜੋ ਸ਼ੁਰੂ ਤੋਂ ਹੀ ਨਿਰਪੱਖਤਾ ਵਾਲੀ ਨੀਤੀ ਅਪਣਾਉਂਦਾ ਰਿਹਾ ਸੀ। ਪਰ ਪਿਛਲੇ ਇਕ ਦਹਾਕੇ ਤੋਂ ਮੌਜੂਦਾ ਬੀ.ਜੇ.ਪੀ. ਦੀ ਮੋਦੀ ਸਰਕਾਰ ਕਾਫੀ ਹੱਦ ਤਕ ਅਮਰੀਕਾ ਪੱਖੀ ਪੈਂਤੜੇ ਲੈਂਦੀ ਆ ਰਹੀ ਹੈ। 1947-48 ਕਸ਼ਮੀਰ ਸੰਕਟ ਤੋਂ ਲੈ ਕੇ ਭਾਰਤ ਆਪਣੇ ਨਿੱਜੀ ਹਿਤਾਂ ਕਾਰਨ ਪਹਿਲਾ ਸੋਵੀਅਤ ਯੂਨੀਅਨ ਅਤੇ 1991 ਤੋਂ ਬਾਅਦ ਰੂਸ ਵਲ ਝੁਕਾਅ ਰੱਖਦਾ ਆ ਰਿਹਾ ਸੀ। ਕੁਝ ਅਰਸੇ ਤੋਂ ਕੌਮਾਂਤਰੀ ਹਲਾਤਾਂ ਦੀ ਬਦਲੀ ਹਵਾ ਅਨੁਸਾਰ ਹੁਣ ਭਾਰਤ, ਚੀਨ ਨਾਲ ਵੀ ਨੇੜਤਾ ਲਈ ਆਪਣਾ ਹੱਥ ਮਿਲਾ ਰਿਹਾ ਹੈ। ਗਾਜਾਂ ਅੰਦਰ ਇਸਰਾਈਲ ਦੇ ਵਿਸਥਾਰਵਾਦੀ ਨੀਤੀਆਂ ਅਤੇ ਲੋਕਾਂ 'ਤੇ ਹਮਲਿਆ ਕਾਰਨ, ਯੂਕਰੇਨ-ਰੂਸ ਜੰਗ ਅਤੇ ਮੱਧ-ਪੂਰਬ ਅੰਦਰ ਸਾਮਰਾਜੀ ਹਮਲਿਆ ਦੇ



ਨਤੀਜੇ ਵਜੋਂ ਭਾਰਤ ਹੁਣ ਕੌਮਾਂਤਰੀ ਸਾਖ ਅਤੇ ਏਸ਼ੀਆ ਅੰਦਰ ਆਪਣੀ ਸਥਾਪਤੀ ਲਈ ਰੂਸ ਅਤੇ ਚੀਨ ਦੇ ਹੋਰ ਨੇੜੇ ਵੀ ਆ ਰਿਹਾ ਹੈ। ਜੋ ਦੁਨੀਆ ਦੀ ਦਾਦਾਗਿਰੀ ਕਰਨ ਵਾਲੇ ਅਮਰੀਕਾ ਨੂੰ ਭਾਉਂਦਾ ਨਹੀਂ ਹੈ। ਇਹ ਤਾਂ ਭਾਰਤ ਨੇ ਦੇਖਣਾ ਹੈ ਕਿ ਉਸ ਦੇ ਆਰਥਿਕ ਅਤੇ ਕੌਮਾਂਤਰੀ ਹਿਤ ਕਿਸ ਦੇਸ਼ ਨਾਲ ਠੀਕ ਬੈਹਿੰਦੇ ਹਨ ?

ਪਰ ਅੱਜੇ ਵੀ ਭਾਰਤ ਵਲੋਂ ਆਪਣੀ ਅਮਰੀਕਾ ਪੱਖੀ ਵਿਦੇਸ਼ ਨੀਤੀ ਅਤੇ ਅਮਰੀਕੀ ਸਾਮਰਾਜਵਾਦ ਨਾਲ ਰਣਨੀਤਕ ਸਬੰਧਾਂ ਨੂੰ ਨਾ ਹੀ ਬਦਲਿਆ ਤੇ ਨਾ ਹੀ ਕੋਈ ਆਸ ਦਿੱਸਦੀ ਹੈ? ਵੱਧ ਰਹੇ ਬਹੁ-ਧਰੁਵੀ ਸੰਸਾਰ ਦੀਆਂ ਹਕੀਕਤਾਂ ਨੇ ਮੋਦੀ ਸਰਕਾਰ ਨੂੰ ਬ੍ਰਿਕਸ ਅਤੇ ਸ਼ਿੰਘਾਈ ਸਹਿਯੋਗ ਸੰਗਠਨ ਵਿੱਚ ਇਕ ਸਰਗਰਮ ਭਾਈਵਾਲ ਬਣਨ ਲਈ ਭਾਵੇਂ ਮਜਬੂਰ ਵੀ ਕੀਤਾ ਹੋਇਆ ਹੈ ਪਰ ਯੂਕਰੇਨ-ਰੂਸ ਜੰਗ ਨੂੰ ਛੱਡ ਕੇ ਜਿਥੇ ਭਾਰਤ ਨੇ ਨਿਰਪੱਖ ਸਥਿਤੀ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਅਜੇ ਵੀ ਭਾਰਤ ਦੀ ਵਿਦੇਸ਼ ਨੀਤੀ ਮੋਟੇ ਤੌਰ ਤੇ ਅਮਰੀਕਾ ਦੇ ਭੂਗੋਲਿਕ ਰਾਜਨੀਤਕ ਮਨਸੂਬਿਆ ਨਾਲ ਜੁੜੀ ਰਹੀ ਹੈ। ਪਿਛਲੇ 7-ਸਾਲਾਂ ਵਿੱਚ ਭਾਰਤ ਨੇ ਅਮਰੀਕਾ ਤੋਂ 15-ਬਿਲੀਅਨ ਡਾਲਰ ਦੇ ਹਥਿਆਰ ਖਰੀਦੇ ਹਨ। ਪਰ ਪਿਛਲੇ ਕੁਝ ਦਿਨਾਂ ਤੋਂ ਹੁਣ ਨਿਰਯਾਤ 'ਤੇ ਟੈਕਸ ਅਤੇ ਟੈਰਿਫ ਦੇ ਮੁੱਦੇ 'ਤੇ ਟਰੰਪ ਦਾ ਰੁੱਖ ਭਾਰਤ ਪ੍ਰਤੀ ਅਲੱਗ ਹੀ ਨਹੀਂ ਸਗੋਂ ਹਮਲਾਵਰੀ ਵੀ ਦਿਸ ਰਿਹਾ ਹੈ। ਉਸ ਦਾ ਕਾਰਨ ਦੁਨੀਆ ਅੰਦਜ ਸਾਮਰਾਜੀ ਅਮਰੀਕਾ ਦੀ ਅਰਥ-ਵਿਵੱਸਥਾ ਦੀ ਸਥਿਤੀ ਅੰਦਰ ਆਈ ਡਾਵਾਂਡੋਲਤਾ ਵੀ ਹੈ। ਹੁਣ ਟਰੰਪ ਨੇ ਆਪਣੇ ਵਾਪਾਰ ਸਬੰਧਾਂ ਅੰਦਰ ਕਾਫੀ ਬਦਲਾਅ ਕਰਕੇ ਆਪਣੀਅ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਟੈਰਿਫ ਦਰਾਂ 'ਚ ਅਥਾਹ ਵਾਧਾ ਐਲਾਨਿਆ ਹੈ।

ਭਾਰਤ ਕਿਉਂਕਿ ਤੇਲ ਅਤੇ ਹਥਿਆਰ ਰੂਸ ਪਾਸੋਂ ਖਰੀਦਦਾ ਹੈ ਅਤੇ ਦੋਨੋਂ ਦੇਸ਼ਾਂ ਦੇ ਕੁਠ ਖੇਤਰਾਂ 'ਚ ਮਜ਼ਬੂਤ ਸਬੰਧਾਂ ਕਾਰਨ, 'ਅਮਰੀਕਾ ਨੇ ਬਖਲਾਕੇ ਭਾਰਤ 'ਤੇ 25-ਫਰ 'ਤੇ ਟੈਰਿਫ ਥੋਪਿਆ ਸੀ। ਬਹਾਨਾ ਇਹ ਬਣਾ ਰਿਹਾ ਹੈ, 'ਕਿ ਭਾਰਤ ਤੇ ਰੂਸ ਦੀ ਆਰਥਿਕਤਾ ਮਰੀ ਹੋਈ ਭਾਵ ਡੁੱਬ ਰਹੀ ਹੈ। ਹੁਣ ਉਹ ਵਧਾ ਕੇ 50-ਫੀਸਦ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਦੀ ਦੇ ਹੇਜਲੇ ਟਰੰਪ ਨੇ ਹੋਰ ਕਈ ਛੁੱਰਚਾ ਵੀ ਢਾਹੀਆ ਹਨ। ਪਰ ਇਹ ਵੀ ਐਲਾਨਿਆ ਕਿ ਭਾਰਤ-ਅਮਰੀਕਾ ਮਿੱਤਰ ਹਨ। ਪਰ ਭਾਰਤ ਨੇ ਸਾਡੇ ਨਾਲ ਘੱਟ ਵਾਪਾਰ ਕੀਤਾ ਹੈ। ਭਾਵੇਂ ਅਮਰੀਕਾ ਨੇ 70 ਤੋਂ ਵੱਧ ਦੇਸ਼ਾਂ ਤੇ 10-ਫੀ ਸਦ ਤੋਂ 41-ਫੀਸਦ ਤਕ (Reciprocal) ਦੋ ਤਰਫ਼ਾ ਆਪਸੀ ਟੈਰਿਫ ਲਾਉਣ ਦਾ ਵੀ ਐਲਾਨ ਕੀਤਾ ਹੈ। ਭਾਰਤ ਦੇ ਗੁਵਾਂਢੀ ਦੇਸ਼ ਪਾਕਿਸਤਾਨ 'ਤੇ 19-ਫੀਸਦ ਟੈਰਿਫ਼ ਲਾਇਆ ਹੈ। ਇਹ ਵਾਪਾਰ ਟੈਕਸ ਕੀ ਹੁਣ ਗਲਬਾਤ ਰਾਹੀਂ ਘੱਟਣਗੇ ਜਾਂ ਦੋ ਦਰਫ਼ਾਂ ਟੈਕਸ ਦਬਾਅ ਅਧੀਨ ਹੋਰ ਸ਼ਕਲ ਅਖਤਿਆਰ ਕਰਨਗੇ, ਸਮਾਂ ਹੀ ਦੱਸੇਗਾ ?ਭਾਰਤ ਵਲੋਂ ਵੀ ਅਧਿਕਾਰਤ ਜਵਾਬੀ ਪ੍ਰਕਿਰਿਆ ਹੋਈ ਹੈ। ਭਾਰਤ; ਹੁਣ ਆਪਣੇ ਕੌਮੀ ਹਿਤਾਂ ਅਤੇ ਆਰਥਿਕ ਰੱਖਿਆ ਲਈ ਜ਼ਰੂਰੀ ਕਦਮ ਉਠਾਏਗਾ। ਇਹ ਵੀ ਕਿਹਾ ਕਿ ਸਾਡੇ ਤੇ ਅਲੋਚਨਾ ਕਰਨ ਵਾਲੇ ਖੁਦ ਰੂਸ ਨਾਲ ਵਾਪਾਰ ਕਰਦੇ ਹਨ। ਇਹ ਵਿਰੋਧੀਆਂ ਤੇ ਦਬਾਅ ਪਾਉਣ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਚੀਨ 'ਤੇ 145-ਫੀਸਦ ਟੈਕਸ ਐਲਾਨਿਆ, ਜਦ ਚੀਨ ਨੇ ਵੀ ਅੱਖਾਂ ਦਿਖਾਈਆਂ ਤਾਂ ਘੱਟ ਕਰਕੇ 35-ਫੀਸਦ ਕਰ ਦਿੱਤਾ।

ਕੂਟਨੀਤਕ ਹਲਕਿਆ ਅੰਦਰ ਇਹ ਵੀ ਇਕ ਪੱਖ ਹੈ ਕਿ ਟਰੰਪ ਇਸ ਗੱਲੋਂ ਨਰਾਜ਼ ਹੈ ਕਿ ਭਾਰਤ-ਪਾਕਿ ਜੰਗਬੰਦੀ ਲਈ ਭਾਰਤ ਸਰਕਾਰ ਟਰੰਪ ਦੀ ਵਿਚੋਲਗੀ ਤੋਂ ਇਨਕਾਰੀ ਹੋ ਰਿਹਾ ਹੈ। ਸ਼ੀਤ ਯੁੱਧ ਦੇ ਸਮੇਂ ਤੋਂ ਅੱਜ ਤੱਕ ਅਮਰੀਕਾ ਨਾਲ ਭਾਰਤ ਦੇ ਸਬੰਧ ਕਈ ਵਾਰ ਖਰਾਬ ਹੋਏ ਤੇ ਖੱਟੇ-ਮਿੱਠੇ ਰਹੇ ਹਨ। ਅਟੱਲ-ਵਾਜਪਈ ਵੇਲੇ ਤੇ ਮਨਮੋਹਨ ਸਿੰਘ ਵੇਲੇ ਪ੍ਰਮਾਣੂ ਸੰਧੀ 'ਤੇ ਕਈ ਹੋਰ ਮੁਦਿਆਂ 'ਤੇ ਸਬੰਧ ਸੁਧਰੇ ਤੇ ਦੂਰੀਆਂ ਵੱਧੀਆ ਵੀ: ਪਿਛੇ ਜਿਹੇ ਹੀ ਮੋਦੀ ਸਰਕਾਰ ਦੇ ਗਲਿਆਰਿਆ ਅੰਦਰ ਟਰੰਪ ਨੂੰ ਸ਼ਾਂਤੀ ਨੋਬਲ ਪ੍ਰਾਇਜ਼ ਦੇਣ ਲਈ ਚਰਚਾ ਵੀ ਹੁੰਦੀ ਸੀ। ਟਰੰਪ ਵਲੋਂ ਮਿੱਤਰ ਦੱਸ ਕੇ ਟੈਰਿਫ਼ ਦਰਾਂ 'ਚ ਵਾਧਾ ਐਲਾਨ ਦਾ ਭਾਰਤ ਲਈ ਕਠੋਰ, ਗੈਰ-ਸਹਿਣਯੋਗ ਅਤੇ ਗੈਰ-ਮੁਦਰਿਕ ਵਾਪਾਰ ਰੋਕਾਂ ਹਨ। ਟਰੰਪ ਨੇ ਫਿਰ ਦੁਹਰਾਇਆ ਹੈ ਭਾਰਤ ਅਮਰੀਕਾ ਪ੍ਰਤੀ ਵਾਪਾਰ ਅੰਦਰ ਸੰਕੋਚ ਵਰਤ ਰਿਹਾ ਹੈ। ਉਹ ਰੂਸ ਨਾਲ ਵਾਪਾਰ ਅਤੇ ਤੇਲ ਲੈਣ ਲਈ ਨੇੜਤਾ ਜਾਰੀ ਰੱਖ ਰਿਹਾ ਹੈ। ਪਰ ਟਰੰਪ ਦਾ ਪਾਕਿ ਪ੍ਰਤੀ ਨਰਮ ਰਵੱਈਆ ਤੇ ਰੂਸ-ਭਾਰਤ ਡੈਡ-ਆਰਥਿਕਤਾ ਨੇ ਅਮਰੀਕਾ-ਭਾਰਤ ਸਬੰਧਾਂ ਤੇ ਪਾਣੀ ਫੇਰਨਾ ਤੇ ਰਾਜਨੀਤਕ ਸਬੰਧਾਂ ਨੂੰ ਫਿਕਾ ਕੀਤਾ ਹੈ। ਕੀ ਹੁਣ ਭਾਰਤ ਅਮਰੀਕਾ ਦੇ ਇਸ ਰਵੱਈਏ ਪ੍ਰਤੀ ਅਡਿੱਗ ਰਹਿ ਸੱਕੇਗਾ ?

ਭਾਰਤ ਆਪਣੀ ਤੇਲ ਦੀ ਜ਼ਰੂਰਤ ਪੂਰੀ ਕਰਨ ਲਈ 2021-22 'ਚ ਰੂਸ ਤੋਂ 2.10-ਫੀਸਦ ਤੇਲ ਖਰੀਦਦਾ ਸੀ ਜੋ 2022-23 'ਚ 19.10-ਫੀਸਦ, 2023-24 'ਚ ਇਹ ਵਾਧਾ 33.40-ਫੀ ਸਦ ਅਤੇ 2024-25 ਤਕ ਇਹ ਵੱਧ ਕੇ 35.10ਫੀ ਸਦ ਪੁੱਜ ਗਿਆ ਸੀ। ਇਸ ਤੋਂ ਬਿਨਾਂ ਭਾਰਤ ਇਰਾਕ, ਇਰਾਨ, ਅਰਬ ਅਤੇ ਹੋਰ ਦੇਸ਼ਾਂ ਤੋਂ ਵੀ ਜ਼ਰੂਰਤ ਲਈ ਤੇਲ ਖਰੀਦ ਰਿਹਾ ਹੈ। ਭਾਰਤ ਨੇ ਅਮਰੀਕਾ ਤੋਂ ਸਾਲ 2024-25 ਦੁਰਾਨ 4.60-ਫੀ ਤੇਲ ਖਰੀਦਿਆ ਸੀ। ਹਰ ਸਾਲ ਭਾਰਤ 11 ਲੱਖ ਕਰੋੜ ਰੁਪਏ ਦਾ ਪੈਟਰੋਲ ਤੇ ਡੀਜ਼ਲ ਦੂਸਰੇ ਦੇਸ਼ਾਂ ਤੋਂ ਖਰੀਦਦਾ ਹੈ, ਜੋ 80ਫੀ ਸਦ ਸੀ। ਭਾਰਤ ਦਾ ਰੁਪਿਆ ਡਾਲਰ ਦੇ ਮੁਕਾਬਲੇ ਲਗਾਤਾਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਪਰ ਟਰੰਪ ਵਲੋਂ ਭਾਰਤ ਨੂੰ ਕੋਈ ਰਾਹਤ ਅਤੇ ਸਹੂਲਤ ਨਹੀਂ ਮਿਲ ਰਹੀ ਹੈ ਫਿਰ ਭਾਰਤ ਅਮਰੀਕਾ ਤੋਂ ਮਹਿੰਗਾ ਤੇਲ ਕਿਉਂ ਖਰੀਦੇਗਾ? 50-ਫੀਸਦ ਟੈਰਿਫ ਭਾਰਤ ਤੇ ਲਗਾਉਣਾ ਇਹ ਸੁਝਾਅ ਕਿਉਂ ? ਟਰੰਪ ਅੱਜੇ ਹੋਰ ਜੁਰਮਾਨਾ ਲਾਉਣ ਲਈ ਕਹਿ ਰਿਹਾ ਹੈ। ਅਮਰੀਕਾ ਵਲੋਂ ਰੂਸ 'ਤੇ ਤੇਲ ਦੀਆਂ ਕੀਮਤਾਂ ਘੱਟ ਕਰਾਉਣ ਲਈ,' ਟਰੰਪ ਦਾ ਇਹ ਇਕ ਢੰਗ ਹੈ। ਕਿਵੇਂ ਪੁਤਿਨ ਉਪਰ ਯੂਕਰੇਨ ਜੰਗ ਰੋਕਣ ਲਈ ਦਬਾਅ ਬਣਾਉਣਾ ਹੈ ? ਦੂਸਰੇ ਪਾਸੇ 2024 ਦੌਰਾਨ ਯੂਰਪੀ-ਸੰਘ ਦਾ ਰੂਸ ਨਾਲ ਵਾਪਾਰ 67.5 ਅਰਬ ਯੂਰੋ ਤਕ ਸੀ, ਜੋ ਫਰਟਾਲਾਈਜ਼ਰ, ਖਨਨ, ਕੈਮੀਕਲ, ਲੋਹਾ, ਸਟੀਲ, ਆਟੋਪਾਰਟ, ਯੂਰੇਨੀਅਮ ਗੈਸ ਆਦਿ ਖੇਤਰਾਂ ਅੰਦਰ ਹੋਇਆ।

ਅਮਰੀਕਾ ਅਤੇ ਯੂਰਪੀ ਸੰਘ ਦੇ ਉਨ੍ਹਾਂ ਯਤਨਾਂ ਦੀ ਭਾਰਤ ਨੇ ਅਲੋਚਨਾ ਕੀਤੀ ਹੈ ਜਿਹੜੇ ਭਾਰਤ ਦੀਆਂ ਰਿਫਾਈਨਰੀਆਂ ਨੂੰ ਬੰਦ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤ ਦਾ ਆਯਾਤ ਗਲੋਬਲ ਮਾਰਕੀਟ ਦੇ ਹਲਾਤਾਂ ਅਨੁਸਾਰ ਜ਼ਰੂਰੀ ਹੈ। ਇਹ ਭਾਰਤ ਦਾ ਨਿਜੀ ਮਾਮਲਾ ਹੈ। ਭਾਰਤ ਨੇ ਆਪਣੀਆਂ ਲੋੜਾਂ ਅਨੁਸਾਰ ਆਯਾਤ-ਨਿਰਯਾਤ ਕਰਨਾ ਹੈ। ਇਸ ਨੂੰ ਰੋਕਣਾ ਕਈ ਪ੍ਰਕਾਰ ਦੀਆਂ ਉਲਝਣਾ ਪੈਦਾ ਕਰਨਾ ਹੋਵੇਗਾ ? ਤੇਲ ਅੱਜ ਦੁਨੀਆ ਅੰਦਰ ਇਕ ਯੁਧਨੀਤਕ ਹਥਿਆਰ ਹੈ। ਇਸ ਨੂੰ ਭਾਰਤ ਵਲੋ ਸੰਸਾਰ-ਵਿਆਪੀ ਘਟਨਾਕਰਮ ਅਤੇ ਭੂਗੋਲਿਕ-ਰਾਜਨੀਤਕ ਰਿਸ਼ਤਿਆ ਦੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਜਿਸ ਦਾ ਭਾਰਤ ਦੀ ਕੌਮੀ ਸਥਿਤੀ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਭਾਰਤ ਵਲੋਂ ਰੂਸ ਤੋਂ ਤੇਲ ਖਰੀਦਣਾਂ ਤੇ ਵਾਪਾਰ ਵਧਾਉਣਾ ਦੋਨੋ ਦੇਸ਼ਾਂ ਦੇ ਹਿਤਾਂ ਵਿੱਚ ਹੈ ਜੋ ਅਮਰੀਕਾ ਨੂੰ ਭਾਉਂਦਾ ਨਹੀ ਹੈ।

*Email-jagdishchohka@gmail.com*

TAIL PIECE

Dalip Singh Wasan, Advocate
Email: dalipsinghwassan@yahoo.co.in

## Each member must meet the people he represents

The candidates are just picked up by the contesting groups andnominated from each constituency and after their eletions they justbecome supporters and followers and at no stage they remainrepresentatives of the people. When our Houses are called Houses of people, the members must be their representatives.

The present system must turn democratic and each member must meet people of his area periodically in a prescribed office so that peoplecould place their problems before him. These offices with officersand supporting staff must become place where people could come and say something.

When members in our legislative houses are representatives, they must remain in contact with the people. Most of the members do not know the people and their problems because they are just picked up by contesting groups to get majority and we have noted that so many are there who had just changed hisprevious contesting group and there is just an understanding that heshall just follow ane support the group from whom he has gort ticket.The candidates must announce their aims and targets and must inform the people periodically what he had done in the House on those projects and what further he shall do in the remaining periodically.

We must try that the members in Parliament must represent people from where they have been elected and must bring problems of the people in the House so that they may be able to face the people whenthey meet them and come for second term before them. Simply, I was in the Parliament last time and therefore, I have got the right to comeback, is not enough. Representatives must represent and work for the people.



## Candidates mut take responsibility for low percentage of votes

We are a biggest and model democracy in the world and now wehave noted that our vote percentage is going down and even vote bankestablished, too is not coming up to vote. The contesting groups tooare responsible because they are not coming up with suitable targetsand aims and the candidates, too are not telling the people thepurpose for the fulfillment of which they have come before them. Mostof them are just new and some old candidates often join new contestinggroups just to win and they too never give what is in their mind to dofor the people during the coming tenure. The people know that theyare just supporters and followers.

The people are not coming forward with their demands and now theytoo have lost interest in elections and this coming down percentage ofvotes is dangerous for our democracy. Our vote percentage must beninety or hundred percent because of our age of democracy and becauseof our development we claim.

The candidates must speak to the people their qualificdqations, trainings, expertises and past works done for the people and must tellthe people their aims in mind to be achieved during the tenure.Programmes of contesting groups are beyond understanding of the peopleand these candidates must tell the people some clear targets. This isbad that most of the candidates are just trying to come and sit inParliament and could write Member of Parliament with their names onname plates hanging before their houses.

# ‘ਸਰਬੱਤ ਦਾ ਭਲਾ ਟਰਸਟ’ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਚ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਲੋੜਵੰਦਾਂ ਨੂੰ ਬੈਚਲਰ, ਮਾਸਟਰ ਅਤੇ ਪੀਐਚਡੀ ਤਕ ਦੀ ਫਰੀ ਕਰਵਾਈ ਜਾਵੇਗੀ ਪੜ੍ਹਾਈ

ਵੈਨਕੂਵਰ-(ਮਲਕੀਤ ਸਿੰਘ)- ਸਮਾਜ ਸੇਵੀ ਕਾਰਜਾਂ ਲਈ ਕਾਰਜਸ਼ੀਲ ‘ਸਰਬੱਤ ਦਾ ਭਲਾ ਟਰਸਟ’ ਵੱਲੋਂ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਯੂਨੀਵਰਸਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ‘ਸਰਬੱਤ ਦਾ ਭਲਾ ਟਰਸਟ’ ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ ਐਸ ਪੀ ਸਿੰਘ ਉਬਰਾਏ ਵੱਲੋਂ ਉਕਤ ਜਾਣਕਾਰੀ ਸਾਂਝੀ ਕੀਤੀ ਗਈ। ਕਨੇਡਾ ਦੌਰੇ ਤੇ ਆਏ ਡਾ ਐਸਪੀ ਸਿੰਘ ਉਬਰਾਏ ਨੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਕਨੇਡਾ ਦੇ ਸਰੀ ਸ਼ਹਿਰ ਦੇ ਸਕੋਟ ਰੋਡ ਤੇ ਸਥਿਤ ਮਹਾਰਾਣੀ ਰੈਸਟੋਰੈਂਟ 'ਚ ਆਯੋਜਿਤ ਇੱਕ ਪੱਤਰਕਾਰ ਸੰਮੇਲਨ ਦੌਰਾਨ ਉਕਤ ਫੈਸਲੇ ਸਬੰਧੀ ਵਿਸਥਾਰਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਯੂਨੀਵਰਸਿਟੀ ਚ ਲੋੜਵੰਦ ਵਿਦਿਆਰਥੀਆਂ ਨੂੰ ਬੈਚੂਲਰ, ਮਾਸਟਰ ਅਤੇ ਪੀ ਐਚ ਡੀ ਤੱਕ ਦੀ ਉਚੇਰੀ ਪੜ੍ਹਾਈ ਫਰੀ ਕਰਾਈ ਜਾਏਗੀ। ਉਹਨਾਂ ਇਹ ਵੀ ਦੱਸਿਆ ਕਿ ਇਸ ਮੰਤਵ ਲਈ ਜਮੀਨ ਖਰੀਦੀ ਜਾ ਚੁੱਕੀ ਹੈ ਅਤੇ ਹੁਣ ਲੜੀਂਦੇ ਮਾਪਦੰਡ ਪੂਰੇ ਕਰਨ ਲਈ ਕਾਰਜ ਜਾਰੀ ਹਨ ਉਹਨਾਂ ਦੱਸਿਆ ਕਿ ਇਸ ਯੂਨੀਵਰਸਿਟੀ ਚ ਛੋਟੇ ਕੋਰਸਾਂ ਤੋਂ ਇਲਾਵਾ ਆਨ ਲਾਈਨ ਕੋਰਸਾਂ ਦੀ ਸਹੂਲਤ ਵੀ ਉਪਲਬਧ ਹੋਵੇਗੀ। ਉਹਨਾਂ ਇਹ ਵੀ ਦੱਸਿਆ ਕਿ ਯੂਨੀਵਰਸਿਟੀ ਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਹੋਸਟਲ ਅਤੇ ਅਤੇ ਖਾਣੇ ਦਾ ਕੋਈ ਖਰਚਾ ਨਹੀਂ ਲਿਆ ਜਾਵੇਗਾ। ਉਨਾ ਦੱਸਿਆ ਕਿ 2009 ਤੋਂ ਹੋਂਦ ਵਿੱਚ ਆਏ ‘ਸਰਬੱਤ ਦਾ ਭਲਾ ਟਰਸਟ’ ਵੱਲੋਂ ਹਰ ਸਾਲ 1300 ਦੇ ਕਰੀਬ ਲੋੜਵੰਦ ਬੱਚਿਆਂ ਨੂ ਉਚੇਰੀ ਸਿੱਖਿਆ ਫਰੀ ਦਿਵਾਉਣ ਸਬੰਧੀ ਚੋਣ ਕੀਤੀ ਜਾਂਦੀ ਹੈ ਅਤੇ ਹੁਣ ਤੱਕ 11000 ਦੇ ਕਰੀਬ ਬੱਚੇ ਚੁਣੇ ਜਾ ਚੁੱਕੇ ਹਨ। ਅਖੀਰ ਚ ਡਾ ਉਬਰਾਏ ਨੇ ਦੱਸਿਆ ਕਿ ਹੁਣ ਤੱਕ ਉਕਤ ਟਰਸਟ ਵੱਲੋਂ ਵਿਦੇਸ਼ਾਂ ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰਨ ਵਾਲੇ 100 ਤੋਂ ਉੱਪਰ ਭਾਰਤੀਆਂ ਦੀ ਜਾਨ ਬਚਾਉਣ ਅਤੇ ਵਿਦੇਸ਼ੀ ਧਰਤੀਆਂ ਤੇ ਰਹਿ ਰਹੇ ਕਈ ਭਾਰਤੀਆਂ ਦੀਆਂ ਲਾਸ਼ਾਂ ਦਾ ਵਤਨ ਪਹੁੰਚਾਉਣ ਦਾ ਵੀ ਕਾਰਜ ਵੀ ਕੀਤਾ ਗਿਆ ਹੈ।। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੇ ਸਪੀਕਰ ਰਾਜ ਚੌਹਾਨ ,ਗੁਰੂ ਨਾਨਕ ਫੂਡ ਬੈਂਕ ਦੇ ਬਾਨੀ ਗਿਆਨੀ ਨਰਿੰਦਰ ਸਿੰਘ ,ਸਾਂਝਾ ਟੀਵੀ ਦੇ ਸੀ ਈ ਉ ਬਿੱਲਾ ਸੰਧੂ,ਟੀਵੀ ਹੋਸਟ ਕੁਲਦੀਪ ਸਿੰਘ, ਸੁਖਵਿੰਦਰ ਸਿੰਘ ਚੋਹਲਾ, ਜੈਜ ਗਿਲ ਅਤੇ ਅਜਮੇਰ ਸਿੰਘ ਭਾਗਪੁਰ ਵੀ ਹਾਜ਼ਰ ਸਨ ।



ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਡਾ ਉਬਰਾਏ

# ਸੀਐਮ ਭਗਵੰਤ ਸਿੰਘ ਮਾਨ ਨੂੰ ਮਾਨਸਾ ਅਦਾਲਤ ’ਚ ਮਾਣਹਾਨੀ ਦੇ ਮਾਮਲੇ ’ਚ ਅੰਤਰਿਮ ਰਾਹਤ ਮਿਲੀ

**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੱਲੋਂ ਮਾਨਸਾ ਅਦਾਲਤ ਵਿੱਚ ਦਾਇਰ ਮਾਣਹਾਨੀ ਦੀ ਕਾਰਵਾਈ ਨੂੰ ਰੱਦ ਕਰਨ ਲਈ ਪਟੀਸ਼ਨ ਦਾਇਰ ਕੀਤੀ ਹੈ। (13 ਅਗਸਤ), ਜਸਟਿਸ ਤ੍ਰਿਭੁਵਨ ਦਹੀਆ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਪੰਜਾਬ ਸਰਕਾਰ ਅਤੇ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੂੰ ਨੋਟਿਸ ਜਾਰੀ ਕੀਤਾ ਅਤੇ 18 ਅਗਸਤ, 2025 ਤੱਕ ਜਵਾਬ ਮੰਗਿਆ। ਨਾਲ ਹੀ, ਅੰਤਰਿਮ ਰਾਹਤ ਦਿੰਦੇ ਹੋਏ, ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਮਾਨ ਮਾਨਸਾ ਅਦਾਲਤ ਵਿੱਚ ਨਿੱਜੀ ਜਾਂਚ ਲਈ ਅਰਜ਼ੀ ਦਾਇਰ ਕਰਨਗੇ ਅਤੇ ਮੈਜਿਸਟ੍ਰੇਟ ਅਦਾਲਤ ਇਸਨੂੰ ਲੰਬਿਤ ਰੱਖੇਗੀ। ਇਹ ਮਾਮਲਾ 2 ਅਗਸਤ, 2025 ਦੇ ਮਾਨਸਾ ਮੈਜਿਸਟ੍ਰੇਟ ਅਦਾਲਤ ਦੇ ਹੁਕਮ ਨਾਲ ਸਬੰਧਤ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਹੁਣ ਭਗਵੰਤ ਮਾਨ ਦੀ ਕੋਈ ਹੋਰ ਛੋਟ ਪਟੀਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਜੇਕਰ ਉਹ 18 ਅਗਸਤ ਨੂੰ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਹਨ, ਤਾਂ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਜਾਵੇਗੀ। ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੇ 25 ਅਪ੍ਰੈਲ 2019 ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਇਹ ਮਾਣਹਾਨੀ ਸ਼ਿਕਾਇਤ ਦਾਇਰ ਕੀਤੀ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਭਗਵੰਤ ਮਾਨ, ਜੋ ਉਸ ਸਮੇਂ ਸੰਗਰੂਰ ਤੋਂ ਸੰਸਦ ਮੈਂਬਰ ਸਨ, ਨੇ ਉਨ੍ਹਾਂ ਫ਼ਰਸਤੋਤੇ ਪੈਸੇ ਦੇ ਲਾਲਚ ਲਈ ਪਾਰਟੀ ਬਦਲਣ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਬਣਨ ਦਾ ਦੋਸ਼ ਲਗਾਇਆ ਸੀ।**